# ਸ੍ਰੀ ਗੁਰੂ ਗ੍ਰੰਥ ਸਾਹਿਬ
# ਰਾਗ ਰਤਨਾਵਲੀ

ਲੇਖਕ
**ਪ੍ਰੋ. ਤਾਰਾ ਸਿੰਘ**

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ

ਲੇਖਕ
ਪ੍ਰੋ. ਤਾਰਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GURU GRANTH SAHIB RAG RATNAVALI *(Punjabi)*

by

PROF. TARA SINGH

ISBN-81-7380-376-5

1997

ਕਾਪੀਆਂ : 1100

ਮੁੱਲ : 150-00

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ
ਅਤੇ ਸਚਦੇਵਾ ਪ੍ਰਿੰਟ ਆਰਟਸ ਪ੍ਰਾ., ਲਿਮਿ., ਦਿੱਲੀ ਵਿਖੇ ਛਪੀ

# ਆਰੰਭਕ ਸ਼ਬਦ

ਰਾਗ ਰੂਹ ਦੀ ਆਵਾਜ਼ ਹੈ ਜੋ ਪਰਮਾਤਮਾ ਤਕ ਸਿੱਧੀ ਪਹੁੰਚਦੀ ਹੈ ਅਤੇ ਜੇ ਨਾਲ ਸ਼ਬਦ ਰਲਾ ਗਾਇਆ ਜਾਵੇ ਤਾਂ ਪ੍ਰਭੂ ਦੀ ਹਜ਼ੂਰੀ ਮਿਲ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਪਾਇ ਕੇ ਜਦ ਸ਼ਬਦ ਗਾਇਆ ਤਾਂ ਕੀਰਤਨ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਤਾਂ ਕਹਿੰਦੇ ਹੀ ਮਰਦਾਨਾ ਜੀ ਨੂੰ ਇਹ ਸਨ : ਛੇੜ ਮਰਦਾਨਿਆ ਰਬਾਬ ਕਾਈ ਸਿਫ਼ਤ ਖ਼ੁਦਾ ਦੇ ਦੀਦਾਰ ਕਰੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਰਾਗਾਂ ਵਿਚ ਹੈ ਜਿਸ ਨੂੰ ਸਰਬ ਲੋਕਾਈ ਤਕ ਸੰਚਾਰਿਤ ਕਰਨ ਲਈ ਗੁਰੂ ਸਾਹਿਬਾਨ ਨੇ ਬਾਣੀ ਅਤੇ ਸੰਗੀਤ ਦੇ ਸੁਮੇਲ ਦਾ ਵਿਸ਼ਿਸ਼ਟ ਪ੍ਰਬੰਧ ਸਿਰਜਿਆ ਹੈ। ਨਿਰਧਾਰਤ ਰਾਗਾਂ ਵਿਚ ਗੁਰਬਾਣੀ ਦਾ ਸੁਰ-ਤਾਲ-ਬੱਧ ਕੀਰਤਨ ਮਾਨਵ ਮਨ ਨੂੰ ਇਕਸੁਰ ਕਰਦਾ ਅਤੇ ਗੁਰ ਉਪਦੇਸ਼ ਨੂੰ ਹਿਰਦੇ ਵਸਾਉਣ ਦਾ ਸਾਧਨ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਤਮਕ ਆਧਾਰ ਇਸ ਤੱਥ ਦਾ ਪ੍ਰਮਾਣ ਹੈ ਕਿ ਬਾਣੀ ਅਤੇ ਰਾਗ ਇਕ ਦੂਸਰੇ ਦੇ ਪੂਰਕ ਹਨ। ਇਸ ਲਈ ਬਾਣੀ ਦੇ ਸੰਦੇਸ਼ ਨੂੰ ਸਮਝਣ, ਮੰਨਣ ਅਤੇ ਮਨ ਵਿਚ ਵਸਾਉਣ ਹਿਤ ਰਾਗ ਦਾ ਗਿਆਨ ਜ਼ਰੂਰੀ ਹੈ। ਬਾਣੀ ਦਾ ਸਹੀ ਅਧਿਐਨ ਅਤੇ ਸਹੀ ਗਾਇਨ ਇਸ ਦੇ ਰਾਗ ਪ੍ਰਬੰਧ ਨੂੰ ਸਮਝੇ ਬਿਨਾਂ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਧਰਮ-ਅਨੰਦ ਨੂੰ ਮਾਣਿਆ ਜਾ ਸਕਦਾ ਹੈ। ਇਸ ਮੰਤਵ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਦੇ ਸ਼ਾਸਤਰੀ ਅਧਿਐਨ ਨੂੰ ਉਤਸ਼ਾਹਿਤ ਕੀਤਾ ਹੈ।

ਗੁਰਮਤਿ ਸੰਗੀਤ-ਅਧਿਐਨ ਦੇ ਖੇਤਰ ਵਿਚ ਪ੍ਰਸਿੱਧ ਵਿਦਵਾਨ ਸਵਰਗੀ ਪ੍ਰੋਫੈਸਰ ਤਾਰਾ ਸਿੰਘ ਜੀ ਨੇ ਜੀਵਨ ਭਰ ਇਸ ਰਾਗ ਦੇ ਗੂਹਜ ਭਾਵਾਂ ਨੂੰ ਸਮਝਣ ਅਤੇ ਭਾਰਤੀ ਸੰਗੀਤ ਦੀ ਰਾਗ ਪਰੰਪਰਾ ਦੇ ਸੰਦਰਭ ਵਿਚ ਗੁਰਬਾਣੀ ਸੰਗੀਤ ਦੀ ਵਿਸ਼ੇਸ਼ ਗਾਇਨ ਸ਼ੈਲੀ ਦੀ ਖੋਜ ਕੀਤੀ। ਉਨ੍ਹਾਂ ਗੁਰਬਾਣੀ ਦੇ ਰਾਗਾਂ ਅਤੇ ਰਾਗ ਪ੍ਰਕਾਰਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾ ਕੇ ਨਿਰਧਾਰਤ ਰਾਗਾਂ ਵਿਚ ਅਨੇਕ ਸ਼ਬਦ-ਬੰਦਸ਼ਾਂ ਤਿਆਰ ਕੀਤੀਆਂ। ਉਨ੍ਹਾਂ ਦੀ ਇਸ ਖੋਜ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ" ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਆਸ ਹੈ ਕਿ ਇਹ ਪੁਸਤਕ ਆਪਣੇ ਗੁਣਾਤਮਕ ਸਰੂਪ ਸਦਕਾ ਵਿਦਿਆਰਥੀਆਂ, ਰਾਗੀਆਂ, ਕੀਰਤਨੀਆਂ, ਖੋਜਕਾਰਾਂ ਅਤੇ ਸੰਗੀਤ ਪ੍ਰੇਮੀਆਂ ਲਈ ਲਾਹੇਵੰਦ ਸਾਬਤ ਹੋਵੇਗੀ। ਇਸ ਪੁਸਤਕ ਨੂੰ ਪਾਠਕਾਂ ਸਨਮੁਖ ਭੇਟ ਕਰਦਿਆਂ ਮੈਨੂੰ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ।

**ਹ. ਕ. ਮਨਮੋਹਨ ਸਿੰਘ**
ਵਾਈਸ ਚਾਂਸਲਰ

# ਵਿਭਾਗੀ ਸ਼ਬਦ

ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਦੁਤੀ ਧਰਮ ਗ੍ਰੰਥ ਹੈ, ਜਿਸ ਦੀ ਬਾਣੀ ਰਾਗਾਂ ਵਿਚ ਰਚੀ ਗਈ ਹੈ ਅਤੇ ਇਸ ਦਾ ਸੰਪਾਦਨ ਰਾਗਾਤਮਕ ਆਧਾਰ 'ਤੇ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਸ਼ਬਦ ਅਤੇ ਸੰਗੀਤ ਦਾ ਸੰਜੋਗ ਹੋਇਆ ਹੈ। ਦੈਵੀ ਸੰਦੇਸ਼ ਨੂੰ ਵਿਸ਼ੇਸ਼ ਰਾਗ ਤਾਲ ਵਿਚ ਸੰਜੋਇਆ ਹੈ। ਅਧਿਆਤਮਕ ਆਤਮਿਕ ਉਪਦੇਸ਼-ਸਿੱਖਿਆ ਨੂੰ ਸੰਗੀਤ ਦੇ ਸੁਰਾਂ ਨਾਲ ਰਸ-ਭਿੰਨਾ, ਮਧੁਰ ਅਤੇ ਸਾਰਗ੍ਰਾਹੀ ਬਣਾਇਆ ਹੈ। ਗੁਰਬਾਣੀ ਦੇ ਰਾਗ ਵਿਚ ਪਰਮਾਤਮਾ ਦੀ ਸੱਦ ਹੈ। ਇਹ ਸਿਰਜਣਹਾਰ ਦੀ ਇਲਾਹੀ ਧੁਨ ਹੈ। ਇਸ ਵਿਚ ਉਸ ਦੀ ਹੋਂਦ ਵਿਆਪਕ ਹੈ। ਯਥਾ "ਸਭਿ ਨਾਦ ਬੇਦ ਗੁਰਬਾਣੀ" ਅਤੇ "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।" ਗੁਰਬਾਣੀ ਦੇ ਰਾਗ ਵਿਚ ਮੋਹਿਤ ਕਰਨ, ਕੀਲਣ ਅਥਵਾ ਕਾਇਆ ਕਲਪ ਦੀ ਸ਼ਕਤੀ ਦਾ ਜਾਦੂ ਨੁਮਾ ਪ੍ਰਭਾਵ ਹੈ। ਇਸ ਦੇ ਰਾਗ ਮਈ ਬੋਲ ਮਾਨਵ ਨੂੰ ਸ਼ਾਂਤ ਅਤੇ ਦ੍ਰਾਵਤ ਪ੍ਰਭਾਵ ਨਾਲ ਜੀਵਨ ਦਾਨ ਦਿੰਦੇ ਹਨ। ਸੁੱਕੇ ਮੰਡਲ ਵਿਚ ਬਹਾਰ ਦਾ ਖੇੜਾ ਉਤਪੰਨ ਕਰਦੇ ਹਨ, ਗੁਰ ਵਾਕ ਹੈ:

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।...
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ।

(ਗੁ. ਗ੍ਰੰ., ਪੰਨਾ ੮੪੯)

ਗੁਰਬਾਣੀ ਵਿਚ ਸੰਗੀਤ ਕਲਾ ਨੂੰ ਅਧਿਆਤਮਕ ਸੰਦੇਸ਼ ਦੇ ਸੰਚਾਰਣ ਦਾ ਮਾਧਿਅਮ ਬਣਾਇਆ ਗਿਆ ਹੈ। ਇਸ ਨੂੰ ਪ੍ਰਭੂ ਭਗਤੀ ਨਾਲ ਜੋੜਿਆ ਹੈ ਅਤੇ ਸ਼ਬਦ ਕੀਰਤਨ ਨੂੰ ਲੌਕਿਕ ਪ੍ਰਾਪਤੀ ਦਾ ਮੁਖ ਸਾਧਨ ਮੰਨਿਆ ਹੈ:

ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥

(ਗੁ. ਗ੍ਰੰ., ਪੰਨਾ ੨੩੬)

ਭਾਰਤੀ ਸੰਗੀਤ ਦੇ ਇਤਿਹਾਸ ਵਿਚ ਗੁਰਬਾਣੀ ਸੰਗੀਤ ਦੀ ਵਿਸ਼ੇਸ਼ ਥਾਂ ਹੈ। ਇਸ ਵਿਚਲੇ ਰਾਗ ਪ੍ਰਬੰਧ ਨੇ ਭਾਰਤੀ ਰਾਗ ਵਿਦਿਆ ਦੀ ਸੰਸਕ੍ਰਿਤੀ ਨੂੰ ਨਾ ਕੇਵਲ ਸੰਭਾਲਿਆ ਹੈ ਸਗੋਂ ਇਸ ਨੂੰ ਵਿਕਸਿਤ ਕਰਕੇ ਮਹਾਨ ਯੋਗਦਾਨ ਪਾਇਆ ਹੈ। ਗੁਰੂ ਸਾਹਿਬਾਨ ਨੇ ਜਨ-ਰੁੱਚੀ ਅਤੇ ਲੋੜ ਦੇ ਅੰਤਰਗਤ ਸੰਗੀਤ ਕਲਾ ਨੂੰ ਮਾਨਵ ਕਲਿਆਣ ਹਿਤ ਨਵੀਨ ਪ੍ਰਯੋਗ ਸਹਿਤ ਪੇਸ਼ ਕੀਤਾ ਹੈ। ਮਾਨਵ ਜ਼ਿੰਦਗੀ ਦੀ ਸੰਪੂਰਨ ਉਸਾਰੀ ਵਿਚ ਰਾਗ ਦੇ ਮਹੱਤਵ ਅਤੇ ਸਾਰਥਿਕਤਾ ਨੂੰ ਦ੍ਰਿੜ ਕੀਤਾ ਹੈ। ਗੁਰ ਫੁਰਮਾਨ ਹੈ:

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥

(ਗੁ. ਗ੍ਰੰ., ਪੰਨਾ ੯੫੮)

ਗੁਰਬਾਣੀ ਵਿਚ ਰਾਗ ਦੇ ਮਹਾਤਮ ਦੇ ਸੰਦਰਭ ਵਿਚ ਗੁਰਬਾਣੀ ਦੀ ਰਾਗ ਪ੍ਰਬੰਧ

ਦਾ ਗਿਆਨ ਜ਼ਰੂਰੀ ਹੈ। ਇਸ ਦੇ ਸੰਕੇਤਕ ਤਕਨੀਕੀ ਪਹਿਲੂਆਂ ਦੀ ਜਾਣਕਾਰੀ ਬਿਨਾਂ ਗੁਰਬਾਣੀ ਸੰਦੇਸ਼ ਦੀ ਆਤਮਾ ਤਕ ਨਹੀਂ ਪਹੁੰਚਿਆ ਜਾ ਸਕਦਾ।

ਗੁਰਬਾਣੀ ਰਾਗ ਵਿਦਿਆ ਦਾਂ ਆਪਣਾ ਨਿਵੇਕਲਾ ਸਰੂਪ ਹੈ। ਇਸ ਦੀ ਵਿਸ਼ੇਸ਼ ਗਾਇਨ ਸ਼ੈਲੀ ਹੈ। ਜਿਸ ਰਾਗ ਵਿਚ ਸ਼ਬਦ ਦਾ ਸਰੂਪ ਸਥਿਤ ਹੈ ਉਸ ਦਾ ਸੰਪੂਰਨ ਪ੍ਰਭਾਵ ਉਸੇ ਹੀ ਰਾਗ ਦੇ ਸਰੂਪ ਤੋਂ ਪ੍ਰਾਪਤ ਹੋ ਸਕਦਾ ਹੈ। ਇਸ ਲਈ ਨਿਰਧਾਰਿਤ ਰਾਗਾਂ ਦੀ ਸ਼ੈਲੀ ਦਾ ਗਿਆਨ ਜ਼ਰੂਰੀ ਹੈ। ਸਮੇਂ ਦੇ ਗੇੜ ਨਾਲ ਸ਼ਬਦ ਗਾਇਨ ਦੀਆਂ ਮੌਲਿਕ ਰੀਤਾਂ ਬੇ-ਪਛਾਣ ਹੋ ਰਹੀਆਂ ਹਨ। ਇਸ ਖੇਤਰ ਵਿਚ ਖੋਜੀ ਵਿਦਵਾਨਾਂ ਦੀ ਗਿਣਤੀ ਅਲਪ ਰਹੀ ਹੈ। ਗੁਰਮਤਿ ਸੰਗੀਤ ਦੀਆਂ ਨਿਰਧਾਰਿਤ ਰਾਗਾਂ ਦੀਆਂ ਰੀਤਾਂ ਦੀ ਸੰਭਾਲ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਵਿਭਾਗ ਨੇ ਗੁਰਮਤਿ ਸੰਗੀਤ ਦੇ ਨਿਰਧਾਰਤ ਰਾਗਾਂ ਵਿਚ ਗਾਉਣ ਵਾਲੀ ਸ਼ੈਲੀ ਦੀ ਖੋਜ ਦੇ ਉਸਾਰੂ ਯਤਨ ਕੀਤੇ ਹਨ। ਸਰਵ ਪ੍ਰਥਮ ਇਸ ਵਿਭਾਗ ਦੇ ਪਹਿਲੇ ਮੁਖੀ ਸਵਰਗੀ ਡਾ. ਤਾਰਨ ਸਿੰਘ ਜੀ ਨੇ ਡੂੰਘੀ ਦਿਲਚਸਪੀ ਅਤੇ ਲਗਨ ਨਾਲ ਪੁਰਾਤਨ ਰੀਤਾਂ, ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਦਰਬਾਰ ਵਿਚ ਸ਼ਬਦ ਕੀਰਤਨ ਹੁੰਦਾ ਸੀ, ਉਨ੍ਹਾਂ ਦੇ ਸਰੂਪ ਨੂੰ ਇਕੱਤਰ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ। ਉਨ੍ਹਾਂ 1968 ਵਿਚ ਨਿਰਧਾਰਿਤ ਰਾਗਾਂ ਵਿਚ ਸ਼ਬਦ ਗਾਇਨ ਦਾ ਦਰਬਾਰ ਆਯੋਜਿਤ ਕਰਾਇਆ ਸੀ। ਉਸ ਸਮੇਂ ਉਪਸਥਿਤ ਰਾਗੀ ਅਚਾਰੀਆਂ ਦੀ ਰਾਗਾਂ ਸੰਬੰਧੀ ਗੋਸ਼ਟੀ ਵੀ ਕਰਵਾਈ ਅਤੇ ਪੁਰਾਤਨ ਗੁਰਮਤਿ ਸੰਗੀਤ ਰੀਤਾਂ ਦੀ ਸਾਮੱਗਰੀ ਇਕੱਤਰ ਕਰਨ ਦੀ ਯੋਜਨਾ ਬਣਾਈ ਸੀ। ਇਸ ਦੇ ਅੰਤਰਗਤ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਤੋਂ ਅਮੋਲਕ ਖ਼ਜ਼ਾਨਾ ਪ੍ਰਾਪਤ ਹੋਇਆ। ਉਨ੍ਹਾਂ ਸ਼ਬਦ ਕੀਰਤਨ ਦੀਆਂ ਪੁਰਾਤਨ ਰੀਤਾਂ ਦੀ ਰਾਗ ਮਰਯਾਦਾ ਨੂੰ ਸੁਰਲਿਪੀ ਬੱਧ ਕੀਤਾ। ਉਨ੍ਹਾਂ ਦੇ ਰਾਗਾਂ ਦੀ ਸੁਰਲਿਪੀ ਨਿਰਧਾਰਿਤ ਰਾਗ ਦੀ ਲਿਪੀ ਤੋਂ ਭਿੰਨ ਸੀ। ਉਨ੍ਹਾਂ ਦੇ ਇਸ ਕਾਰਜ ਨੂੰ ਵਿਭਾਗ ਨੇ 1979 ਵਿਚ 'ਗੁਰਬਾਣੀ ਸੰਗੀਤ : ਪ੍ਰਾਚੀਨ ਰੀਤ ਰਤਨਾਵਲੀ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ।

ਗੁਰਮਤਿ ਸੰਗੀਤ ਖੇਤਰ ਵਿਚ ਸਵਰਗੀ ਪ੍ਰੋ. ਤਾਰਾ ਸਿੰਘ ਜੀ ਦਾ ਨਾਮ ਉੱਘਾ ਹੈ। ਉਨ੍ਹਾਂ ਇਸ ਖੇਤਰ ਵਿਚ ਡੂੰਘੀ ਲਗਨ, ਪ੍ਰਤਿਬੱਧਤਾ ਅਤੇ ਸ਼ਰਧਾ ਨਾਲ ਖੋਜ ਕੀਤੀ ਹੈ। ਉਨ੍ਹਾਂ ਭਾਰਤੀ ਸੰਗੀਤ ਦੇ ਡੂੰਘੇ ਅਧਿਐਨ ਦੇ ਫਲਸਰੂਪ ਸੰਗੀਤ ਸਿਧਾਂਤ ਦੇ ਗਿਆਨ ਨੂੰ ਪ੍ਰਾਪਤ ਕੀਤਾ। ਇਸ ਸੰਗੀਤ ਪਰੰਪਰਾ ਦੀ ਵਰ੍ਹਿਆਂ ਦੀ ਨਿਰੰਤਰ ਘਾਲਣਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਸਰੂਪਾਂ ਉਪਰ ਖੋਜ ਕਰਕੇ, ਗੁਰਬਾਣੀ ਸੰਗੀਤ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਰਾਗਾਂ ਦਾ ਸ਼ਾਸਤਰੀ ਪਰਿਚਯ ਦੇ ਕੇ ਅਨੇਕ ਸ਼ਬਦ-ਬੰਦਸ਼ਾਂ ਦੀ ਰਚਨਾ ਨਿਰਧਾਰਿਤ ਰਾਗਾਂ ਵਿਚ ਸੁਰ-ਲਿਪੀ ਬੱਧ ਕੀਤੀ। ਇਸ ਖੇਤਰ ਵਿਚ ਉਨ੍ਹਾਂ ਦੀ ਪਹਿਲੀ ਪੁਸਤਕ "ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ" ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ 1977 ਵਿਚ ਪ੍ਰਕਾਸ਼ਿਤ ਹੋਈ ਸੀ। ਇਸੇ ਹੀ ਰੀਤ

ਦੀ ਉਨ੍ਹਾਂ ਦੀ ਦੂਸਰੀ ਪੁਸਤਕ "ਗੁਰੂ ਅਮਰਦਾਸ ਰਾਗ ਰਤਨਾਵਲੀ" 1979 ਵਿਚ ਲੋਕ ਸੰਪਰਕ ਵਿਭਾਗ, ਪੰਜਾਬ ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਹੋਈ ਸੀ ।

ਪ੍ਰੋ. ਤਾਰਾ ਸਿੰਘ ਜੀ ਦੀ ਉਸੇ ਹੀ ਸੰਗੀਤ ਨਿਧੀ ਵਿਚੋਂ ਉਨ੍ਹਾਂ ਦੁਆਰਾ ਲਿਖੀ ਗਈ ਪੁਸਤਕ "ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਾਲੀ" ਨੂੰ ਇਹ ਵਿਭਾਗ ਪ੍ਰਕਾਸ਼ਿਤ ਕਰਨ ਦਾ ਮਾਣ ਲ ਰਿਹਾ ਹੈ । ਇਹ ਪੁਸਤਕ ਨਿਰਧਾਰਿਤ ਰਾਗਾਂ ਦੀ ਸ਼ਾਸਤਰੀ ਜਾਣਕਾਰੀ, ਸੁਰ-ਵਿਸਤਾਰ ਅਤੇ ਸੁਰ ਲਿਪੀ ਦੀ ਦ੍ਰਿਸਟੀ ਤੋਂ ਸੰਗੀਤ ਦੇ ਖੇਤਰ ਵਿਚ ਮਿਆਰੀ ਅਤੇ ਮੀਲ ਪੱਥਰ ਹੈ । ਉਨ੍ਹਾਂ ਦਾ ਖੋਜ-ਕਾਰਜ ਗੁਰਮਤਿ ਸੰਗੀਤ ਪਰੰਪਰਾ ਦਾ ਵਿਗਿਆਨਕ ਅਧਿਐਨ ਪੇਸ਼ ਕਰਦਾ ਹੈ ਅਤੇ ਭਾਰਤੀ ਸੰਗੀਤ ਪਰੰਪਰਾਂ ਵਿਚ ਗੁਰਮਤਿ ਸੰਗੀਤ ਪਰੰਪਰਾ ਦੀ ਸ਼ਰੇਸ਼ਟਤਾ ਨੂੰ ਉਜਾਗਰ ਕਰਦਾ ਹੈ । ਇਹ ਪੁਸਤਕ ਅਵੱਸ਼ ਹੀ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ, ਖੋਜੀਆਂ ਅਤੇ ਸੰਗੀਤ ਪ੍ਰੇਮੀਆਂ ਦੇ ਅਧਿਐਨ ਵਿਚ ਸਹਾਈ ਹੋਵੇਗੀ । ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਗੁਰਮਤਿ ਸੰਗੀਤ ਦੀ ਮੁੱਢਲੀ ਜਾਣਕਾਰੀ ਸਦਕਾ ਬਾਣੀ-ਦਰਸ਼ਨ ਨੂੰ ਸਮਝਣ ਦੇ ਪ੍ਰਸੰਗ ਵਿਚ ਲਾਹੇਵੰਦ ਸਾਬਤ ਹੋਵੇਗੀ । ਇਸ ਦੇ ਗੁਣਾਤਮਕ ਸਰੂਪ ਸਦਕਾ ਪਾਠਕਾਂ ਤੋਂ ਸਾਰਥਿਕ ਹੁੰਗਾਰੇ ਦੀ ਸਾਨੂੰ ਹਮੇਸ਼ਾ ਉਡੀਕ ਰਹੇਗੀ ।

ਇਸ ਪੁਸਤਕ ਦੀ ਸੰਪਾਦਨਾ ਤੇ ਪ੍ਰਕਾਸ਼ਨਾਂ ਦਾ ਕਾਰਜ ਪ੍ਰੋ. ਤਾਰਾ ਸਿੰਘ ਜੀ ਦੇ ਪਰਮਸ਼ਿਸ ਡਾ. ਗੁਰਨਾਮ ਸਿਘ ਲੈਕਚਰਾਰ ਸੰਗੀਤ, ਪੰਜਾਬੀ ਯੂਨੀਵਰਸਿਟੀ ਨੇ ਬੜੀ ਲਗਨ ਅਤੇ ਤਨਦੇਹੀ ਨਾਲ ਕੀਤਾ ਹੈ। ਵਿਭਾਗ ਉਨ੍ਹਾਂ ਦਾ ਧੰਨਵਾਦੀ ਹੈ। ਇਹ ਪੁਸਤਕ ਪ੍ਰੋ. ਤਾਰਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਪ੍ਰਕਾਸ਼ਿਤ ਹੋ ਰਹੀ ਹੈ। ਇਸ ਵਿਚਲੀਆਂ ਭੁੱਲਾਂ ਅਤੇ ਉਕਾਈਆਂ ਸਾਡੀਆਂ ਅਤੇ ਸਭੇ ਗੁਣ ਪ੍ਰੋ. ਤਾਰਾ ਸਿੰਘ ਜੀ ਦੀ ਵਿਦਵਤਾ ਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਬਲਬੀਰ ਕੌਰ**
ਮੁਖੀ

# ਵਿਸ਼ਾ-ਸੂਚੀ


ਪੁਸਤਕ ਵਿਚ ਵਰਤੇ ਤਾਲ ਅਤੇ ਉਨ੍ਹਾਂ ਦੀ ਜਾਣਕਾਰੀ 1
ਸੁਰ ਲਿਪੀ (Notation) ਦੇ ਚਿੰਨਾਂ ਦੀ ਜਾਣਕਾਰੀ 4
1. ਰਾਗ ਸਿਰੀ (ਸ੍ਰੀ) 6
ਸ਼ਬਦ—ਮੋਤੀ ਤ ਮੰਦਰ ਊਸਰਹਿ 9
ਸੁਰ ਲਿਪੀ 11
2. ਰਾਗ ਮਾਝ 14
ਸ਼ਬਦ—ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ 16
ਸੁਰ ਲਿਪੀ 17
3. ਰਾਗ ਗਉੜੀ 19
(੧) ਗਉੜੀ ਗੁਆਰੇਰੀ 19
ਸ਼ਬਦ—ਜਿਨਿ ਕੀਤਾ ਮਾਟੀ ਤੇ ਰਤਨੁ 21
ਸੁਰ ਲਿਪੀ 22
(੨) ਗਉੜੀ 24
ਸ਼ਬਦ—ਸਾਧੋ ਗੋਬਿੰਦ ਕੇ ਗੁਨ ਗਾਵਉ 25
ਸੁਰ ਲਿਪੀ 26
(੩) ਗਉੜੀ ਦਖਣੀ 28
ਸ਼ਬਦ—ਸੁਣਿ ਸੁਣਿ ਬੂਝੈ ਮਾਨੈ ਨਾਉ 29
ਸੁਰ ਲਿਪੀ 30
(੪) ਗਉੜੀ ਚੇਤੀ 32
ਸ਼ਬਦ—ਅਵਰਿ ਪੰਚ ਹਮ ਏਕ ਜਨਾ 33
ਸੁਰ ਲਿਪੀ 34
(੫) ਗਉੜੀ ਬੈਰਾਗਣਿ 36
ਸ਼ਬਦ—ਰੈਣਿ ਗਵਾਈ ਸੋਇ ਕੈ 37
ਸਰ ਲਿਪੀ 38
(੬) ਗਉੜੀ ਦੀਪਕੀ 40
ਸ਼ਬਦ—ਜੈ ਘਰਿ ਕੀਰਤਿ ਆਖੀਐ 41
ਸੁਰ ਲਿਪੀ 42

(੭) ਗਉੜੀ ਪੂਰਬੀ ਦੀਪਕੀ 44
ਸ਼ਬਦ—ਜੈ ਘਰਿ ਕੀਰਤਿ ਆਖੀਐ 46
ਸੁਰ ਲਿਪੀ 47

(੮) ਗਉੜੀ ਪੂਰਬੀ 49
ਸ਼ਬਦ—ਕਵਨ ਗੁਨ ਪ੍ਰਾਨਪਤਿ 50
ਸੁਰ ਲਿਪੀ 51

(੯) ਗਉੜੀ ਮਾਝ 54
ਸ਼ਬਦ—ਆਉ ਸਖੀ ਗੁਣ ਕਾਮਣ 55
ਸੁਰ ਲਿਪੀ 56

(੧੦) ਗਉੜੀ ਮਾਲਵਾ 58
ਸ਼ਬਦ—ਹਰਿ ਨਾਮੁ ਲੇਹੁ ਮੀਤਾ ਲੇਹੁ 59
ਸੁਰ ਲਿਪੀ 60

(੧੧) ਗਉੜੀ ਮਾਲਾ 62
ਸ਼ਬਦ—ਪਾਇਆ ਲਾਲੁ ਰਤਨੁ 63
ਸੁਰ ਲਿਪੀ 64

(੧੨) ਗਉੜੀ ਸੋਰਠਿ 66
ਸ਼ਬਦ—ਰੇ ਜੀਅ ਨਿਲਜ ਲਾਜ ਤੁੋਹਿ ਨਾਹੀ 67
ਸੁਰ ਲਿਪੀ 68

4. **ਰਾਗ ਆਸਾ** 70
ਸ਼ਬਦ—ਓਹਾ ਪ੍ਰੇਮ ਪਿਰੀ 72
ਸੁਰ ਲਿਪੀ 73
(੧) ਆਸਾਵਰੀ 76
ਸ਼ਬਦ—ਮਾਈ ਮੋਰੋ ਪ੍ਰੀਤਮੁ ਰਾਮ 78
ਸੁਰ ਲਿਪੀ 79
(੨) ਆਸਾ ਕਾਫੀ 81
ਸ਼ਬਦ—ਮੈਂ ਬੰਦਾ ਬੈਖਰੀਦੁ 82
ਸੁਰ ਲਿਪੀ 83

5. **ਰਾਗ ਗੂਜਰੀ** 85
ਸ਼ਬਦ—ਦਿਨੁ ਰਾਤੀ ਅਰਾਧਹੁ ਪਿਆਰੋ 87
ਸੁਰ ਲਿਪੀ 88

6. **ਰਾਗ ਦੇਵ ਗੰਧਾਰੀ** 90
ਸ਼ਬਦ—ਪ੍ਰਭ ਇਹੈ ਮਨੋਰਥ ਮੇਰਾ 91
ਸੁਰ ਲਿਪੀ 92
(੧) ਦੇਵ ਗੰਧਾਰੀ 94
ਸ਼ਬਦ—ਅਪੁਨੇ ਹਰਿ ਪਹਿ ਬਿਨਤੀ 95
ਸੁਰ ਲਿਪੀ 96

7. **ਰਾਗ ਬਿਹਾਗੜਾ** 98
ਸ਼ਬਦ—ਰਾਜਨ ਕਿਉ ਸੋਇਆ ਤੂ ਨੀਦ ਭਰੇ 100
ਸੁਰ ਲਿਪੀ 101

8. **ਰਾਗ ਵਡਹੰਸ** 103
ਸ਼ਬਦ—ਮੇਰੇ ਮਨਿ ਮੇਰੈ ਮਨਿ 105
ਸੁਰ ਲਿਪੀ 106
(੧) ਰਾਗ ਵਡਹੰਸ ਦਖਣੀ 108
ਸ਼ਬਦ—ਸਚੁ ਸਿਰੰਦਾ ਸਚਾ ਜਾਣੀਐ 109
ਸੁਰ ਲਿਪੀ 111

9. **ਰਾਗ ਸੋਰਠਿ** 113
ਸ਼ਬਦ—ਏਕੁ ਪਿਤਾ ਏਕਸ ਕੇ ਹਮ ਬਾਰਿਕ 114
ਸੁਰ ਲਿਪੀ 115

10. **ਰਾਗ ਧਨਾਸਰੀ** 117
ਸ਼ਬਦ—ਘਰਿ ਬਾਹਰਿ ਤੇਰਾ ਭਰਵਾਸਾ 119
ਸੁਰ ਲਿਪੀ 120

11. **ਰਾਗ ਜੈਤਸਰੀ** 122
ਸਬਦ—ਲੋੜੀਦੜਾ ਸਾਜਨੁ ਮੇਰਾ 124
ਸੁਰ ਲਿਪੀ 125

12. **ਰਾਗ ਟੋਡੀ** 127
ਸਬਦ—ਪ੍ਰਭ ਤੇਰੇ ਪਗ ਕੀ ਧੂਰਿ 130
ਸੁਰ ਲਿਪੀ 131

13. **ਰਾਗ ਬੈਰਾੜੀ** 133
ਸਬਦ—ਹਰਿ ਜਨੁ ਰਾਮ ਨਾਮ ਗੁਨ ਗਾਵੈ 136
ਸੁਰ ਲਿਪੀ 137

14. ਰਾਗ ਤਿਲੰਗ 139

ਸ਼ਬਦ—ਮੀਰਾਂ ਦਾਨਾਂ ਦਿਲ ਸੱਚ 141

ਸੁਰਲਿਪੀ 142

(੧) ਰਾਗ ਤਿਲੰਗ ਕਾਫੀ 144

ਸ਼ਬਦ—ਚੇਤਨਾ ਹੈ ਤਉ ਚੇਤ ਲੈ 145

ਸੁਰ ਲਿਪੀ 146

15. ਰਾਗ ਸੂਹੀ 148

ਸ਼ਬਦ—ਗੁਰ ਪੂਰੇ ਜਬ ਭਏ ਦਇਆਲ 150

ਸੁਰ ਲਿਪੀ 151

(੧) ਰਾਗ ਲਲਿਤ 153

ਸ਼ਬਦ—ਥਾਕੇ ਨੈਨ ਸ੍ਰਵਨ ਸੁਨਿ ਥਾਕੇ 157

ਸੁਰ ਲਿਪੀ 158

(੨) ਰਾਗ ਸੂਹੀ ਕਾਫੀ 160

ਸ਼ਬਦ—ਜੇ ਭੁਲੀ ਜੇ ਚੁਕੀ ਸਾਂਈ 162

ਸੁਰ ਲਿਪੀ 163

(੩) ਰਾਗ ਸੂਹੀ ਲਲਿਤ 165

ਸ਼ਬਦ—ਏਕੁ ਕੋਟੁ ਪੰਚ ਸਿਕਦਾਰਾ 167

ਸੁਰ ਲਿਪੀ 168

16. ਰਾਗ ਬਿਲਾਵਲੁ 170

ਸ਼ਬਦ—ਹਰਿ ਉਤਮੁ ਹਰਿ ਪ੍ਰਭੁ ਗਾਵਿਆ 172

ਸੁਰ ਲਿਪੀ 173

(੧) ਬਿਲਾਵਲੁ ਦਖਣੀ 175

ਸ਼ਬਦ—ਮੁੰਧ ਨਵੇਲੜੀਆ 176

ਸੁਰ ਲਿਪੀ 177

(੨) ਰਾਗ ਬਿਲਾਵਲੁ ਮੰਗਲ 179

ਸਲੋਕ—ਸੁੰਦਰ ਸਾਂਤਿ ਦਇਆਲ ਪ੍ਰਭ 181

ਸੁਰ ਲਿਪੀ 182

17. ਰਾਗ ਗੋਂਡ 184

ਸ਼ਬਦ-ਮੋ ਕਉ ਤਾਰਿ ਲੇ ਰਾਮਾ 187

ਸੁਰ ਲਿਪੀ 188

(੧) ਰਾਗ ਬਿਲਾਵਲੁ ਗੋਂਡ 190
ਸ਼ਬਦ—ਆਜੁ ਨਾਮੇ ਬੀਠਲੁ ਦੇਖਿਆ 191
ਸੁਰ ਲਿਪੀ 192
18. **ਰਾਗੁ ਰਾਮਕਲੀ** 194
ਸ਼ਬਦ—ਓਅੰਕਾਰਿ ਏਕ ਧੁਨਿ 197
ਸੁਰ ਲਿਪੀ 198
(੧) ਰਾਗ ਰਾਮਕਲੀ ਦਖਣੀ 200
ਸ਼ਬਦ-ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ 202
ਸੁਰ ਲਿਪੀ 203
(੨) ਰਾਗ ਰਾਮਕਲੀ ਆਨੰਦ 205
ਸ਼ਬਦ—ਅਨੰਦ ਭਇਆ ਮੇਰੀ ਮਾਏ 210
ਸੁਰ ਲਿਪੀ 211
19. **ਰਾਗ ਨਟ ਨਾਰਾਇਣ** 213
ਸ਼ਬਦ—ਉਲਾਹਨੋ ਮੈ ਕਾਹੂ ਨ ਦੀਓ 214
ਸੁਰ ਲਿਪੀ 215
(੧) ਰਾਗ ਨਟ 217
ਸ਼ਬਦ—ਜਾ ਕਉ ਭਈ ਤੁਮਾਰੀ ਧੀਰ 218
ਸੁਰ ਲਿਪੀ 219
20. **ਰਾਗ ਮਾਲੀ ਗਉੜਾ** 221
ਸ਼ਬਦ—ਮਨਿ ਤਨਿ ਬਸਿ ਰਹੇ ਗੋਪਾਲ 224
ਸੁਰ ਲਿਪੀ 225
21. **ਰਾਗ ਮਾਰੂ** 227
ਸ਼ਬਦ—ਐਸੀ ਲਾਲ ਤੁਝ ਬਿਨੁ 231
ਸੁਰ ਲਿਪੀ 232
(੧) ਰਾਗ ਮਾਰੂ ਕਾਫੀ 234
ਸ਼ਬਦ—ਆਵਉ ਵੰਞਉ ਡੁਮਣੀ 236
ਸੁਰ ਲਿਪੀ 237
(੨) ਰਾਗ ਮਾਰੂ ਦਖਣੀ 239
ਸ਼ਬਦ—ਕਾਇਆ ਨਗਰੁ ਨਗਰੁ ਗੜ ਅੰਦਰਿ 240
ਸੁਰ ਲਿਪੀ 242

| | |
|---|---|
| 22. **ਰਾਗ ਤੁਖਾਰੀ** | 244 |
| ਸ਼ਬਦ—ਨਿਰਗੁਣੁ ਰਾਖਿ ਲੀਆ | 250 |
| ਸੁਰ ਲਿਪੀ | 251 |
| 23. **ਰਾਗ ਕੇਦਾਰਾ** | 253 |
| ਸ਼ਬਦ—ਮਾਈ ਸੰਤ ਸੰਗਿ ਜਾਗੀ | 256 |
| ਸਰ ਲਿਪੀ | 257 |
| 24. **ਰਾਗ ਭੈਰਉ** | 260 |
| ਸ਼ਬਦ—ਗੁਰ ਕੈ ਸੰਗਿ ਰਹੈ | 262 |
| ਸੁਰ ਲਿਪੀ | 263 |
| 25. **ਰਾਗ ਬਸੰਤ** | 265 |
| ਸ਼ਬਦ—ਦੇਖੁ ਫੂਲ ਫੂਲ ਫੂਲੇ | 270 |
| ਸੁਰ ਲਿਪੀ | 271 |
| (੧) ਰਾਗ ਬਸੰਤੁ ਹਿੰਡੋਲ | 273 |
| ਸ਼ਬਦ—ਰਾਮ ਨਾਮੁ ਰਤਨ ਕੋਠੜੀ | 275 |
| ਸੁਰ ਲਿਪੀ | 276 |
| (੨) ਰਾਗ ਹਿੰਡੋਲ | 278 |
| ਸ਼ਬਦ—ਹੋਇ ਇਕਤ੍ਰ ਮਿਲਹੁ ਮੇਰੇ ਭਾਈ | 280 |
| ਸੁਰ ਲਿਪੀ | 281 |
| 26. **ਰਾਗ ਸਾਰੰਗ** | 283 |
| ਸ਼ਬਦ—ਕਹਾ ਨਰ ਗਰਬਸਿ ਥੋਰੀ ਬਾਤ | 285 |
| ਸੁਰ ਲਿਪੀ | 286 |
| 27. **ਰਾਗ ਮਲਾਰ** | 288 |
| ਸ਼ਬਦ—ਕਰਉ ਬਿਨਉ ਗੁਰ ਅਪਨੇ | 294 |
| ਸੁਰ ਲਿਪੀ | 295 |
| 28. **ਰਾਗ ਕਾਨੜਾ** | 297 |
| ਪੜਤਾਲ—ਮਨ ਜਾਪਹੁ ਰਾਮ ਗੁਪਾਲ | 309 |
| ਸੁਰ ਲਿਪੀ | 310 |
| ਸ਼ਬਦ—ਜੀਅ ਪ੍ਰਾਨ ਮਾਨ ਦਾਤਾ | 317 |
| ਸੁਰ ਲਿਪੀ | 318 |
| 29. **ਰਾਗ ਕਲਿਆਨ** | 320 |
| ਸ਼ਬਦ—ਤੇਰੈ ਮਾਨਿ ਹਰਿ ਹਰਿ ਮਾਨਿ | 323 |
| ਸੁਰ ਲਿਪੀ | 324 |

(੧) ਰਾਗ ਕਲਿਆਨ ਭੋਪਾਲੀ 327
ਸ਼ਬਦ—ਪਾਰਬ੍ਰਹਮੁ ਪਰੇਮਸੁਰੁ ਸੁਆਮੀ 328
ਸੁਰ ਲਿਪੀ 329

30. **ਰਾਗ ਪ੍ਰਭਾਤੀ ਬਿਭਾਸ** 331
ਪੜਤਾਲ—ਜਪਿ ਮਨ ਹਰਿ 333
ਸੁਰ ਲਿਪੀ 334
(੧) ਰਾਗ ਪ੍ਰਭਾਤੀ 339
ਸ਼ਬਦ—ਅਵਲਿ ਅਲਹ ਨੂਰੁ ਉਪਾਇਆ 341
ਸੁਰ ਲਿਪੀ 342
(੨) ਰਾਗ ਬਿਭਾਸ 344
ਸਬਦ—ਅਵਰੁ ਨ ਦੂਜਾ ਠਾਉ 346
ਸੁਰ ਲਿਪੀ 347
(੩) ਰਾਗ ਪ੍ਰਭਾਤੀ ਦਖਣੀ 349
ਸ਼ਬਦ—ਗੌਤਮੁ ਤਪਾ ਅਹਿਲਿਆ 350
ਸੁਰ ਲਿਪੀ 351
(੪) ਰਾਗ ਬਿਭਾਸ ਪ੍ਰਭਾਤੀ 353
ਸ਼ਬਦ—ਮਰਨ ਜੀਵਨ ਕੀ ਸੰਕਾ ਨਾਸੀ 354
ਸੁਰ ਲਿਪੀ 355

31. **ਰਾਗ ਜੈਜਾਵੰਤੀ** 357
ਸ਼ਬਦ—ਰਾਮੁ ਸਿਮਰਿ ਰਾਮੁ ਸਿਮਰਿ 361
ਸੁਰ ਲਿਪੀ 362

# ਪੁਸਤਕ ਵਿਚ ਵਰਤੇ ਤਾਲ ਅਤੇ ਉਨ੍ਹਾਂ ਦੀ ਜਾਣਕਾਰੀ

**1. ਤਾਲ ਦਾਦਰਾ :** ਇਸ ਤਾਲ ਦੀਆਂ ਛੇ (6) ਮਾਤਰਾਂ ਹਨ। ਤਿੰਨ-ਤਿੰਨ ਮਾਤਰਾ ਦੇ ਦੋ ਵਿਭਾਗ ਹਨ। ਪਹਿਲੇ ਵਿਭਾਗ ਉੱਤੇ ਤਾਲੀ ਤੇ ਦੂਜੇ ਉੱਤੇ ਖ਼ਾਲੀ ਹੈ ਅਰਥਾਤ ਪਹਿਲੀ ਮਾਤਰਾ ਤੇ ਸਮ ਅਤੇ ਚੌਥੀ ਮਾਤਰਾ ਤੇ ਖਾਲੀ ਹੈ। ਇਹ ਤਬਲੇ ਦਾ ਤਾਲ ਹੈ :

| | | | | | | |
|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 |
| ਬੋਲ | ਧਾ | ਧਿੰ | ਨਾ | ਧਾ | ਤਿੰ | ਨਾ |
| ਤਾਲੀ | X | | | O | | |

**2. ਤਾਲ ਰੂਪਕ :** ਇਹ ਸੱਤ ਮਾਤਰਾਂ ਦਾ ਤਾਲ ਹੈ। ਇਸ ਵਿਚ ਤਿੰਨ ਵਿਭਾਗ ਹਨ। ਪਹਿਲੇ ਵਿਭਾਗ ਵਿਚ ਤਿੰਨ, ਦੂਜੇ ਵਿਚ ਦੋ ਅਤੇ ਤੀਜੇ ਵਿਭਾਗ ਵਿਚ ਵੀ ਦੋ ਮਾਤਰਾਂ ਹਨ। ਇਸ ਤਾਲ ਦੀ ਪਹਿਲੀ ਮਾਤਰਾ ਉਤੇ ਸਮ ਅਤੇ ਖ਼ਾਲੀ ਦਾ ਚਿੰਨ੍ਹ ਲਾਇਆ ਜਾਂਦਾ ਹੈ। ਚੌਥੀ ਮਾਤਰਾ ਤੇ ਦੂਜੀ ਤਾਲੀ ਤੇ ਛੇਵੀਂ ਮਾਤਰਾ ਤੇ ਤੀਜੀ ਤਾਲੀ ਹੈ। ਇਹ ਤਬਲੇ ਦਾ ਤਾਲ ਹੈ।

| | | | | | | | |
|---|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 | 7 |
| ਬੋਲ | ਤੀ | ਤੀ | ਨਾ | ਧੀ | ਨਾ | ਧੀ | ਨਾ |
| ਤਾਲੀ | X | | | 2 | | 3 | |

**3. ਤਾਲ ਕਹਿਰਵਾ :** ਇਸ ਤਾਲ ਦੀਆਂ ਅੱਠ ਮਾਤਰਾਂ ਹਨ। ਇਸਨੂੰ ਚਾਰ ਵਿਭਾਗਾਂ ਵਿਚ ਵੰਡਿਆ ਜਾਂਦਾ ਹੈ ਤੇ ਹਰ ਵਿਭਾਗ ਵਿਚ ਦੋ-ਦੋ ਮਾਤਰਾਂ ਹਨ। ਪਹਿਲੀ ਮਾਤਰਾ ਤੇ ਸਮ, ਤੀਜੀ ਤੇ ਦੂਜੀ ਤਾਲੀ, ਪੰਜਵੀਂ ਤੇ ਖ਼ਾਲੀ, ਸੱਤਵੀਂ ਤੇ ਤੀਜੀ ਤਾਲੀ ਹੈ। ਕਹਿਰਵਾ ਤਬਲੇ ਦਾ ਤਾਲ ਹੈ।

| | | | | | | | | |
|---|---|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 | 7 | 8 |
| ਬੋਲ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |
| ਤਾਲੀ | X | | 2 | | O | | 3 | |

**4. ਇਕ ਤਾਲ :** ਇਕ ਤਾਲ ਤਬਲੇ ਦਾ ਬਹੁਤ ਪ੍ਰਸਿੱਧ ਤਾਲ ਹੈ । ਇਸਦੀਆਂ ਬਾਰਾਂ ਮਾਤਰਾਂ ਹਨ । ਇਸ ਤਾਲ ਦੀ ਸੰਗਤ ਨਾਲ ਖਿਆਲ ਗਾਏ ਜਾਂਦੇ ਹਨ । ਇਸਦੇ ਛੇ ਵਿਭਾਗ ਹਨ । ਹਰ ਵਿਭਾਗ 'ਚ ਦੋ-ਦੋ ਮਾਤਰਾਂ ਹਨ । ਪਹਿਲੀ ਮਾਤਰਾ ਉੱਤੇ ਸਮ, ਪੰਜਵੀਂ, ਗਿਆਰਵੀਂ ਤੇ ਤਾਲੀ, ਤੀਜੀ ਤੇ ਸੱਤਵੀਂ ਮਾਤਰਾ 'ਤੇ ਖ਼ਾਲੀ ਹੈ ।

| | | | | | | |
|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 |
| ਬੋਲ | ਧਿੰ | ਧਿੰ | ਧਾਗੇ | ਤ੍ਰਿਕਿਟ | ਤੂ | ਨਾ |
| ਤਾਲੀ | X | | O | | 2 | |
| ਮਾਤਰਾਂ | 7 | 8 | 9 | 10 | 11 | 12 |
| ਬੋਲ | ਕ | ਤਾ | ਧਾਗੇ | ਤ੍ਰਿਕਿਟ | ਧੀ | ਨਾ |
| ਤਾਲੀ | O | | 3 | | 4 | |

5. ਚਾਰ ਤਾਲ ਮ੍ਰਿਦੰਗ ਜਾਂ ਪਖਾਵਜ ਦਾ ਪ੍ਰਸਿੱਧ ਤਾਲ ਹੈ । ਇਸ ਤਾਲ ਦੀ ਸੰਗਤ ਨਾਲ ਧਰੁਪਦ ਗਾਇਨ ਕੀਤਾ ਜਾਂਦਾ ਹੈ । ਇਸ ਦੀ ਵੰਡ ਤਾਲੀ ਖ਼ਾਲੀ ਦੀ ਰੂਪ-ਰੇਖਾ ਇਕ ਤਾਲ ਦੇ ਸਮਾਨ ਹੀ ਹੈ ਪਰੰਤੂ ਬੋਲਾਂ ਦਾ ਅੰਤਰ ਹੈ । ਚਾਰ ਤਾਲ ਵਿਚ ਵੀ ਬਾਰਾਂ ਮਾਤਰਾਂ ਦਾ ਸਮਾਂ ਹੈ ਅਤੇ ਛੇ ਵਿਭਾਗ ਹਨ । ਪਹਿਲੀ ਮਾਤਰਾ ਤੇ ਸਮ, ਪੰਜਵੀਂ, ਨੌਵੀਂ ਤੇ ਗਿਆਰਵੀਂ ਤੇ ਤਾਲੀਆਂ ਹਨ । ਤੀਜੀ ਤੇ ਸੱਤਵੀਂ ਮਾਤਰਾ ਖ਼ਾਲੀ ਹਨ ।

| | | | | | | |
|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 |
| ਬੋਲ | ਧਾ | ਧਾ | ਧਿੰ | ਤਾ | ਕਿਟ | ਧਾ |
| ਤਾਲੀ | X | | O | | 2 | |
| ਮਾਤਰਾਂ | 7 | 8 | 9 | 10 | 11 | 12 |
| ਬੋਲ | ਧਿੰ | ਤਾ | ਤਿਟ | ਕਤ | ਗਦੀ | ਗਿਨਾ |
| | O | | 3 | 4 | | |

6. ਤਿੰਨ ਤਾਲ ਤਬਲੇ ਦਾ ਬਹੁਤ ਪ੍ਰਸਿੱਧ ਤਾਲ ਹੈ । ਇਸਦੀਆਂ 16 ਮਾਤਰਾ ਹਨ । ਇਸ ਦੀਆਂ ਸਮਾਨ ਮਾਤਰਾਂ ਦੇ ਚਾਰ ਵਿਭਾਗ ਕੀਤੇ ਜਾਂਦੇ ਹਨ । ਪਹਿਲੀ ਮਾਤਰਾ ਤੇ ਸਮ, ਪੰਜਵੀਂ ਤੇ ਦੂਜੀ ਤਾਲੀ, ਨੌਵੀਂ ਤੇ ਖ਼ਾਲੀ ਅਤੇ ਤੇਰ੍ਹਵੀਂ ਮਾਤਰਾ ਤੇ ਤੀਜੀ ਤਾਲੀ ਹੈ ।

| | | | | | | | | |
|---|---|---|---|---|---|---|---|---|
| ਮਾਤਰਾਂ | 1 | 2 | 3 | 4 | 5 | 6 | 7 | 8 |
| ਬੋਲ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ |
| ਤਾਲੀ | X | | | | 2 | | | |
| ਮਾਤਰਾਂ | 9 | 10 | 11 | 12 | 13 | 14 | 15 | 16 |
| ਬੋਲ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| ਤਾਲੀ | O | | | | 3 | | | |

# ਸੁਰ ਲਿਪੀ (Notation) ਦੇ ਚਿੰਨ੍ਹਾਂ ਦੀ ਜਾਣਕਾਰੀ

(ੳ) ਜਿਸ ਵੇਲੇ ਕਿਸੇ ਸੁਰ ਤੇ ਇਕ ਮਾਤਰਾ ਠਹਿਰਨਾ ਹੋਵੇ ਤਾਂ ਇਸ ਤਰ੍ਹਾਂ ਲਿਖਿਆ ਜਾਂਦਾ ਹੈ :

"ਸਾ ਰੇ ਗਾ ਮਾ ਪਾ"

(ਅ) ਜਦੋਂ ਦੋ ਸੁਰਾਂ ਨੂੰ ਇਕ ਮਾਤਰਾ ਵਿਚ ਗਾਉਣਾ ਹੋਵੇ ਤਾਂ ਸੁਰਾਂ ਨੂੰ ਪੁੱਠੇ ਅੱਧੇ ਚੰਦ ਆਕਾਰ ਵਿਚ ਇਕੱਠਾ ਲਿਖਿਆ ਜਾਂਦਾ ਹੈ। ਜਿਵੇਂ

ਸਾਰੇ ਗਮ ਪਧ ਨੀਸਾਂ

(ੲ) ਇਕ ਮਾਤਰਾਂ ਵਿਚ ਚਾਰ ਜਾਂ ਉਸ ਤੋਂ ਵੱਧ ਸੁਰਾਂ ਦੀ ਵਰਤੋਂ ਕਰਨ ਲਈ : ਸਾਰੇਗਮ ਗਮਪਧ ਰੇਗਮਪ ਚਿਨ੍ਹਾਂ ਦੁਆਰਾ ਦਰਸਾਇਆ ਜਾਂਦਾ ਹੈ। ਇਸ ਚੰਦਾਕਾਰ ਵਿਚ ਆਏ ਸੁਰਾਂ ਤੇ ਬਰਾਬਰ ਬਰਾਬਰ ਠਹਿਰਾਉ ਦਿੰਦੇ ਹੋਏ ਗਾਇਨ ਕੀਤਾ ਜਾਂਦਾ ਹੈ ਜਿਵੇਂ :

ਸਾਰੇਗਮਪਧ ਰੇਗਮਪਧਨੀ ਜਾਂ ਸਾਰੇਗਮਪਧਨੀਸਾਂ

(ਸ) ਜਦੋਂ ਕਿਸੇ ਮਾਤਰਾ ਦੇ ਦੋ ਸਮਾਨ ਭਾਗ, ਬਣਾਉਣੇ ਹੁੰਦੇ ਹਨ ਤਾਂ ਅੱਧਾ ਵਿਰਾਮ ਜਾਂ ਕੋਮੇ ਦੀ ਵਰਤੋਂ " " ਕੀਤੀ ਜਾਂਦੀ ਹੈ। ਸੁਰਾਂ ਦੁਆਰਾ "ਨੀ, ਧਨੀ" ਦੀ ਸਮਾਨ ਵੰਡ ਇੰਝ ਦਰਸਾਈ ਜਾਂਦੀ ਹੈ : ਨੀ, ਧ ਨੀ ਦਾ ਅਰਥ ਹੈ 4 = 1/2 ਮਾਤਰਾ ਅਤੇ ਧ ਨੀ ਦਾ ਭਾਵ ਹੈ 1/4 ਮਾਤਰਾ।

(ਹ) ਸੁਰਾਂ ਦਾ ਉਚਾਰਣ ਲੰਬਾ ਕਰਨ ਲਈ ਉਸ ਦੇ ਸੱਜੇ ਪਾਸੇ ਡੈਸ਼ਾਂ (- - -) ਦੀ ਵਰਤੋਂ ਕੀਤੀ ਜਾਂਦੀ ਹੈ। ਕਿਸੇ ਸੁਰ ਦੇ ਅਗੇ ਜਿੰਨੇ ਡੈਸ਼ ਹੋਣ, ਉਤਨੀਆਂ ਹੀ ਮਾਤਰਾਂ ਉਸ' ਤੇ ਠਹਿਰਾਉ ਕੀਤਾ ਜਾਂਦਾ ਹੈ ਜਿਵੇਂ : ਸਾ . . ਗਮ...ਪ . . . . ਧ . . . . . ਸਾਂਸਾਂ ਸਾ ਅਰਥਾਤ ਤੇ ਦੋ, ਮਾ ਤੇ ਤਿੰਨ, ਧਾ ਤੇ ਚਾਰ ਤੇ ਸਾਂ ਤੇ ਪੰਜ ਮਾਤਰਾ ਠਹਿਰਨਾ ਹੈ।

(ਕ) ਸ਼ਬਦ ਦੇ ਬੋਲਾਂ ਨੂੰ ਲੰਬਾ ਕਰਨ ਲਈ ਅਵਗ੍ਰਹ ( ऽ ) ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਤੋਂ ऽ ਹੀ ऽ ਮੋ ऽ ਹੀ ऽ ਆਦਿ।

(ਖ) ਸ਼ੁੱਧ ਸੁਰਾਂ ਨੂੰ ਪ੍ਰਗਟਾਉਣ ਲਈ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ। ਕੇਵਲ ਸਾਧਾਰਣ ਲਿਖੇ ਜਾਂਦੇ ਹਨ—ਸਾ ਰੇ ਗ ਮ ਪ ਧ ਨੀ

(ਗ) ਕੋਮਲ ਸੁਰਾਂ ਦੇ ਹੇਠ ਇਕ ਲਕੀਰ ਲਗਾਈ ਜਾਂਦੀ ਹੈ : ਜਿਵੇਂ ; ਰੇ ਗ ਧ ਨੀ

(ਘ) ਤੀਬਰ ਮਧਿਅਮ 'ਤੇ ਖੜੀ ਲਕੀਰ ਲਗਾਈ ਜਾਂਦੀ ਹੈ ਜਿਵੇਂ : ਮੰ

(ਙ) ਮੱਧ ਸਪਤਕ ਦੇ ਸੁਰ ਸਾਧਾਰਣ ਲਿਖੇ ਜਾਂਦੇ ਹਨ । ਭਾਵ ਉਨ੍ਹਾਂ ਦੇ ਉੱਤੇ ਜਾਂ ਹੇਠਾਂ ਕੋਈ ਚਿੰਨ੍ਹ ਨਹੀਂ ਲਗਾਇਆ ਜਾਂਦਾ ਜਿਵੇਂ : ਸਾ ਰੇ ਗ ਮ ਪ ਧ ਨੀ ।

(ਚ) ਤਾਰ ਸਪਤਕ ਦੇ ਸੁਰਾਂ ਦੇ ਉੱਤੇ ਬਿੰਦੀ ਲਗਾਈ ਜਾਂਦੀ ਹੈ ਜਿਵੇਂ : ਸਾਂ ਰੇਂ ਗਂ ਮਂ ਪਂ ਨੀਂ ।

(ਛ) ਮੰਦਰ ਸਪਤਕ ਦੇ ਸੁਰਾਂ ਤੇ ਹੇਠਾਂ ਬਿੰਦੀ ਲਗਾਈ ਜਾਂਦੀ ਹੈ ਜਿਵੇਂ : ਨ਼ੀ ਧ਼ ਮ਼ ਪ਼ ਗ਼ ਰੇ਼ ਸ਼ ।

(ਜ) ਜਦੋਂ ਇਕ ਸੁਰ ਤੋਂ ਦੂਜੇ ਸੁਰ ਉੱਤੇ ਮੀਂਡ ਲੈਣੀ ਹੋਵੇ ਤਾਂ ( ) ਦਾ ਚਿੰਨ੍ਹ ਲਾਇਆ ਜਾਂਦਾ ਹੈ ਜਿਵੇਂ ਪਗ ਜਾਂ ਪਰੇ ਸਾ ।

(ਝ) ਕਣ, ਸਪਰਸ਼, ਛੋਹ ਜਾਂ (Grace Note) ਸੁਰ ਦੇ ਉੱਤੇ ਖੱਬੇ ਸੱਜੇ ਪਾਸੇ ਛੋਟੇ ਆਕਾਰ ਵਿਚ ਲਿਖਿਆ ਜਾਂਦਾ ਹੈ । ਜੇਕਰ ਕਣ ਸੁਰ ਦੇ ਖੱਬੇ ਪਾਸੇ ਹੋਵੇ ਤਾਂ ਉਸਦਾ ਉਚਾਰਣ ਸੁਰ ਤੋਂ ਪਹਿਲਾਂ ਕੀਤਾ ਜਾਂਦਾ ਹੈ, ਇਸਨੂੰ ਪੂਰਵ ਲਗਣ ਕਣ ਕਹਿੰਦੇ ਹਨ ਅਤੇ ਜੇ ਸੱਜੇ ਪਾਸੇ ਹੋਵੇ ਤਾਂ ਉਸਦਾ ਉਚਾਰਣ ਮੂਲ ਸੁਰ ਦੇ ਬਾਅਦ ਕੀਤਾ ਜਾਂਦਾ ਹੈ, ਇਸ ਨੂੰ ਅਨੁਲਗਣ ਕਣ ਕਹਿੰਦੇ ਹਨ ਜਿਵੇਂ ਮ ਗੁ ਗੁ ਮ ਪੂਰਵ ਲਗਣ ਅਤੇ ਸਾ ਰੇ ਸਾ ਰੇ ਅਨੁਲਗਣ ਕਣ ਕਹਾਉਂਦੇ ਹਨ ।

(ਞ) ਬ੍ਰੈਕਟ ਜਾਂ ਕਮਾਣੀਆਂ 'ਚ ਲਿਖੇ ਸੁਰਾਂ ਦਾ ਭਾਵ ਹੈ, ਪਹਿਲੇ ਉਸ ਤੋਂ ਉਚਾ ਸੁਰ, ਮੂਲ ਸੁਰ, ਫਿਰ ਨੀਵਾਂ ਸੁਰ ਅਤੇ ਅੰਤ 'ਚ ਮੁਖ ਸੁਰ ਉਦਾਹਰਣ ਵਜੋਂ (ਸ)=ਰੇ ਸ ਨ਼ੀ ਸ, (ਰੇ)=ਗ ਰੇ ਸ ਰੇ, (ਗ)=ਮ ਗ ਰੇ ਗ, ਆਦਿ ।

(ਟ) ਹਰ ਇਕ ਤਾਲ ਦੀ ਪਹਿਲੀ ਮਾਤਰਾ ਤੇ ਸਮ ਲਈ "X" ਚਿੰਨ੍ਹ ਲਗਾਇਆ ਜਾਂਦਾ ਹੈ ।

(ਠ) ਤਾਲ ਦੀ ਜਿਸ ਮਾਤਰਾ ਤੇ ਖ਼ਾਲੀ ਹੋਵੇ "O" ਜ਼ੀਰੋ ਜਾਂ ਸ਼ੂੰਨਯ ਦਾ ਚਿੰਨ੍ਹ ਲਗਾਇਆ ਜਾਂਦਾ ਹੈ ।

(ਡ) ਹਰ ਤਾਲ ਵਿਚ ਸਮ ਅਤੇ ਖ਼ਾਲੀ ਤੋਂ ਬਿਨਾਂ ਜਿਨ੍ਹਾਂ ਮਾਤਰਾ 'ਤੇ ਤਾਲੀ ਹੁੰਦੀ ਹੈ, ਉਨ੍ਹਾਂ ਉੱਤੇ 2, 3, 4 ਆਦਿ ਅੰਕ ਲਾਏ ਜਾਂਦੇ ਹਨ ।

(ਢ) ਜਿਥੇ ਕਿਸੇ ਤਾਲ ਦਾ ਕੋਈ ਵਿਭਾਗ ਸਮਾਪਤ ਹੋਵੇ ਉਥੇ ਖੜੀ ਲਕੀਰ ਲਾਈ ਜਾਂਦੀ ਹੈ ਜਿਵੇਂ : ਧਾ ਧਿੰਨਾ ।

# ਰਾਗ ਸਿਰੀ (ਸ੍ਰੀ)

ਗੁਰਮਤਿ ਸੰਗੀਤ ਪੱਧਤੀ ਵਿਚ ਸਭ ਤੋਂ ਪ੍ਰਮੁੱਖ ਸਥਾਨ ਸਿਰੀ ਰਾਗ ਨੂੰ ਦਿੱਤਾ ਜਾਂਦਾ ਹੈ। ਸਿਰੀ ਬੜਾ ਪੁਰਾਤਨ, ਮਧੁਰ ਅਤੇ ਕਠਿਨ ਰਾਗ ਹੈ। ਗੁਰਮਤਿ ਸੰਗੀਤ ਦੇ ਸਿਰਜਣਹਾਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਰਬਾਬ ਦੀ ਮਧੁਰ ਝਣਕਾਰ ਨਾਲ "ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ (ਸਿਰੀ ਰਾਗੁ ਮਹਲਾ ੧) ਸ਼ਬਦ ਇਸੇ ਰਾਗ ਵਿਚ ਗਾਂਵਿਆ। ਕਰਤਾਰੀ ਸਿਰਜਨਾਤਮਕ ਸ਼ਕਤੀ ਦੇ ਮਾਲਕ ਅਤੇ ਸੰਗੀਤ ਦੇ ਧਨੀ ਗੁਰੂ ਅਰਜਨ ਦੇਵ ਜੀ ਨੇ ਸਿਰੀ ਰਾਗ ਨੂੰ ਗੁਰਮਤਿ ਸੰਗੀਤ ਪ੍ਰਣਾਲੀ ਦਾ ਪ੍ਰਮੁੱਖ ਰਾਗ ਸਵੀਕਾਰਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਜਾਂ ਰਾਗ ਪ੍ਰਬੰਧ ਵਿਚ ਇਸ ਨੂੰ ਪ੍ਰਥਮ ਸਥਾਨ ਪ੍ਰਦਾਨ ਕੀਤਾ। ਗੁਰੂ ਅਮਰਦਾਸ ਜੀ ਦਾ ਇਸ ਰਾਗ ਬਾਰੇ ਫੁਰਮਾਨ ਹੈ :

"ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥"

(ਵਾਰ ਸਿਰੀ ਰਾਗੁ ਮ: ੩ ॥)

ਇਹੋ ਹੀ ਨਹੀਂ, ਭਾਈ ਗੁਰਦਾਸ ਜੀ ਨੇ ਵੀ ਗੁਰਮਤਿ ਆਸ਼ੇ ਨੂੰ ਪ੍ਰਗਟਾਉਣ ਲਈ ਉਦਾਹਰਣ ਵਜੋਂ ਇਸੇ ਨੂੰ ਸਰਬੋਤਮ ਰਾਗ ਮੰਨਿਆ ਹੈ। ਜਿਵੇਂ :

"ਰਾਗਨ ਮੇਂ ਸਿਰੀ ਰਾਗੁ ਪਾਰਸ ਪਖਯਾਨ ਹੈ।"

ਗੁਰਮਤਿ ਪ੍ਰਥਾ ਤੋਂ ਇਲਾਵਾ, ਰਾਗ-ਰਾਗਣੀ ਪਰੰਪਰਾ ਨੂੰ ਮਾਨਤਾ ਦੇਣ ਵਾਲੇ ਭਿੰਨ ਭਿੰਨ ਮਤਾਂ ਨੇ ਵੀ ਸਿਰੀ ਰਾਗ ਨੂੰ ਪ੍ਰਮੁੱਖ ਪੁਰਖ ਰਾਗ ਮੰਨਿਆ ਹੈ। ਮਿਥਿਹਾਸਕ ਤੱਥਾਂ ਦੇ ਆਧਾਰ ਤੇ ਪੰਡਿਤ ਓਅੰਕਾਰ ਨਾਥ ਠਾਕੁਰ ਦਾ ਇਸ ਰਾਗ ਦੇ ਸੰਬੰਧ ਵਿਚ ਕਥਨ ਹੈ "ਸ਼ੰਕਰ ਦੇ ਪੰਜ ਮੁੱਖਾਂ ਤੋਂ ਬਾਕੀ ਪੰਜ ਰਾਗਾਂ ਦੀ ਅਤੇ ਪਾਰਵਤੀ ਦੇ "ਸ੍ਰੀ" ਮੁੱਖ ਤੋਂ ਇਸ ਛੇਵੇਂ ਰਾਗ ਦੀ ਉਤਪੱਤੀ ਮੰਨੀ ਜਾਣ ਦੇ ਕਾਰਣ ਇਸ ਦਾ ਨਾਮ "ਸ੍ਰੀ" ਹੈ, ਅਜਿਹੀ ਮਾਨਤਾ ਪ੍ਰਚਲਿਤ ਹੈ।" ਇਨ੍ਹਾਂ ਮਿਥਿਹਾਸਕ ਪ੍ਰਮਾਣਾਂ ਜਾਂ ਹਵਾਲਿਆਂ ਵਿਚ ਸਚਾਈ ਦਾ ਕਿਤਨਾ ਅੰਸ਼ ਮੌਜੂਦ ਹੈ, ਭਰੋਸੇ ਨਾਲ ਕੁੱਝ ਕਹਿਣਾ ਕਠਿਨ ਹੈ, ਪਰੰਤੂ ਇਹ ਗੱਲ ਦ੍ਰਿੜ੍ਹਤਾ ਨਾਲ ਕਹੀ ਜਾ ਸਕਦੀ ਹੈ ਕਿ ਇਹ ਇਕ ਪ੍ਰਾਚੀਨ ਰਾਗ ਹੈ।

ਮੱਧਕਾਲ ਵਿਚ ਸਿਰੀ ਰਾਗ ਦਾ ਅਜੋਕਾ ਰੂਪ ਪ੍ਰਚਲਿਤ ਨਹੀਂ ਸੀ। ਸੰਗੀਤ ਸ਼ਾਸਤਰੀ ਇਸ ਤੱਥ ਤੋਂ ਭਲੀ ਭਾਂਤ ਪਰਿਚਤ ਹਨ ਕਿ ਭਰਤ ਦੇ ਨਾਟਯ ਸ਼ਾਸਤਰ ਗ੍ਰੰਥ (ਚੌਥੀ ਸ਼ਤਾਬਦੀ) ਤੋਂ 1813 ਈ: ਤੱਕ ਭਾਰਤੀ ਸੰਗੀਤ ਵਿਚ ਸ਼ੁੱਧ ਜਾਂ ਪ੍ਰਾਕ੍ਰਿਤਕ ਸੁਰ ਸਪਤਕ ਉਹ ਮੰਨਿਆ ਜਾਂਦਾ ਸੀ ਜਿਸ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਸਨ। ਇਹ ਸੁਰ ਸਪਤਕ ਆਧੁਨਿਕ ਕਾਫੀ ਥਾਟ ਨਾਲ ਸਮਾਨਤਾ ਰਖਦਾ ਹੈ। ਮੱਧਕਾਲ ਵਿਚ ਸਿਰੀ ਰਾਗ

ਕਾਫ਼ੀ ਥਾਟ ਦੇ ਸੁਰਾਂ ਵਿਚ ਗਾਇਆ ਜਾਂਦਾ ਸੀ ਅਜਿਹੇ ਉਦਾਹਰਣ ਉਸ ਸਮੇਂ ਦੇ ਲਿਖੇ ਗ੍ਰੰਥਾਂ ਵਿਚੋਂ ਮਿਲਦੇ ਹਨ । ਆਧੁਨਿਕ ਸਮੇਂ ਦੱਖਣ ਭਾਰਤ ਵਿਚ ਗੰਧਾਰ ਨਿਸ਼ਾਦ ਕੋਮਲ ਵਾਲੇ ਥਾਟ ਨੂੰ "ਖਰਹਰ ਪ੍ਰਿਆ" ਕਹਿੰਦੇ ਹਨ । ਮੱਧਕਾਲੀ ਦੱਖਣੀ ਸੰਗੀਤ ਗ੍ਰੰਥਕਾਰ— ਰਾਮਾਮਾਤਯ, ਸੋਮਨਾਥ, ਵਿਅੰਕਟਮਖੀ, ਤੁਲਾਜੀ, ਪੁੰਡਰੀਕ ਆਦਿ ਖਰਹਰ ਪ੍ਰਿਅ ਨੂੰ "ਸ੍ਰੀ ਮੇਲ" (ਥਾਟ) ਕਹਿੰਦੇ ਹਨ, ਇਸ ਦਾ ਭਾਵ ਇਹੋ ਹੀ ਹੈ ਕਿ ਦੱਖਣ ਵਿਚ ਅੱਜ ਵੀ ਸ੍ਰੀ ਰਾਗ ਕਾਫੀ ਥਾਟ ਜਾਂ ਗੰਧਾਰ ਨਿਸ਼ਾਦ ਵਾਲਾ ਰੂਪ ਪ੍ਰਚਲਿਤ ਹੈ । ਪੰਡਿਤ ਵੀ. ਐਨ. ਭਾਤਖੰਡੇ ਦਾ ਕਥਨ ਹੈ ਕਿ "ਦੱਖਣ ਵਿਚ ਸਿਰੀ ਰਾਗ ਦਾ ਆਰੋਹ-ਅਵਰੋਹ ਇਸ ਪ੍ਰਕਾਰ ਹੈ :

"ਸਾ ਰੇ ਮ ਪ ਨੁੀ ਸਾ । ਸਾ ਨੁੀ ਪ ਧ ਨੁੀ ਪ, ਮ ਰੇ ਗੁ ਰੇ ਸਾ ।"

(ਭਾਤ ਖੰਡ ਸੰਗੀਤ ਸ਼ਾਸਤਰ, ਭਾਗ ਤੀਸਰਾ, ਪੰਨਾ 44)

ਗੁਰੂ ਅਰਜਨ ਦੇਵ ਕਰਤਾਰੀ ਸਿਰਜਨਾਤਮਕ ਸ਼ਕਤੀ ਦੇ ਸੁਆਮੀ ਸਨ । ਉਨ੍ਹਾਂ ਨੇ ਭਾਰਤੀ ਸੰਗੀਤ ਦਾ ਘੋਖਵਾਂ ਅਧਿਐਨ ਕਰਦਿਆਂ ਹੋਇਆਂ ਇਸ ਦੀ ਪੁਰਾਤਨ ਪਰੰਪਰਾ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ । ਸੰਗੀਤ ਦੇ ਪ੍ਰਾਕ੍ਰਿਤਿਕ ਜਾਂ ਸ਼ੁੱਧ ਸੁਰ ਸਪਤਕ ਤੋਂ ਉਤਪੰਨ ਹੋਏ ਰਾਗ (ਸਿਰੀ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਪ੍ਰਥਮ ਸਥਾਨ ਪ੍ਰਦਾਨ ਕੀਤਾ ।

ਭਾਰਤੀ ਸੰਗੀਤ ਦਾ ਇਤਿਹਾਸ ਵਾਚਣ ਤੋਂ ਇਸ ਪ੍ਰਸ਼ਨ ਦਾ ਸੰਤੋਸ਼ਜਨਕ ਉੱਤਰ ਨਹੀਂ ਮਿਲਦਾ ਕਿ ਕਾਫ਼ੀ ਥਾਟ ਦੇ ਸਿਰੀ ਰਾਗ ਦਾ ਕਦੋਂ ਅਤੇ ਕਿਸ ਵਿਅਕਤੀ ਵਿਸ਼ੇਸ਼ ਦੁਆਰਾ ਪੂਰਵੀ ਥਾਟ ਵਿਚ ਪਰਿਵਰਤਨ ਹੋਇਆ । ਲਗਭਗ ਦੋ-ਢਾਈ ਸੌ ਸਾਲਾਂ ਤੋਂ ਉੱਤਰ ਭਾਰਤ ਵਿਚ ਪੂਰਵੀ ਥਾਟ ਦਾ ਸਿਰੀ ਰਾਗ ਪ੍ਰਚਲਿਤ ਹੈ, ਇਸ ਰਾਗ ਦੇ ਸਰੂਪ ਬਾਰੇ ਇਕ ਰੋਚਿਕ ਤੱਥ ਇਹ ਹੈ ਕਿ ਇਸਨੂੰ ਚਾਹੇ ਕਾਫ਼ੀ ਥਾਟ ਵਿਚ ਰਖੋ ਜਾਂ ਪੂਰਵੀ ਵਿਚ, ਚਲਨ ਵਿਚ ਵਿਸ਼ੇਸ਼ ਅੰਤਰ ਨਹੀਂ ਹੈ, ਕੇਵਲ ਸੁਰਾਂ ਦਾ ਰੂਪਾਂਤਰ ਕਰਨ ਤੋਂ ਹੀ ਸਿਰੀ ਰਾਗ ਦਾ ਸਰੂਪ ਸਥਾਪਿਤ ਹੋ ਜਾਂਦਾ ਹੈ ਅਰਥਾਤ ਕਾਫ਼ੀ ਥਾਟ ਦੇ ਰਾਗ ਸਿਰੀ ਵਿਚ ਰਿਸ਼ਭ, ਮੱਧਿਅਮ, ਨਿਸ਼ਾਦ, ਕੋਮਲ ਅਤੇ ਹੋਰ ਸੁਰ ਸ਼ੁੱਧ ਹਨ ਅਤੇ ਪੂਰਵੀ ਥਾਟ ਦੇ ਸਿਰੀ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਕਰਨ ਨਾਲ ਰਾਗ ਦੀ ਸਿਰਜਣਾ ਹੋ ਜਾਂਦੀ ਹੈ ।

ਇਥੇ ਅਸੀਂ ਪੂਰਵੀ ਥਾਟ ਦੇ ਸਿਰੀ ਰਾਗ ਦਾ ਪਰਿਚਯ ਦੇ ਰਹੇ ਹਾਂ । ਇਸ ਸਰੂਪ ਨੂੰ ਉਪਰ ਵਿਆਖੀ ਜੁਗਤੀ ਅਨੁਸਾਰ ਸੁਰਾਂ ਦਾ ਰੂਪਾਂਤਰ ਕਰਕੇ ਕਾਫ਼ੀ ਥਾਟ ਵਿਚ ਵੀ ਪਰਿਵਰਤਿਤ ਕੀਤਾ ਜਾ ਸਕਦਾ ਹੈ ਜਿਸ ਨਾਲ ਰਾਗ ਰੂਪ ਵਿਚ ਕਿਸੇ ਤਰ੍ਹਾਂ ਦਾ ਵਿਗਾੜ ਨਹੀਂ ਆਉਂਦਾ । ਦੋਵੇਂ ਸਰੂਪ ਇਸਦੇ ਆਪਣੇ ਆਪਣੇ ਸਥਾਨ ਤੇ ਰਸਾਤਮਕ ਅਤੇ ਮਨੋਰੰਜਕ ਹਨ ।

**ਆਧੁਨਿਕ ਥਾਟ ਪੱਧਤੀ ਦੇ ਸਮਰਥਕਾਂ ਨੇ ਸਿਰੀ ਰਾਗ ਦਾ ਵਰਗੀਕਰਣ ਪੂਰਵੀ ਥਾਟ ਵਿਚ ਕੀਤਾ ਹੈ । ਨਾਦ ਸ਼ਾਸਤਰ ਦੇ ਦ੍ਰਿਸ਼ਟੀਕੋਣ ਅਨੁਸਾਰ ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ, ਇਸ ਦੇ ਆਰੋਹ ਵਿਚ ਗੰਧਾਰ**

ਅਤੇ ਧੈਵਤ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਵਕਰ ਰੀਤ ਨਾਲ ਸੱਤ ਸੁਰ ਵਰਤੇ ਜਾਂਦੇ ਹਨ, ਇਸ ਕਾਰਣ ਇਸਦੀ ਜਾਤੀ ਔਡਵ-ਵਕਰ ਸੰਪੂਰਣ ਹੈ। ਇਸਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਕੁਝ ਵਿਦਵਾਨ ਇਸਦਾ ਵਾਦੀ ਪੰਚਮ ਅਤੇ ਸੰਵਾਦੀ ਰਿਸ਼ਭ, ਕਈ ਵਾਦੀ ਰਿਸ਼ਭ ਅਤੇ ਸੰਵਾਦੀ ਧੈਵਤ ਮੰਨਦੇ ਹਨ।

ਸ਼ਾਸਤਰ ਦੇ ਦ੍ਰਿਸ਼ਟੀਕੋਣ ਤੋਂ ਰਿਸ਼ਭ ਕੋਮਲ ਅਤੇ ਪੰਚਮ ਸੁਰ ਵਿਚ ਸੰਵਾਦੀ ਭਾਵ ਦਾ ਅਭਾਵ ਹੈ ਇਸ ਲਈ ਕੁਝ ਸ਼ਾਸਤਰਕਾਰ ਇਸ ਦਾ ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਮੰਨਦੇ ਹਨ ਪਰੰਤੂ ਰਾਗ ਧਰਮ ਅਨੁਸਾਰ ਸਿਰੀ ਰਾਗ ਦੀ ਸ਼ੁੱਧਤਾ ਦੇ ਆਧਾਰ 'ਤੇ ਇਸ ਵਿਚ ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਮੰਨਣਾ ਵਧੇਰੇ ਉਚਿੱਤ ਹੈ, ਸ਼ਾਮ ਦਾ ਸੰਧੀ-ਪ੍ਰਕਾਸ਼ ਹੋਣ ਕਰਕੇ ਇਸ ਰਾਗ ਨੂੰ ਸੰਝ ਵੇਲੇ (ਸੂਰਜ ਛਿਪਣ ਵੇਲੇ) ਗਾਇਆ-ਵਜਾਇਆ ਜਾਂਦਾ ਹੈ, ਵਿਦਵਾਨਾਂ ਨੇ ਇਸਨੂੰ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ, ਇਸ ਰਾਗ ਦੀ ਗਣਨਾ ਉੱਤਰ ਭਾਰਤ ਦੇ ਕਠਿਨ ਰਾਗਾਂ ਵਿਚ ਕੀਤੀ ਜਾਂਦੀ ਹੈ, ਇਸ ਰਾਗ ਨੂੰ ਸ੍ਰੇਸ਼ਟ ਗਾਇਕ ਹੀ ਕਲਾਤਮਕ ਢੰਗ ਨਾਲ ਗਾ ਸਕਦੇ ਹਨ। ਇਸ ਰਾਗ ਵਿਚ ਠਹਿਰਾਓ ਦੇ ਸੁਰ ਸ਼ੜਜ, ਰਿਸ਼ਭ ਅਤੇ ਪੰਚਮ ਹਨ। ਇਸ ਰਾਗ ਦੀ ਸਾਰੀ ਸੁੰਦਰਤਾ "ਰੇ ਪ" ਅਤੇ "ਪ ਰੇ" ਸੁਰ-ਸੰਗਤੀ 'ਤੇ ਆਧਾਰਿਤ ਹੈ, ਸਿਰੀ ਰਾਗ ਦੇ ਸਰੂਪ ਨੂੰ ਸੁੰਦਰਤਾ ਪ੍ਰਦਾਨ ਕਰਨ ਲਈ ਦੋ ਸੁਰ ਸੰਗਤੀਆਂ,

ਸਾ ਗ ਪ ਨੀ

ਪੂਰਵਾਂਗ ਵਿਚ "ਰੇ ਰੇ ਸਾ" ਅਤੇ ਉਤ੍ਰਾਂਗ ਵਿਚ "ਧ ਧ ਪ" ਮਹੱਤਵਪੂਰਨ ਕਾਰਜ ਕਰਦੀਆਂ ਹਨ, ਸਿਰੀ ਰਾਗ ਅਤਿਅੰਤ ਸ਼ਰੁਤੀ ਮਨੋਹਰ ਅਤੇ ਸੁਤੰਤਰ ਪ੍ਰਕਾਰ ਹੈ। ਇਸ ਰਾਗ ਦਾ ਵਿਸਥਾਰ ਮੰਦਰ ਅਤੇ ਮੱਧ ਸਪਤਕ ਵਿਚ ਵਧੇਰੇ ਕੀਤਾ ਜਾਂਦਾ ਹੈ, ਇਹ ਰਾਗ ਭਗਤੀ ਭਾਵ ਦੇ ਗੀਤਾਂ ਦੇ ਵਿਸ਼ੇਸ਼ ਅਨੁਕੂਲ ਹੈ। ਸ਼ਾਸਤਰੀ ਸੰਗੀਤ ਦੀ ਹਰੇਕ ਸ਼ੈਲੀ ਵਿਚ ਇਸ ਰਾਗ ਵਿਚ ਅਤਿਅੰਤ ਕੁਸ਼ਲਤਾ ਪੂਰਨ ਗਾਈ ਜਾਂਦੀ ਹੈ,

ਸਾ ਗ<br>
ਆਰੋਹ : ਸਾ, ਰੇ ਰੇ, ਸਾ, ਰੇ ਮ ਪ, ਨੀ ਸਾਂ

ਗ<br>
ਅਵਰੋਹ : ਸਾਂ ਨੀ ਧ਼ਪ, ਮਂਗ ਰੇ, ਰੇ, ਸਾ

ਸਾ ਗ<br>
ਮੁੱਖ ਅੰਗ : ਸਾ, ਰੇ ਰੇ, ਸਾ, ਰੇ ਪ, ਮ ਗ ਰੇ, ਸਾ।

## ਸੁਰ ਵਿਸਤਾਰ

1. (ਸਾ) ਰੇ ਰੇ ਸਾ, ਰੇ ਨੀ ਧ ਪ, ਮ ਪ ਨੀ ਸਾ, ਨੀ ਰੇ ਨੀ ਧ ਪ, ਪ ਧ ਪ ਪ ਮ ਪ ਨੀ ਸਾ, ਰੇ ਰੇ ਸਾ, ਨੀ ਸਾ ਗ ਰੇ ਰੇ, ਮ ਗ ਰੇ ਰੇ, ਸਾ ਰੇ ਨੀ ਸਾ। ਨੀ ਰੇ ਗ, ਗ ਰੇ ਰੇ ਮ ਗ ਰੇ, ਰੇ ਪ, ਨੀ ਸਾ ਰੇ ਮ ਰੇ, ਪ, ਮ ਪ ਧ ਮ ਗ ਰੇ, ਰੇ ਸਾ, ਰੇ ਨੀ ਧ ਪ,

ਮ' ਪ਼ ਨ਼ੀ ਸਾ, ਰੇ̱ ਰੇ̱ ਸਾ, ਰੇ̱ ਮ' ਮ' ਪ, ਮ' ਗ ਰੇ̱, ਰੇ̱ ਪ ਰੇ̱, ਗ ਰੇ̱, ਰੇ̱, ਸਾ।

2. ਸਾ ਰੇ̱ ਨ਼ੀ ਸਾ, ਪ ਧ̱ ਮ' ਪ, ਰੇ̱ ਰੇ̱ ਪ, ਮ' ਪ, ਧ̱ ਮ' ਗ ਰੇ̱, ਸਾ ਰੇ̱ ਸਾ ਸਾ, ਪ ਧ̱ ਪ ਪ, ਮ' ਪ ਧ̱ ਮ' ਗ ਰੇ̱, ਰੇ̱ ਮ' ਮ' ਪ, ਨ਼ੀ ਸਾ ਰੇ̱ ਰੇ̱ ਪ ਪ, ਮ' ਪ, ਰੇ̱ ਪ ਮ' ਪ, ਧ̱ ਧ̱ ਪ ਮ' ਪ, ਰੇ̱ ਮ' ਪ, ਪ ਧ̱ ਮ' ਪ, ਧ̱ ਪ, ਮ' ਪ ਨੀ ਨੀ ਧ̱ ਪ। ਮ' ਪ ਸਾਂ ਨੀ ਧ̱ ਪ, ਧ̱ ਮ' ਗ ਰੇ̱, ਮ' ਪ ਨੀ ਧ̱ ਪ ਧ̱ ਮ' ਗ ਰੇ̱, ਰੇ̱ ਪ ਮ' ਪ਼ ਧ̱ ਮ' ਗ ਰੇ̱, ਗ ਰੇ̱, ਰੇ̱ ਸਾ, ਰੇ̱ ਨ਼ੀ ਧ਼̱ ਪ਼ ਮ'਼ ਪ਼ ਨ਼ੀ ਸਾ ਰੇ̱ ਰੇ̱ ਸਾ।

3. ਮ' ਪ ਨੀ ਨੀ, ਸਾਂ, ਨੀ ਸਾ ਰੇ̱ਂ ਰੇ̱ਂ ਸਾਂ, ਸਾਂ ਨੀ ਧ̱ ਪ ਮ' ਪ ਨੀ ਸਾਂ ਰੇ̱ਂ ਰੇ̱ਂ ਸਾਂ, ਸਾ ਰੇ̱ ਨ਼ੀ ਸਾ, ਪ ਧ̱ ਮ' ਪ, ਸਾਂ ਰੇ̱ਂ ਨੀ ਸਾਂ ਰੇ̱ਂ ਰੇ̱ਂ ਸਾਂ, ਪ ਧ̱ ਪ ਪ ਮ' ਪ ਨੀ ਸਾਂ ਰੇ̱ਂ ਰੇ̱ਂ ਸਾਂ, ਗਂ ਰੇ̱ਂ ਸਾਂ, ਮ' ਪ ਨੀ ਸਾਂ ਰੇ̱ਂ ਰੇ̱ਂ ਸਾਂ, ਗਂ ਰੇ̱ਂ ਸਾਂ ਰੇ̱ਂ ਮ'ਂ ਗਂ ਰੇ̱ਂ ਰੇ̱ਂ ਪਂ, ਮ'ਂ ਗਂ ਰੇ̱ਂ, ਰੇ̱ਂ ਸਾਂ, ਨੀ ਸਾਂ ਰੇ̱ਂ ਮ'ਂ ਪ਼, ਮ'ਂ ਰੇ̱ਂ, ਗਂ ਰੇ̱ਂ ਰੇ̱ਂ ਸਾਂ ਮ' ਪ ਨੀ ਸਾਂ ਰੇ̱ਂ ਸਾਂ, ਨੀ ਸਾਂ ਰੇ̱ਂ ਨੀ ਧ̱ ਪ, ਮ' ਪ ਨੀ ਸਾਂ ਰੇ̱ਂ, ਰੇ̱ਂ, ਰੇ̱ਂ ਨੀ ਧ̱ ਪ, ਨੀ ਧ̱ ਪ, ਮ' ਪ ਧ̱ ਮ' ਗ ਰੇ̱, ਪ ਮ' ਰੇ̱ ਰੇ̱, ਗ ਰੇ̱, ਰੇ̱, ਸਾ।

ੴ ਸਤਿਗੁਰ ਪ੍ਰਸਾਦਿ ॥

ਰਾਗ ਸਿਰੀ ਰਾਗੁ ਮਹਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥ ੩ ॥ ਰਹਾਉ ॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥

(ਆਦਿ ਗ੍ਰੰਥ, ਪੰਨਾ ੧੪)

## ਰਾਗ ਸਿਰੀ ਤਿੰਨ ਤਾਲ

ਸਥਾਈ

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | | — | ਸਾਰੇ | ਨੀ | ਸਾ |
| | | | | | | | | | | | | | ਹਰਿ | ਬਿ | ਨੁ |
| ਰੇ | ਪ | — | ਪ | ਮੰਪ | ਧੁ | ਮੰ | ਗ | ਗਰੇ | ਗਰੇ | ਸਾ | — | — | ਨੀਸਾ | ਗਰੇ | ਮੰਗ |
| ਜੀ | S | S | ਉ | ਜS | ਲਿ | ਬ | ਲਿ | ਜਾS | SS | ਉ | S | S | ਮੈS | ਆS | ਪS |
| ਗਰੇ | ਗਰੇ | ਸਾ | ਸਾ | — | ਨੀਸਾ | ਰੇ | ਸਾ | ਰੇ | ਨੀ | ਧੁ | ਪ | — | ਮੰਪ | ਨੀ | ਸਾ |
| ਣਾS | SS | ਗੁ | ਰੁ | S | ਪੂS | S | ਛਿ | ਦੇ | S | ਖਿਆ | S | S | ਅS | ਵ | ਰੁ |
| ਰੇ | ਰੇ | ਸਾ | — | ਰੇ ਮੰ | ਪਧੁ | ਮੰਪ | ਨੀਸਾਂ | ਰੇਨੀ | ਧੁਪ | ਮੰਧੁ | ਮਗ | ਰੇਸਾ | | | |
| ਨਾ | S | ਹੀ | S | ਥਾS | SS | SS | SS | ਉS | SS | SS | SS | SS | | | |

| | | | |
|---|---|---|---|
| | | | — ਰੇ ਮੰ ਪ |
| | | | ਮੋ ਤੀ ਤ |

ਅੰਤਰਾ

| X | 2 | O | 3 |
|---|---|---|---|
| ਧੁਪ ਮੰਪ ਮੰ ਪ | — ਮੰਪ ਨੀਸਾਂ ਨੀ | ਰੇਂ ਰੇਂ ਸਾਂ — | — ਮੰਪ ਨੀ ਸਾਂ |
| ਮੰs ss ਦ ਰ | s ਊs ss ਸ | ਰ ਹਿ s s | s ਰਤ ਨੀ ਤ |
| ਗ ਰੇਂ ਸਾਂ ਸਾਂ | ਨੀ ਸਾਂ ਨੀਸਾਂ ਰੇਂਸਾਂ | ਨੀ ਧੁ ਪ — | ਪਪ ਪ ਮੰ ਪ |
| ਹੋ s ਇ ਜ | ੜਾ s ss ss | s s ਉ s | ਕਸ ਤੂ s ਰਿ |
| ਸਾਂ ਨੀ ਧੁ ਪ | — ਧੁ ਮੰ ਗ | ਗਰੇ ਗਰੇ ਸਾ ਸਾ | — ਸਾ ਰੇ ਸਾ |
| ਕੁੰ s ਗੂ s | s ਅ ਗ ਰਿ | ਚੰs ss ਦ ਨਿ | s ਲੀ s ਪਿ |
| ਪ — ਪ — | — ਰੇਮੰ ਪਧੁ ਮੰਪ | ਨੀ ਧੁ ਪ — | — — ਮੰ ਪ |
| ਆ s ਵੈ s | s ਚਾs ss ss | s s ਉ s | s s ਮ ਰੂ |

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| — | ਨੀ | — | ਨੀ | ਸਾਂ | — | ਸਾਂ | — | — | ਰੇਂ | — | ਰੇਂ | ਸਾਂ | — | ਨੀ | ਸਾਂ |
| ऽ | ਦੇ | ऽ | ਖਿ | ਭੂ | ऽ | ਲਾ | ऽ | ऽ | ਵੀ | ऽ | ਸ | ਰੈ | ऽ | ਤੇ | ਨਾ |
| — | ਗਾਂ | ਰੇਂ | ਮੰ | ਗਾਂ | ਰੇਂ | ਸਾਂ | — | ਰੇਂਰੇਂ | ਨੀਧ | ਪਮੰ | ਗਰੇ | ਸਾ | | | |
| ऽ | ਚਿ | ਤਿ | ਨ | ਆ | ऽ | ਵੈ | ऽ | ਨਾऽ | ऽऽ | ऽऽ | ऽऽ | ਉ | | | |

# ਰਾਗ ਮਾਝ

ਮਾਝ, ਇਕ ਅਲਪ ਪ੍ਰਸਿੱਧ ਵਰਗ ਦਾ ਰਾਗ ਹੈ, ਉੱਤਰ ਜਾਂ ਦੱਖਣ ਭਾਰਤ ਦੇ ਕਿਸੇ ਗ੍ਰੰਥ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ। ਮੱਧ ਕਾਲੀਨ ਰਾਗ-ਰਾਗਣੀ ਪੱਧਤੀ ਨੂੰ ਮਾਨਤਾ ਦੇਣ ਵਾਲੇ ਕਿਸੇ ਮੱਤ ਨੇ ਛੇ ਰਾਗਾਂ ਵਿਚੋਂ ਕਿਸੇ ਵੀ ਰਾਗ ਪਰਿਵਾਰ ਵਿਚ ਇਸ ਨੂੰ ਨਹੀਂ ਸ਼ਾਮਲ ਕੀਤਾ।

ਸੰਗੀਤਅਚਾਰੀਆ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂੰ ਹਨ ਕਿ ਭਾਰਤੀ ਸੰਗੀਤ ਵਿਚ ਅਨੇਕ ਰਾਗ ਪ੍ਰਾਂਤਿਕ ਲੋਕ ਗੀਤਾਂ ਦੀਆਂ ਧੁਨਾਂ 'ਤੇ ਆਧਾਰਿਤ ਹਨ। ਇਨ੍ਹਾਂ ਪ੍ਰਸਿੱਧ ਧੁਨਾਂ ਨੂੰ ਸ਼ਾਸਤਰਕਾਰਾਂ ਨੇ ਨਿਯਮ ਬੱਧ ਕਰਕੇ ਕਲਾਸਿਕੀ ਸੰਗੀਤ ਦਾ ਰੂਪ ਪ੍ਰਦਾਨ ਕੀਤਾ। ਉਦਾਹਰਣ ਵਜੋਂ- ਮੁਲਤਾਨ ਪ੍ਰਾਂਤ ਦੀ ਲੋਕ ਧੁਨ ਦੇ ਆਧਾਰ 'ਤੇ ਮੁਲਤਾਨੀ, ਕਲਿੰਗ ਤੋਂ ਕਾਲਿੰਗੜਾ, ਬੰਗਾਲ ਤੋਂ ਬੰਗਾਲ ਭੈਰਵ, ਸੌਰਾਸ਼ਟਰ ਤੋਂ ਸੌਰਾਸ਼ਟਰ ਟੰਕ, ਤਿਲੰਗਾਨਾਂ ਤੋਂ ਤਿਲੰਗ ਆਦਿ ਰਾਗ ਹੋਂਦ ਵਿਚ ਆਏ। ਇਸੇ ਤਰ੍ਹਾਂ ਹੀ ਮਾਝੇ ਦੀ ਲੋਕ ਧੁਨ ਤੋਂ ਮਾਝ ਰਾਗ ਵਿਕਸਤ ਹੋਇਆ। ਮਾਝ ਰਾਗ ਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦਾ ਮਹਾਨ ਯੋਗਦਾਨ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਮਾਝ ਰਾਗ ਭਾਰਤੀ ਸੰਗੀਤ ਨੂੰ ਗੁਰੂ ਸਾਹਿਬਾਨ ਦੀ ਅਨੂਪਮ ਦੇਣ ਹੈ।

ਗੁਰੂ ਕਾਲ ਵਿਚ ਮਾਝ ਰਾਗ ਇਤਨਾ ਪ੍ਰਸਿੱਧ ਸੀ ਕਿ ਇਸ ਵਿਚ ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਤੋਂ ਬਿਨਾਂ ਸਾਧਾਰਣ ਲੋਕ ਧੁਨਾਂ ਵੀ ਬੜੀ ਪ੍ਰਬੀਨਤਾ ਨਾਲ ਗਾਈਆਂ ਜਾਂਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਪ੍ਰਤੱਖ ਪ੍ਰਮਾਣ ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ ਹੈ ਅਤੇ ਲੋਕ ਧੁਨਾਂ ਦੀ ਪ੍ਰਸਿੱਧੀ ਦਾ ਉਦਾਹਰਣ ਮਾਝ ਦੀ ਵਾਰ ਤੋਂ ਸਪਸ਼ਟ ਹੈ। ਇਸ ਵਾਰ ਦੇ ਸਿਰਲੇਖ ਵਿਚ ਵਿਸ਼ੇਸ਼ ਤੌਰ 'ਤੇ ਇਸ ਦੇ ਗਾਉਣ ਲਈ ਆਦੇਸ਼ ਹੈ :

"ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ।"
"ਮਲਕ ਮੁਰੀਦ ਤਥਾ ਚੰਦ੍ਰਹੜਾ ਕੀ ਧੁਨੀ ਗਾਵਣੀ ॥"

ਇਸ ਹਵਾਲੇ ਤੋਂ ਇਹ ਸਪਸ਼ਟ ਹੈ ਕਿ ਅਕਬਰ ਦੇ ਸਮੇਂ ਮਾਝ ਰਾਗ ਵਿਚ ਵਾਰ ਵਰਗੀਆਂ ਧੁਨਾਂ ਗਾਉਣ ਦੀ ਪ੍ਰਥਾ ਵੀ ਕਾਫੀ ਪ੍ਰਚਲਿਤ ਹੋ ਚੁਕੀ ਸੀ। ਮਾਝ ਰਾਗ ਦੇ ਤਿੰਨ ਪ੍ਰਕਾਰ ਪ੍ਰਚਾਰ ਵਿਚ ਰਹੇ ਹਨ—ਇਕ ਬਿਲਾਵਲ ਅੰਗ ਦਾ, ਦੂਜਾ ਖਮਾਜ ਅੰਗ ਦਾ ਅਤੇ ਤੀਜਾ ਕਾਫ਼ੀ ਅੰਗ ਦਾ। ਇਸ ਦੇ ਪਹਿਲੇ ਪ੍ਰਕਾਰ ਦਾ, ਗਾਇਨ ਦੇ ਵਿਭਿੰਨ ਘਰਾਣਿਆਂ ਵਿਚੋਂ ਕੇਵਲ ਗਵਾਲੀਅਰ ਘਰਾਣੇ ਵਿਚ ਪ੍ਰਚਾਰ ਰਿਹਾ ਹੈ ਅਤੇ ਦੂਜੇ ਦੋਹਾਂ ਪ੍ਰਕਾਰਾਂ ਦਾ

ਸਰੂਪ ਸਿੱਖ ਕੀਰਤਨਕਾਰਾਂ ਨੇ ਸੁਰੱਖਿਅਤ ਰੱਖਣ ਵਿਚ ਯੋਗਦਾਨ ਦਿੱਤਾ ਹੈ, ਇਥੇ ਅਸੀਂ ਮਾਝ ਰਾਗ ਦੇ ਤੀਜੇ ਸਰੂਪ (ਕਾਫ਼ੀ ਅੰਗ) 'ਤੇ ਚਰਚਾ ਕਰ ਰਹੇ ਹਾਂ ।

ਮਾਝ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਕਾਫ਼ੀ ਥਾਟ ਦੇ ਅੰਤਰਗਤ ਮੰਨੀ ਜਾਂਦੀ ਹੈ, ਇਸ ਦੇ ਨਾਦਾਤਮਕ ਸਰੂਪ ਵਿਚ ਦੋ ਗੰਧਾਰ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ । ਇਸ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ ਅਤੇ ਅਵਰੋਹ ਵਿਚ ਵਕਰ ਗੀਤ ਨਾਲ ਸਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔੜਵ-ਵਕਰ ਸੰਪੂਰਣ ਹੈ । ਮਾਝ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ, ਇਸ ਰਾਗ ਵਿਚ ਦੇਸ਼ੀ, ਦੇਸ, ਸਾਰੰਗ, ਤਿਲਕ ਕਾਮੋਦ, ਕਾਫ਼ੀ, ਜੈਜੈਵੰਤੀ, ਮਾਲਗੁੰਜੀ, ਮਲ੍ਹਾਰ, ਆਦਿ ਰਾਗਾਂ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ, ਇਸ ਰਾਗ ਦੇ ਸਰੂਪ ਨੂੰ ਸਾਕਾਰ ਕਰਨ ਲਈ"ਰੇ ਪ" ਸੁਰ ਸੰਗਤੀ ਬੜਾ ਮਹੱਤਵਪੂਰਨ ਕਾਰਜ ਕਰਦੀ ਹੈ । ਇਸ ਦੇ ਆਰੋਹ-ਅਵਰੋਹ ਅਤੇ ਮੁੱਖ ਅੰਗ ਦਾ ਘੋਖਵਾਂ ਅਧਿਐਨ ਕਰਨ ਤੋਂ ਇਹ ਰਾਗ ਆਪਣੇ ਸਮਪ੍ਰਕ੍ਰਿਤ ਰਾਗਾਂ ਨਾਲੋਂ ਸੁਭਾਵਿਕ ਹੀ ਵੱਖ ਹੋ ਜਾਂਦਾ ਹੈ ।

ਮਾਝ ਰਾਗ ਦੇ ਸੰਬੰਧ ਵਿਚ ਡਾ. ਭਾਈ ਵੀਰ ਸਿੰਘ ਜੀ ਸਾਡੀ ਇਨ੍ਹਾਂ ਸ਼ਬਦਾਂ ਦੁਆਰਾ ਅਗਵਾਈ ਕਰਦੇ ਹਨ : ਇਹ **ਰਾਗ** ਗੁਰਮਿਤ ਸੰਗੀਤ ਅਨੁਸਾਰ ਭਿੰਨ **ਰਾਗਣੀ** ਹੈ । ਮਾਝੇ ਦੇ ਦੇਸ ਦੀ ਰਾਗਣੀ ਹੋਣ ਤੇ ਦੇਸੀ ਸੰਕੀਰਣ ਹੈ, ਸਿਰੀ ਰਾਗ, ਮਧਮਾਧਵੀ, ਮਲਾਰ ਮਿਲੇ ਤੇ ਬਣੀ ਹੈ । ਹੋਰ ਕਿਸੇ ਮੱਤ ਦੇ ਪਰਿਵਾਰ ਵਿਚ ਨਹੀਂ ਹੈ ।"

(ਗੁਰਮਤ ਸੰਗੀਤ, ਪੰਨਾ ੨੪)

ਇਸੇ ਤਰ੍ਹਾਂ ਹੀ ਡਾ. ਚਰਨ ਸਿੰਘ ਜੀ, ਜਿਨ੍ਹਾਂ ਨੂੰ ਗੁਰਮਤਿ ਸੰਗੀਤ ਬਾਰੇ ਪ੍ਰਧਿਕਾਰੀ ਮੰਨਿਆ ਜਾਂਦਾ ਹੈ ਮਾਝ ਰਾਗ ਤੇ ਇਸ ਤਰ੍ਹਾਂ ਪ੍ਰਕਾਸ਼ ਪਾਉਂਦੇ ਹਨ : "ਸੁਰ ਤਾਲ ਸੰਬੂਹ ਵਿਚ ਲਿਖਿਆ ਹੈ ਕਿ ਸੋਰਠ, ਬਿਲਾਵਲ, ਸਾਰੰਗ, ਧਨਾਸਰੀ, ਨਟ ਪੰਜੇ ਮਿਲਨ ਕਰਕੇ **ਮਾਝ ਰਾਗ** ਬਣਦਾ ਹੈ । ਕਈ ਇਸਨੂੰ ਰਾਗਨੀ ਕਰਕੇ ਵੀ ਕਹਿੰਦੇ ਹਨ ।"

(ਗੁਰਮਤ ਸੰਗੀਤ, ਪੰਨਾ ੧੯)

ਉਪਰੋਕਤ ਮਹਾਨ ਵਿਦਵਾਨਾਂ ਦੇ ਵਿਚਾਰਾਂ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਉਹ ਮਾਝ ਨੂੰ ਗੁਰਮਿਤ ਸੰਗੀਤ ਵਿਚ ਰਾਗ ਮੰਨਦੇ ਹਨ ਕਿ ਰਾਗਣੀ ।

ਇਕ ਹੋਰ ਵਚਿੱਤਰ ਗੱਲ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ ਕਿ ਮਾਝ ਰਾਗ ਨੂੰ ਕਿਸੇ ਵੀ ਰਾਗ ਮਾਲਾ ਦੇ ਲੇਖਕ ਨੇ ਛੇ ਰਾਗਾਂ ਦੇ ਪਰਿਵਾਰ ਵਿਚ ਸ਼ਾਮਲ ਨਹੀਂ ਕੀਤਾ ਅਤੇ ਨਾਹੀ ਆਦਿ ਗ੍ਰੰਥ ਦੇ ਅੰਤ ਵਿਚ ਦਰਜ ਰਾਗ-ਮਾਲਾ ਵਿਚ ਇਹ ਕਿਸੇ ਦੀ ਰਾਗਣੀ ਹੈ ਅਤੇ ਨਾ ਹੀ ਪੁਤਰ । ਸਚ ਤਾਂ ਇਹ ਹੈ ਕਿ ਇਹ ਰਾਗ ਕੇਵਲ ਗੁਰਮਤਿ ਸੰਗੀਤ ਵਿਚ ਹੀ ਵਧੇਰੇ ਕਰਕੇ ਪ੍ਰਚਲਿਤ ਰਿਹਾ ਹੈ । ਰਾਗਮਾਲਾ ਗੁੰਦਣ ਵਾਲੇ ਮਾਲੀਆਂ ਦੀ ਉਸ ਸਮੇਂ ਇਸ ਤਕ ਰਸਾਈ ਹੀ ਨਹੀਂ ਹੋਈ ਅਜਿਹਾ ਅਨਮਾਨ ਲਗਾਇਆ ਜਾਂਦਾ ਹੈ । ਇਹੋ ਹੀ ਨਹੀਂ, ਮੱਧ ਕਾਲ ਦੇ ਕਿਸੇ ਵੀ ਗ੍ਰੰਥਕਾਰ ਨੇ ਇਸ ਰਾਗ ਦਾ ਉਲੇਖ ਨਹੀਂ ਕੀਤਾ । ਭਾਰਤੀ ਸੰਗੀਤ ਦੇ ਵਿਭਿੰਨ ਘਰਾਣਿਆਂ ਵਿਚ ਵੀ ਇਹ ਰਾਗ ਬਹੁਤਾ ਪ੍ਰਚਾਰ ਵਿਚ ਨਹੀਂ ਆਇਆ । ਵਿਦਵਾਨਾਂ

ਦਾ ਵਿਚਾਰ ਹੈ ਕਿ ਮਾਝ ਰਾਗ ਨੂੰ ਨਿਵਾਜਣ ਵਿਚ ਸਿਖ ਗੁਰੂ ਸਾਹਿਬਾਨ ਦਾ ਵਿਸ਼ੇਸ਼ ਯੋਗਦਾਨ ਹੈ ।

ਆਰੋਹ : ਸਾ ਰੇ, ਮ ਪ, ਨੀ ਸਾਂ ।

ਅਵਰੋਹ : ਸਾਂ ਨੀ ਧਪ, ਧਮ ਗਮ, ਰੇਪ, ਗੁਰੇਗੁ, ਸਾਰੇ ਨੀਸਾ ।

ਮੁਖ ਅੰਗ : ਪ, ਧ ਮ ਪ, ਗ ਮ, ਰੇਪ, ਮਗੁ, ਰੇਗੁ ਸਾਰੇ, ਨੀਸਾ ।

## ਸੁਰ ਵਿਸਤਾਰ ਰਾਗ ਮਾਝ

1. ਸਾ, ਸਾਰੇ ਸਾਸਾ ਨੀ ਨੀਸਾ, ਨੀਸਾ ਰੇ ਨੀ ਧ ਪ, ਧ ਮ ਪ, ਗ ਮ, ਰੇ ਪ, ਗੁ ਗੁਰੇ ਰੇ ਮ ਪ, ਧਪ ਮਪ ਗ ਮ ਰੇ ਪ ਗੁ ਰੇ, ਰੇ ਮ ਮ ਪ, ਧ ਮ ਪ, ਨੀ ਨੀ ਸਾ ਨੀਸਾ ਰੇ ਮ, ਗ ਮ ਗੁਰੇ, ਗੁਰੇ ਗੁ ਰੇ, ਗੁ ਰੇਗੁ ਸਾਰੇ ਨੀ ਨੀ ਸਾ ।

2. ਸਾ ਸਾਂ ਰੇ ਮ ਪ, ਮ ਗ ਮ ਗੁ ਰੇ, ਗੁਰੇ ਗੁ ਸਾਰੇ ਨੀਸਾ ਰੇ ਮ ਪ, ਰੇ ਮ ਰੇ ਮ ਪ ਧ ਮ ਪ, ਰੇਪ ਗੁ ਰੇ, ਮ ਪ ਧ ਮ ਪ, ਧ ਧ ਪ ਮਪ, ਧ ਮ ਗ ਮ ਰੇਪ, ਗੁਰੇ, ਰੇ ਮ ਪ ਨੀ ਧ ਪ, ਧ ਮ ਗ ਮ ਰੇ ਪ ਗੁ ਗੁ ਰੇ, ਗੁ ਰੇ ਗੁਰੇ ਗੁ ਸਾਰੇ ਨੀ ਸਾ, ਰੇ ਨੀ ਧ ਪ, ਮ ਪ ਨੀ ਨੀ ਸਾ ।

3. ਸਾਰੇ ਮ ਪ, ਰੇ ਮ ਪ ਨੀ ਧ ਪ, ਮ ਪ ਨੀ ਸਾਂ ਨੀ ਸਾਂ, ਪ ਨੀ ਸਾਂਰੇਂ ਸਾਂਰੇਂ ਨੀ ਨੀ ਧ ਪ, ਮ ਪ ਨੀਸਾਂ, ਪ ਨੀਸਾਂ, ਨੀਸਾਂ ਰੇਂ ਨੀਸਾਂ ਰੇਂ ਮਂ ਗਂ ਮਂ ਗੁ ਰੇਂ, ਗੁਂ ਰੇਂ ਗੁਂ ਸਾਂਰੇਂ ਨੀਸਾਂ, ਰੇਂ ਮਂ ਪਂ ਗਂ ਮਂ ਗੁ ਰੇਂ, ਰੇਂ ਪਂ ਗੁਂ ਰੇਂ ਗੁ ਸਾਂਰੇਂ ਨੀਸਾਂ, ਮ ਪ ਨੀ ਸਾਂ ਰੇਂ ਸਾਂਰੇਂ ਨੀਸਾਂ, ਰੇਂ ਨੀ ਧ ਪ, ਮ ਪ ਸਾਂ ਨੀ ਧ ਪ, ਧ ਪ ਪ ਮ ਪ, ਧ ਮ ਪ ਗ ਮ ਰੇ ਪ ਗੁ ਰੇ, ਗੁਰੇ ਗੁ ਸਾਰੇ ਨੀਸਾ ।

## ਮਾਝ ਮਹਲਾ ੪ ॥

ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ ॥ ਹਉ ਹਰਿ ਬਿਨੁ ਦੂਜਾ ਅਵਰੁ ਨਾ ਜਾਨਾ ॥
ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥
ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥
ਮਿਲਿ ਸਤ ਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥
ਮੇਰਾ ਪ੍ਰੀਤਮੁ ਸਤਿਗੁਰ ਰਖਵਾਲਾ ॥ ਹਰ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥
ਮੈ ਬਿਨੁ ਗੁਰ ਦੇਖੇ ਨੀਦ ਨਾ ਆਵੈ ॥ ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥
ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥

(ਆਦਿ ਗ੍ਰੰਥ, ਪੰਨਾ ੯੪)

## ਰਾਗ ਮਾਝ ਤ੍ਰਿੰਨ ਤਾਲ

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | ਰੇ | ਮ | ਮਪ | ਨੀਸਾਂ | ਨੀ |
| | | | | | | | | | | | ਮ | ਧ | ਸੁS | SS | ਦ |
| ਸਾਂ | - | ਸਾਂ | ਰੇਂ | ਨੀਧ | ਮਪ | ਨੀ | ਧ | ਮਗ | ਮ | ਗੁਰੇ | ਰੇ | ਰੇ | ਪ | ਪ | ਪ |
| ਨ | S | ਮੇ | ਰੇ | ਮS | ਨS | ਤ | ਨ | ਪ੍ਰਾS | S | ਨਾS | ਹਉ | ਹ | ਰਿ | ਬਿ | ਨੁ |
| ਮਗ | ਮ | ਗੁਰੇ | ਸਾਰੇ | ਪ | ਗੁ | ਰੇ | ਸਾ | ਰੇ | ਨੀ | ਸਾ | ਸਾਸਾ | ਨੀਸਾ | ਰੇਰੇ | ਨੀ | ਨੀ |
| ਦੂS | S | ਜਾS | SS | S | ਅਵ | ਰੁ | ਨ | ਜਾ | S | ਨਾ | ਕੱਈ | ਸS | SS | ਜ | ਣ |
| ਧ | - | ਪ | - | - | ਪਧ | ਮ | ਪ | ਨੀ | - | ਸਾ | - | ਸਾ | ਰੇਰੇ | ਮ | ਮ |
| ਮੈ | S | ਤੁ | S | S | ਮਿਲੈ | ਵ | ੜ | ਭਾ | S | ਗੀ | S | ਮੇ | ਹਰਿ | ਪ੍ਰ | ਭ |
| ਰੇਮ | ਪਧ | ਮ | ਪ | ਨੀਧ | ਮਪ | ਨੀਸਾਂ | ਰੇਂਰੇਂ | ਨੀਧ | ਪਮ | ਗੁਰੇ | | | | | |
| ਪਿਆ | SS | ਰਾ | S | ਦS | ਸੈS | SS | SS | ਜੀS | SS | ਉS | | | | | |

| | | | | | | | | | |
|---|---|---|---|---|---|---|---|---|---|
| ਮ | ਨੁ | ਮਂ | ਪ੍ਰੀ | ਸਾਂ | ਤ | ਨੀ | ਤਿ | | |
| ਮ | ਤ | ਗਂ | ਰਾ | ਸਾਂ | ਸ | ਪ | ਗ | | |
| ਮ | ਨੁ | ਰੇਂਮ | SS | ਨੀ | ਲਿ | ਰੇਮ | ਸੰS | | |
| ਮ | ਮ | ਨੀਸਾਂ | ਪਿਆ | ਨੀ | ਮਿ | ਸਾਸਾ | ਵਿਚਿ | | |
| ਮ | ਹਉ | ਸਾਂਸਾਂ | ਕਿਉ | - | S | ਰੇ | S | | |
| | | ਸਾਂ | ਈ | ਸਾਂ | ਈ | ਗੁ | ਈ | ਗੁਰੇ | ਉS |
| | | ਨੀ | S | ਨੀ | S | ਮ | S | ਮ | S |
| | | ਸਾਂਰੇਂ | ਲਾS | ਰੇਂ | ਮਾ | ਮਗ | ਸਾS | ਮਗ | ਜੀS |
| ਅੰਤਰਾ | | ਸਾਂ | ਭਾ | ਸਾਂ | S | ਮਪ | ਦS | ਮਪ | SS |
| | | ਸਾਂ | ਲਿ | ਗੁਂ | ਰੀ | ਪਧ | ਜੁS | ਨ਼ੀਧ | SS |
| | | - | S | ਗੁਰੇਂ | ਮੇS | ਮ | S | ਸਾਂਰੇਂ | ਸੇS |
| | | ਸਾਂ | ਭਾ | - | S | ਧ | ਖੇ | ਪਨੀ | ਵS |
| | | - | S | ਸਾਂ | ਲੈ | ਨ਼ੀ | ਤਿ | ਸਾਂ | ਭ |
| | | ਨੀ | ਜੀ | ਰੇ | ਮਿ | ਨ਼ੀ | ਗ | ਸਾਂ | ਪ੍ |
| | | - | S | ਗੁਂ | ਮ | ਰੇਂਸਾ | SS | ਨੀ | ਕਿ |
| | | ਪ | ਖੇ | ਗੁਂ | ਤ | ਨੀਸਾਂ | ਸੰS | ਸਾਂ | ਹ |

# ਰਾਗ ਗਉੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਅਨੁਸਾਰ ਗਉੜੀ ਇਕ ਪ੍ਰਮੁੱਖ, 'ਆਸ਼ਰਯ' ਜਾਂ 'ਰਾਗਾਂਗ' ਰਾਗ ਮੰਨਿਆ ਗਿਆ ਹੈ। ਇਸ ਰਾਗ ਦੇ ਅਧੀਨ ਗਉੜੀ ਦੀਆਂ ਹੋਰ ਵੰਨਗੀਆਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹੁੰਦੀਆਂ ਹਨ ਜੋ ਕ੍ਰਮਵਾਰ ਇਸ ਪ੍ਰਕਾਰ ਹਨ :

(ੳ) ਗਉੜੀ ਗੁਆਰੇਰੀ
(ਅ) ਗਉੜੀ
(ੲ) ਗਉੜੀ ਦਖਣੀ
(ਸ) ਗਉੜੀ ਚੇਤੀ
(ਹ) ਗਉੜੀ ਬੈਰਾਗਣਿ
(ਕ) ਗਉੜੀ ਦੀਪਕੀ
(ਖ) ਗਉੜੀ ਪੂਰਬੀ ਦੀਪਕੀ
(ਗ) ਗਉੜੀ ਪੂਰਬੀ
(ਘ) ਗਉੜੀ ਮਾਝ
(ਙ) ਗਉੜੀ ਮਾਲਵਾ
(ਚ) ਗਉੜੀ ਮਾਲਾ
(ਛ) ਗਉੜੀ ਸੋਰਠਿ

ਗਉੜੀ ਦੇ ਇਨ੍ਹਾਂ ਪ੍ਰਕਾਰਾਂ ਦਾ ਨਾਦ ਸਰੂਪ ਅਤੇ ਇਨ੍ਹਾਂ ਦਾ ਪੂਰਣ ਪਰਿਚਯ ਅਸੀਂ ਅਗਲੇ ਪੰਨਿਆਂ 'ਤੇ ਦੇ ਰਹੇ ਹਾਂ।

## ਰਾਗ ਗਉੜੀ ਗੁਆਰੇਰੀ

ਭਾਰਤੀ ਸੰਗੀਤ ਵਿਚ ਗਉੜੀ ਬੜਾ ਪੁਰਾਤਨ ਰਾਗ ਹੈ। ਇਸ ਰਾਗ ਦੇ 22 ਪ੍ਰਕਾਰ ਪ੍ਰਚਾਰ ਵਿਚ ਰਹੇ ਹਨ ਜਿਨ੍ਹਾਂ ਦਾ ਇਕ ਵਖਰਾ ਤੇ ਸੁਤੰਤਰ ਸਰੂਪ ਪ੍ਰਚਾਰ ਵਿਚ ਮੰਨਿਆ ਜਾਂਦਾ ਸੀ। ਸੰਗੀਤਕ ਭਾਸ਼ਾਂ ਵਿਚ ਅਜੋਕੇ ਸਮੇਂ ਇਨ੍ਹਾਂ ਨੂੰ ਗਉੜੀ ਦੇ ਪ੍ਰਕਾਰਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਗਉੜੀ ਦੀਆਂ ਇਨ੍ਹਾਂ ਵੰਨਗੀਆਂ ਵਿਚ ਕੋਈ ਨ ਕੋਈ ਅੰਸ਼ ਜਾਂ ਅੰਗ ਉਸਦੇ ਪ੍ਰਮੁੱਖ ਰਾਗ ਦਾ ਅਵੱਸ਼ ਉਪਲੱਬਧ ਹੁੰਦਾ ਹੈ ਜਿਸ ਕਾਰਣ ਉਨ੍ਹਾਂ ਨੂੰ ਗਉੜੀ ਦੇ "ਰਾਗਾਂਗ - ਰਾਗ" ਜਾਂ ਗਉੜੀ ਦੇ ਪ੍ਰਕਾਰ ਨਾਂ ਨਾਲ ਸੰਬੰਧਿਤ ਕੀਤਾ ਗਿਆ। ਭਾਰਤੀ

ਸੰਗੀਤ ਵਿਚ ਇਹ ਮਰਿਯਾਦਾ ਗੁਰੂ ਕਾਲ ਤੋਂ ਪੂਰਵ ਸਥਾਪਿਤ ਹੋ ਚੁਕੀ ਸੀ। ਇਹੋ ਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਗਉੜੀ' ਨੂੰ ਇਕ ਪ੍ਰਮੁੱਖ ਰਾਗ ਦੇ ਰੂਪ ਵਿਚ ਸਵੀਕਾਰਦਿਆਂ ਹੋਇਆਂ ਹੋਰ ਪ੍ਰਕਾਰਾਂ ਨੂੰ ਇਸ ਦੇ ਅਧੀਨ ਅੰਕਿਤ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਦੇ ਪ੍ਰਕਾਰਾਂ ਵਿਚ ਸਭ ਤੋਂ ਪਹਿਲਾ ਰਾਗ "ਗਉੜੀ ਗੁਆਰੇਰੀ" ਹੈ।

ਗਉੜੀ ਗੁਆਰੇਰੀ ਰਾਗ ਦੇ ਨਾਦਾਤਮਕ ਸਰੂਪ ਦੀ ਉਤਪਤੀ ਮਾਰਵਾ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਸ਼ੜਜ, ਰਿਸ਼ਭ ਕੋਮਲ, ਮੱਧਿਅਮ ਦੋਵੇਂ, ਪੰਚਮ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦਾ ਅੰਸ਼ ਜਾਂ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਧੈਵਤ ਹੈ। ਇਸ ਰਾਗ ਦੀ ਜਾਤੀ ਔੜਵ-ਸ਼ਾੜਵ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਸੰਗੀਤਕਾਰਾਂ ਨੇ ਇਸ ਨੂੰ ਸ਼ਾਮ ਦਾ ਸੰਧੀ-ਪ੍ਰਕਾਸ਼ ਰਾਗ ਮੰਨਿਆ ਹੈ।

ਆਰੋਹ : ਸਾਗਾ, ਮ॑ ਧ ਨੀ ਸਾਂ

ਅਵਰੋਹ : ਸਾਂ ਨੀ ਧ, ਮ॑, ਧ ਗ ਮਗ, ਮਗ॑, ਰੇ॒ ਸਾ।

ਮੁਖ ਅੰਗ : ਨੀ ਧ, ਮ॑ ਧ, ਗ ਮ ਗ, ਮ॑ ਗ, ਰੇ॒ ਸਾ।

## ਸੁਰ ਵਿਸਤਾਰ

1. ਸਾ, ਸਾਰੇ॒ ਸਾਸਾ ਨ਼ੀ ਧ਼ ਨ਼ੀ, ਧ਼ ਨ਼ੀ ਮ਼॑ ਧ਼ ਨ਼ੀ ਸਾ, ਨ਼ੀ ਰੇ॒ ਸਾ ਮ਼॑ ਧ਼ ਨ਼ੀ ਰੇ॒ ਸਾ, ਨ਼ੀ ਸਾ ਗ, ਰੇ॒ ਸਾ ਰੇ॒ ਨ਼ੀ ਸਾ ਗ, ਮ॑ ਮ॑ ਗ, ਮ॑ ਗ, ਮਗ, ਮ॑ ਗ, ਰੇ॒ ਸਾ, ਨ਼ੀ ਨ਼ੀ ਰੇ॒ ਸਾ।

2. ਨ਼ੀ ਰੇ॒ ਸਾ ਸਾ, ਨ਼ੀ ਸਾ ਗ ਮ॑ ਗ, ਨ਼ੀ ਸਾ ਗ ਮ॑ ਧ, ਮ॑ ਧ, ਗ ਮ ਗ, ਗ ਮ॑ ਧ ਨੀ ਮ॑ਧ ਗ ਮ ਗ, ਗ ਮ॑ਧ ਨੀ ਮ॑ਧ ਮ॑ ਨੀ, ਨੀ ਧ, ਮ॑ ਧ, ਗ ਮ ਗ, ਗ ਮ॑ ਧ ਨੀ, ਮ॑ਧ ਨੀ ਸਾਂ, ਧ ਨੀ ਮ॑ ਧ ਗ ਮ ਗ, ਮ॑ ਗ, ਰੇ॒ ਸਾ, ਨ਼ੀ ਨ਼ੀ ਰੇ॒ ਸਾ।

3. ਮ॑ ਗ, ਮ॑ ਧ, ਨੀ ਸਾਂ, ਸਾਂ ਨੀ ਧ ਨੀ ਮ॑ ਧ ਨੀ ਸਾਂ, ਨੀ ਰੇ॒ਂ ਸਾਂ, ਨੀ ਸਾਂ ਗਂ, ਗ ਸਾਂ ਰੇ॒ਂ ਸਾਂ, ਨੀ ਸਾਂ ਗਂ ਮ॑ ਮ॑ ਗਂ, ਰੇ॒ਂ ਸਾਂ, ਨੀ ਸਾਂ ਗਂ ਰੇ॒ਂ ਸਾਂ, ਸਾਂ ਰੇ॒ਂ ਨੀ ਸਾਂ, ਨੀ ਰੇ॒ਂ ਸਾਂ ਰੇ॒ਂ ਨੀ ਸਾਂ ਧ ਨੀ ਮ॑ਧ ਗ ਮ ਗ, ਨੀ ਨੀ ਧ ਨੀ ਮ॑ ਧ ਗ ਮ॑ ਧ ਮ॑ ਗ, ਮ॑ ਗ, ਮ॑ ਗ, ਮ॑ ਗ ਰੇ॒ ਸਾ, ਨ਼ੀ ਨ਼ੀ ਰੇ॒ ਸਾ।

## ਗਉੜੀ ਗੁਆਰੇਰੀ ਮਹਲਾ ੫ ॥

ਜਿਨਿ ਕੀਤਾ ਮਾਟੀ ਤੇ ਰਤਨੁ ॥
ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥
ਜਿਨਿ ਦੀਨੀ ਸੋਭਾ ਵਡਿਆਈ ॥
ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥੧॥
ਰਮਈਆ ਰੇਨੁ ਸਾਧ ਜਨ ਪਾਵਉ ॥
ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥੧॥ ਰਹਾਉ ॥
ਜਿਨਿ ਕੀਤਾ ਮੂੜ ਤੇ ਬਕਤਾ ॥
ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥
ਜਿਸੁ ਪਰਸਾਦਿ ਨਵੈ ਨਿਧਿ ਪਾਈ ॥
ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥੨॥
ਜਿਨਿ ਦੀਆ ਨਿਥਾਵੇ ਕਉ ਥਾਨੁ ॥
ਜਿਨਿ ਦੀਆ ਨਿਮਾਨੇ ਕਉ ਮਨੁ ॥
ਜਿਨਿ ਕੀਨੀ ਸਭ ਪੂਰਨ ਆਸਾ ॥
ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥੩॥
ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥
ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥
ਕਹੁ ਨਾਨਕ ਇਸ ਤੇ ਕਿਛੁ ਨਾਹੀ ॥
ਰਾਖਨ ਹਾਰੇ ਕਉ ਸਦਾ ਸਾਲਾਹੀ ॥੪॥੬॥੭੫॥

(ਗੁ. ਗ੍ਰੰ. ਪੰਨਾ ੧੭੭)

## ਰਾਗ ਗਉੜੀ ਗੁਆਰੇਰੀ (ਮਾਰਵਾ ਥਾਟ) ਤ੍ਰਿੰਨ ਤਾਲ

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ | | | ਧ | ਮੰਧ | ਮੰਗ | ਮੰਗ | ਰੇਸਾ |
| | | | | | | | | | | | ਰ | ਮਈ | SS | ਆS | SS |
| ਸਾ | - | ਸਾ | ਨ਼ੀ | - | ਰੇ | ਸਾ | ਗ | ਰੇ | - | ਸਾ | ਨ਼ੀ | ਸਾ | ਗ | - | ਮੰ |
| ਰੇ | S | ਨੂ | ਸਾ | S | ਧ | ਜ | ਨ | ਪਾ | S | ਵਉ | ਗੁ | ਰ | ਮਿ | S | ਲਿ |
| ਧ | ਮੰ | ਧ | - | ਮੰਧ | ਨੀਸਾਂ | ਨੀਰੇਂ | ਸਾਰੇਂ | ਨੀਧ | ਨੀਧ | ਮੰਗ | | | | | |
| ਅ | ਪੁ | ਨਾ | S | ਖS | ਸS | ਮੁS | SS | ਧਿਆ | SS | ਵਉ | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ | | | | ਧ | ਧ | ਮਂ | ਗ |
| | | | | | | | | | | | | ਜਿ | ਨਿ | ਕੀ | ऽ |
| ਮਂ | - | ਧ | - | ਮਂਧ | ਨੀਸਾਂ | ਸਾਂ | - | - | ਨੀ | ਰੇਂ | ਸਾਂ | ਨੀ | ਸਾਂ | ਗਾਂ | ਮਂ |
| ਤਾ | ऽ | ਮਾ | ऽ | ਟੀऽ | ऽऽ | ਤੇ | ऽ | ऽ | ਰ | ਤ | ਨੁ | ਗ | ਰਭ | ਮ | ਹਿ |
| ਗਾਂ | ਰੇਂ | ਸਾਂ | - | ਨੀਸਾਂ | ਗਾਂ | ਰੇਂ | ਸਾਂ | ਨੀਸਾਂ | ਰੇਂਸਾਂ | ਨੀ | ਧ | ਨੀ | ਧ | ਮਂ | ਗ |
| ਰਾ | ऽ | ਖਿਆ | ऽ | ਜਿऽ | ਨਿ | ਕ | ਰਿ | ਜऽ | ਤऽ | ਨੁ | ऽ | ਜਿ | ਨਿ | ਦੀ | ऽ |
| ਮਂਧ | ਨੀਸਾਂ | ਨੀ | ਧ | ਮਂ | ਧ | ਮਂ | ਗ | ਗ | ਮ | ਗ | - | ਮਂ | ਗ | ਰੇ | ਸਾ |
| ਨੀऽ | ऽऽ | ਸੋ | ऽ | ਭਾ | ऽ | ਵ | ਡਿ | ਆ | ऽ | ਦੀ | ऽ | ਤਿ | ਸੁ | ਪ੍ਰ | ਭ |
| ਨ਼ੀ | ਸਾ | ਗ | ਗ | ਮਂਧ | ਨੀਸਾਂ | ਨੀਰੇਂ | ਸਾਂਰੇਂ | ਨੀਧ | ਨੀਧ | ਮਂਗ | | | | | |
| ਕਉ | ऽ | ਆ | ਠ | ਪऽ | ऽऽ | ਹऽ | ਰऽ | ਧਿਆ | ऽऽ | ਈ | | | | | |

## ਰਾਗ ਗਉੜੀ

ਗਉੜੀ ਰਾਗ ਨਾਲ ਸੰਬੰਧਨ ਕੀਤੇ ਜਾ ਰਹੇ ਰਾਗ ਦੇ ਚਾਰ ਪ੍ਰਕਾਰ ਪ੍ਰਚਾਰ ਵਿਚ ਹਨ। (1) ਭੈਰਵ ਥਾਟ ਦਾ ਜਾਤੀ ਸੰਪੂਰਣ (2) ਭੈਰਵ ਥਾਟ ਜਾਤੀ ਔਡਵ-ਸੰਪੂਰਣ, (3) ਬਿਲਾਵਲ ਥਾਟ ਦਾ ਅਤੇ (4) ਪੂਰਵੀ ਥਾਟ ਦਾ।

ਇਥੇ ਅਸੀਂ ਗਉੜੀ ਦੇ ਪਹਿਲੇ ਪ੍ਰਕਾਰ ਦਾ ਪਰਿਚਯ ਦੇ ਰਹੇ ਹਾਂ।

ਗਉੜੀ ਰਾਗ ਦੀਆਂ ਨਾਦ ਲਹਿਰਾਂ ਦੀ ਉਤਪੱਤੀ ਵਿਦਵਾਨਾਂ ਨੇ ਭੈਰਵ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਅਤੇ ਹੋਰ ਸਭ ਸੁਰ ਸ਼ੁੱਧ ਸਲਗਦੇ ਹਨ। ਇਸ ਦੀ ਜਾਤੀ ਵਕਰ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਇਸ ਰਾਗ ਦੇ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦੀ ਮੁੱਖ ਵਿਸ਼ੇਸ਼ਤਾ ਮੰਦਰ ਸਪਤਕ ਦੇ ਨਿਸ਼ਾਦ ਸੁਰ ਤੇ 'ਮੁਕਾਮ' (ਨਿਆਸ, ਠਹਿਰਾਓ) ਕਰਨ ਨਾਲ ਪ੍ਰਗਟ ਹੁੰਦੀ ਹੈ ਜਿਵੇ : ਸਾਰੇ ਸਾਰੇ ਨੀ ਸਾ ਨੀ ਧੁ ਨੀ"

ਆਰੋਹ : ਸਾ ਰੇ ਗ ਰੇ, ਗ ਮ ਪ, ਮ ਪ ਧੁ ਨੀ ਸਾਂ।

ਅਵਰੋਹ : ਸਾਂ ਨੀ ਧੁ ਪ, ਧੁ ਪ ਮ, ਰੇ ਗ ਰੇ ਗ, ਰੇ ਸਾ, ਰੇ ਨੀ ਸਾ।

ਮੁੱਖ ਅੰਗ : ਸਾ ਧੁ ਪ, ਧੁ ਪ ਮ ਪ ਗ ਮ, ਗ ਰੇ ਗ ਰੇ ਸਾ ਰੇ ਨੀ ਸਾ ਨੀ।

## ਸੁਰ ਵਿਸਤਾਰ

1. (ਸਾ), ਸਾ ਰੇ ਸਾ ਸਾ, ਨੀ ਧੁ ਨੀ ਨੀ ਧੁ ਸਾ ਨੀ ਰੇ ਸਾ ਰੇ ਨੀ ਸਾ ਨੀ ਧੁ ਨੀ, ਨੀ ਰੇ ਸਾ ਰੇ ਨੀ ਸਾ ਨੀ ਧੁ ਸਾ ਨੀ ਨੀ ਰੇ ਸਾ, ਸਾ ਰੇ ਗ, ਗ ਰੇ ਗ ਰੇ ਸਾ ਰੇ ਨੀ ਸਾ ਨੀ ਧੁ ਨੀ, ਸਾ ਰੇ ਗ, ਸਾ ਰੇ ਗ ਮ, ਰੇ ਗ ਮ, ਗ ਮ ਪ ਪ ਮ ਗ ਗ ਰੇ ਸਾ ਰੇ ਨੀ ਸਾ ਨੀ ਧੁ ਨੀ, ਸਾਰੇ ਗ ਮਪ ਮ, ਗ ਮ, ਗ ਮ ਪ ਧੁਪ ਧੁ ਮ ਪ ਗਮ, ਗ ਰੇ ਗ ਰੇ ਸਾ ਰੇ ਨੀ ਸਾ ਨੀ ਧੁ ਨੀ, ਧੁ ਨੀ ਧੁ ਸਾ, ਨੀ ਰੇ ਸਾ ਰੇ ਨੀ ਨੀ ਸਾ।

2. ਸਾ ਰੇ ਗ ਮ, ਗ ਰੇ ਗ ਮ, ਮ ਧੁ ਪ ਧੁ ਮ ਪ ਗ ਮ, ਸਾ ਗ ਮ ਧੁ, ਪ ਧੁ ਪ ਧੁ ਮ ਪ ਗ ਮ, ਧੁ ਪ ਧੁ ਮ, ਨੀ ਨੀ ਧੁ ਪ ਧੁ ਪ ਧੁ ਮ, ਪ ਧੁ ਨੀ, ਧੁ ਨੀ ਸਾਂ, ਨੀ ਸਾਂ, ਨੀ ਧੁ, ਨੀ, ਧੁ ਪ, ਧੁ ਪ ਧੁ ਮ, ਗ ਮ, ਗ ਮ ਪਪ ਮਗ, ਮ ਗ ਗਰੇ ਰੇ ਸਾ, ਰੇ ਸਾ ਰੇ ਨੀ ਸਾ ਨੀ ਧੁ ਨੀ ਨੀ ਸਾ।

3. ਮ ਪ ਧੁ, ਪ ਧੁ ਨੀ, ਧੁ ਨੀ ਸਾਂ ਨੀਂ ਸਾਂ, ਧੁ ਨੀ ਧੁ ਸਾਂ ਨੀ ਰੇਂ ਸਾਂ ਰੇ ਨੀ ਸਾਂ ਨੀ ਧੁ ਨੀ, ਮ ਨੀ ਧੁ ਨੀ, ਧੁ ਰੇਂ ਸਾਂ ਰੇਂ ਨੀ ਸਾਂ ਨੀ ਧੁ ਨੀ, ਨੀ ਨੀ ਸਾਂ, ਨੀ ਸਾਂ ਰੇ ਸਾਂ ਨੀ ਧੁ ਨੀ, ਧੁ ਪ, ਪ ਧੁ ਨੀ ਸਾਂ ਰੇਂ ਸਾਂ ਰੇਂ ਨੀ, ਸਾਂ ਨੀ ਧੁ ਪ, ਨੀ ਸਾਂ ਗਂ ਰੇਂ ਸਾਂ, ਨੀ ਧੁ ਨੀ, ਧੁ ਪ, ਸਾਂ ਰੇਂ ਗਂ ਮਂ ਪਂ ਪਂ ਗਂ ਰੇਂ ਸਾਂ ਰੇਂ ਨੀ ਸਾਂ ਨੀ ਧੁ ਨੀ, ਧੁ ਪ, ਧੁ ਪ ਮ, ਪ ਮ ਗ, ਮ ਗ ਰੇਂ, ਗ ਰੇ ਸਾ, ਨੀ ਧੁ ਸਾ ਨੀ ਰੇ ਸਾ, ਨੀ ਨੀ ਰੇ ਸਾ।

## ਗਉੜੀ ਮਹਲਾ ॥ ੯ ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ ॥ ੧ ॥ ਰਹਾਉ ॥
ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥ ੨ ॥
ਤਜਿ ਅਭਿਮਾਨ ਮੋਹੁ ਮਾਇਆ ਫੁਨਿ ਭਜਨੁ ਰਾਮ ਚਿਤੁ ਲਾਵਉ ॥
ਨਾਨਕ ਕਹਤੁ ਮੁਕਤਿ ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੫ ॥

(ਗੁ. ਗ੍ਰੰ. ਪੰਨਾ ੨੧੯)

## ਰਾਗ ਗਉੜੀ ਤਿੰਨ ਤਾਲ

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ | | | | ਸਾ | ਧੁ | ਪ | ਮ | ਗਮ | ਪਮ | ਗਰੇ | ਗਰੇ |
| | | | | | | | | ਸਾ | S | ਧੋ | S | ਗੋS | SS | ਬਿੰ | ਦ |
| ਸਾ | - | ਰੇ | ਨੀ | ਸਾ | - | ਸਾ | - | ਨੀਸਾ | ਗਗ | ਰੇ | ਸਾ | ਨੀਸਾ | ਗਮ | ਮ | ਮ |
| ਕੇ | S | ਗੁ | ਨ | ਗਾ | S | ਵਉ | S | ਮਾS | SS | ਨ | ਸ | ਜS | ਨS | ਮੁ | ਅ |
| ਗੁS | ਪਧੁ | ਪ | ਧੁ | ਮਪ | ਧੁਪ | ਮਮ | ਰੇਗ | ਗ | ਮ | ਪ | ਧੁ | ਪਧੁ | ਨੀਸਾਂ | ਨੀ | ਸਾਂ |
| ਮੋS | SS | ਲ | ਕ | ਪਾS | SS | ਇਉ | SS | ਬਿ | ਰ | ਥਾ | S | ਕਾS | SS | ਹਿ | ਗ |
| ਧੁਨੀ | ਸਾਂਨੀ | ਧੁ | ਪ | ਮਪ | ਧੁਪ | ਮਮ | ਰੇਗ | ਮ | ਧੁ | ਪ | ਮ | ਗਮ | ਪਮ | ਗਰੇ | ਗਰੇ |
| ਵਾS | SS | S | S | ਵਉS | SS | SS | SS | ਸਾ | S | ਧੋ | S | ਗੋS | SS | ਬਿੰ | ਦ |
| ਸਾ | - | ਰੇ | ਨੀ | ਸਾ | - | ਸਾ | - | | | | | | | | |
| ਕੇ | S | ਗੁ | ਨ | ਗਾ | S | ਵਉ | S | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਅੰਤਰਾ | | | | ਗ | ਮ | ਪ | ਧੁ | ਪਧੁ | ਨੀਸਾਂ | ਨੀ | ਨੀ |
| | | | | | | | | ਪ | ਤਿ | ਤ | ਪੂ | ਨੀS | SS | S | ਤ |
| ਸਾਂ | - | ਨੀ | ਸਾਂ | - | ਨੀ | ਸਾਂ | ਸਾਂ | ਸਾਂ | ਰੇਂ | ਨੀ | ਸਾਂ | ਨੀਸਾਂ | ਗਂ | ਰੇਂ | ਸਾਂ |
| ਦੀ | S | ਨ | ਬੰ | S | ਧੁ | ਹ | ਰਿ | ਸ | ਰ | ਨਿ | ਤਾ | ਹਿS | S | ਤੁ | ਮ |
| ਸਾਂਰੇਂ | ਨੀਸਾਂ | ਨੀ | ਧੁ | ਨੀ | - | ਧੁ | ਪ | ਪ | ਧੁ | ਮ | - | ਪਧੁ | ਨੀਸਾਂ | ਨੀਧੁ | ਪਧੁ |
| ਆS | SS | S | S | ਵਉ | S | S | S | ਗ | ਜ | ਕੋ | S | ਤ੍ਰਾS | SS | ਸS | ਮਿS |
| ਮ | - | ਗ | ਰੇ | ਗ | ਗ | ਗ | ਗ | ਗਨੀ | ਧੁਨੀ | ਪ | ਧੁ | ਮਪ | ਧੁਪ | ਮ | ਗ |
| ਟਿਓ | S | ਜਿ | ਹ | ਸਿ | ਮ | ਰ | ਤ | ਤੁS | ਮS | ਕਾ | S | ਹੋS | SS | ਬਿ | ਸ |
| ਮ | - | - | - | ਗਰੇ | ਗਰੇ | ਸਾਰੇ | ਸਾਨੀ | | | | | | | | |
| ਰਾ | S | S | S | ਵਉ | SS | SS | SS | | | | | | | | |

## ਗਉੜੀ ਦਖਣੀ

ਗਉੜੀ ਦਖਣੀ ਹਿੰਦੁਸਤਾਨੀ ਸੰਗੀਤ ਪੱਧਤੀ ਦਾ ਰਾਗ ਨਹੀਂ ਸਗੋਂ ਦਖਣੀ ਜਾਂ ਕਰਨਾਟਕ ਸੰਗੀਤ ਪੱਧਤੀ ਦਾ ਰਾਗ ਹੈ। ਇਥੇ ਇਸਦੇ ਇਤਿਹਾਸਕ ਪਿਛੋਕੜ ਤੇ ਸੰਕੇਤ ਕਰਨਾ ਅਤੀ ਆਵੱਸ਼ਕ ਹੈ ਕਿ ਨੌਂਵੀਂ ਸ਼ਤਾਬਦੀ ਤੋਂ ਪੂਰਵ ਭਾਰਤ ਵਿਚ ਕੇਵਲ ਇਕੋ ਹੀ ਸੰਗੀਤ ਪੱਧਤੀ ਪ੍ਰਚਲਿਤ ਸੀ। ਇਸ ਤੋਂ ਉਪਰੰਤ ਮੁਸਲਮਾਨਾਂ ਦਾ ਭਾਰਤ ਵਿਚ ਆਉਣਾ ਆਰੰਭ ਹੋ ਚੁਕਾ ਸੀ। ਮੁਸਲਮਾਨ ਸੰਸਕ੍ਰਿਤੀ ਅਤੇ ਈਰਾਨੀ ਸੰਗੀਤ ਦਾ ਭਾਰਤੀ ਸੰਗੀਤ ਤੇ ਕਾਫੀ ਪ੍ਰਭਾਵ ਪਿਆ ਜਿਸ ਦੇ ਫਲ ਸਰੂਪ ਉਨ੍ਹਾਂ ਦੇ ਕਈ ਰਾਗ ਅਤੇ ਗਾਇਨ ਸ਼ੈਲੀਆਂ ਨੂੰ ਸਾਡੀ ਪੱਧਤੀ ਨੇ ਕਾਫੀ ਹੱਦ ਤਕ ਕਬੂਲਿਆ ਜਿਸ ਕਾਰਣ ਦੋ ਪੱਧਤੀਆਂ—ਇਕ ਹਿੰਦੁਸਤਾਨੀ ਅਤੇ ਦੂਜੀ ਦਖਣੀ ਜਾਂ ਕਰਨਾਟਕੀ ਸੰਗੀਤ ਪੱਧਤੀਆਂ ਵੱਖ ਵੱਖ ਸਥਾਪਿਤ ਹੋ ਗਈਆਂ। ਇਨ੍ਹਾਂ ਦੋਹਾਂ ਵਿਚ ਮੁਢਲੇ ਨਿਯਮ ਇਕ ਹੋਣ ਤੋਂ ਵੀ ਉਸ ਸਮੇਂ ਇਕ ਦੂਜੇ ਨਾਲੋਂ ਪੂਰਣ ਤੌਰ 'ਤੇ ਨਿਖੜ ਚੁਕੀਆਂ ਸਨ। ਪ੍ਰਸਿੱਧ ਸੰਗੀਤਾਚਾਰੀਆ ਪੰਡਿਤ ਸ਼ਾਰੰਗ ਦੇਵ (1210-1247 ਈ.) ਨੇ ਇਸ ਪਾੜੇ ਨੂੰ ਮੇਟਣ ਦਾ ਸਿਧਾਂਤਿਕ ਰੂਪ ਵਿਚ ਯਤਨ ਕੀਤਾ ਪਰ ਇਨ੍ਹਾਂ ਦੇ ਕ੍ਰਿਆਤਮਕ ਰੂਪ ਵਿਚ ਇਹ ਗਲ ਸੰਭਵ ਨਾ ਹੋ ਸਕੀ। ਗੁਰੂ ਨਾਨਕ ਸਭ ਤੋਂ ਪਹਿਲੇ ਮਹਾਂ ਪੁਰਖ ਹਨ ਜਿਨ੍ਹਾਂ ਨੇ ਦੋਹਾਂ ਪੱਧਤੀਆਂ ਵਿਚ ਪਏ ਪਾੜੇ ਨੂੰ ਮੇਟਣ ਦਾ ਕ੍ਰਿਆਤਮਕ ਰਪ ਵਿਚ ਸਫਲ ਯਤਨ ਕੀਤਾ। ਗੁਰੂ ਦੇਵ ਦਾ ਦੋਹਾਂ ਪੱਧਤੀਆਂ ਨੂੰ ਨਿਕਟ ਲਿਆਉਣ ਵਿਚ ਇਹ ਇਕ ਕ੍ਰਾਂਤੀਕਾਰੀ ਕ੍ਰਿਸ਼ਮਾ ਸੀ। ਸੰਗੀਤਕ ਦ੍ਰਿਸ਼ਟੀਕੋਣ ਤੋਂ ਗੁਰੂ ਜੀ ਦੀ ਇਸ ਮਹਾਨ ਦੇਣ ਨੂੰ ਭਾਰਤੀ ਸੰਗੀਤਾਚਾਰੀਆ ਸਿੱਖ ਇਤਿਹਾਸਕਾਰਾਂ ਜਾਂ ਖੋਜਕਾਰਾਂ ਨੇ ਹਾਲੇ ਪਛਾਤਾ ਹੀ ਨਹੀਂ। ਇਸ ਕ੍ਰਿਸ਼ਮੇ ਦੀਆਂ ਪ੍ਰਜਵਲਤ ਉਦਾਹਰਣਾਂ ਹਨ—ਗਉੜੀ ਦਖਣੀ, ਵਡਹੰਸੁ ਦਖਣੀ, ਬਿਲਾਵਲੁ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ ਅਤੇ ਪ੍ਰਭਾਤੀ ਦਖਣੀ। ਦਖਣੀ ਸੰਗੀਤ ਪੱਧਤੀ ਦੇ 6 ਪ੍ਰਕਾਰਾਂ ਨੂੰ ਗੁਰੂ ਨਾਨਕ ਨੇ ਨਿਵਾਜਿਆ ਅਤੇ "ਜੈਸੀ ਮੈਂ ਆਵੈ ਖਸਮ ਕੀ ਬਾਣੀ" ਨੂੰ ਇਨ੍ਹਾਂ ਰਾਗ ਰੂਪਾਂ ਵਿਚ ਗਾਂਵਿਆ।

ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਹਿੰਦੁਸਤਾਨੀ ਪੱਧਤੀ ਦੇ ਰਾਗਾਂ ਦੀ ਵਰਤੋਂ ਕੀਤੀ ਹੈ ਉਥੇ ਸਿਰਲੇਖ ਵਿਚ ਕੇਵਲ ਗਉੜੀ ਜਾਂ ਗਉੜੀ ਬੈਰਾਗਣਿ, ਵਡਹੰਸੁ ਜਾਂ ਬਿਲਾਵਲੁ ਹੈ ਪਰੰਤੂ ਜਿਥੇ ਦੱਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਕੀਤਾ ਹੈ ਉਥੇ ਸਪਸ਼ਟ ਤੌਰ ਤੇ ਸਿਰਲੇਖ ਵਿਚ "ਦਖਣੀ" ਸੰਕੇਤ ਕੀਤਾ ਹੈ। ਇਹ ਸੰਕੇਤ ਦੋਹਾਂ ਪੱਧਤੀਆਂ ਦੇ ਰਾਗਾਂ ਵਿਚ ਭਿੰਨਤਾ ਦਰਸਾਉਣ ਲਈ ਬਹੁਤ ਮਹੱਤਵ ਦਾ ਸੂਚਕ ਹੈ।

ਗਉੜੀ ਦਖਣੀ, ਦੱਖਣੀ ਪੱਧਤੀ ਅਨੁਸਾਰ "ਮਾਯਾ ਮਾਲਵ ਗੋਲ" ਥਾਟ ਦਾ ਰਾਗ ਹੈ ਜੋ ਕਿ ਹਿੰਦੁਸਤਾਨੀ ਪੱਧਤੀ ਅਨੁਸਾਰ ਭੈਰਵ ਥਾਟ ਦੇ ਸਮਾਨ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਸੁਰ ਵਰਜਿਤ ਹਨ ਅਤੇ ਅਵਰੋਹ ਵਕਰ ਢੰਗ ਨਾਲ ਸੰਪੂਰਣ ਹੈ ਇਸ ਲਈ ਗਉੜੀ ਦਖਣੀ ਦੀ ਜਾਤੀ ਔੜਵ-ਸੰਪੂਰਣ ਹੈ। ਇਸ ਦਾ ਵਾਦੀ

ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਸ ਰਾਗ ਦਾ ਆਰੰਭ "ਸਾ ਰੇ̱ ਪ" ਸੁਰਾਵਲੀ ਦੁਆਰਾ ਹੁੰਦਾ ਹੈ ਜੋ ਇਸ ਨੂੰ ਭੈਰਵ ਥਾਟ ਦੇ ਗਉੜੀ ਰਾਗ ਨਾਲੋਂ ਪੂਰਣ ਤੌਰ 'ਤੇ ਨਿਖੇੜਦਾ ਹੈ। ਇਸ ਰਾਗ ਦਾ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਆਰੋਹ : ਸਾ ਰੇ̱ ਪ, ਮ ਪ ਨੀ ਸਾ

ਅਵਰੋਹ : ਸਾਂ ਨੀ ਧ̱ ਪ, ਮ ਪ, ਗ ਰੇ̱, ਮ ਗ ਰੇ̱ ਸਾ।

ਮੁੱਖ ਅੰਗ : ਸਾ ਰੇ̱ ਪ, ਨੀ ਧ̱ ਪ, ਮ ਪ, ਗ ਰੇ̱, ਮ ਗ ਰੇ̱ ਸਾ।

## ਸੁਰ ਵਿਸਤਾਰ

1. ਸਾ, ਸਾ ਰੇ̱ ਸਾ ਸਾ ਨ̣ੀ, ਸਾ ਨ̣ੀ ਧ̱̣ ਪ̣ ਨ̣ੀ ਧ̱̣ ਪ̣ ਧ̱̣ ਧ̱̣ ਪ̣ ਮ̣ ਪ̣, ਮ̣ ਪ̣ ਗ̣ ਰੇ̱ ਸਾ ਰੇ̱ ਪ̣, ਮ̣ ਪ̣ ਧ̱̣ ਪ̣, ਨ̣ੀ ਧ̱̣ ਪ̣, ਮ̣ ਪ̣ ਨ̣ੀ ਸਾ, ਨ̣ੀ ਸਾ ਰੇ̱ ਸਾ, ਨ̣ੀ ਨ̣ੀ ਰੇ̱ ਸਾ।

2. ਸਾਰੇ̱ ਸਾਸਾ ਸਾਰੇ̱ ਪ, ਮ ਪ ਗ ਰੇ̱, ਮ ਗ ਰੇ̱ ਸਾ, ਸਾ ਰੇ̱ ਪ, ਸਾਰੇ̱ ਪਪ ਮਪ ਧ̱ ਪ, ਨੀ ਧ̱ ਪ, ਨੀਨੀ ਧ̱ ਪ, ਮ ਪ ਧ̱ ਪ, ਮ ਪ ਗ ਰੇ̱, ਮ ਗ ਰੇ̱ ਸਾ, ਨ̣ੀ ਨ̣ੀ ਰੇ̱ ਸਾ।

3. ਸਾਰੇ̱ ਪਪ ਮ ਪ ਧ̱ ਪ, ਮ ਪ ਨੀ ਨੀ ਸਾਂ, ਸਾਂਨੀ ਧ̱ਪ, ਮ ਪ ਗ ਰੇ̱, ਸਾ ਰੇ̱ ਪ, ਮ ਪ ਨੀ ਨੀ ਸਾਂ, ਮ ਪ ਨੀ ਸਾਂ ਰੇ̱ਂ ਰੇ̱ਂ ਸਾਂ, ਸਾਂ ਰੇ̱ਂ ਪਂ, ਮਂ ਪਂ ਗਂ ਰੇ̱ਂ, ਮਂ ਗਂ ਰੇ̱ਂ ਸਾਂ, ਨੀ ਸਾਂ ਰੇ̱ਂ ਸਾਂ, ਨੀ ਧ̱ ਪ, ਨੀਨੀ ਧ̱ਪ ਮ ਪ ਧ̱ ਪ ਮ ਪ ਗ ਰੇ̱, ਮ ਗ ਰੇ̱ ਸਾ, ਨ̣ੀ ਨ̣ੀ ਰੇ̱ ਸਾ।

## ਗਉੜੀ ਮਹਲਾ ੧ ਦਖਣੀ ॥

ਪੰਨਾ ੧੫੨

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥
ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥
ਨਾਮੁ ਮਿਲੈ ਚਲੈ ਮੈਂ ਨਾਲਿ ॥
ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥
ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥
ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥
ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥
ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥
ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥
ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥ ੪ ॥ ੫ ॥

(ਗੁ. ਗ੍ਰੰ: ਪੰਨਾ ੧੫੨)

## ਰਾਗ ਗਉੜੀ ਦਖਣੀ ਤ੍ਰਿੰਨ ਤਾਲ

| X | | | | 2 | | | | O | | ਸਥਾਈ | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | | - | ਸਾਰੇ | ਪ | ਮ |
| | | | | | | | | | | | | ऽ | ਨਾऽ | ਮੁ | ਮਿ |
| ਪ | - | - | ਨੀ | ਧੁਪ | ਧੁਪ | ਮਪ | ਗਰੇ | ਮ | ਗ | ਰੇ | ਸਾ | - | ਮ | ਪ | ਨੀ |
| ਲੈ | ऽ | ऽ | ਚ | ਲੈਂऽ | ऽऽ | ਮੈਂऽ | ऽऽ | ਨਾ | ऽ | ऽ | ਲਿ | ऽ | ਬਿ | ਨੁ | ਨਾ |
| ਸਾਂ | - | ਰੇਂ | ਸਾਂ | ਸਾਂਰੇਂ | ਸਾਂਨੀ | ਧੁਪ | ਮਪ | ਗਰੇ | ਮਗ | ਰੇਸਾ | - | - | | | |
| ਵੇ | ऽ | ਥਾ | ऽ | ਧੀऽ | ऽऽ | ਸऽ | ਭऽ | ਕਾऽ | ऽऽ | ਲਿऽ | ऽ | ऽ | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | ਅੰਤਰਾ | | - | ਮਮ | ਪ | ਪ |
| | | | | | | | | | | | | ऽ | ਸੁਨਿ | ਸੁ | ਨਿ |
| ਨੀ | - | ਸਾਂ | - | ਸਾਂ | ਰੇਂ | ਸਾਂ | ਰੇਂ | ਨੀ | - | ਸਾਂ | - | ਸਾਂ | ਰੇਂ | ਸਾਂਰੇਂ | ਪਂ |
| ਬੁ | ऽ | ਝੈ | ऽ | ਮਾ | ऽ | ਨੇ | ऽ | ਨਾ | ऽ | ਉ | ऽ | ਤਾ | ऽ | ਕੇऽ | ऽ |
| ਮਂ | ਪਂ | ਗਂ | ਗਂ | ਮਂਮਂ | ਗਂਰੇਂ | ਮਂ | ਗਂ | ਰੇ | - | ਸਾਂ | - | - | ਮਪ | ਸਾਂ | ਨੀ |
| ਸ | ਦ | ਬ | ਲਿ | ਹਾऽ | ऽऽ | ਰੈ | ऽ | ਜਾ | ऽ | ਉ | ऽ | ऽ | ਆऽ | ਪਿ | ਬੁ |
| ਧੁ | - | ਪ | - | ਧੁਪ | ਧੁਪ | ਮਪ | ਗ | ਮ | ਗ | ਰੇ | ਸਾ | - | ਸਾਰੇਂ | ਪ | ਮ |
| ਲਾ | ऽ | ਏ | ऽ | ਠਉ | ऽऽ | ਰऽ | ਨ | ਠਾ | ऽ | ਉ | ऽ | ऽ | ਭ੍ਰੂऽ | ਸ | ਮ |
| ਪ | ਸਾਂ | ਨੀ | - | ਧੁਪ | ਮਪ | ਨੀਸਾਂ | ਰੇਂਸਾਂ | ਨੀਧੁ | ਪਮ | ਪਗ | ਰੇਗ | ਰੇਸਾ | | | |
| ਝਾ | ऽ | ਢਹਿ | ऽ | ਮੇऽ | ऽऽ | ਲਿऽ | ਮਿऽ | ਲਾऽ | ऽऽ | ਉऽ | ऽऽ | ऽऽ | | | |

## ਰਾਗ ਗਉੜੀ ਚੇਤੀ

ਭਾਰਤੀ ਸੰਗੀਤ ਵਿਚ ਗਉੜੀ ਚੇਤੀ ਦੇ ਤਿੰਨ ਪ੍ਰਕਾਰ ਪ੍ਰਚਾਰ ਵਿਚ ਹਨ, (ੳ) ਪਹਿਲੇ ਵਿਚ ਸ੍ਰੀ ਰਾਗ ਤੇ ਗਉੜੀ ਦਾ ਮਿਸ਼ਰਣ ਹੈ, (ਅ) ਦੂਜੇ ਵਿਚ ਗਉੜੀ ਅੰਗ ਦੀ ਪ੍ਰਧਾਨਤਾ ਹੈ ਅਤੇ ਦੋਵੇਂ ਮਧਿਅਮ ਪ੍ਰਯੋਗ ਹੁੰਦੇ ਹਨ (ੲ) ਤੀਜੇ ਪ੍ਰਕਾਰ ਦਾ ਥਾਟ ਮਾਰਵਾ ਹੈ । ਇਥੇ ਅਸੀਂ ਗਉੜੀ ਚੇਤੀ ਦੇ ਪਹਿਲੇ ਪ੍ਰਕਾਰ ਦੀ ਜਾਣਕਾਰੀ ਦੇ ਰਹੇ ਹਾਂ ।

ਨਾਦ ਸ਼ਾਸਤਰ ਵਿਗਿਆਨੀਆਂ ਨੇ ਗਉੜੀ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਪੂਰਵੀ ਥਾਟ ਤੋਂ ਮੰਨੀ ਹੈ । ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਦੋਵੇਂ ਮੱਧਿਅਮ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ । ਇਸ ਰਾਗ ਦੇ ਨਾਦ ਚਿਤਰ ਵਿਚ ਸ੍ਰੀ ਅਤੇ ਗਉੜੀ ਰਾਗ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ । ਇਸ ਰਾਗ ਵਿਚ ਸ਼ੁੱਧ ਮੱਧਿਅਮ ਨਾਲੋਂ ਤੀਬਰ ਮੱਧਿਅਮ ਦੀ ਵਰਤੋਂ ਵਧੇਰੇ ਹੁੰਦੀ ਹੈ ਇਸ ਲਈ ਕੁਝ ਸੰਗੀਤਕਾਰ ਇਸ ਦੀ ਪੂਰਵੀ ਅੰਗ ਦਾ ਗਉੜੀ ਕਹਿਣਾ ਵਧੇਰੇ ਉਚਿਤ ਮੰਨਦੇ ਹਨ । ਇਸ ਰਾਗ ਵਿਚ ਦੋ ਰਾਗਾਂ ਦੀਆਂ ਨਾਦ ਲਹਿਰਾਂ ਸਪਸ਼ਟ ਤੌਰ 'ਤੇ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਅਰਥਾਤ ਇਸ ਦੇ ਪੂਰਵਾਂਗ ਵਿਚ ਸ੍ਰੀ ਰਾਗ ਦੀ ਅਤੇ ਉਤ੍ਰਾਂਗ ਵਿਚ ਗਉੜੀ ਰੰਗਤ ਸਾਫ ਨਜ਼ਰ ਆਉਂਦੀ ਹੈ । ਇਸ ਦੇ ਆਰੋਹ ਵਿਚ ਸ੍ਰੀ ਰਾਗ ਵਾਂਗ ਗੰਧਾਰ ਸੁਰ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਹੀ ਸੁਰ ਵਰਤੇ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਸ਼ਾਡਵ-ਸੰਪੂਰਣ ਮੰਨੀ ਜਾਂਦੀ ਹੈ । ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ । ਇਸ ਦੇ ਗਾਇਨ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ । ਇਸ ਰਾਗ ਵਿਚ ਭਗਤੀ ਭਾਵ ਦੇ ਸ਼ਬਦ ਬਹੁਤ ਸੁਹਾਵਣੇ ਲਗਦੇ ਹਨ । ਚੇਤੀ ਗਉੜੀ ਦੀਆਂ ਮਧੁਰ ਸੁਰਾਵਲੀਆਂ ਕੰਨ ਗੋਚਰ ਹੁੰਦਿਆਂ ਹੀ ਚੌਗਿਰਦੇ ਵਿਚ ਕਰੁਣਾਰਸ ਦਾ ਵਾਤਾਵਰਣ ਛਾ ਜਾਂਦਾ ਹੈ ।

ਆਰੋਹ : ਸਾ, ਰੇ̱ ਰੇ̱, ਮ̍ ਪ, ਮ̍ ਪ, ਨੀ ਸਾਂ

ਅਵਰੋਹ : ਸਾਂ ਨੀ ਧ̱ ਪ, ਧ̱ ਮ, ਮ ਪ, ਮ̍ ਧ̱ ਮ̍, ਗਰੇ̱ ਗਰੇ̱ ਸਾ

ਮੁੱਖ ਅੰਗ : ਨੀ ਧ̱ ਪ, ਧ̱ ਮ, ਪ ਮ̍ ਧ̱ ਮ̍, ਗਰੇ̱ ਗਰੇ̱ ਸਾ ।

### ਸੁਰ ਵਿਸਤਾਰ

1. ਸਾ, ਸਾ ਰੇ̱ ਸਾ ਸਾ, ਨੀ ਨੀ ਧ̱ ਪ, ਧ̱ ਮ, ਪ, ਪ ਮ̍ ਧ̱ ਮ̍ ਗ ਮ̍ ਪ ਨੀ ਨੀ ਸਾ, ਸਾ ਰੇ̱ ਨੀ ਸਾ ਰੇ̱ ਰੇ̱ ਸਾ, ਸਾ ਰੇ̱ ਮ̍ ਗ ਰੇ̱ ਗ, ਮ̍ ਰੇ̱ ਰੇ̱ ਪ, ਰੇ̱ ਮ̍ ਪ ਧ̱ ਮ̍ ਪ ਧ̱ ਮ, ਪ ਧ̱ ਮ̍ ਪ ਧ̱ ਮ, ਮ ਪ ਮ ਪ ਗ, ਮ̍ ਰੇ̱ ਗ, ਰੇ̱ ਰੇ̱ ਸਾ, ਨੀ̣ ਨੀ̣ ਰੇ̱ ਸਾ ।

2. ਸਾਰੇ̱ ਸਾਸਾ ਰੇ̱ ਰੇ̱ ਮ ਮ ਪ, ਸਾ ਰੇ̱ ਗ ਰੇ̱ ਸਾ, ਸਾ ਰੇ̱ ਮ ਮ ਪ, ਰੇ̱ ਪ ਮ ਪ ਧ̱ ਮ ਪ, ਮ ਮ ਗ ਰੇ̱ ਗਰੇ̱, ਰੇ̱ ਮ ਪ ਧ̱ ਮ ਪ, ਮ ਪ ਨੀ ਧ̱ ਪ, ਧ̱ ਮ, ਪ ਗ, ਮ ਮ ਗ ਰੇ̱, ਰੇ̱ ਮ ਰੇ̱ ਪ, ਮ ਧ̱ ਮ ਗ, ਰੇ̱ ਰੇ̱ ਗ ਰੇ̱ ਸਾ, ਨੀ̣ ਨੀ̣ ਰੇ̱ ਸਾ ।

ਗੁਰੂ ਗ੍ਰੰਥ ਸਾਹਿਬ ਦੇ ਅੰਦਰਲੇ ਹਵਾਲੇ ਅਨੁਸਾਰ ਕਾਫ਼ੀ ਰਾਗ ਦੇ ਸੰਜੋਗ ਤੋਂ ਉਪਜੇ ਚਾਰ ਪ੍ਰਕਾਰ ਉਪਲੱਬਧ ਹੁੰਦੇ ਹਨ। (ੳ) ਆਸਾ ਕਾਫ਼ੀ (ਅ) ਤਿਲੰਗ ਕਾਫ਼ੀ (ੲ) ਸੂਹੀ ਕਾਫ਼ੀ ਅਤੇ (ਸ) ਮਾਰੂ ਕਾਫ਼ੀ। ਇਥੇ ਅਸੀਂ ਆਸਾ ਕਾਫ਼ੀ ਰਾਗ ਦੇ ਸੰਬੰਧ ਵਿਚ ਵਿਚਾਰ ਕਰ ਰਹੇ ਹਾਂ।

ਆਸਾ ਕਾਫ਼ੀ ਰਾਗ ਆਸਾ ਤੋਂ ਭਿੰਨ ਅਤੇ ਸੁਤੰਤਰ ਰਾਗ ਹੈ। ਪ੍ਰੋ: ਸਾਹਿਬ ਸਿੰਘ "ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ" ਦੇ ਪੰਨਾ 119 ਤੇ ਲਿਖਦੇ ਹਨ "ਨੋਟ : ਆਸਾ ਘਰੁ ੮ ਕੇ ਕਾਫ਼ੀ ਲਫਜ਼ ਕੇ ਪੁਲਿੰਗ ਹੈ। ਜੇ ਲਫਜ਼ "ਕਾਫ਼ੀ" "ਕਾਫ਼ੀਆ" ਵਾਸਤੇ ਹੁੰਦਾ ਤਾਂ "ਕੇ" ਦੇ ਥਾਂ "ਕੀਆ" ਹੁੰਦਾ। ਸੋ ਕਾਫ਼ੀ ਰਾਗ ਦਾ ਨਾਮ ਹੈ। ਆਸਾ ਘਰੁ ਅਠਵੇਂ ਦੇ ਦੋ ਸ਼ਬਦ ਰਾਗ ਕਾਫ਼ੀ ਨਾਲ ਮਿਲਾਕੇ ਗਾਏ ਜਾਣ ਵਾਲੇ।"

ਪ੍ਰੋ: ਸਾਹਿਬ ਸਿੰਘ ਜੀ ਦੇ ਇਸ ਕਥਨ ਤੋਂ ਗੁਰਬਾਣੀ ਦੇ ਵਿਆਕਰਣਿਕ ਪੱਖ ਤੋਂ ਵੀ ਸਾਡੇ ਵਿਚਾਰਾਂ ਦੀ ਪੁਸ਼ਟੀ ਹੋ ਜਾਂਦੀ ਹੈ ਕਿ "ਆਸਾ ਕਾਫ਼ੀ" ਇਕ ਸੁਤੰਤਰ ਅਤੇ ਵਖਰੀ ਹੋਂਦ ਦਾ ਧਾਰਣੀ ਰਾਗ ਰੂਪ ਹੈ। ਜੇ ਇਹ ਆਸਾ ਰਾਗ ਦਾ ਹੀ ਰੂਪ ਹੁੰਦਾ ਤਾਂ ਇਸ ਤੇ "ਆਸਾ ਕਾਫ਼ੀ" ਸਿਰਲੇਖ ਅੰਕਿਤ ਕਰਨ ਦੀ ਬਿਲਕੁਲ ਲੋੜ ਨਹੀਂ ਸੀ। ਭਾਰਤੀ ਸੰਗੀਤ ਵਿਚ ਅਜਿਹੇ ਅਨੇਕ ਰਾਗ—ਮਿਸ਼ਰਣ ਪ੍ਰਚਾਰ ਆਰੂੜ ਹਨ। ਗੁਰੂ ਕਾਲ ਤੋਂ ਪੂਰਵ, ਗੁਰੂ ਕਾਲ ਵਿਚ ਅਤੇ ਵਰਤਮਾਨ ਸੰਗੀਤ ਵਿਚ ਵੀ ਰਾਗ ਮਿਸ਼ਰਣ ਦੀ ਇਹ ਪ੍ਰਥਾ ਪ੍ਰਚਲਿਤ ਹੈ। ਆਸਾ ਅਤੇ ਕਾਫ਼ੀ ਦੋ ਭਿੰਨ ਅਤੇ ਸੁਤੰਤਰ ਰਾਗ ਹਨ। ਇਨ੍ਹਾਂ ਦੋਹਾਂ ਦੇ ਮਧੁਰ ਅੰਸ਼ਾਂ ਦਾ ਮਿਸ਼ਰਣ ਕਰਕੇ ਇਕ ਨਿਵੇਕਲਾ ਰੂਪ "ਆਸਾ ਕਾਫ਼ੀ" ਹੋਂਦ ਵਿਚ ਆਇਆ ਹੈ। ਇਸ ਤਰ੍ਹਾਂ ਦੇ ਅਨੇਕ ਉਦਾਹਰਣ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ ਜਿਵੇਂ ਸੂਹੀ ਲਲਿਤ, ਬਸੰਤ-ਹਿੰਡੋਲ, ਪ੍ਰਭਾਤੀ-ਬਿਭਾਸ, ਬਿਲਾਵਲ ਗੋਂਡ, ਬਿਲਾਵਲ ਮੰਗਲ ਆਦਿ।

"ਆਸਾ ਕਾਫ਼ੀ" ਰਾਗ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹੁੰਦੀ ਹੈ।

ਆਸਾ ਕਾਫ਼ੀ ਰਾਗ ਦੀ ਰਚਨਾ ਵਿਦਵਾਨਾਂ ਨੇ ਕਾਫ਼ੀ ਥਾਟ ਤੋਂ ਮੰਨੀ ਹੈ। ਇਸ ਰਾਗ ਦੀਆਂ ਨਾਦ ਲਹਿਰ ਵਿਚ ਦੋ ਰਾਗਾਂ - ਆਸਾ ਅਤੇ ਕਾਫ਼ੀ ਦੀ ਰੰਗਤ ਸਪਸ਼ਟ ਦਿਖਾਈ ਦਿੰਦੀ ਹੈ। ਇਸ ਰਾਗ ਵਿਚ ਗੰਧਾਰ ਕੋਮਲ, ਦੋ ਨਿਸ਼ਾਦ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਰਿਸ਼ਭ ਹੈ। ਇਸ ਰਾਗ ਦੇ ਆਰੋਹ ਵਿਚ ਆਸਾ ਵਾਂਗ ਪੰਜ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਔੜਵ - ਸੰਪੂਰਣ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸਦਾ ਕਈ ਸਥਾਨਾਂ 'ਤੇ ਆਸਾ ਨਾਲ ਮੁਹਾਂਦਰਾ ਰਲ ਮਿਲ ਜਾਂਦਾ ਹੈ ਪਰ ਆਸਾ ਵਿਚ ਸਭ ਸੁਰ ਸ਼ੁੱਧ ਲਗਦੇ ਹਨ ਅਤੇ ਆਸਾ ਕਾਫ਼ੀ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਹਨ ਇਸ ਵਿਸ਼ੇਸ਼ਤਾ ਕਾਰਣ ਆਸਾ ਕਾਫ਼ੀ, ਆਸਾ ਤੋਂ ਭਿੰਨ ਹੋ ਜਾਂਦਾ ਹੈ।

ਆਰੋਹ : ਸਾ, ਰੇ ਮ ਪ, ਧ ਨੀਧ ਧ ਸਾਂ ਨੀ ਸਾਂ

ਅਵਰੋਹ : ਸਾਂ, ਰੇਂ ਨੀ ਧ ਪ, ਧ ਪ ਮ ਪ, ਗੁ ਰੇ ਸਾ

ਮੁੱਖ ਅੰਗ : ਨੀ ਧ ਪ, ਧ ਪ ਮ ਪ, ਗੁ ਰੇ ਸਾ, ਰੇ ਮ ਪ ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਨ਼ੀ ਸਾ, ਰੇ ਨ਼ੀ ਧ਼ ਪ, ਨ਼ੀ ਨ਼ੀ ਧ਼ ਪ਼, ਧ਼ ਧ਼ ਪ਼ ਮ਼ ਪ਼, ਮ਼ ਪ਼ ਗੁ ਰੇ, ਰੇ ਮ਼ ਪ਼, ਮ਼ ਪ਼ ਧ਼ ਨ਼ੀ ਪ਼ ਧ਼ ਸਾ, ਸਾ ਰੇ ਸਾ ਸਾ ਨ਼ੀ ਧ਼ ਪ਼ ਧ਼ ਸਾ ਰੇ ਗੁ ਰੇ ਸਾ, ਸਾ ਰੇ ਮ, ਗੁ ਰੇ ਸਾ ਰੇ ਮ, ਸਾ ਰੇ ਮ ਮ ਪ, ਰੇ ਮ ਪ, ਰੇ ਮ ਪ ਧ ਮ ਪ ਗੁ ਰੇ, ਰੇ ਮ ਰੇ ਪ ਮ ਪ ਧ ਪ ਗੁ ਰੇ, ਸਾ ਰੇ ਨ਼ੀ ਨ਼ੀ ਸਾ ।

2. ਸਾ ਰੇ ਮ ਪ, ਰੇ ਮ ਪ, ਰੇ ਮ ਪ ਧ ਪ ਧ ਮ ਪ ਧ ਪ ਗੁ ਰੇ, ਰੇ ਮ ਰੇ ਰੇ, ਮ ਪ ਮ ਮ, ਪ ਧ ਪ ਪ, ਮ ਪ ਧ ਪ ਗੁ ਰੇ, ਗੁ ਗੁ ਰੇ ਸਾ ਰੇ ਮ ਪ, ਰੇ ਮ ਪ ਧ ਨੀ ਧ ਪ, ਮ ਪ ਧ ਨੀ ਧ ਨੀ ਪ ਧ ਮ ਪ ਗੁ ਰੇ, ਸਾ ਰੇ ਮ ਪ ਧ ਨੀ ਪ ਧ ਸਾਂ, ਨੀ ਸਾਂ, ਰੇਂ ਨੀ ਧ ਪ, ਧ ਧ ਪ ਮ ਪ, ਮ ਪ ਧ ਪ ਗੁ ਰੇ, ਸਾ ।

3. ਸਾ ਰੇ ਮ ਪ ਧ ਨੀ ਪ ਧ ਸਾਂ, ਨੀ ਸਾਂ, ਰੇਂ ਨੀ ਧ ਪ, ਨੀ ਨੀ ਧ ਪ ਮ ਪ ਧ ਨੀ ਪ ਧ, ਸਾਂ ਨੀ ਸਾਂ ਪ ਧ ਸਾਂ ਰੇਂ ਧ ਰੇਂ ਰੇਂ ਸਾਂ ਰੇਂ ਨੀ ਧ ਪ, ਧ ਮ, ਪ ਧ ਨੀ, ਪ ਧ ਸਾਂ, ਪ ਧ ਸਾਂ ਰੇਂ ਗੁ, ਰੇਂ ਸਾਂ, ਸਾਂ ਰੇਂ ਗੁ ਰੇਂ ਸਾਂ ਰੇਂ ਮਂ ਗੁ ਰੇਂ ਸਾਂ, ਸਾਂ ਰੇਂ ਮ ਪਂ ਮਂ ਪਂ ਗੁਂ ਰੇਂ, ਸਾਂ ਰੇਂ ਨੀ ਨੀ ਸਾਂ, ਰੇਂ ਨੀ ਧ ਪ, ਮ ਪ ਸਾਂ ਰੇਂ ਨੀ ਧ ਪ, ਮ ਪ ਸਾਂ ਨੀ ਧ ਪ, ਮ ਪ ਨੀ ਨੀ ਧ ਪ, ਮ ਪ ਧ ਧ ਪ ਮ ਪ, ਧ ਪ ਗੁ ਰੇ, ਸਾ ।

### ਆਸਾ ਘਰੁ ੬ ਕਾਫੀ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ ॥

ਮੈ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥ ੧ ॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥
ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥ ੧ ॥ ਰਹਾਉ ॥
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨਾ ਪਾਏ ॥
ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥ ੨ ॥
ਚਤੁਰਾਈ ਸਿਆਣਪਾ ਕਿਤੈ ਕੰਮਿ ਨਾ ਆਈਐ ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥ ੩ ॥
ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥
ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥ ੪ ॥ ੧ ॥ ੧੦੩ ॥

(ਗੁ. ਗ੍ਰੰ. ਪੰਨਾ ੩੯੬)

# ਰਾਗ ਆਸਾ ਕਾਫ਼ੀ ਤਾਲ ਰੂਪਕ

ਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| × | | | 2 | | 3 | | × | | | 2 | | 3 | |
| ਰੇ | ਮ | ਮ | ਧ | — | ਧਨ਼ੀ | ਪਧ | ਸਾਂ | - | ਰੇ | ਨ਼ੀ | — | ਧ | ਪ |
| ਮਾ | ਣ | ਨਿ | ਮਾ | ਸ | ਣੇਸ | ਸਸ | ਤੂ | ਸ | ਧ | ਣੀ | ਸ | ਤੇ | ਸ |
| ਧਪ | ਮਪ | ਧਪ | ਗ਼ੁ | - | ਰੇ | ਸਾ | ਰੇ | ਮ | ਮ | ਪ | - | ਨ਼ੀਧ | ਪਧ |
| ਰੰਾਸ | ਸਸ | ਭਰ | ਵਾ | ਸ | ਸਾ | ਸ | ਬਿ | ਨੁ | ਸਾ | ਚੇ | ਸ | ਅਸ | ਨਸ |
| ਸਾਂ | — | ਨ਼ੀ | ਸਾਂ | — | — | — | ਧਸਾਂ | ਰੇਗ਼ੁ | ਗ਼ੁ | ਰੇ | ਸ | ਸਾਂ | - |
| ਟੇ | ਸ | ਕ | ਹੈ | ਸ | ਸ | ਸ | ਸੰਸ | ਸਸ | ਸ | ਜਾ | ਸ | ਣਹੁ | ਸ |
| ਨ਼ੀਧ | ਪਧ | ਸਾਂ | ਨ਼ੀਧ | ਪਮ | ਗ਼ੁਰੇ | ਸਾ | | | | | | | |
| ਕਾਸ | ਸਸ | ਸ | ਚਾਸ | ਸਸ | ਸਸ | ਸ | | | | | | | |

| | | | | | | ਅੰਤਰਾ | | | | | | | |
|---|---|---|---|---|---|---|---|---|---|---|---|---|---|
| ਮ | - | ਮ | ਪ | - | ਧਨੀ | ਪਧ | ਸਾਂ | - | ਨੀ | ਸਾਂ | - | ਸਾਂ | ਸਾਂ |
| ਮੈ | ऽ | ਬੈ | ਦਾ | ऽ | ਬੇऽ | ਖऽ | ਰੀ | ऽ | ऽ | ਦੁ | ऽ | ਸ | ਚ |
| ਸਾਂਰੇਂ | ਗੁਂ | ਰੇਂਸਾਂ | ਨੀ | ਪ | ਸਾਂ | ऽ | ਸਾਂ | - | ਰੇਂ | ਨੀ | ਨੀ | ਧ | ਪ |
| ਸਾऽ | ਹਿ | ਬੁऽ | ਮੇ | ऽ | ਰਾ | ऽ | ਜੀ | ऽ | ਉ | ਪਿੰ | ਭੁ | ਸ | ਭੁ |
| ਧਪ | ਮਪ | ਧਪ | ਗੁ | ਰੇ | ਸਾ | - | ਰੇਮ | ਪਧ | ਮਪ | ਸਾਂ | ਨੀਧ | ਪਮ | ਗੁਰੇ |
| ੜਿऽ | ऽऽ | ਸऽ | ਦਾ. | ऽ | ऽ | ऽ | ਸਭੁ | ਕਿਛੁ | ਹੈऽ | ਤੇ | ਰਾऽ | ऽऽ | ऽऽ |

# ਰਾਗ ਗੂਜਰੀ

ਗੂਜਰੀ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਹ ਰਾਗ ਵਿਚ ਭਗਤੀ ਭਾਵ ਦੇ ਗੀਤਾਂ ਦੇ ਵਿਸ਼ੇਸ਼ ਅਨੁਕੂਲ ਹੈ। ਇਸ ਰਾਗ ਦੀ ਸੰਪੂਰਣ ਰਚਨਾ ਕਰੁਣ ਰਸ ਨਾਲ ਓਤ-ਪੋਤ ਹੋਣ ਕਾਰਣ ਸੰਗੀਤਕਾਰਾਂ ਨੇ ਇਸ ਦੀ ਪ੍ਰਕਿਤੀ ਕਰੁਣ ਮੰਨੀ ਹੈ।

12ਵੀਂ ਸ਼ਤਾਬਦੀ ਦੇ ਇਕ ਮਹਾਨ ਗਾਇਕ ਤੇ ਕਵੀ ਭਗਤ ਜੈ ਦੇਵ ਨੇ ਆਪਣੀ "ਗੀਤ ਗੋਵਿੰਦ" ਨਾਮਕ ਪੁਸਤਕ ਵਿਚ ਜਿਸਦੀਆਂ 24 ਅਸ਼ਟਪਦੀਆਂ ਹਨ, ਵਿਚ ਹੋਰ ਰਾਗਾਂ ਤੋਂ ਬਿਨਾ ਇਕ ਅਸ਼ਟਪਦੀ 'ਤੇ ਗੂਜਰੀ ਰਾਗ ਦਾ ਵੀ ਸਿਰਲੇਖ ਹੈ। ਗੂਜਰੀ ਰਾਗ ਵਿਚ ਇਕ ਪਦ ਜੈ ਦੇਵ ਦਾ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੈ।

ਗੂਜਰੀ ਰਾਗ ਤੋੜੀ ਦੀ ਇਕ ਵੰਨਗੀ ਹੈ। ਵਿਦਵਾਨਾਂ ਨੇ ਇਸ ਰਾਗ ਦੇ ਨਾਦ ਚਿੱਤਰ ਦੀ ਰਚਨਾ ਤੋੜੀ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਰਿਸ਼ਭ ਗੰਧਾਰ ਧੈਵਤ ਅਤਿ ਕੋਮਲ ਮੱਧਿਅਮ ਤੀਬਰ ਤਰ ਪੰਚਮ ਵਰਜਿਤ ਅਤੇ ਨਿਸ਼ਾਦ ਸ਼ੁੱਧ ਲਗਦਾ ਹੈ। ਇਸ ਰਾਗ ਦੇ ਆਰੋਹ ਅਵਰੋਹ ਵਿਚ 6 ਸੁਰਾਂ ਦੀ ਵਰਤੋਂ ਹੋਣ ਦੇ ਕਾਰਣ ਇਸ ਦੀ ਜਾਤੀ ਸ਼ਾੜਵ-ਸ਼ਾੜਵ ਹੈ। ਇਸ ਰਾਗ ਦਾ ਵਾਦੀ ਸੁਰ ਧੈਵਤ ਹੈ। ਇਸ ਦੇ ਸੰਵਾਦੀ ਸੁਰ ਬਾਰੇ ਗੁਣੀ ਲੋਕਾਂ ਵਿਚ ਕੁਝ ਵਿਤਕਰਾ ਹੈ। ਕਈ ਇਸ ਦਾ ਸੰਵਾਦੀ ਰਿਸ਼ਭ ਮੰਨਦੇ ਹਨ ਅਤੇ ਕਈ ਗੰਧਾਰ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਸਭ ਦੇ ਮਤ ਮੰਨਣਯੋਗ ਹਨ ਪਰ ਬਹੁ ਸੰਖਿਆ ਵਿਚ ਵਿਦਵਾਨ ਇਸ ਦਾ ਸੰਵਾਦੀ ਰਿਸ਼ਭ ਹੀ ਮੰਨਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ ਅਰਥਾਤ ਇਹ ਦਿਨ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ। ਧੈਵਤ ਦੀ ਪ੍ਰਧਾਨਤਾ ਕਾਰਣ ਇਹ ਉਤ੍ਰਾਂਗਵਾਦੀ ਰਾਗ ਹੈ। ਕੁਝ ਵਿਦਵਾਨ ਇਸ ਨੂੰ ਪੂਰਵਾਂਗ ਪ੍ਰਧਾਨ ਰਾਗ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ "ਰੇ ਗ੍ਹ, ਰੇ ਗ੍ਹ ਰੇ, ਸਾ" ਕੇਵਲ ਇਤਨੀ ਸੁਰਾਵਲੀ ਤੋਂ ਹੀ ਇਸ ਰਾਗ ਦਾ ਸਰੂਪ ਸਥਾਪਿਤ ਹੋ ਜਾਂਦਾ ਹੈ ਪਰੰਤੂ ਪ੍ਰਚਾਰ ਵਿਚ ਇਸ ਨੂੰ ਉਤ੍ਰਾਂਗਵਾਦੀ ਰਾਗ ਹੀ ਸਵੀਕਾਰਿਆ ਗਿਆ ਹੈ। ਇਸ ਰਾਗ ਦੇ ਆਧਾਰ ਸਤੰਭ ਪੂਰਵਾਂਗ ਵਿਚ ਰਿਸ਼ਭ ਗੰਧਾਰ ਅਤੇ ਉਤ੍ਰਾਂਗ ਵਿਚ ਧੈਵਤ ਨਿਸ਼ਾਦ ਹਨ। ਇਸ ਰਾਗ ਦਾ ਪ੍ਰਸਤਾਰ ਕਰਨ ਸਮੇਂ ਰਿਸ਼ਭ, ਗੰਧਾਰ, ਧੈਵਤ ਅਤੇ ਤਾਰ ਸ਼ੜਜ ਤੇ ਵਿਸ਼ੇਸ਼ ਤੌਰ 'ਤੇ ਨਿਆਸ ਕੀਤਾ ਜਾਂਦਾ ਹੈ। ਕੁਝ ਗਾਇਕ ਸੌਖ ਨੂੰ ਮੁਖ ਰਖਕੇ ਇਸ ਰਾਗ ਦਾ ਆਰੰਭ "ਨ਼ੀ ਰੇ ਗ੍ਹ" ਸੁਰਾਵਲੀ ਦੁਆਰਾ ਕਰਦੇ ਹਨ ਅਤੇ ਸ਼ੜਜ ਵਿਚ ਪ੍ਰਵੇਸ਼ ਕਰਨ ਵੇਲੇ ਬਹੁਤ ਕਰਕੇ ਨਿਸ਼ਾਦ ਸੁਰ ਟਾਲਿਆ ਜਾਂਦਾ ਹੈ ਜਿਵੇਂ : "ਮੰ ਧ੍ਹ ਸਾ" ਜਾਂ "ਮੰਧ੍ਹ ਨੀ ਮੰਧ੍ਹ ਸਾ" ਨਿਸ਼ਾਦ ਸੁਰ ਦਾ ਇਸ ਤਰ੍ਹਾਂ ਤਿਆਗ ਕਰਨ ਨਾਲ ਇਸ

ਰਾਗ ਦੇ ਸਰੂਪ ਵਿਚ ਇਕ ਅਨੋਖਾ ਨਿਖਾਰ ਆ ਜਾਂਦਾ ਹੈ ।

ਕਈ ਗ੍ਰੰਥਕਾਰ ਇਸ ਰਾਗ ਦਾ ਗ੍ਰਹ ਸੁਰ (ਆਰੰਭਕ ਸੁਰ) ਧੈਵਤ ਮੰਨਦੇ ਹਨ ਪਰੰਤੂ ਵਰਤਮਾਨ ਕਾਲ ਵਿਚ ਗ੍ਰਹ ਸੁਰ ਬਾਰੇ ਕੋਈ ਅਟਲ ਨਿਯਮ ਨਹੀਂ ਹਨ ਇਸ ਲਈ ਕਲਾਕਾਰ ਆਪਣੀ ਕਲਪਨਾ ਅਤੇ ਸਿਰਜਨਾਤਮਕ ਯੋਗਤਾ ਅਨੁਸਾਰ "ਗ੍ਰਹ" ਦੇ ਸੰਬੰਧ ਵਿਚ ਥੋੜੀ ਬਹੁਤੀ ਖੁਲ੍ਹ ਮਾਣ ਲੈਂਦੇ ਹਨ ।

ਕੁਝ ਲੇਖਕਾਂ ਨੇ, ਗੂਜਰੀ ਰਾਗ ਨੂੰ ਕਈ ਉਕਤੀਆਂ ਜੁਗਤੀਆਂ ਦੁਆਰਾ "ਰਾਗਣੀ" ਸਿੱਧ ਕਰਨ ਦਾ ਯਤਨ ਕੀਤਾ ਹੈ । ਉਨ੍ਹਾਂ ਵਿਚੋਂ ਕਿਸੇ ਨੇ ਗੂਜਰੀ ਨੂੰ ਦੀਪਕ ਦੇ, ਕਿਸੇ ਨੇ ਮਾਲਕੌਂਸ ਦੇ ਅਤੇ ਕਿਸੇ ਨੇ ਇਸ ਨੂੰ ਪੰਚਮ ਰਾਗ ਦੇ ਲੜ ਲਾਇਆ ਹੈ ਪਰੰਤੂ ਗੁਰਮਤਿ ਸੰਗੀਤ ਪੱਧਤੀ ਦੇ ਪ੍ਰਮਾਣੀਕ ਅਤੇ ਆਧਾਰਿਕ ਗ੍ਰੰਥ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਇਸ ਨੂੰ "ਰਾਗੁ ਗੂਜਰੀ" ਨਾਮ ਨਾਲ ਹੀ ਨਿਵਾਜਿਆ ਗਿਆ ਹੈ ।

ਆਰੋਹ : ਸਾ ਰੇ ਗ, ਮ ਧ ਨੀ ਸਾਂ

ਅਵਰੋਹ : ਸਾਂ, ਨੀਧ, ਮੰਗ, ਰੇ ਗ, ਰੇ, ਸਾ

ਮੁਖ ਅੰਗ : ਰੇ ਗ, ਮੰਧ, ਨੀਧ, ਮੰਗ, ਰੇ ਗ, ਰੇ ਸਾ ।

## ਸੁਰ ਵਿਸਤਾਰ

1. (ਸਾ), ਰੇ ਰੇ ਗ, ਮ ਰੇ ਗ, ਰੇ ਸਾ, (ਸਾ), ਨੀ ਸਾ, ਨੀਸਾ ਸਾਰੇ ਧ ਧ, ਸਾ, ਸਾ ਰੇ ਨੀਸਾ ਰੇ ਨੀ ਧ ਨੀਧ, ਮ ਧ ਸਾ, ਮ ਧ ਨੀ ਧ ਮ ਧ ਮ ਸਾ, ਧ ਨੀ ਸਾਰੇ, ਰੇ ਨੀ ਧ ਮ ਧ ਨੀ ਸਾਰੇ, ਮ ਧ ਧ ਨੀ ਮ ਧ ਸਾ, ਧ ਨੀ ਸਾਰੇ, ਰੇ ਸਾ ਧ ਨੀ, ਧਨੀ ਧਸਾ, ਧਰੇ, ਸਾਰੇ ਰੇ ਗ, ਮ ਰੇ ਗ, ਰੇ ਗ ਰੇ ਸਾ, ਧ ਨੀਸਾ ਰੇ ਗ, ਰੇ ਗ ਗ ਰੇ ਨੀ ਧ ਗ, ਧ ਰੇ, ਧ ਗ, ਰੇ ਗ ਮੰਗ ਮੰਰੇ, ਗ ਰੇਸਾ, ਧ ਨੀ ਧ ਸਾ, ਨੀ ਰੇ ਸਾਨੀ, ਧ ਨੀ ਸਾਨੀ ਸਾਰੇ ਰ ਰੇ ਗ, ਸਾਰੇ ਗ ਮ ਰੇ ਗ, ਰੇ, ਸਾ, ਰੇ ਨੀ, ਧ ਨੀ ਧ ਸਾ, ਧ ਰੇ, ਸਾਰੇ ਰੇ ਗ, ਮ ਰੇ ਗ, ਰੇ ਗ ਰੇ ਸਾ, ਧ ਨੀ ਸਾਰੇ ਗ, ਰੇ ਗ ਗਰੇ

ਰੇ ਨੀ ਧ ਗ, ਧ ਰੇ, ਧ ਗ, ਰੇ ਗ ਮੰ ਗ ਮੇਰੇ, ਗ ਰੇ ਸਾ, ਧਨੀ ਨੀ ਧ ਸਾ

ਸਾਰੇ ਗ ਸਾਰੇ ਗ ਸਾ, ਰੇ ਨੀ ਧ, ਮੰ ਧ ਸਾ।

2. ਸਾ ਰੇ ਗ, ਰੇ ਗ, ਸਾਰੇ ਗ ਮੰ ਰੇ ਗ, ਰੇ, ਸਾ, ਸਾ ਰੇ ਗ ਮੰ ਧ, ਧ ਨੀ

ਧਸਾ ਨੀ ਰੇ ਸਾਰੇ ਗ, ਗ ਮੰਧ, ਗ ਰੇ ਮੰ ਗ ਧ ਮੰਧ, ਨੀਧ, ਮੰਗ, ਮੰਰੇ, ਰੇ ਗ ਗ

ਮੰਧ, ਗ ਮੰ ਧ ਨੀ ਮੰਧ ਮੰਨੀ ਨੀਧ, ਮੰਧ, ਮੰ ਗ ਰੇ ਗ ਰੇ ਗ ਰੇ ਸਾ, ਸਾ ਰੇ ਗ ਸਾਰੇ

ਗਸਾ, ਰੇ ਗ ਮੰਗ ਰੇ ਗ ਮੰ ਰੇ, ਗ ਮੰ ਧ ਮੰ ਗਮੰ ਨੀ ਧ, ਮੰਨੀ ਨੀਧ, ਨੀਧ ਮੰਗ,

ਮੰਧ ਮੰਗ, ਮੰਰੇ, ਗ ਰੇ ਸਾ, ਧ ਧ ਰੇ ਸਾ।

3. ਸਾਰੇ ਗ ਮੰਧ ਨੀ ਮੰ ਧ ਸਾ, ਨੀਸਾਂਨੀ ਸਾਂ ਨੀਸਾਂ ਨੀਸਾਂ ਨੀਧ, ਮੰ ਧ ਨੀ

ਮੰਧ ਸਾਂ, ਧਨੀ ਰੇਂ ਨੀਧ, ਮੰ ਧ ਸਾਂ, ਸਾਰੇਂ ਨੀਸਾਂ ਨੀ ਧ, ਮੰਧ, ਮੰ ਨੀਧ ਸਾਂ, ਧਨੀ

ਸਾਰੇਂ ਧਰੇਂ ਰੇਂ ਸਾਂ, ਰੇਂ ਨੀਧ, ਮੰ ਧ ਮੰ ਸਾਂ, ਧਨੀ ਸਾਂ ਰੇਂ ਗਂ, ਰੇਂ ਗਂ ਸਾਂ, ਧ ਨੀਸਾਂ

ਨੀ ਸਾਂਰੇਂ ਗਂ ਰੇਂ ਗਂ, ਰੇਂ ਗਂ ਰੇਂ ਗਂ ਸਾਰੇਂ ਸਾ ਰੇਂ ਨੀਸਾਂ ਨੀਸਾਂ ਧ, ਧ ਨੀਸਾਂ ਰੇਗਂ,

ਗ, ਗਂ ਰੇਂ ਸਾਂ, ਸਾ ਰੇਂ ਗਂ, ਰੇਂ ਗਂ, ਮੰ ਰੇਂ ਗਂ, ਮੰ ਗਂ ਗਂ ਰੇਂ, ਰੇਂ ਗਂ ਸਾਂ, ਰੇਂ ਨੀਧ,

ਨੀਧ, ਮੰਧ ਮੰਗ ਰੇ। ਮੰ ਰੇ ਗ, ਰੇ ਗ ਰੇ, ਸਾ, ਧ ਨੀ ਮੰ ਧ ਸਾ, ਧ ਧ ਰੇ ਸਾ।

## ਗੂਜਰੀ ਮਹਲਾ ੫

ਦਿਨੁ ਰਾਤੀ ਅਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥
ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਠੀਲਾ ॥ ੧ ॥
ਮੋਹਨੁ ਪ੍ਰਾਨ ਮਾਨ ਰਾਗੀਲਾ ॥
ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥ ੧ ॥ ਰਹਾਉ ॥
ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥ ੨ ॥ ੫ ॥ ੧੩ ॥

(ਗੁ. ਗ੍ਰੰ: ਪੰਨਾ ੪੯੯)

## ਰਾਗ ਗੂਜਰੀ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | ਸਥਾਈ : | | | | | ਮੰਧੁ | ਨੀਸਾਂ | ਨੀਧੁ | ਮੰਧੁ | ਗੁਸੇ |
| | | | | | | | | | | | ਮੰs | ss | ਹs | ss | ਨੁs |
| ਨੀ | ਧੁ | - | ਧੁ | ਮੰਧੁ | ਮੰਗੁ | ਰੇ | ਗੁ | ਰੇ | - | ਸਾ | ਨ਼ੀਸਾ | ਰੇਸਾ | ਧੁ | - | ਨੀ |
| ਪ੍ਰਾ | s | s | ਨ | ਮਾs | ss | ਨ | ਰਾ | ਗੀ | s | ਲਾ | ਥਾs | ss | ਸਿ | s | ਰਹਿ |
| ਸਾ | - | ਸਾ | ਸਾ | ਸਾਰੇ | ਗੁ | ਮੰਗੁ | ਰੇਗੁ | ਰੇ | - | ਸਾ | ਸਾ | ਰੇ | ਗੁ | - | ਮੰ |
| ਓ | s | ਹੀ | ਅ | ਰੈs | sਕੈ | s | ss | ਸੰ | s | ਗੇ | ਪੇ | s | ਖਿ | s | ਮੋ |
| ਮੰਧੁ | ਨੀਸਾ | ਸਾਂਸਾਂ | | ਨੀਨੀ | ਧੁਨੀ | ਸਾਂਰੇ | ਸਾਂਨੀ | ਧੁਮੰ | ਗੁਰੇ | ਸਾ | | | | | |
| ਹਿਓ | ss | ਮਨੁ | | ਲੀs | ss | ss | ss | ਲਾs | ss | s | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਅੰਤਰਾ : | | | | | ਮੰ | ਗੁ | ਮੰ | - | ਧੁ |
| | | | | | | | | | | | ਦਿ | ਨੁ | ਰਾ | S | S |
| ਮੰਧੁ | ਨੀਸਾਂ | ਸਾਂ | ਸਾਂ | ਸਾਂ | - | ਸਾਂ | - | ਸਾਂ | ਰੇਂ | ਸਾਂ | ਧੁ | ਧੁ | ਨੀ | - | ਸਾਂ |
| ਤੀS | SS | S | Sਆ | ਰਾ | S | ਧਹੁ | S | ਪਿਆ | S | ਰੋ | ਨਿ | ਮ | ਖ | S | ਨ |
| ਸਾਂਰੇਂ | ਗੁਂ | ਰੇਂ | ਸਾਂ | ਨੀਸਾਂ | ਨੀਸਾਂ | ਰੇਂ | ਸਾਂ | ਨੀ | ਧੁ | ਧੁ | ਮੇ | ਗੁ | ਮੰ | - | ਧੁ |
| ਕੀS | S | ਜੈ | S | ਢੀ | S | SS | SS | ਲਾ | S | S | ਸੰ | S | ਤ | S | ਸੇ |
| ਮੰਧੁ | ਨੀਸਾਂ | ਨੀ | ਧੁ | ਮੰਧੁ | ਮੰਗੁ | ਮੇਗੁ | ਰੇਗੁ | ਰੇ | ਗੁ | ਸਾ | ਸਾ | ਰੇ | ਗੁ | - | ਮੇ |
| ਵਾS | SS | ਕ | ਰ | ਭਾS | SS | ਵS | ਨੀS | ਲਾ | S | ਈਐ | ਤਿਆ | S | S | ਗਿ | |
| ਮੇਧੁ | ਨੀਸਾਂ | ਸਾਂ | ਸ਼ਾਂ | ਨੀਨੀ | ਧੁਨੀ | ਸਾਂਰੇਂ | ਸਾਂਨੀ | ਧੁਮੇ | ਗੁਰੇ | ਸਾ | | | | | |
| ਮਾS | SS | ਨੁ | ਹ | ਨੀS | SS | SS | SS | ਲਾS | SS | S | | | | | |

# ਰਾਗ ਦੇਵਗੰਧਾਰੀ

ਰਾਗ ਦੇਵਗੰਧਾਰੀ ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਰਾਗ ਉਪਲਬੱਧ ਹੁੰਦੇ ਹਨ :

(ੳ) ਦੇਵਗੰਧਾਰੀ

(ਅ) ਦੇਵਗੰਧਾਰ

ਉਪਰੋਕਤ ਦੋਵੇਂ ਰਾਗ ਜਿਥੇ ਵੱਖ ਵੱਖਰੇ ਸਰੂਪ ਰਖਦੇ ਹਨ ਉੱਥੇ ਇਨ੍ਹਾਂ ਦੇ ਸਰੂਪਾਂ ਦੇ ਕਈ ਵੱਖਰੇ ਰੂਪ ਵੀ ਪ੍ਰਚਾਰ ਵਿਚ ਹਨ।

ਰਾਗ ਦੇਵਗੰਧਾਰੀ ਦੇ ਤਿੰਨ ਪ੍ਰਕਾਰ ਪ੍ਰਚਾਰ ਵਿਚ ਹਨ (ੳ) ਆਸਾਵਰੀ ਅੰਗ, (ਅ) ਆਸਾਵਰੀ ਅਤੇ ਆਸਾ ਅੰਗ ਅਤੇ (ੲ) ਤੋੜੀ ਅੰਗ। ਇਥੇ ਅਸੀਂ ਇਸ ਰਾਗ ਦੇ ਦੂਜੇ ਪ੍ਰਕਾਰ ਬਾਰੇ ਪਰਿਚਯ ਦੇ ਰਹੇ ਹਾਂ ਕਿਉਂ ਜੋ ਸਿੱਖ ਸੰਪਰਦਾ ਦੇ ਕੀਰਤਨਕਾਰਾਂ ਵਿਚ ਦੇਵਗੰਧਾਰ ਦਾ ਇਹ ਪ੍ਰਕਾਰ ਵਧੇਰੇ ਪ੍ਰਚਲਿਤ ਰਿਹਾ ਹੈ।

ਦੇਵਗੰਧਾਰੀ ਰਾਗ ਦੀ ਇਸ ਵੰਨਗੀ ਵਿਚ ਆਸਾਵਰੀ ਅਤੇ ਆਸਾ ਰਾਗ ਦਾ ਮਿਸ਼ਰਣ ਹੈ। ਵਰਤਮਾਨ ਸਮੇਂ ਦੀ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਇਹ ਰਾਗ 10 ਥਾਟਾਂ ਵਿਚੋਂ ਕਿਸੇ ਥਾਟ ਵਿਚ ਨਹੀਂ ਸਮਾਉਂਦਾ। ਥਾਟ - ਉਪਥਾਟ ਪੱਧਤੀ ਅਨੁਸਾਰ ਅਸੀਂ ਇਸ ਰਾਗ ਦਾ ਵਰਗੀਕਰਣ ਆਸਾਵਰੀ ਅਤੇ ਬਿਲਾਵਲ ਥਾਟ ਵਿਚ ਕਰ ਸਕਦੇ ਹਾਂ। ਇਸ ਰਾਗ ਦੀ ਸਿਰਜਣਾ ਵਿਚ ਦੋ ਧੈਵਤ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔਡਵ-ਸੰਪੂਰਣ ਹੈ। ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

ਗੁਰਮਤਿ ਸੰਗੀਤ ਪੱਧਤੀ ਤੋਂ ਬਿਨਾਂ ਇਹ ਰਾਗ ਰੂਪ ਭਾਰਤੀ ਸੰਗੀਤ ਵਿਚ ਅਜੇ ਤੱਕ ਪ੍ਰਚਲਿਤ ਨਹੀਂ ਹੋਇਆ ਅਜਿਹਾ ਵਿਦਵਾਨਾਂ ਦਾ ਵਿਚਾਰ ਹੈ।

ਆਰੋਹ : ਸਾ ਰੇ ਮ ਪ, ਧੁ ਨੀੁ ਧੁ ਪ, ਧ ਮ ਪ ਧ ਸਾਂ

ਅਵਰੋਹ : ਸਾਂ ਨੀ ਧ ਪ, ਮ ਪ ਧੁ ਨੀੁ ਧੁ ਪ, ਮ ਗ, ਸਾ ਰੇ ਮ।

ਮੁੱਖ ਅੰਗ : ਮ ਪ ਪ ਧੁ ਧੁ ਨੀੁ ਧੁ ਪ, ਮ ਗ, ਸਾ ਰੇ ਮ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਨੀ ਨੀ ਧ ਪ ਪ, ਮ ਪ, ਮ ਪ ਧ ਧ ਨੀ ਧ ਪ, ਮ ਗ, ਰੇ ਮ ਪ, ਮ ਪ ਧ ਨੀ ਧ ਪ, ਧ ਮ ਪ ਧ ਸਾ, ਸਾ ਸਾ ਰੇ ਮ, ਮ ਗ, ਸਾ ਰੇ ਮ ਮ ਪ, ਮ ਪ ਪ ਧ ਪ, ਮ ਗ, ਸਾ ਰੇ ਮ ਮ ਪ।

2. ਸਾ ਰੇ ਮ ਮ ਪ, ਰੇ ਮ ਪ, ਮ ਗ, ਸਾ ਰੇ ਮ ਮ ਪ, ਸਾ ਰੇ ਮ ਪ ਧ ਧ ਪ, ਮ ਪ ਪ ਧ ਧ ਨੀ ਧ ਪ, ਮ ਪ ਧ ਨੀ ਧ ਪ, ਧ ਮ ਪ ਗ, ਸ ਰੇ ਮ ਮ ਪ, ਧ ਮ, ਪ ਧ ਸਾਂ, ਨੀ ਸਾਂ ਰੇਂ ਸਾਂ ਨੀ ਧ ਪ, ਧ ਮ ਪ ਧ ਧ ਨੀ ਧ ਪ ਮ ਗ ਸਾ ਰੇ ਮ।

3. ਪ, ਧ ਮ, ਪ ਧ ਸਾਂ, ਸਾਂ ਰੇਂ ਸਾਂ ਨੀ ਧ ਪ, ਮ ਪ ਧ ਨੀ ਧ ਪ, ਧ ਮ, ਪ ਧ ਸਾ, ਪ ਧ ਸਾ ਰੇਂ, ਸਾ ਰੇਂ ਮਂ ਗਂ, ਸਾਂ ਰੇਂ ਮਂ ਮਂ ਪਂ, ਮਂ ਗਂ, ਸਾਂ ਰੇਂ ਸਾਂ, ਨੀ ਸਾਂ, ਰੇਂ ਸਾਂ ਨੀ ਧ, ਪ ਧ ਮ, ਮ ਪ ਪ ਧ ਧ ਨੀ ਧ ਪ, ਮ ਗ ਸਾ ਰੇ ਮ।

### ਦੇਵਗੰਧਾਰੀ ਮਹਲਾ ੫ ॥

ਪ੍ਰਭ ਇਹੈ ਮਨੋਰਥੁ ਮੇਰਾ ॥
ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ੧ ॥ ਰਹਾਉ ॥
ਪ੍ਰਾਤਹਕਾਲ ਲਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥
ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰ ਗੁਨ ਗਾਵਉ ॥ ੧ ॥
ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤ ਸੰਗਿ ਨਿਤ ਰਹੀਐ ॥
ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥ ੨ ॥ ੨੬ ॥

(ਗੁ. ਗ੍ਰੰ. ਪੰਨਾ ੫੩੩)

## ਰਾਗ ਦੇਵਗੰਧਾਰੀ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | ਸਥਾਈ : | | | | ਰੇ | ਮ | ਮਪ | ਪਧੁਨੀ | ਧੁ | ਪ | ਮਪ | ਗ | ਸਾ | ਰੇ |
| | | | | | | ਪ੍ਰ | ਭ | ਇs | ਹੈss | s | ਮ | ਨੈਂs | s | ਰ | ਥੁ |
| ਮ | ਪ | ਖ | - | - | - | - | - | ਰੇ | ਰੇ | ਮ | ਮ | ਪ | - | ਪ | ਪ |
| ਮੇ | - | ਰਾ | s | s | s | s | s | ਕ੍ਰਿ | ਪਾ | s | ਨਿ | ਧਾ | s | ਨ | ਦਇ |
| ਮਪ | ਪਧੁਨੀ | ਧੁ | ਧੁਪ | ਧੁ | ਮ | ਪ | s | ਧ | ਮ | ਪ | ਧ | ਸਾਂ | ਨੀ | ਸਾਂ | - |
| ਆs | ਲss | ਮੋ | ਹਿ | ਦੀ | s | ਜੈ | s | ਕ | ਰਿ | ਸੰ | s | ਤ | ਨ | ਕਾ | |
| ਸਾਂਰੇਂ | ਗਂ | ਸਾਂ | ਰੇਂ | ਸਾਂਨੀ | ਧਪ | ਮਪ | ਰੇਮ | | | | | | | | |
| ਚੇs | s | s | s | ਰਾs | ss | ss | ਪ੍ਰਭ | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅੰਤਰਾ : | ਧ | ਮ | ਪ | ਧ | ਸਾਂ | - | ਸਾਂ | ਸਾਂ |
| | | | | | | | | ਪ੍ਰਾ | ऽ | ਤ | ਹ | ਕਾ | ऽ | ਲ | ਲ |
| ਸਾਂ | - | ਸਾਂ | ਸਾਂ | ਸਾਂ | ਰੇਂ | ਸਾਂ | - | ਧ | ਧ | ਧ | - | ਸਾਂ | ਸਾਂ | ਰੇਂਰੇਂ | ਸਾਂ |
| ਗਉ | ऽ | ਜ | ਨ | ਚ | ਰ | ਨੀ | ऽ | ਨਿ | ਸ | ਬਾ | ऽ | ਸੁ | ਰ | ਦਰ | ਸੁ |
| ਸਾਂਰੇਂ | ਗਂ | ਸਾਂ | ਰੇਂ | ਸਾਂਰੇਂ | ਸਾਂਨੀ | ਧ | - | ਸਾਂ | ਸਾਂ | ਸਾਂ | ਸਾਂ | ਨੀਸਾਂ | ਰੇਂਸਾਂ | ਧ | ਧ |
| ਪਾऽ | ऽ | ऽ | ऽ | ਵਉ | ऽऽ | ऽ | ऽ | ਤ | ਨ | ਮ | ਨੁ | ਅऽ | ਰऽ | ਪਿ | ਕ |
| ਪਧ | ਮ | ਪਧੁ | ਨੀ | ਧੁ | ਧੁ | ਪ | - | ਰੇ | ਰੇ | ਮ | - | ਮ | ਮ | ਪ | ਪ |
| ਰਉ | ऽ | ਜऽ | ਨ | ਸੇ | ऽ | ਵਾ | - | ਰ | ਸ | ਨਾ | ऽ | ਹ | ਰਿ | ਗੁ | ਨ |
| ਮਪ | ਧੁਨੀ | ਧੁਪ | ਮਪ | ਗਗ | ਰੇਸਾ | | | | | | | | | | |
| ਗਾऽ | ऽऽ | ऽऽ | ऽऽ | ਵਉ | ऽऽ | | | | | | | | | | |

## ਰਾਗ ਦੇਵਗੰਧਾਰ

ਦੇਵਗੰਧਾਰ ਭਾਰਤੀ ਸੰਗੀਤ ਦੇ ਅਪ੍ਰਚਲਿਤ ਰਾਗਾਂ ਦੇ ਵਰਗ ਦਾ ਰਾਗ ਹੈ, ਇਸ ਰਾਗ ਦੇ ਦੋ ਪ੍ਰਕਾਰ ਹਨ ਦੋਵੇਂ ਆਸਾਵਰੀ ਮੇਲ ਦੇ ਜੰਨਯ ਰਾਗ ਹਨ। ਇਥੇ ਅਸੀਂ ਦੇਵ-ਗੰਧਾਰ ਦੇ ਪਹਿਲੇ ਪ੍ਰਕਾਰ ਬਾਰੇ ਚਰਚਾ ਕਰਾਂਗੇ ਅਤੇ ਦੂਜੇ ਪ੍ਰਕਾਰ ਦਾ ਬਿਉਰਾ ਗੁਰੂ ਗ੍ਰੰਥ ਰਾਗ ਰਤਨਾਵਲੀ ਪੁਸਤਕ ਦੇ ਦੂਜੇ ਭਾਗ ਵਿਚ ਦਿੱਤਾ ਜਾਵੇਗਾ।

ਆਧੁਨਿਕ ਜਨਕ - ਜੰਨਯ ਜਾਂ ਥਾਟ - ਰਾਗ ਵਰਗੀਕਰਣ ਅਨੁਸਾਰ ਇਸ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਅਸਾਵਰੀ ਮੇਲ (ਥਾਟ) ਤੋਂ ਮੰਨੀ ਹੈ। ਇਸ ਰਾਗ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਸੁਰ ਵਰਜਿਤ ਕੀਤੇ ਜਾਂਦੇ ਹਨ ਅਤੇ ਅਵਰੋਹ ਵਿਚ ਸਰਲ ਢੰਗ ਨਾਲ ਸੱਤ ਸੁਰ ਪ੍ਰਯੋਗ ਹੁੰਦੇ ਹਨ ਇਸ ਲਈ ਸੰਗੀਤਾਚਾਰੀਆ ਨੇ ਇਸ ਦੀ ਜਾਤੀ ਔੜਵ-ਸੰਪੂਰਣ ਸਵੀਕਾਰੀ ਹੈ, ਇਸ ਰਾਗ ਵਿਚ ਸਭ ਤੋਂ ਮਹੱਤਵਪੂਰਣ ਸੁਰ ਧੈਵਤ ਹੈ ਜੋ ਕਿ ਇਸ ਦਾ ਵਾਦੀ ਜਾਂ ਪ੍ਰਧਾਨ ਸੁਰ ਮੰਨਿਆ ਜਾਂਦਾ ਹੈ। ਕਈ ਵਿਦਵਾਨ ਇਸ ਦਾ ਵਾਦੀ ਸੁਰ ਪੰਚਮ ਮੰਨਦੇ ਹਨ ਕਿਉਂ ਜੋ ਇਸ ਦਾ ਸੰਵਾਦੀ ਸੁਰ ਗੰਧਾਰ ਹੈ। ਸੰਗੀਤ ਸ਼ਾਸਤਰ ਦੀ ਦ੍ਰਿਸ਼ਟੀ ਨਾਲ ਪੰਚਮ ਸੁਰ ਦਾ ਕੋਮਲ ਗੰਧਾਰ ਨਾਲ ਸੰਵਾਦ ਸੰਭਵ ਨਹੀਂ ਇਸ ਲਈ ਧੈਵਤ ਵਾਦੀ ਮੰਨਣਾ ਵਧੇਰੇ ਉਚਿੱਤ ਹੈ। ਇਸ ਰਾਗ ਦੇ ਗਾਇਨ ਵਾਦਨ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਧੈਵਤ ਵਾਦੀ ਹੋਣ ਕਾਰਨ ਵਿਦਵਾਨਾਂ ਨੇ ਇਸ ਨੂੰ ਉਤ੍ਰਾਂਗ ਵਾਦੀ ਰਾਗ ਮੰਨਿਆ ਹੈ। ਇਸ ਰਾਗ ਵਿਚ ਦੋ ਰਾਗਾਂ ਦੀ ਰੰਗਤ ਸਪਸ਼ਟ ਦ੍ਰਿਸ਼ਟੀ ਗੋਚਰ ਹੁੰਦੀ ਹੈ ਅਰਥਾਤ ਇਸ ਦੇ ਪੂਰਵਾਂਗ ਵਿਚ ਧਨਾਸਰੀ ਅਤੇ ਉਤ੍ਰਾਂਗ ਵਿਚ ਜੌਨਪੁਰੀ। ਇਸ ਰਾਗ ਦਾ ਤਿੰਨਾਂ ਸਪਤਕਾਂ ਵਿਚ ਵਿਸਤਾਰ ਕੀਤਾ ਜਾਂਦਾ ਹੈ।

ਮ<br>
ਆਰੋਹ : ਸਾ, ਗੁ ਮ ਪ, ਨੁੀ ਸਾਂ।

ਮ<br>
ਅਵਰੋਹ : ਸਾਂ ਨੁੀ ਧੁ, ਪ, ਮ ਪ ਗੁ, ਰੇ ਸਾ।

ਮੁਖ ਅੰਗ : ਮ ਮ ਪ ਧੁ ਪ, ਸਾਂ, ਨੁੀ ਧੁ ਪ, ਗੁ ਮ ਪ, ਰੇਂ ਸਾਂ, ਨੁੀ ਧੁ ਪ, ਧੁ,<br>
ਮ<br>
ਮ ਪ, ਗੁ, ਰੇਸਾ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਰੇ ਸਾ, ਨੁੀ ਧੁ ਪ, ਮ ਪ ਧੁ ਧੁ ਪ, ਮ ਪ ਨੁੀ ਧੁ ਪ, ਮ ਪ ਗੁ ਮ ਪ ਮ ਪ ਸਾ, ਸਾ ਗੁ ਰੇ ਸਾ, ਸਾ ਰੇ ਸਾ ਸਾ ਗੁ ਰੇ, ਸਾ ਗੁ, ਗੁ ਮ ਪ,

ਪ ਧ̲ ਮ ਪ, ਗ̲ ਪ ਗ̲, ਰੇ ਸਾ, ਰੇ ਨ̲ੀ਼ ਧ਼̲ ਪ਼ ਸਾ ।

2. ਸਾਰੇ ਸਾਸਾ ਗ̲ ਮ ਪ, ਧ̲ ਧ̲ ਪ, ਧ̲ ਮ ਪ ਗ̲, ਨ̲ੀ ਧ̲ ਪ, ਮ ਪ ਧ̲ ਪ ਨ̲ੀ ਧ̲ ਪ, ਮ ਪ ਗ̲ ਪ, ਮ ਗ̲, ਰੇ ਸਾ, ਰੇ ਗ̲ ਸਾ ਨ̲ੀ਼ ਸਾ, ਰੇ ਨ̲ੀ਼ ਧ਼̲ ਧ਼̲ ਪ਼, ਮ਼ ਪ਼ ਧ਼̲ ਪ਼ ਸਾ ।

3. ਮ ਮ ਪ, ਮ ਪ ਧ̲ ਧ̲ ਪ, ਸਾਂ, ਸਾਂ ਨ̲ੀ ਧ̲ ਪ ਮ ਪ ਧ̲ ਪ, ਸਾਂ, ਰੇਂ ਰੇਂ ਸਾਂ, ਰੇਂ ਨ̲ੀ ਧ̲ ਪ, ਮ ਪ ਧ̲ ਪ ਸਾਂ, ਨ̲ੀ ਸਾਂ ਰੇਂ ਨ̲ੀ ਸਾਂ, ਗ̲ਂ ਰੇਂ ਸਾਂ, ਸਾ ਰੇਂ ਸਾਂ ਸਾਂ ਨ̲ੀ ਸਾਂ ਰੇਂ ਨ̲ੀ ਸਾਂ ਰੇਂ ਨ̲ੀ ਧ̲ ਪ, ਪ ਗ̲ਂ ਰੇਂ ਸਾਂ, ਨ̲ੀ ਸਾਂ ਗ̲ਂ ਮਂ ਪਂ ਗ̲ਂ, ਰੇਂ ਸਾਂ, ਰੇਂ ਰੇਂ ਸਾਂ ਨ̲ੀ ਸਾਂ ਰੇਂ ਨ̲ੀ ਸਾਂ ਰੇਂ ਨ̲ੀ ਧ̲ ਧ̲ ਪ, ਮ ਪ ਸਾਂ ਨ̲ੀ ਧ̲ ਪ, ਗ̲ ਮ ਧ, ਰੇਂ ਰੇਂ ਸਾਂ ਸਾਂ ਨ̲ੀ

ਧ̲ ਪ, ਧ̲, ਮ ਪ, <sup>ਮ</sup>ਗ̲ - ਰੇ ਸਾ ।

## ਦੇਵਗੰਧਾਰ ਮਹਲਾ ੫ ॥

ਅਪੁਨੇ ਹਰਿ ਪਹਿ ਬਿਨਤੀ ਕਹੀਐ ॥
ਚਾਰ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥ ੧ ॥ ਰਹਾਉ ॥
ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ ॥
ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ ॥ ੧ ॥
ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥
ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ ॥ ੨ ॥ ੧੭ ॥

(ਗੁ. ਗ੍ਰੰ. ਪੰਨਾ ੫੩੧)

## ਰਾਗ ਦੇਵ ਗੰਧਾਰ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | ਸਥਾਈ : | - | ਮਮ | ਪ | ਨ਼ੀ | ਧ਼ | ਪ | ਪਧ਼ | ਮਪ |
| | | | | | | | | ऽ | ਅਪੁ | ਨੇ | ऽ | ਹ | ਰਿ | ਪऽ | ਹਿऽ |
| - | ਗੁਰੇ | ਸਾ | ਗੁ | ਮ | ਮ | ਪ | - | - | ਗੁ | ਰੇ | ਸਾ | ਰੇ | - | ਸਾ | ਸਾ |
| ऽ | ਬਿਨ | ਤੀ | ऽ | ਕ | ਹੀ | ਐ | ऽ | ऽ | ਚਾ | ਰਿ | ਪ | ਦਾ | ऽ | ਰ | ਥ |
| ਰੇ | ਨ਼ੀ | ਧ਼ | ਪ਼ | ਸਾ | ਸਾ | ਸਾ | ਸਾ | ਗੁ | - | ਮ | ਪ | ਨ਼ੀ | ਸਾਂ | ਸਾਂ | ਸਾਂ |
| ਅ | ਨ | ਦ | ਮੰ | ਗ | ਲ | ਨਿ | ਧਿ | ਸੁ | ऽ | ਖ | ਸ | ਹ | ਜ | ਸਿ | ਧਿ |
| ਰੇਂਸਾਂ | ਨ਼ੀਸਾਂ | ਰੇਂ | - | ਨ਼ੀ | ਧ਼ | ਪ | - | | | | | | | | |
| ਲऽ | ਹੀऽ | ऽ | ऽ | ਐ | ऽ | ऽ | ऽ | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਅੰਤਰਾ : | | ਮ | - | ਪ | ਧੁ | - | ਧੁ | ਪ | ਪ |
| | | | | | | | | ਮਾ | s | ਨੁ | ਤਿਆ | s | ਗਿ | ਰ | ਰਿ |
| ਸਾਂ | ਸਾਂ | ਸਾਂ | ਸਾਂ | ਸਾਂਰੇਂ | ਨੀ | ਸਾਂ | - | ਰੇਂ | ਰੇਂ | ਰੇਂ | ਰੇਂ | ਰੇਂ | - | ਸਾਂ | ਸਾਂ |
| ਚ | ਰ | ਨੀ | s | ਲਾs | s | ਗਊ | s | ਤਿ | ਸੁ | ਪ੍ਰ | ਭ | ਅੰ | s | ਚ | ਲੁ |
| ਰੇਂਸਾਂ | ਨੀਸਾਂ | ਰੇਂ | - | ਨੀ | ਧੁ | ਪ | - | ਪ | ਗੁ | ਗੁ | ਗੁ | ਰੇਂ | - | ਸਾਂ | - |
| ਗਾs | ਹੀs | s | s | ਐ | s | s | s | ਆਂ | s | ਚ | ਠ | ਲਾ | s | ਗੈ | s |
| ਰੇਂ | ਨੀ | ਸਾਂ | ਰੇਂ | ਧੁ | ਧੁ | ਪ | - | ਧੁ | ਮ | ਪਧੁ | ਮਪ | ਗੁ | - | ਰੇ | ਸਾ |
| ਅ | ਗ | ਨਿ | ਸਾ | ਗ | ਰ | ਤੇ | s | ਸ | ਰ | ਨਿs | ਸੁs | ਮੀ | s | ਕੀ | s |
| ਨੀਸਾਂ | ਸਮ | ਪਨੀ | ਸਾਂਰੇ | ਸਾਂਨੀ | ਧੁਪ | ਮਗੁ | ਰੇਸਾ | - | | | | | | | |
| ਲs | ਹੀs | ss | ss | ਐs | ss | ss | ss | s | | | | | | | |

# ਰਾਗ ਬਿਹਾਗੜਾ

ਰਾਤੀਂ ਗਾਏ ਜਾਣ ਵਾਲੇ ਰਾਗਾਂ ਵਿਚੋਂ ਬਿਹਾਗੜਾ ਬੜਾ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਇਸ ਰਾਗ ਦੀ ਸਿਰਜਣਾ ਬਿਹਾਗ ਅਤੇ ਖਮਾਜ ਦੇ ਮਧੁ ਅੰਸ਼ਾਂ ਦੁਆਰਾ ਹੋਈ ਹੈ। ਕੁਝ ਸੰਗੀਤਕਾਰ ਇਸ ਨੂੰ ਬਿਹਾਗ ਦਾ ਉਪ-ਅੰਗ ਰਾਗ ਮੰਨਦੇ ਹਨ। ਇਸ ਰਾਗ ਦੀ ਸਾਧਾਰਣ ਰੂਪ ਰੇਖਾ ਬਿਹਾਗ ਦੇ ਹੀ ਸਮਾਨ ਹੈ। ਕਲਾਕਾਰਾਂ ਨੇ ਬਿਹਾਗ ਦੇ ਚਲਨ ਵਿਚ ਥੋੜਾ ਬਹੁਤਾ ਪਰਿਵਰਤਨ ਕਰਕੇ ਇਸ ਰਾਗ ਦਾ ਸਰੂਪ ਸਥਾਪਿਤ ਕੀਤਾ ਹੈ। ਬਿਹਾਗ ਦੀ ਸੁਰਾਵਲੀ "ਨ਼ੀ ਸਾ ਗ ਮ, ਗ ਮ ਪ ਨੀ ਸਾਂ, ਸਾਂ ਨੀ, ਪ ਸਾਂ ਨੀ, ਧ ਪ, ਅਤੇ ਖਮਾਜ ਦੀ "ਗ ਮ ਪ ਧ ਨ਼ੀ ਧ ਪ", ਦੇ ਆਧਾਰ ਤੇ ਬਿਹਾਗੜੇ ਦੀ ਰਚਨਾ ਕੀਤੀ ਗਈ ਹੈ। ਇਸ ਰਾਗ ਦੇ ਦੋ ਰੂਪ ਪ੍ਰਚਾਰ ਵਿਚ ਹਨ। ਇਕ ਪ੍ਰਕਾਰ ਵਿਚ ਦੋਵੇਂ ਮੱਧਿਅਮ ਅਤੇ ਦੂਜੇ ਵਿਚ ਦੋ ਨਿਸ਼ਾਦ ਪ੍ਰਯੋਗ ਹੁੰਦੇ ਹਨ। ਕੁਝ ਕਲਾਕਾਰ ਬਿਹਾਗੜੇ ਵਿਚ ਖਮਾਜ ਅੰਗ ਤੋਂ ਨਿਸ਼ਾਦ ਕੋਮਲ ਦੀ ਵਰਤੋਂ ਕਰਦੇ ਹਨ ਜਿਵੇਂ "ਸਾਂ ਨ਼ੀ ਧ ਪ" ਪਰੰਤੂ ਆਧੁਨਿਕ ਸਮੇਂ ਇਸ ਰਾਗ ਦੇ ਸਮੁਚੇ ਚਲਨ ਵਿਚ ਨਿਸ਼ਾਦ ਕੋਮਲ ਦਾ ਪ੍ਰਯੋਗ ਬਿਲਾਵਲ ਅੰਗ ਤੋਂ ਕੀਤਾ ਜਾਂਦਾ ਹੈ। ਬਿਲਾਵਲ ਅੰਗ ਦਾ ਬਿਹਾਗੜਾ ਵਧੇਰੇ ਪ੍ਰਭਾਵਸ਼ਾਲੀ ਹੈ ਅਤੇ ਪ੍ਰਚਾਰ ਵਿਚ ਵੀ ਅਧਿਕ ਹੈ। ਦੋ ਨਿਸ਼ਾਦਾਂ ਦੀ ਵਰਤੋਂ ਵਾਲਾ ਬਿਹਾਗੜੇ ਦਾ ਪ੍ਰਕਾਰ ਪੰਜਾਬ ਪ੍ਰਾਂਤ ਵਿਚ ਬਹੁਤ ਗਾਇਆ ਜਾਂਦਾ ਹੈ। ਅਸੀਂ ਇਥੇ ਪੰਜਾਬੀ ਬਿਹਾਗੜੇ ਦੇ ਸੰਬੰਧ ਵਿਚ ਚਰਚਾ ਕਰ ਰਹੇ ਹਾਂ।

ਇਸ ਰਾਗ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਬਿਹਾਗੜੇ ਵਿਚ ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਕੀਤੇ ਜਾਂਦੇ ਹਨ ਅਤੇ ਅਵਰੋਹ ਵਿਚ ਸੱਤ ਸੁਰ ਪ੍ਰਯੋਗ ਹੁੰਦੇ ਹਨ ਇਸ ਲਈ ਜਾਤੀ ਔਡਵ-ਸੰਪੂਰਣ ਹੈ। ਕੁੱਝ ਸੰਗੀਤ ਵੇਤਾ ਇਸ ਦੀ ਜਾਤੀ ਸ਼ਾਡਵ ਸੰਪੂਰਣ ਵੀ ਮੰਨਦੇ ਹਨ। ਇਸ ਰਾਗ ਦੇ ਆਰੋਹ-ਅਵਰੋਹ ਵਿਚ ਸ਼ੁੱਧ ਨਿਸ਼ਾਦ ਲਿਆ ਜਾਂਦਾ ਹੈ ਜਿਵੇਂ—ਨ਼ੀ ਸਾ ਗ ਮ ਪ ਨੀ ਸਾਂ, ਸਾਂ ਨੀ ਪ ਅਤੇ ਅਵਰੋਹ ਵਿਚ "ਨੀ ਧ ਪ, ਗ ਮ ਗ" ਦੇ ਰੂਪ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਹੁੰਦੀ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸ਼ੁੱਧ ਨਿਸ਼ਾਦ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਹ ਪੂਰਵਾਂਗ ਵਾਦੀ ਰਾਗ ਹੈ, ਕੁਝ ਕਲਾਕਾਰ ਇਸ ਨੂੰ ਸ਼ਿੰਗਾਰ ਰਸ ਦਾ ਰਾਗ ਮੰਨਦੇ ਹਨ। ਇਸ ਰਾਗ ਵਿਚ ਮੱਧਿਅਮ ਸੁਰ ਨਾ ਵਾਦੀ ਹੈ ਨਾ ਹੀ ਸੰਵਾਦੀ ਪਰੰਤੂ ਮੱਧਿਅਮ ਸੁਰ ਤੇ ਵਿਸ਼ੇਸ਼ ਠਹਿਰਾਓ ਕਰਨ ਨਾਲ ਇਹ ਬੜਾ ਪ੍ਰਭਾਵਸ਼ਾਲੀ ਬਣ ਜਾਂਦਾ ਹੈ।

ਆਰੋਹ ; ਸਾ ਗ, ਮ ਧ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਨ̲ੀ ਧ ਪ, ਗ ਮ ਗ, ਪ ਮ ਗ, ਰੇ ਸਾ।

ਮੁੱਖ ਅੰਗ : ਨ̲ੀ ਧ ਪ, ਗ ਮ ਗ, ਪ ਮ ਗ, ਰੇ ਸਾ।

ਇਸ ਰਾਗ ਦੇ ਆਰੋਹ-ਅਵਰੋਹ ਦੀ ਰੂਪ ਰੇਖਾ ਕੁੱਝ ਵਿਦਵਾਨ ਇਸ ਤਰ੍ਹਾਂ ਵੀ ਮੰਨਦੇ ਹਨ।

ਆਰੋਹ : ਸਾਂ, ਨ̣ੀ ਸਾ ਗ ਮ ਪ ਧ ਨ̲ੀ ਧ ਪ, ਗ ਮ ਪ ਨੀ ਸਾਂ

ਅਵਰੋਹ : ਸਾਂ ਨੀ ਧ ਪ, ਨ̲ੀ ਧ ਪ, ਪ ਮ ਪ ਗ, ਮ ਗ, ਰੇ ਸਾ।

ਮੁੱਖ ਅੰਗ : ਗ ਮ ਪ ਧ ਨ̲ੀ ਨ̲ੀ ਧ ਪ, ਗ ਮ ਗ, ਰੇ, ਸਾ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ ਨ̣ੀ ਨ̣ੀ ਸਾ, ਸਾ ਰੇ ਨ̣ੀ ਸਾ ਨ̣ੀ ਨ̣ੀ ਪ̣, ਪ̣ ਨ̣ੀ ਧ̣ ਪ̣, ਗ̣ ਪ̣ ਗ̣, ਗ̣ ਮ̣ ਪ̣, ਗ̣ ਮ̣ ਪ̣ ਸਾ ਨ̣ੀ ਨ̣ੀ ਧ̣ ਪ̣, ਗ̣ ਮ̣ ਗ̣, ਗ̣ ਮ̣ ਧ̣ ਪ̣, ਨ̣ੀ ਧ̣ ਪ̣, ਗ̣ ਮ̣ ਪ̣ ਨ̣ੀ, ਪ̣ ਨ̣ੀ ਨ̣ੀ ਸਾ, ਪ̣ ਮ̣ੀ ਸਾ ਰੇ, ਨ̣ੀ ਸਾ ਗ, ਸਾ ਰੇ ਸਾ ਸਾ ਨ̣ੀ, ਪ̣ ਨ̣ੀ ਸਾ ਰੇ ਨ̣ੀ ਸਾ ਗ, ਨ̣ੀ ਸਾ ਗ ਗ ਮ, ਗ ਮ ਗ ਗ, ਸਾ ਰੇ ਸਾ ਸਾ ਨ̣ੀ, ਪ̣ੀ ਨ̣ੀ ਸਾ ਰੇ ਨ̣ੀ ਸਾ ਗ ਮ ਗ, ਰੇ, ਸਾ, ਨ̣ੀ ਨ̣ੀ ਗ ਸਾ।
2. ਸਾ ਰੇ ਸਾ ਸਾ ਨ̣ੀ, ਸਾ ਮ ਗ ਗ ਸਾ, ਸਾ ਸਾ ਗ ਗ ਮ, ਸਾ ਗ ਮ ਪ ਗ ਮ, ਪ ਮ ਪ ਗ ਮ, ਗ ਮ ਪ ਗ ਮ ਗ, ਗ ਮ ਪ ਸਾ ਗ ਮ ਗ, ਗ ਮ ਪ ਸਾ ਗ ਧ ਧ, ਪ ਧ ਗ ਮ ਗ, ਪ ਨ ਪ ਗ, ਮ ਗ, ਰੇ, ਸਾ, ਨ̣ੀ ਸਾ ਗ ਮ ਪ ਧ ਨ̲ੀ ਧ ਪ, ਨ̲ੀ ਨ̲ੀ ਧ ਧ ਧ ਪ ਧ ਪ ਮ ਗ, ਪ ਮ ਗ, ਮ ਗ, ਰੇ, ਸਾ ਨ̣ੀ ਨ̣ੀ ਗ ਸਾ।
3. ਸਾ ਗ ਨ ਪ ਨ̲ੀ ਨ̲ੀ ਧ ਪ, ਗ ਮ ਪ ਨੀ, ਪ ਨ̲ੀ ਧ, ਧ ਪ ਧ ਮ ਪ ਗ ਮ ਪ ਨੀ, ਪ ਸਾਂ ਨੀ, ਧ ਪ ਗ ਮ ਪ ਨੀ ਸਾਂ, ਪ ਨੀ ਸਾ ਰੇਂ ਨੀ ਸਾਂ ਨੀ, ਪ ਸਾਂ ਨੀ, ਪ ਨ̲ੀ ਧ, ਨ̲ੀ ਨ̲ੀ ਧ ਪ ਮ ਪ ਗ ਮ ਪ ਨੀ, ਸਾਂ, ਪ ਨੀ ਸਾਂ ਰੇਂ ਨੀ ਸਾਂ ਗ ਰੇਂ ਸਾਂ, ਗ ਗ ਗ ਮ ਮ ਮ ਪ ਨੀ ਸਾਂ, ਪ ਨੀ ਸਾਂ ਰੇਂ ਨੀ ਸਾਂ ਗਂ ਮਂ ਗਂ, ਨੀ ਸਾਂ ਗਂ ਮਂ ਪਂ ਗਂ ਮ ਗਂ, ਗਂ ਮਂ ਪਂ ਗਂ ਮਂ ਗ, ਰੇਂ ਸਾਂ, ਸਾਂ ਰੇਂ ਸਾਂ ਨੀ ਸਾਂ ਨੀ ਪ ਸਾਂ ਨੀ, ਪ ਨ̲ੀ ਧ ਪ ਧ ਗ ਮ ਗ, ਗ ਮ ਪ ਧ ਨ̲ੀ ਨ̲ੀ ਧ ਪ ਗ ਮ ਗ, ਗ ਮ ਪ ਧ ਗ ਮ ਗ, ਗ ਮ ਪ ਗ ਮ ਗ ਪ ਮ ਗ, ਮ ਗ, ਰੇ, ਸਾ, ਨ̣ੀ ਨ̣ੀ ਗ ਸਾ।

## ਬਿਹਾਗੜਾ ਮਹਲਾ ੫ ਛੰਤ

ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ ॥
ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥
ਬਿਲਲਾਹਿ ਕੇਤੇ ਮਹਾ ਮੋਹਨ ਬਿਨੁ ਨਾਮੁ ਹਰਿ ਕੇ ਸੁਖ ਨਹੀਂ ॥
ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ ॥
ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ ॥
ਬਿਨਵੰਤ ਨਾਨਕ ਜਿਨ ਸਾਧ ਸੰਗਮ ਸੇ ਪਤਿ ਸੇਤੀ ਘਰਿ ਜਾਹੀ ॥

(ਗੁ. ਗ੍ਰੰ. ਪੰਨਾ ੫੪੭-੪੮)

## ਰਾਗ ਬਿਹਾਗੜਾ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ : | | | ਨ਼ੀ | ਨ਼ੀਧ | ਧਪ | ਪਮ | ਰੇਗਗ |
| | | | | | | | | | | | ਰਾ | ਜS | ਨS | ਕਿਉ | SS |
| ਮ | - | - | ਮ | ਗਮ | ਪੰਪ | ਗ | ਮ | ਗ | - | ਸਾ | ਸਾ | ਨ਼ੀਸਾ | ਗ | ਨ਼ੀ | ਸਾ |
| ਸੌ | Sਇਆ | - | ਭੂ | ਨੀS | SS | ਦ | ਭ | ਰੇ | S | S | ਜਾ | ਗS | ਤ | ਕ | ਤ |
| ਪ਼ | - | ਨ਼ੀ | ਸਾ | ਗਮ | ਪਪ | ਗ | ਮ | ਗ | - | ਸਾ | ਗ | ਮ | ਗਮਪਧ | ਨ਼ੀਨ਼ੀ | ਧਪ |
| ਨਾ | S | ਹੀ | S | ਰਾS | SS | S | S | S | S | ਮ | ਮਾ | S | ਇਆSS | SS | SS |
| ਗ | ਮ | ਪ | ਨੀ | ਨੀ | ਸਾਂ | ਸਾਂ | - | - | - | - | ਸਾਂ | ਨੀਸਾਂ | ਰੇਂ | ਨੀ | ਸਾਂ |
| ਝੂ | S | ਠੁ | S | ਰੁ | ਢ | ਨੁ | S | S | S | S | ਕੇ | ਤੇS | S | ਖਿ | ਲ |
| ਨੀ | - | ਪ | ਨ਼ੀ | ਧਨ਼ੀ | ਧਨ਼ੀ | ਪਧ | ਪਧ | ਮਪ | ਮਪ | ਗਮ | | | | | |
| ਲਾ | S | ਹੀ | S | ਰਾS | SS | SS | SS | SS | SS | ਮS | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅੰਤਰਾ : | | | | ਗ | ਮ | ਪਨੀ | ਸਾਂ | ਨੀ |
| | | | | | | | | | | | ਬਿ | ਲ | ਲਾs | s | ਹਿ |
| ਸਾਂ | - | ਸਾਂ | - | - | ਸਾਂ | ਪ | ਨੀ | ਰੇਂ | ਸਾਂ | ਸਾਂ | ਨ | ਸਾਂਸਾਂ | ਗਂ | - | ਮਂ |
| ਕੇ | s | ਤੇ | s | s | ਮ | ਹਾ | s | ਮੰ | s | ਹ | s | ਬਿਨੁ | ਨਾ | s | ਮੁ |
| ਗਂ | ਗਂ | ਸਾਂ | - | ਸਾਂਰੇਂ | ਨੀਸਾਂ | ਪ | ਸਾਂ | ਨੀ | - | - | - | - | ਧਪ | ਗ | ਮ |
| ਹ | ਰਿ | ਕੇ | s | ਸੁs | ਖs | s | ਨ | ਹੀ | s | s | s | s | ਸs | ਹ | ਸ |
| ਪਧ | ਸਾਂਨੀ | ਧ | ਪ | ਪ | ਗਮ | ਪਧ | ਗਮ | ਗ | ਸਾ | ਸਾ | - | - | ਗਮ | ਗ | ਮ |
| ਸਿਆ | ss | ਣ | ਪ | ਉ | ਪਾs | ss | ਵs | ਬਾ | s | ਕੇ | s | s | ਜਹ | ਭਾ | s |
| ਪ | ਨੀ | ਸਾਂ | ਸਾਂ | ਪਨੀ | ਸਾਂਰੇਂ | ਨੀਸਾਂ | ਗੁਰੇ | ਸਾਂਨੀ | ਪਨੀ | ਧਪ | | | | | |
| ਵ | ਤ | ਤ | ਹ | ਜਾs | ss | ss | ss | ਹੀs | ss | ss | | | | | |

# ਰਾਗ ਵਡਹੰਸ

ਗੁਰਮਤਿ ਸੰਗੀਤ ਪੱਧਤੀ ਵਿਚ ਵਡਹੰਸ ਰਾਗ ਨੂੰ ਬੜਾ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਲਈ ਵੀ ਕੀਤਾ ਅਤੇ ਲੋਕ ਧੁਨਾਂ ਲਈ ਵੀ। ਜਿਵੇਂ ਘੋੜੀਆਂ ਅਤੇ ਅਲਾਹੁਣੀਆਂ, ਆਦਿ।

ਵਡਹੰਸੁ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਰੂਪ ਪ੍ਰਾਪਤ ਹਨ: (ੳ) ਵਡਹੰਸੁ (ਅ) ਵਡਹੰਸ ਦਖਣੀ ਜਿਨ੍ਹਾਂ ਸਬੰਧੀ ਅਗੇ ਚਰਚਾ ਕੀਤੀ ਜਾਵੇਗੀ।

ਸੰਗੀਤਚਾਰੀਆ ਨੇ ਵਡਹੰਸੁ ਰਾਗ ਦਾ ਵਰਗੀਕਰਣ ਖਮਾਜ ਥਾਟ ਵਿਚ ਕੀਤਾ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਨਿਸ਼ਾਦ ਦੋਵੇਂ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਕੁਝ ਕਲਾਕਾਰ ਇਸ ਦੇ ਉਲਟ ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਅਤੇ ਕੁਝ ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਮੰਨਦੇ ਹਨ ਪਰੰਤੂ ਪਹਿਲਾ ਮਤ ਵਧੇਰੇ ਉਚਿੱਤ ਹੈ। ਇਸ ਰਾਗ ਦੇ ਗਾਉਣ-ਵਜਾਉਣ ਦਾ ਸਮਾਂ ਦੁਪਹਿਰ ਦਾ ਹੈ। ਕੁਝ ਲੇਖਕ ਇਸ ਦਾ ਸਮਾਂ ਰਾਤ ਦਾ ਦੂਜਾ ਪਹਿਰ ਮੰਨਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਇਸ ਲਈ ਜਾਤੀ ਸ਼ਾੜਵ-ਸੰਪੂਰਣ ਹੈ। ਇਸ ਰਾਗ ਵਿਚ ਜਦੋਂ "ਧਮ ਧਨੀਸਾ" ਸੁਰਾਵਲੀ ਵਰਤੀ ਜਾਂਦੀ ਹੈ ਤਾਂ ਸਰੋਤਿਆਂ ਨੂੰ "ਬਰਵਾ ਰਾਗ" ਦੀ ਝਲਕ ਦਿਖਾਈ ਦਿੰਦੀ ਹੈ ਪਰੰਤੂ ਇਸ ਤੋਂ ਪਿਛੋਂ ਜਦੋਂ ਕਲਾਕਾਰ "ਰੇ ਨ਼ੀ ਧਪ, ਧ ਮ ਗਰੇ" ਸੁਰ ਸੰਗਤੀ ਲੈਂਦਾ ਹੈ ਤਾਂ ਇਹ ਭਰਮ ਦੂਰ ਹੋ ਜਾਂਦਾ ਹੈ। ਵਡਹੰਸ ਦਾ ਸਮਪ੍ਰਕ੍ਰਿਤਕ ਰਾਗ 'ਦੇਸ' ਹੈ। ਕਈ ਸਥਾਨਾਂ ਤੇ ਇਨ੍ਹਾਂ ਦੋਹਾਂ ਰਾਗਾਂ ਦੇ ਮੁਹਾਂਦਰੇ ਕਾਫੀ ਅੰਸ਼ ਵਿਚ, ਮਿਲਦੇ-ਜੁਲਦੇ ਦ੍ਰਿਸ਼ਟੀ ਗੋਚਰ ਹੁੰਦੇ ਹਨ। ਕੁਝ ਵਿਦਵਾਨ ਵਡਹੰਸ ਨੂੰ ਦਿਨ ਦਾ 'ਦੇਸ' ਵੀ ਕਹਿੰਦੇ ਹਨ ਪਰੰਤੂ 'ਰੇ ਮ ਪ ਨ਼ੀਧ ਨ਼ੀ ਪ' ਸੁਰ ਸੰਗਤੀ ਅਤੇ ਮੰਦਰ ਨਿਸ਼ਾਦ ਤੇ ਵਿਸ਼ੇਸ਼ ਨਿਆਸ, ਇਸ ਰਾਗ ਨੂੰ ਦੇਸ ਨਾਲੋਂ ਵੱਖ ਕਰ ਦਿੰਦਾ ਹੈ। ਮੰਦਰ ਨਿਸ਼ਾਦ ਤੇ ਨਿਆਸ ਕਰਨ ਤੋਂ ਕਈ ਵਾਰ ਇਹ 'ਤਿਲਕ-ਕਾਮੋਦ' ਰਾਗ ਜਾਪਣ ਲਗ ਜਾਂਦਾ ਹੈ ਪਰ ਤਿਲਕ ਕਾਮੋਦ ਵਿਚ 'ਸਾਰੇਗਸਾਨ਼ੀ, ਰੇਪ ਮਗ ਰੇਸਨ਼ੀ, ਪ਼ ਨ਼ੀ ਸਾ ਰੇ ਗ ਸਾ ਨ਼ੀ, 'ਇਸ ਤਰ੍ਹਾਂ ਨਿਆਸ ਕੀਤਾ ਜਾਂਦਾ ਹੈ। ਪਰੰਤੂ ਵਡਹੰਸ ਵਿਚ 'ਧ ਮ ਰ ਰੇ ਸਾ ਨ਼ੀ, ਪ ਮ ਗ ਰੇ ਸਾ ਨ਼ੀ, ਪ਼ ਨ਼ੀ ਸਾ।

ਸੋ ਉਪਰੋਕਤ ਨਿਯਮਾਂ ਦੇ ਆਧਾਰ ਤੇ ਇਹ ਰਾਗ ਆਪਣੇ ਸਮਪ੍ਰਕ੍ਰਿਤਕ ਰਾਗਾਂ ਨਾਲੋਂ ਸਹਿਜੇ ਹੀ ਵੱਖ ਹੋ ਜਾਂਦਾ ਹੈ।

ਆਰੋਹ : ਸਾ, ਰੇ ਮ ਪ, ਧ ਨ਼ੀ ਪ, ਮ ਪ ਨੀ ਸਾਂ ।

ਅਵਰੋਹ : ਸਾਂ ਨ਼ੀ ਪ, ਧ ਮ ਗ ਰੇ ਸਾ ਨ਼ੀ, ਸਾ ।

ਮੁੱਖ ਅੰਗ : ਰੇ ਮ ਪ ਨ਼ੀ ਪ, ਧ ਮ ਗਰੇ, ਸਾ ਨ਼ੀ, ਪ਼ ਨ਼ੀ ਸਾ ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨ਼ੀ, ਨ਼ੀ ਨ਼ੀ ਸਾ, ਨ਼ੀਸਾਰੇ, ਨ਼ੀਸਾ ਨ਼ੀਪ਼, ਧ਼ ਮ਼, ਪ਼ ਧ਼ ਮ਼ ਗ਼ ਰੇ਼, ਰੇ ਮ਼ ਪ਼, ਰੇ ਮ਼ ਪ਼ ਨ਼ੀਧ਼ ਨ਼ੀਪ਼, ਪ਼ ਧ਼ ਮ਼ ਪ਼ ਨ਼ੀ ਨ਼ੀ ਸਾ, ਨ਼ੀ ਸਾਰੇ, ਨ਼ੀ ਨ਼ੀ ਸਾਮ ਰੇ, ਰੇ ਰੇ ਸਾਨ਼ੀ ਸਾਰੇ ਨ਼ੀ ਪ਼, ਧ਼ ਮ਼ ਪ਼ ਨ਼ੀ ਸਾਰੇ, ਨ਼ੀਸਾ ਰੇ ਮ ਗ ਰੇ, ਸਾਨ਼ੀ ਪ਼ ਨ਼ੀਸਾ, ਨ਼ੀ ਨ਼ੀ ਸਾ ਨ਼ੀ ਸਾਰੇ ।

2. ਨ਼ੀਸਾਰੇ ਮ ਪ, ਰੇ ਮ ਪ, ਮ ਗ ਰੇ, ਸਾਨ਼ੀ ਪ਼ ਨ਼ੀ ਸਾਰੇ ਨ਼ੀਸਾ ਰੇ ਮ ਪ, ਰੇ ਮ ਪ ਧ ਪ ਧ ਮ ਪ ਮ, ਗ ਰੇ ਸਾਨ਼ੀ, ਪ਼ ਨ਼ੀ ਸਾਰੇ ਨ਼ੀਸਾ ਰੇ ਨ਼ੀਸ ਨ਼ੀ ਪ਼, ਮ਼ ਪ਼ ਮ਼ ਪ਼ ਨ਼ੀਸਾਰੇ, ਨ਼ੀ ਸਾਰੇ ਮਪ, ਮ ਰੇ ਪ ਮ ਧਪ ਨ਼ੀਪ, ਨ਼ੀ ਨ਼ੀ ਪਮ ਧ ਮ ਪ, ਰੇ ਮ ਪ ਨ਼ੀ ਧ ਨ਼ੀਪ, ਧਮ ਮਾ, ਧਪ ਮ ਪ ਧ ਪ ਮਪ ਧ ਧ ਪ, ਪ ਮਪ ਧ ਮ ਪ ਧ ਮ ਗਰੇ, ਰੇ ਮ, ਰੇਪ, ਰੇ ਨ਼ੀ ਧਨ਼ੀ ਪ ਧ, ਮ ਗ ਰੇ, ਰੇ ਮ ਪ ਧ ਨ਼ੀ ਧ ਨ਼ੀ ਧ ਨ਼ੀ ਧਨ਼ੀਪ, ਧਨ਼ੀ ਪਧ ਮਪ ਧ ਮ ਗ ਰੇ, ਪ ਮ ਗ ਰੇ ਸਾਨ਼ੀ, ਪ਼ੀ ਨ਼ੀ ਨ਼ੀ ਸਾ, ਨ਼ੀ ਸਾ ਰੇ ।

3. ਨ਼ੀਸਾ ਰੇ ਮ ਪ ਨ਼ੀ ਧਪ ਧਮ, ਪਨ਼ੀ, ਪ਼ ਨ਼ੀ ਨ਼ੀ ਧ਼ ਪ਼, ਧ਼ ਮ਼ ਪ਼ ਨ਼ੀ ਸਾਰੇ, ਨ਼ੀਸਾ ਰੇ ਮ ਪ ਨ਼ੀ, ਧਨ਼ੀਪ, ਰੇ ਮ ਪ ਨ਼ੀ ਪ, ਧ ਮ ਪ ਨ਼ੀ, ਨ਼ੀਪ, ਧ ਮ ਪ ਨੀ, ਨੀ ਨੀਸਾਂ, ਰੇਮ ਪ ਧ ਨ਼ੀ ਧਨ਼ੀਪ ਮ ਪ ਨੀ ਨੀ ਸਾਂ ਨੀਸਾਂ, ਪਨੀ ਸਾਰੇਂ ਨੀਸਾਂ ਰੇਂ ਨੀ ਨੀ ਧਨ਼ੀਪ, ਪਧ ਮਪ ਨੀਸਾਂ ਰੇਂ, ਨੀ ਨੀਸਾਂ, ਨੀ ਸਾਂ ਰੇਂ ਮੰ ਗੰ ਰੇਂ ਸਾਂਨੀ, ਪਨੀ ਸਾਂਰੇਂ ਨੀਸਾਂ ਰੇਂ ਮੰ ਪੰ, ਮੰ ਮੰ ਗੰ ਰੇਂ ਸਾਂ ਨੀ, ਸਾਂ, ਪਨੀ ਸਾਂਪਨੀ ਸਾਂ ਨ਼ ਪ, ਮ ਪ ਨ਼ੀ ਪ, ਨ਼ੀ ਧਨ਼ੀਪ ਪ ਮ ਪ, ਮ ਪ ਸਾਂ ਨ਼ੀਪ, ਧ ਮ ਗ ਰੇ, ਪ ਮ ਗਰੇ ਸਾ ਨ਼ੀ, ਪ਼ ਨ਼ੀ ਨ਼ੀ ਸਾ ।

## ਵਡਹੰਸੁ ਮਹਲਾ ੪ ਛੰਤ

ੴ ਸਤਿਗੁਰ ਪ੍ਰਸਾਦਿ ॥

ਮੇਰੇ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮਨਿ ਵਸਾਈ ਰਾਮ ॥
ਹਰਿ ਹਰਿ ਨਾਮੁ ਮੇਰੈ ਮਨਿ ਵਸਾਈ ਸਭਿ ਦੂਖ ਵਿਸਾਰਣਹਾਰਾ ॥
ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ ॥
ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ ॥
ਮੇਰੈ ਮਨਿ ਮੇਰੇ ਮਨਿ ਸਤਿਗੁਰ ਪ੍ਰੀਤਿ ਲਗਾਈ ॥ ੧ ॥

(ਸ਼੍ਰੀ. ਗੁ. ਪੰਨਾ ੫੭੨)

## ਰਾਗ ਵਡਹੰਸ ਇਕਤਾਲ ਦਰੁੱਤ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | ਸਥਾਈ : | ਪ | ਨ਼ੀ | ਧ | ਨ਼ੀ | ਪ | ਧ਼ | ਮ | ਪ |
| | | | | ਮੇ | ਰੇ | ਮ | ਨਿ | ਮੇ | ਰੇ | ਮ | ਨਿ |
| ਮਗ | | ਰੇ | ਸਾ | - | ਰੇ | ਮ | ਮ | ਪ | - | ਨੀ | - |
| ਸ | ਤਿ | ਗੁ | ਰਿ | ऽ | ਪੂ | ਤਿ | ਲ | ਗਾ | ऽ | ਈ | ऽ |
| ਸਾਂ | - | - | ਸਾਂ | ਸਾਂ | ਰੇ | ਨੀ | ਸਾਂ | ਧ | ਨ਼ੀ | ਪ | ਧ |
| ਹਾ | ऽ | ऽ | ਮ | ਹ | ਰਿ | ਹ | ਰਿ | ਹ | ਰਿ | ਹ | ਰਿ |
| ਮ | ਗ | ਰੇ | ਸਾ | - | ਪ | ਨ਼ੀ | ਨ਼ੀ | ਸਾ | - | ਰੇ | ਮ |
| ਨਾ | ਮੁ | ਮੇ | ਰੈ | ऽ | ਮੰ | ਨਿ | ਵ | ਸਾ | ऽ | ਈ | ऽ |
| ਗੁ | ਰੇ | ਸਾ | ਸਾ | ਰੇ | ਨ਼ੀ | ਧ | ਨੀ | ਪ | ਧ | ਮ | ਪ |
| ਹਾ | ऽ | ऽ | ਮ | ਮੇ | ਰੇ | ਮ | ਨਿ | ਮੇ | ਰੇ | ਮ | ਨਿ |

| | | | | | | | | | | | |
|---|---|---|---|---|---|---|---|---|---|---|---|
| | | | ਅੰਤਰਾ : | ਮ | ਮ | ਮ | ਮ | ਪ | ਪ | ਨੀ | ਨੀ |
| | | | | ਹ | ਰਿ | ਹ | ਰਿ | ਨਾ | ਮੁ | ਮੇ | ਰੈ |
| ਸਾਂ | - | ਸਾਂ | ਨੀ | ਸਾਂ | ਸ | ਸਾਂ | ਸਾਂ | ਨੀ | ਸਾਂ | ਰੇਂ | ਮਂ |
| ਮਂ | ऽ | ਨਿ | ਵ | ਸਾ | ਈ | ਸ | ਭਿ | ਦੂ | ऽ | ਖ | ਵਿ |
| ਗਂ | ਰੇਂ | ਸਾਂ | ਰੇਂ | ਨੀ | - | ਸਾਂ | - | - | | - | |
| ਸਾ | ऽ | ਰ | ਣ | ਹਾ | ऽ | ਰਾ | ऽ | ऽ | | ऽ | |
| ਪ | ਰੇਂ | ਸਾਂ | ਰੇਂ | ਨੀ | ਸਾਂ | ਧ | ਨੀ | ਪ | ਧ | ਮ | ਪ |
| ਵ | ੜ | ਭਾ | ऽ | ਗੀ | ऽ | ਹ | ਰਿ | ਦ | ਰ | ਸ | ਨ |
| ਨ਼ੀ | ਧ | ਨ਼ੀ | ਪ | ਮਪ | ਧ | ਧ | ਪ | ਮ | ਗ | ਰੇ | ਨ਼ੀ |
| ਪਾ | ਇਆ | ਧ | ਨੁ | ਧऽ | ਨੁ | ਸ | ਤਿ | ਗੁ | ਰੂ | ऽ | ਹ |
| ਨ਼ੀ | - | ਸਾ | - | ਰੇ | ਨ਼ੀ | ਧ | ਨ਼ੀ | ਪ | ਧ | ਮ | ਪ |
| ਰਾ | ऽ | ਰਾ | ऽ | ਮੇ | ਰੈ | ਮ | ਨਿ | ਮੇ | ਰੈ | ਮ | ਨਿ |

## ਰਾਗੁ ਵਡਹੰਸੁ ਦਖਣੀ

ਵਡਹੰਸ ਦਖਣੀ ਰਾਗ ਦੇ ਨਾਮ ਤੋਂ ਹੀ ਇਹ ਬੋਧ ਹੋ ਜਾਂਦਾ ਹੈ ਕਿ ਇਹ ਉੱਤਰ ਭਾਰਤੀ ਸੰਗੀਤ ਪੱਧਤੀ ਦਾ ਰਾਗ ਨਹੀਂ ਸਗੋਂ ਦੱਖਣੀ ਜਾਂ ਕਰਨਾਟਕ ਪੱਧਤੀ ਦਾ ਰਾਗ ਸਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਉੱਤਰੀ ਪੱਧਤੀ ਦਾ ਰਾਗ ਵਡਹੰਸ ਵਰਤਿਆ ਉਥੇ ਕੇਵਲ "ਰਾਗੁ ਵਡਹੰਸੁ" ਸਿਰਲੇਖ ਵਿਚ ਵਿਸ਼ੇਸ਼ ਤੌਰ 'ਤੇ ਸਪਸ਼ਟ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਦੀ ਸੰਪਾਦਨਾ ਸਮੇਂ ਇਨ੍ਹਾਂ ਰਾਗਾਂ ਦੇ ਸੂਖਮ ਭੇਦਾਂ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰਖਦਿਆਂ ਹੋਇਆਂ ਸੰਕਲਿਤ ਕੀਤਾ ਹੈ। ਦਖਣੀ ਵਡਹੰਸ ਦੇ ਇਸ ਪ੍ਰਕਾਰ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ 580-81 ਤੇ ਦਰਜ ਹੈ ਜਿਸਦਾ ਸਿਰਲੇਖ ਹੈ "ਵਡਹੰਸੁ ਮਹਲਾ ੧ ਦਖਣੀ"

ਦਖਣੀ ਪ੍ਰਕਾਰਾਂ ਦੇ ਸੰਬੰਧ ਵਿਚ ਅਸੀਂ ਗਉੜੀ ਦਖਣੀ ਤੇ ਵਿਚਾਰ ਕਰਨ ਸਮੇਂ ਇਨ੍ਹਾਂ ਦੇ ਪਿਛੋਕੜ ਤੇ ਪੂਰਣ ਤੌਰ ਤੇ ਚਰਚਾ ਕਰ ਚੁਕੇ ਹਾਂ ਇਥੇ ਉਨ੍ਹਾਂ ਦੀ ਪੁਨਰਾਵ੍ਰਿਤੀ ਦੀ ਲੋੜ ਨਹੀਂ ਭਾਸਦੀ।

ਵਡਹੰਸ ਦਖਣੀ ਰਾਗ ਦੀ ਰਚਨਾ ਦੱਖਣੀ ਪੱਧਤੀ ਦੇ "ਹਰੀ ਕਾਮਭੋਜੀ" ਥਾਟ ਤੋਂ ਮੰਨੀ ਜਾਂਦੀ ਹੈ ਜੋ ਕਿ ਉਤਰੀ ਪੱਧਤੀ ਦੇ ਖਮਾਜ ਥਾਟ ਨਾਲ ਸਮਾਨਤਾ ਰਖਦਾ ਹੈ। ਇਸ ਰਾਗ ਵਿਚ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਦੋ ਸੁਰ ਵਰਜਿਤ ਹਨ ਅਤੇ ਅਵਰੋਹ ਵਿਚ ਵਕਰ ਢੰਗ ਨਾਲ ਸੱਤ ਵਰਤੇ ਜਾਂਦੇ ਹਨ ਇਸ ਕਾਰਣ ਇਸ ਦੀ ਜਾਤੀ ਔੜਵ-ਵਕਰ ਸੰਪੂਰਣ ਹੈ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਗਾਉਣ ਦਾ ਸਮਾ ਦਿਨ ਦਾ ਪਹਿਲਾ ਪਹਿਰ ਹੈ।

ਆਰੋਹ : ਸਾ, ਰੇ ਮ ਪ, ਧ ਸਾਂ

ਅਵਰੋਹ : ਸਾਂ ਨ਼ੀ ਧਪ, ਮ, ਰੇਮ ਗ, ਸਾਰੇ ਨੀ̣ ਧ̣ ਸਾ

ਮੁਖ ਅੰਗ : ਰੇ ਮ ਪ, ਮ, ਰੇਮ ਗ, ਸਾਰੇ ਨੀ̣ ਧ̣ਸਾ ।

### ਸੁਰ ਵਿਸਤਾਰ

1. ਸਾ, ਸਾਰੇ ਸਾ ਸਾ, ਨੀ̣ ਨੀ̣ ਧ̣ ਸਾ, ਸਾਨੀ̣ ਧ̣, ਪ̣ ਮ̣ ਪ̣ ਧ̣, ਨੀ̣ ਧ̣ ਪ̣, ਮ̣ ਗ̣, ਰੇ ਮ̣ ਗ̣, ਰੇ ਮ̣ ਪ̣, ਮ̣ ਪ̣ ਧ̣, ਮ̣ ਪ̣ ਨੀ̣ ਧ̣, ਪ̣ ਧ̣ ਨੀ̣ ਨੀ̣ ਧ̣ ਸਾ, ਸਾਰੇ ਨੀ̣ ਸਾ ਨੀ̣ ਨੀ̣ ਧ̣ ਸਾ ਰੇ, ਨੀ̣ ਧ̣ ਸਾ ਰੇ ਮ, ਰੇ ਮਗ, ਸਾਰੇ ਮ ਪ, ਮ ਮ ਗ, ਰੇ ਮ ਪ ਰੇ ਮ ਗ, ਮ ਮ ਗ ਗ ਸਾਰੇ ਨੀ̣ ਪ̣ ਸਾ ।

2. ਸਾ ਰੇ ਮ, ਰੇ ਮ ਗ, ਸਾ ਰੇ ਮ ਪ, ਰੇ ਮ ਪ, ਸਾ ਰੇ ਮ ਗ ਰੇ ਮ ਗ ਰੇ ਮ ਪ, ਸਾ ਰੇ ਮ ਪ, ਧ ਧ ਪ, ਧਧਪ ਮ ਪ ਮਗ, ਰੇ ਮਗ, ਰੇ ਮ ਪ ਧ ਮ ਪ ਧ ਪ ਮ ਗ ਰੇ ਮ ਗ, ਰੇ ਮ ਪਧ ਮ ਪ ਨ਼ੀ ਧ ਪ, ਧ ਪ ਮ ਪ ਧਪ ਮ ਗ ਰੇ ਮ ਗ, ਰੇ ਮ ਪ ਧ ਮ ਪ ਧ ਸਾਂ ਨ਼ੀ ਨ਼ੀ ਧਪ, ਧ ਪ ਮ ਪ ਧ ਪ ਮਗ ਰੇ ਮ ਗ, ਸਾ ਰੇ ਨ਼ੀ ਨ਼ੀ ਧ਼ ਸਾ ।

3. ਮ ਮ ਪ ਧ ਸਾਂ, ਨ਼ੀ ਨ਼ੀ ਧ ਪ ਧ ਮ ਪ ਧ ਸਾਂ, ਸਾਂ ਰੇਂ ਸਾਂ ਸਾਂ, ਨ਼ੀ ਨ਼ੀ ਧ ਪ ਧ ਮ ਪ ਗ ਰੇ ਮ ਗ, ਸਾ ਰੇ ਮ ਪ ਧ ਨ਼ੀ ਪ ਧ ਸਾਂ, ਮ ਪ ਧ ਸਾਂ ਰੇਂ, ਨ਼ੀ ਧਸਾਂ, ਮ ਪ ਧ ਸਾਂ ਰੇਂ ਮਂ ਗ, ਸਾਂ ਰੇਂ ਨ਼ੀ ਧ ਸਾਂ, ਮ ਪ ਧ ਸਾਂ ਪ ਧ ਸਾਂ ਰੇਂ ਸਾਂ ਰੇਂ ਮਂ ਪਂ ਮਂ ਗਂ, ਮਂ ਮਂ ਗਂ ਗਂ ਸਾਂ ਰੇਂ ਨ਼ੀ ਨ਼ੀ ਧ ਸਾਂ, ਸਾਂ ਰੇਂ ਨ਼ੀ ਸਾਂ, ਧਨ਼ੀ ਪ ਧ ਮ ਪ ਧ ਪ ਮ ਧ ਪ ਮਗ, ਰੇ ਮ ਗ, ਰੇ ਮ ਪ ਧ ਮ ਪ ਧਪ ਮ ਪ ਮ ਗ ਰੇ ਮਗ, ਮ ਮ ਗ ਗ ਸਾ ਰੇ ਨ਼ੀ ਨ਼ੀ ਧ਼ ਸਾ ।

## ਵਡਹੰਸੁ ਮਹਲਾ ੧ ਦਖਣੀ

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥
ਜਿਨਿ ਆਪੀਨੈ ਆਪੁ ਸਾਜਿ ਆ ਸਚੜਾ ਅਲਖ ਅਪਾਰੋ ॥
ਦੁਇ ਪੁੜ ਜੋੜਿ ਵਿਛੋੜਿਅਨ ਗੁਰ ਬਿਨੁ ਘੋਰੁ ਅੰਧਾਰੋ ॥
ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥ ੧ ॥
ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥
ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥
ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥
ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥ ੨ ॥
ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈ ਹਾਰੋ ॥
ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥
ਭੂਡੜੈ ਨਾਮੁ ਸਿਰਜਿਆ ਬੂਡੜੈ ਕਿਆ ਤਿਸੁ ਚਾਰੋ ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥ ੩ ॥
ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿਕਾਰੋ ॥
ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥ ੪ ॥

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥
ਸਾਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥
ਸੁਰਤਿ ਮੁਈ ਮਰੁ ਮਾਈਏ ਮਹਲ ਰੁਨੀ ਦਰਬਾਰੇ ॥
ਰੋਵਹੁ ਕੰਤ ਮਹੇਲੀਅਹੁ ਸਚੇ ਕੇ ਗੁਣ ਸਾਰੇ ॥ ੫ ॥
ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥
ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤ ਪਿਆਰੇ ॥ ੬ ॥
ਤੁਸੀਂ ਰੋਵਹੁ ਰੋਵਣ ਆਈ ਹੋ ਝੂਠਿ ਮੁਠੀ ਸੰਸਾਰੇ ॥
ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥
ਘਰਿ ਘਰਿ ਕੰਤ ਮਹੇਲੀਆ ਰੂੜੇ ਹੇਤਿ ਪਿਆਰੇ ॥
ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥ ੭ ॥
ਗੁਰਿ ਮਿਲਿਐ ਵੇਸੁ ਪਲਟਿਆ ਸਾਧਨ ਸਚੁ ਸੀਗਾਰੋ ॥
ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣ ਹਾਰੋ ॥
ਬਈਅਰਿ ਨਾਮਿ ਸੋਹਾਗਣਿ ਸਚੁ ਸਵਾਰਣ ਹਾਰੋ ॥
ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥ ੮ ॥ ੩ ॥

(ਗੁ. ਗ੍ਰੰ. ਪੰਨਾ ੫੮੦-੮੧)

## ਰਾਗ ਵਡਹੰਸ ਦਖਣੀ ਤਾਲ ਰੂਪਕ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| | | | | | ਸਥਾਈ : | | | | | | | | |
| ਰੇ | ਮ | ਮ | ਪ | - | ਪ | ਪ | ਧਪ | ਮਪ | ਧਪ | ਮ | ਰੇਮ | ਗ | - |
| ਸ | ਚ | ੜਾ | ਸਾ | ऽ | ਹਿ | ਥੁ | ਸऽ | ਚੁऽ | ऽऽ | ੜੁ | ऽऽ | ऽ | ऽ |
| ਗ | ਗ | ਮ | ਗ | ਸ | ਸਾ | ਰੇ | ਨ਼ੀ | -ਧ਼ | | ਸਾ | - | - | - |
| ਸ | ਚ | ੜਾ | ਦੇ | ऽ | ऽ | ਹਿ | ਪਿਆ | ऽ | ऽ | ਰੇ | ऽ | ऽ | ऽ |
| | | | | | ਅੰਤਰਾ : | | | | | | | | |
| ਮ | ਮ | ਮ | ਪ | ਪ | ਧਨ਼ੀ | ਪਧ | ਸਾਂ | ਸਾਂ | ਰੇਂ | ਨ਼ੀ | ਧ | ਸਾਂ | - |
| ਸ | ਚੁ | ਸਿ | ਰੰ | ਦਾ | ਸऽ | ਚਾऽ | ਜਾ | ਣੀ | ऽ | ਐ | ऽ | ऽ | ऽ |
| ਸਾਂ | ਸਾਂ | ਰੇਂ | ਨ਼ੀ | ਨ਼ੀ | ਧ | ਪ | ਧਪ | ਮਪ | ਧਪ | ਰੇ | ਮ | ਗ | - |
| ਸ | ਚ | ੜਾ | ਪ | ਰੰ | ਵ | ਦ | ਗਾऽ | ऽऽ | ऽऽ | ਰੇ | ऽ | ऽ | ऽ |

| | | | | | | | | | | | | | |
|---|---|---|---|---|---|---|---|---|---|---|---|---|---|
| ਸਾ | ਸਾ | ਸਾਰੇ | ਨ਼ੀ | ਨ਼ੀ | ਪ਼ | ਪ਼ | ਧ਼ | ਮ਼ | ਮ਼ | ਧ਼ | ਸਾ | ਸਾਂ | - |
| ਜਿ | ਨਿ | ਆऽ | ਪੀ | ਨੇ | ਆਪਿ | | ਸਾ | ऽ | ਜਿ | ਆ | ऽ | ऽ | ऽ |
| ਸਾਂਨ਼ੀ | ਨ਼ੀ ਧ | ਧਪ | ਪ | ਪ | ਮ | ਪ | ਗ | | ਰੇਮ | ਗ | - | ਸਾਂ | - |
| ਸऽ | ਚ | ਤ੍ਰਾऽ | ਅ | ਲ | ਖ | ਅ | ਪਾ | | ऽऽ | ਰੇ | ऽ | ऽ | ऽ |
| ਨ਼ੀਨ਼ੀ | ਧ | ਮ | ਧ | ਮ | ਪ | ਧ | ਸਾਂ | | -ਧ | ਸਾਂ | ਸਾਂ | - | - |
| ਦੁਇ | ਪੁੜ | | ਜੋ | ऽ | ਤ੍ਰਿ | ਵਿ | ਛੋ | ऽ | ਤ੍ਰਿ | ਅ | ਨੁ | ऽ | ऽ |
| ਸਾਂਸਾਂ | ਸਾਂਰੇਂ | | ਸਾਂਰੇਂ | ਮਂ | ਰੇਂ | ਮਂ | ਗਂ | - | ਸਾਂਰੇ | ਸਾਂ | - | - | - |
| ਗੁਰ | ਬਿਨੁ | | ਘੋऽ | ऽ | ਰ | ਅਂ | ਧਾ | ऽ | ऽऽ | ਰੋ | ऽ | ऽ | ऽ |
| ਸਾਂ | ਸਾਂ | ਰੇਂ | ਨ਼ੀ | - | ਧ | ਪ | ਧਪ | ਮਪ | ਧਪ | ਮ | ਰੇਮ | ਗ | - |
| ਸੂ | ਰ | ਜੁ | ਚੰ | ऽ | ऽ | ਦੂ | ਸਿऽ | ਰਿऽ | ਜਿऽ | ਆ | ऽऽ | ऽ | ऽ |
| ਸਾਰੇ | ਮ | ਪ | ਧ | ਸਾਂ | ਸਾਂ | ਸਾਂ | ਧਸਾਂ | ਰੇਂਸਾਂ | ਨ਼ੀਧ | ਪਧ | ਮਪ | ਰੇਮ | ਗ |
| ਅਹਿ | ਨਿ | ਸਿ | ਚ | ਲ | ਭੁ | ਵੀ | ਚਾऽ | ऽऽ | ऽऽ | ਰੇऽ | ऽऽ | ऽऽ | ऽ |

# ਰਾਗ ਸੋਰਠਿ

ਨਾਦ ਸ਼ਾਸਤਰ ਵਿਗਿਆਨਕਾਂ ਨੇ ਸੋਰਠ ਰਾਗ ਦੀ ਰਚਨਾ ਖਮਾਜ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਸ਼ੁੱਧ ਨਿਸ਼ਾਦ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਵਰਤਿਆ ਜਾਂਦਾ ਹੈ। ਵਿਦਵਾਨਾਂ ਨੇ ਇਸ ਰਾਗ ਦਾ ਗ੍ਰਹਿ ਸੁਰ ਮਧਿਅਮ ਮੰਨਿਆ ਹੈ ਅਤੇ ਨਿਆਸ ਸੁਰ ਰਿਸ਼ਭ। ਇਸ ਰਾਗ ਵਿਚ ਗੰਧਾਰ ਸੁਰ ਦੀ ਵਰਤੋਂ ਗੁਪਤ ਢੰਗ ਨਾਲ ਕੀਤੀ ਜਾਂਦੀ ਹੈ। ਕੁਝ ਕਲਾਕਾਰ ਇਸ ਰਾਗ ਵਿਚ ਕੋਮਲ ਗੰਧਾਰ ਦੀ ਵਰਤੋਂ 'ਸਾ, ਰੇ ਗੁ ਸਾ ਰੇ, ਮ ਪ ਧੀ ਸਾਂ' ਦੇ ਰੂਪ ਵਿਚ ਵੀ ਕਰਦੇ ਹਨ। ਪਰ ਰਾਗ ਧਰਮ ਅਨੁਸਾਰ ਸ਼ੁੱਧ ਗੰਧਾਰ ਮੱਧਿਅਮ ਤੋਂ ਪਰਤਣ ਵੇਲੇ 'ਮ ਗ ਰੇ' ਸੁਰਾਵਟ ਦੁਆਰਾ ਮੀਂਡ ਨਾਲ ਲੈਣਾ ਚਾਹੀਦਾ ਹੈ। ਇਸ ਰਾਗ ਦੇ ਚੜ੍ਹਾ ਵੇਲੇ ਗੰਧਾਰ ਅਤੇ ਧੈਵਤ ਸੁਰ ਵਰਜਿਤ ਕੀਤੇ ਜਾਂਦੇ ਹਨ ਅਤੇ ਅਵਰੋਹ ਵਿਚ (ਗੰਧਾਰ ਗੁਪਤ ਰੂਪ ਵਿਚ) 6 ਸੁਰ ਲਾਏ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਔਡਵ - ਸ਼ਾੜਵ ਹੈ। ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦੀ ਰੂਪ-ਰੇਖਾ ਉਜਾਗਰ ਕਰਨ ਵਿਚ 'ਰੇਂ ਨੀ ਧ, ਮ ਪ ਧ ਮ ਰੇ,' ਸੁਰਾਵਲੀ ਬਹੁਤ ਮਹੱਤਵ ਪੂਰਣ ਕਾਰਜ ਕਰਦੀ ਹੈ।

ਆਰੋਹ : ਸਾ, ᴹਰੇ ਮ ਪ, ਨੀ ਸਾਂ।

ਅਵਰੋਹ : ਰੇਂ ਨੀ ਧ, ਮ ਪ ਧ ਮ, ਰੇ, ਨੀ, ਸਾ।

ਮੁੱਖ ਅੰਗ : ਸਾ, ਮ ਰੇ, ਮ ਪ, ਧ, ਮਰੇ, ਨੀ ਸਾ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ ਨੀ, ਨੀ ਨੀ ਸਾ, ਨੀ ਸਾ ਰੇ, ਨੀ ਧ ਪ, ਧ ਮ ਰੇ, ਰੇ ਮ ਪ, ਮ ਪ ਧ ਧ ਪ, ਰੇ ਮ ਪ ਧ ਮ ਪ ਨੀ ਧ ਪ, ਧ ਮ, ਮ ਪ ਨੀ ਨੀ ਸਾ, ਨੀ ਸਾ ਰੇ, ਨੀ ਧ ਪ ਧ ਮ ਪ ਨੀ ਸਾ ਰੇ, ਪ ਨੀ ਸਾ ਰੇ ਨੀ ਸਾ ਰੇ, ਨੀ ਸਾ ਰੇ ਮ ਰੇ, ਸਾ ਰੇ ਨੀ ਸਾ ਰੇ ਨੀ ਧ ਪ, ਮ ਪ ਨੀ ਸਾ ਰੇ ਮ ਰੇ, ਮ ਮ ਰੇ, ਸਾ ਰੇ ਨੀ ਨੀ ਸਾ।

2. ਮ ਮ ਰੇ, ਨ਼ੀ ਸਾ ਰੇ ਮ ਪ, ਮ ਰੇ ਮ ਪ, ਰੇ ਮ ਪ, ਰੇ ਮ ਪ ਧ ਮ ਪ ਧ ਮਰੇ, ਰੇ ਮ ਪ ਧ ਮ ਪ ਧ ਧ ਪ, ਧ ਮ ਰੇ, ਧ ਧ ਪ ਧ ਮ ਪ ਧ ਮ ਰੇ, ਰੇ ਮ ਪ ਧ ਮ ਪ ਨ਼ੀ ਧ ਪ, ਪਧ ਮ ਪ ਸਾਂ ਪ, ਧ ਮ ਰੇ, ਰੇ ਮ ਪ ਧ ਮ ਪ ਨੀ, ਪ ਧ ਮ ਪ ਨੀ ਨੀ ਸਾਂ, ਪ ਮ ਧ ਪ ਨ਼ੀ ਧ, ਪ ਧ ਮ ਪ ਨੀ ਨੀ ਸਾਂ, ਪ ਧ ਮ ਪ ਨੀ ਸਾਂ ਰੇਂ, ਨ਼ੀ ਧ ਪ, ਨ਼ੀ ਨ਼ੀ ਧ ਪ ਮ ਪ ਸਾਂਪ, ਧ ਮ ਰੇ, ਨ਼ੀ ਨ਼ੀ ਧ ਪ ਪ ਧ ਮ ਧ ਮ ਰੇ, ਪ ਮ ਰੇ, ਮਮ ਰੇ, ਸਾ ਰੇ ਨ਼ੀ ਨ਼ੀ ਸਾ ।

3. ਮ ਮ ਰੇ, ਮ ਮ ਰੇ ਸਾ ਨ਼ੀ ਸਾ ਰੇ ਮ ਪ ਨੀ, ਨੀ, ਨੀ, ਨੀ ਸਾਂ ਨੀ ਸਾਂ, ਰੇਂ ਨ਼ੀ ਧ ਪ ਧ ਮ ਪ ਨੀ ਨੀ ਸਾਂ, ਮ ਪ ਨੀ ਸਾਂ ਪ ਨੀ ਸਾਂ ਰੇਂ, ਰੇ, ਰੇਂ, ਸਾਂ ਰੇਂ ਨੀ ਸਾਂ, ਰੇ ਨ਼ੀ ਧ ਪ, ਪ ਮ ਧ ਪ ਨ਼ੀ ਧ ਸਾਂ ਨੀ ਰੇਂ, ਪ ਰੇਂ ਸਾਂ ਰੇਂ ਨੀ ਸਾਂ ਰੇਂ, ਪ ਨੀ ਸਾਂ ਰੇਂ ਨੀ ਸਾਂ ਰੇਂ ਮਂ ਰੇਂ, ਮਂ ਰੇਂ ਮਂ ਪਂ, ਮਂ ਰੇਂ, ਸਾਂ ਰੇਂ ਨੀ ਸਾਂ, ਰੇਂ ਰੇਂ ਸਾਂ ਨੀ, ਸਾਂ ਨ਼ੀ ਧ ਪ, ਨ਼ੀ ਨ਼ੀ ਧ ਪ ਮ ਨੀ ਸਾ ਰੇਂ ਨ਼ੀ ਧ ਪ, ਮ ਪ ਨੀ ਸਾਂ ਪ, ਨ਼ੀ ਧ ਪ, ਧ ਧ ਪ ਧ ਮ ਪ ਧ ਮ ਰੇ, ਪ ਮ ਰੇ, ਮ ਰੇ, ਸਾ ਰੇ ਨ਼ੀ ਨ਼ੀ ਸਾ ।

ਸੋਰਠਿ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥ ੧ ॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥
ਇਹੁ ਮਨੁ ਤੇਰਾ ਭਾਈ ॥ ਰਹਾਉ ॥
ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਅਸੀਸਾ ॥ ੨ ॥
ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰ ਜੀਉ ਪਾਈਐ ॥ ੩ ॥
ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰ ਨਾਮਾ ਹੈ ਮੀਠਾ ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ
ਨਿਰੰਜਨੁ ਡੀਠਾ ॥ ੪ ॥ ੧ ॥ ੧੨ ॥

(ਗੁ. ਗ੍ਰੰ. ਪੰਨਾ ੬੧੧-੧੨)

## ਰਾਗ ਸੋਰਠਿ ਤ੍ਰਿਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ : | | | | - | ਮ | ਗਰੇ | ਨ਼ੀਸਾ |
| | | | | | | | | | | | | | ਸ਼ | ਨਿਸ | ਮੀਸ |
| ਮਰੇ | - | - | - | - | ਮ | ਰੇ | ਮ | ਨ਼ੀ | ਧ | ਪ | - | - | ਧ | ਮ | ਪ |
| ਤਾਸ | ਸ | ਸ | ਸ | ਸ | ਸ਼ | ਨਿ | ਮੀ | ਤਾ | ਸ | ਸ | ਸ | ਸ | ਸ਼ | ਨਿ | ਮੀ |
| ਨੀ | ਸ | ਸਾਂ | ਸ | ਸਾਂ | ਨੀ | ਸਾਂ | ਨੀ | ਸਾਂ | ਨੀ | ਸਾਂ | ਪ | - | ਨੀ | - | ਨੀ |
| ਤਾ | - | ਸ | ਸ | ਸ | ਸ | ਸ | ਸ | ਸ | ਸ | ਸ | ਸ | ਸ | ਧ਼ | ਸ | ਰੀ |
| ਸਾਂ | ਨੀ | ਸਾਂ | ਸਾਂ | ਪਨੀ | ਸਾਂਰੇਂ | ਸਾਂ | ਰੇਂ | ਨੀ | - | ਧ | ਪ | - | ਪਧ | ਮ | ਮ |
| ਕਊ | ਸ | ਬ | ਲਿ | ਜਾਸ | ਸਸ | ਸ | ਸ | ਈ | ਸ | ਸ | ਸ | ਸ | ਇਹੁ | ਮ | ਨੁ |
| ਮ | -ਰੇ | ਨ਼ੀ | ਸਾ | ਰੇਮ | ਪਧ | ਮਪ | ਨੀਸਾਂ | ਨ਼ੀਧ | ਪਧ | ਮਮ | ਰੇਸਾ | ਨ਼ੀਸਾ | | | |
| ਤੇ | ਸਸ | ਰਾ | ਸ | ਭਾਸ | ਸਸ | ਸਸ | ਸਸ | ਈਸ | ਸਸ | ਸਸ | ਸਸ | ਸਸ | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| - | ਮਰੇ | ਮ | ਪ | ਨੀ | - | ਨੀ | - | ਸਾਂਸਾਂ | ਸਾਂ | ਸਾਂ | ਸਾਂ | ਸਾਂਰੇਂ | ਨੀਸਾਂ | ਸਾਂ | ਸਾਂ |
| ऽ | ਏਂऽ | ਕੁ | ਪਿ | ਤਾ | ऽ | ਏ | ऽ | ਕਸ | ਕੇ | ਹ | ਮ | ਬਾਂऽ | ऽऽ | ਰਿ | ਕ |
| - | ਨੀ | - | ਨੀ | ਨੀਸਾਂ | ਰੇਂਮਂ | ਮਂਗਂ | ਰੇਂ | ਨੀ | ਸਾਂ | ਨੀਸਾਂ | ਰੇਂ | ਨੀ | - | ਧ | ਪ |
| - | ਤੂ | ऽ | ਮੰ | ਰਾਂऽ | ऽऽ | ਗੁऽ | ਰ | ਹਾ | ऽ | ऽऽ | ऽ | ਏ | ऽ | ऽ | ऽ |
| - | ਨੀ | ਨੀ | ਨੀ | ਸਾਂ | ਨੀ | ਸਾਂ | ਪ | ਪਨੀ | ਸਾਂਰੇਂ | ਸਾਂ | ਰੇਂ | ਨੀ | - | ਧ | ਪ |
| ऽ | ਸੁ | ਨਿ | ਮੀ | ਤਾ | ऽ | ऽ | ऽ | ਜੀऽ | ऽऽ | ਉ | ਹ | ਮਾ | ऽ | ਰਾ | ऽ |
| - | ਪਧ | ਮ | ਮ | ਮ | ਗਰੇ | ਨੀ | ਸਾ | - | - | - | ਸਾਸਾ | ਮ | ਰੇ | ਮ | ਪ |
| ऽ | ਬਲਿ | ਬ | ਲਿ | ਜਾ | ऽऽ | ਸੀ | ऽ | ऽ | ऽ | ऽ | ਹਰਿ | ਦ | ਰ | ਸ | ਨੁ |
| ਨੀ | - | ਸਾਂ | ਸਾਂ | ਪਧ | ਮਪ | ਨੀਸਾਂ | ਰੇਂਰੇਂ | ਨੀਧ | ਪਧ | ਮਮ | ਰੇਸਾ | ਨੀਸਾ | | | |
| ਦੇ | ऽ | ਹੁ | ਦਿ | ਖਾऽ | ऽऽ | ऽऽ | ऽऽ | ਦੀऽ | ऽऽ | ऽऽ | ऽऽ | ऽऽ | | | |

# ਰਾਗ ਧਨਾਸਰੀ

ਧਨਾਸਰੀ ਰਾਗ ਦੀ, ਭਾਰਤੀ ਸੰਗੀਤ ਦੇ ਅਪ੍ਰਚਲਿਤ ਰਾਗਾਂ ਵਿਚ ਗਣਨਾ ਕੀਤੀ ਜਾਂਦੀ ਹੈ। ਇਹ ਬੜਾ ਪੁਰਾਤਨ ਅਤੇ ਮਧੁਰ ਪ੍ਰਕਾਰ ਹੈ। ਸਾਡੇ ਸੰਗ੍ਰਹਿ ਵਿਚ ਇਸ ਰਾਗ ਦੇ ਤਿੰਨ ਪ੍ਰਕਾਰ ਹਨ। (ੳ) ਕਾਫੀ ਥਾਟ ਦਾ (ਅ) ਭੈਰਵੀ ਥਾਟ ਦਾ ਅਤੇ (ੲ) ਪਟਦੀਪ ਅੰਗ ਦਾ। ਇਥੇ ਅਸੀਂ ਇਸਦੇ ਪਹਿਲੇ ਸਰੂਪ ਤੇ ਵਿਚਾਰ ਕਰ ਰਹੇ ਹਾਂ।

ਵਿਦਵਾਨਾਂ ਨੇ ਧਨਾਸਰੀ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਕਾਫੀ ਥਾਟ ਦੇ ਅੰਤਰਗਤ ਮੰਨੀ ਹੈ। ਇਸ ਰਾਗ ਵਿਚ ਗੰਧਾਰ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਕਾਰਣ ਇਸ ਦੀ ਜ਼ਾਤੀ ਔਡਵ - ਸੰਪੂਰਣ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ ਇਸ ਰਾਗ ਵਿਚ 'ਪਗ' ਸੁਰ ਸੰਗਤੀ ਅਤਿਅੰਤ ਮਹੱਤਵ ਪੂਰਣ ਹੈ। ਇਸ ਦਾ ਨਿਕਟ ਵਰਤੀ ਰਾਗ ਭੀਮਪਲਾਸੀ ਹੈ। ਧਨਾਸਰੀ ਅਤੇ ਭੀਮਪਲਾਸੀ ਵਿਚ ਇਤਨੀ ਨੇੜਤਾ ਹੈ ਕਿ ਸਾਧਾਰਣ ਗਿਆਤਾ ਇਨ੍ਹਾਂ ਦੇ ਸਰੂਪ ਨੂੰ ਨਿਖੇੜਨ ਵਿਚ ਕਈ ਵਾਰ ਭੁਲੇਖਾ ਖਾ ਜਾਂਦਾ ਹੈ। ਇਨ੍ਹਾਂ ਦੋਹਾਂ ਰਾਗਾਂ ਦੇ ਕਈ ਸਥਾਨਾਂ ਤੇ ਮਹਾਂਦਰੇ ਇੰਨੇ ਮਿਲਦੇ ਜੁਲਦੇ ਹਨ ਕਿ ਕਈ ਵਾਰੀ ਅਲਪ ਗਿਆਨ ਰੱਖਣ ਵਾਲੇ ਗਾਇਕ ਵੀ ਦੋਹਾਂ ਰਾਗਾਂ ਵਿਚ ਭੇਦ ਸਪਸ਼ਟ ਕਰਨੋ ਅਸਮਰਥ ਹੋ ਜਾਂਦੇ ਹਨ। ਧਨਾਸਰੀ ਦਾ ਸਮਪ੍ਰਕ੍ਰਿਤ ਰਾਗ ਧਾਨੀ ਵੀ ਪ੍ਰਚਲਿਤ ਹੈ ਪਰ ਉਸ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ ਜਿਸ ਕਾਰਣ ਇਹ ਉਸ ਤੋਂ ਨਿਖੜ ਜਾਂਦਾ ਹੈ। ਭਾਰਤੀ ਸੰਗੀਤ ਦਾ ਇਹ ਇਕ ਬਹੁਤ ਵੱਡਾ ਨਿਯਮ ਹੈ ਰਾਗਾਂ ਵਿਚ ਭਿੰਨਤਾਂ ਦਰਸਾਉਣ ਲਈ ਉਹ ਹੈ 'ਵਾਦੀ ਭੇਦੇ ਰਾਗਾ ਭੇਦਾ' ਅਰਥਾਤ ਕਈ ਰਾਗਾਂ ਵਿਚ ਭਾਵੇਂ ਸੁਰ ਸਮਾਨ ਵੀ ਕਿਉਂ ਨਾ ਲਗਦੇ ਹੋਣ ਪਰ ਵਾਦੀ ਦੇ ਭੇਦ ਕਾਰਣ ਉਹ ਇਕ ਦੂਜੇ ਨਾਲੋਂ ਵੱਖ ਹੋ ਜਾਂਦੇ ਹਨ। ਭਾਵ ਭੀਮਪਲਾਸੀ ਦਾ ਵਾਦੀ ਸੁਰ ਮੱਧਿਅਮ ਹੈ ਅਤੇ ਧਨਾਸਰੀ ਦਾ ਪੰਚਮ, ਜਿਸ ਕਾਰਣ ਇਹ ਦੋਵੇਂ ਰਾਗ ਇਕ ਦੂਜੇ ਨਾਲੋਂ ਸਹਿਜੇ ਹੀ ਭਿੰਨ ਹੋ ਜਾਂਦੇ ਹਨ। ਧਨਾਸਰੀ ਰਾਗ ਦਾ ਇਕ ਪ੍ਰਕਾਰ ਭੈਰਵੀ ਥਾਟ ਦਾ ਵੀ ਪ੍ਰਚਾਰ ਵਿਚ ਹੈ। ਕਾਫੀ ਥਾਟ ਦੇ ਧਨਾਸਰੀ ਵਿਚ ਅਤੇ ਭੈਰਵੀ ਥਾਟ ਦੇ ਧਨਾਸਰੀ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਕੇਵਲ ਸੁਰਾਂ ਦਾ ਰੂਪਾਂਤਰ ਕਰਨ ਨਾਲ ਹੀ ਕਾਫੀ ਥਾਟ ਦਾ ਧਨਾਸਰੀ ਭੈਰਵੀ ਥਾਟ ਦੇ ਧਨਾਸਰੀ ਦਾ ਰੂਪ ਧਾਰਣ ਕਰ ਲੈਂਦਾ ਹੈ। ਦੂਜੇ ਸ਼ਬਦਾਂ ਸ਼ਬਦਾਂ ਵਿਚ ਜੇ ਅਸੀਂ ਕਾਫੀ ਥਾਟ ਦੇ ਧਨਾਸਰੀ (ਜਿਸ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਹਨ) ਨੂੰ ਭੈਰਵੀ ਥਾਟ ਵਿਚ ਲੈ ਜਾਈਏ, ਭਾਵ ਰਿਸ਼ਭ,

ਧੈਵਤ ਵੀ ਕੋਮਲ ਕਰ ਦਈਏ ਤਾਂ ਕੁਝ ਨਾ ਕੁਝ ਅੰਸ਼ ਵਿਚ ਧਨਾਸਰੀ ਦਾ ਸਰੂਪ ਸਾਕਾਰ ਹੋ ਜਾਂਦਾ ਹੈ। ਧਨਾਸਰੀ ਰਾਗ ਦੇ ਸਰੂਪ ਨੂੰ ਪ੍ਰਗਟਾਉਣ ਲਈ 'ਨੀਸਾ ਗੁ ਮ ਪ, ਗੁ, ਸਾ ਗੁ ਮ ਪ ਗੁ, ਪਗੁ, ਰੇ ਸਾ' ਸੁਰ-ਸਮੂਹ ਬਹੁਤ ਸਹਾਈ ਸਿੱਧ ਹੁੰਦਾ ਹੈ।

ਆਰੋਹ : ਸਾ, ਨੀਸਾ ਗੁਮਪ, ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ ਗੁ, ਪ ਗੁ, ਮ ਗੁ ਰੇ ਸਾ।

ਮੁੱਖ ਅੰਗ : ਸਾ, ਗੁ ਗੁ ਪ, ਮ ਪ ਗੁ, ਰੇ ਸਾ।

## ਸੁਰ ਵਿਸਤਾਰ

1. ਸਾ, ਨੀ ਨੀ ਸਾ, ਸਾਰੇ ਸਾਸਾ ਨੀ ਨੀ ਧਪ, ਮ ਪ ਨੀ ਧ ਧ ਪ, ਧ ਮ ਪ ਗੁ, ਮ ਪ, ਗੁ ਮ ਪ, ਗੁ ਮ ਧ ਪ, ਧ ਧ ਪ ਮ ਪ, ਮ ਪ ਨੀ ਧ ਪ, ਪ ਧ ਮ ਪ ਗੁ ਮ ਪ ਨੀ ਸਾਂ, ਪ ਨੀ ਸਾਰੇ ਨੀ ਸਾ ਗੁ, ਰੇ ਸਾ, ਨੀ ਸਾ ਗੁਮ ਪ ਗੁ, ਸਾਸਾ ਗੁਗੁ ਪਗੁ, ਮਗੁ, ਰੇ ਸਾ, ਨੀ ਰੇਸਾ, ਨੀ ਨੀ ਧ ਪ, ਧ ਮ ਪ ਸਾ ਪ ਨੀ ਸਾ, ਨੀ ਨੀ ਰੇਸਾ।

2. ਸਾ, ਰੇ ਰੇ ਸਾਨੀਸਾ, ਨੀਸਾ ਗੁ ਗੁ ਮਪ, ਗੁ ਮ ਸਾਗੁ ਮ ਪ ਗੁ ਮ ਪ, ਸਾਰੇ ਸਾਸਾ, ਗੁ ਮ ਗੁਗੁ, ਮਪ ਮ ਮ, ਪ ਮ ਪ, ਸਾਗੁ ਮ ਪ ਗੁ ਮ ਪ, ਗੁਮ ਧਪ ਧ ਮ ਪ ਗੁ ਸਾਗੁ ਮ ਧ ਪ, ਪ ਧ ਮ ਪ ਗੁਮ ਨੀ ਧਪ, ਧਪ ਧ ਪ ਧ ਮ ਪ ਨੀ ਧਪ, ਨੀ ਨੀ ਧਪ, ਧਧਪ ਮ ਪ ਗੁ, ਮ ਪ ਸਾਂ ਨੀਧ ਪ, ਨੀ ਨੀ ਧ ਮ ਪ ਨੀ ਧ ਪ, ਪ ਧ ਮ ਪ ਸਾਂ ਰੇਂ ਨੀਸਾਂ ਨੀ ਨੀ ਧ ਪ, ਧਧ ਪ ਧ ਮਪ ਗੁ, ਪਗੁ ਰੇ ਸਾ, ਨੀ ਨੀ ਰੇ ਸਾ।

3. ਨੀਸਾ ਗੁ ਮਪ, ਮ ਪ ਗੁ, ਮ ਪ, ਧਪ ਮਪ ਗੁਮਪ, ਨੀ ਨੀ ਧਪ ਮਪ ਗੁ ਮ ਪ ਮਪਗੁ ਮ ਪ ਨੀ ਸਾਂ, ਸਾਂਨੀ ਧਪ ਮ ਪ ਗੁ ਮ ਪ ਨੀ ਸਾਂ, ਪ ਨੀਸਾਂ ਰੇਂ ਨੀਸਾਂ ਨੀ ਨੀ ਧਪ, ਧਪ ਧਪ ਧਮਪ ਨੀ ਨੀ ਸਾਂ, ਪਨੀ ਸਾਂਰੇਂ ਨੀਸਾਂ ਗੁਂ, ਗੁ ਗੁਂ ਰੇਂ ਸਾਂ, ਰੇਂ ਰੇਂ ਸਾਂਨੀ ਸਾਂ, ਨੀ ਸਾਂ ਗੁ, ਰੇਂ ਸਾਂ, ਨੀ ਸਾਂ ਮ ਗੁ ਰੇਂ ਸਾਂ, ਨੀ ਸ ਗੁਂ ਮੰ ਪੰ ਮੰ ਪੰ ਗੁਂ, ਪੰਗੁਂ ਰੇਂਸਾਂ, ਨੀਸਾਂ ਮੰਗੁਂ ਰੇਂਸਾਂ, ਨੀਸਾਂਗੁਂ ਰੇਂਸਾਂ, ਨੀਸਾਂ ਰੇਂ ਰੇਂ ਸਾਂ, ਨੀ ਨੀ ਧਧ ਪਪ ਮਪ ਗੁ, ਧਪ ਮਪ ਗੁ, ਪਗੁ, ਰੇ ਸਾ ਨੀ ਨੀ ਰੇਸਾ।

ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪਨੇ ਨਾਮ ਜਪਉ ਹਰਿ ਰੰਗਿ ॥ ੧ ॥
ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ੧ ॥ ਰਹਾਉ ॥
ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ ਹਰਿ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥
੨ ॥ ੧ ॥ ੨੫ ॥

(ਗੁ. ਗ੍ਰੰ. ਪੰਨਾ ੬੭੭)

## ਰਾਗ ਧਨਾਸਰੀ (ਕਾਫ਼ੀ ਥਾਟ) ਤ੍ਰਿਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਸਥਾਈ : | | | | ਪਨ਼ੀ | ਸਾਂਨ਼ੀ | ਧ | ਪ | - | ਮਪਧ | ਮ | ਪ | ਮ ਗੁ | - | ਮ | ਪ |
| | | | | ਜਨS | ਨS | ਕਉ | S | S | ਪ੍ਰਭ | ਅ | ਪ | ਨੇ | S | ਕਾ | S |
| ਸਾਂ | '- | - | ਸਾਂ | ਪਨ਼ੀ | ਸਾਂਨ਼ੀ | ਧ | ਪ | ਮ | ਪ | ਗੁ | ਮ | ਪ | - | ਗੁ | ਮ |
| ਤਾ | S | S | ਣੂ | ਜੰS | SS | ਤੂ | S | ਕ | ਰ | ਹਿ | ਕ | ਰਾ | S | ਵ | ਹਿ |
| ਗੁ | - | ਰੇ | ਸਾ | ਨ਼ੀ | ਸਾ | ਗੁ | ਮ | ਪ | ਪ | ਗੁ | ਮ | ਪਨ਼ੀ | ਸਾਰੇ | ਨ਼ੀਸਾ | ਗੁਰੇ |
| ਸੁਆ | S | ਮੀ | S | ਸਾ | S | ਮ | ਸ | ਲ | ਤਿ | ਪ | ਰ | ਵਾS | SS | SS | SS |
| ਸਾਂਨ਼ੀ | ਧਪ | ਮਗੁ | ਰੇਸਾ | | | | | | | | | | | | |
| SS | SS | SS | ਣੂS | | | | | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਅੰਤਰਾ : | | | | ਪ | ਪ | ਪ | - | ਮਧ | ਧਮ | ਗ̱ | ਮ | ਪ | - | ਨੀ̱ | ਨੀ̱ |
| | | | | ਘ | ਰਿ | ਬਾ | ऽ | ਹऽ | ਰਿऽ | ਤੇ | ऽ | ਰਾ | ऽ | ਬ | ਹ |
| ਸਾਂ | - | ਸਾਂ | - | ਪ | ਨੀ̱ | ਸਾਂ | ਗ̱ਂ | ਰੇਂ | - | ਸਾਂ | - | ਨੀ̱ | ਸਾਂ | ਨੀ̱ਸਾਂ | ਰੇਂਸਾਂ |
| ਢਾ | ऽ | ਸਾ | ऽ | ਤੂ | ऽ | ਜ | ਨ | ਕੇ | ऽ | ਹੈ | ऽ | ਸੰ | ऽ | ऽऽ | ऽऽ |
| ਨੀ̱ | ਨੀ̱ | ਧ | ਪ | ਮ | ਪ | ਗ | ਮ | ਗ̱ਮ | ਪਨੀ̱ | ਧ | ਪ | ਧ | ਮ | ਪ | ਗ̱ |
| ऽ | ऽ | ऽ | ਗਿ | ਕ | ਰਿ | ਕਿ | ਰ | ਪਾऽ | ऽऽ | ਪੀ | ऽ | ਤ | ਮ | ਪ | ਭ |
| ਮ | ਗ̱ | ਰੇ | ਸਾ | ਨੀ̣ | ਸਾ | ਗ̱ | ਮ | ਪ | - | ਗ̱ | ਮ | ਪਨੀ̱ | ਸਾਂਰੇਂ | ਨੀ̱ਸਾਂ | ਗ̱ਂਰੇਂ |
| ਅ | ਪ | ਨੇ | ऽ | ਨਾ | ऽ | ਮ | ਜ | ਪਊ | ऽ | ਹ | ਰਿ | ਰੰऽ | ऽऽ | ऽऽ | ऽऽ |
| ਸਾਂਨੀ̱ | ਧਪ | ਮਗ̱ | ਰੇਸਾ | | | | | | | | | | | | |
| ऽऽ | ऽऽ | ऽऽ | ਗਿऽ | | | | | | | | | | | | |

# ਰਾਗ ਜੈਤਸਰੀ

ਜੈਤਸਰੀ ਰਾਗ ਦੀ ਗਣਨਾ ਭਾਰਤੀ ਸੰਗੀਤ ਅਸਾਧਾਰਣ ਰਾਗਾਂ ਵਿਚ ਕੀਤੀ ਜਾਂਦੀ ਹੈ। ਇਹ ਰਾਗ ਜਿਤਨਾ ਮਨੋਰੰਜਕ ਹੈ ਉਤਨਾ ਹੀ ਕਠਿਨ ਹੈ। ਜਿਸ ਨੂੰ ਸ਼ੁੱਧਤਾ ਸਹਿਤ ਮਹਾਨ ਗਾਇਕ ਹੀ ਗਾ ਸਕਦੇ ਹਨ।

ਸੰਸਕ੍ਰਿਤ ਗ੍ਰੰਥਾਂ ਵਿਚ ਇਸ ਰਾਗ ਨੂੰ ਕਈ ਨਾਂਵਾਂ ਨਾਲ ਸੰਬੋਧਨ ਕੀਤਾ ਗਿਆ ਹੈ ਜਿਵੇਂ ਜੈਤਸ੍ਰੀ, ਜਯਸ੍ਰੀ, ਜਯੰਤ ਸ੍ਰੀ ਆਦਿ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਰਾਗੁ ਜੈਤਸਰੀ' ਸ਼ਬਦ ਜੋੜ ਨਾਲ ਅੰਕਿਤ ਕੀਤਾ ਗਿਆ ਹੈ।

ਜੈਤਸਰੀ ਦੇ ਸਰੂਪ ਬਾਰੇ ਸੰਗੀਤਾਚਾਰੀਆਂ ਵਿਚ ਕਾਫੀ ਮਤਭੇਦ ਹਨ। ਕੁਝ ਇਸ ਨੂੰ ਮਾਰਵਾ ਮੇਲ ਦਾ ਰਾਗ ਸਵੀਕਾਰਦੇ ਹਨ ਅਤੇ ਤੀਬਰ ਧੈਵਤ ਦੀ ਵਰਤੋਂ ਕਰਦੇ ਹਨ। ਦੂਜੇ ਇਸ ਨੂੰ ਪੂਰਵੀ ਥਾਟ ਦਾ ਰਾਗ ਮੰਨਦੇ ਹਨ। ਤੀਜੇ ਇਸ ਦਾ ਥਾਟ ਤਾਂ ਪੂਰਵੀ ਹੀ ਮੰਨਦੇ ਹਨ ਅਤੇ ਆਰੋਹ-ਅਵਰੋਹ ਵਿਚ ਧੈਵਤ ਦਾ ਤਿਆਗ ਕਰਨ ਦੇ ਹਾਮੀ ਹਨ।

ਮੱਧਕਾਲ ਦੇ ਇਕ ਗ੍ਰੰਥਕਾਰ ਪੰਡਿਤ ਅਹੋਬਲ ਨੇ (1650 ਈ.) ਇਸ ਰਾਗ ਦਾ ਬਿਓਰਾ ਇਸ ਤਰ੍ਹਾਂ ਦਿਤਾ ਹੈ, 'ਜੈਤਸਰੀ ਰਾਗ ਵਿਚ ਰਿਸ਼ਭ ਧੈਵਤ ਕੋਮਲ, ਗੰਧਾਰ, ਮੱਧਿਅਮ, ਨਿਸ਼ਾਦ ਤੀਬਰ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹਨ।' ਵਰਤਮਾਨ ਵਿਚ ਉਪਰੋਕਤ ਚਾਰ ਮਤਾਂ ਵਿਚੋਂ ਪੰਡਿਤ ਅਹੋਬਲ ਦਾ ਵਿਆਖਿਆ ਜੈਤਸਰੀ ਦਾ ਸਰੂਪ ਵਧੇਰੇ ਪ੍ਰਚਾਰ ਵਿਚ ਹੈ।

ਆਧੁਨਿਕ ਪ੍ਰਚਲਿਤ ਥਾਟ ਵਰਗੀਕਰਣ ਅਨੁਸਾਰ ਜੈਤਸਰੀ ਨੂੰ ਵਿਦਵਾਨਾਂ ਨੇ ਪੂਰਵੀ ਥਾਟ ਦੇ ਅੰਤਗਤ ਰਖਿਆ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ ਮੱਧਿਅਮ ਤੀਬਰ ਅਤੇ ਬਾਕੀ ਸੁਰ, ਸ਼ੁੱਧ ਪ੍ਰਯੋਗ ਹੁੰਦੇ ਹਨ। ਇਹ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਸੁਰਾਂ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਕਾਰਣ ਇਸਦੀ ਜਾਤੀ ਔਡਵ ਸੰਪੂਰਣ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਕੁਝ ਕਲਾਕਾਰ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਮੰਨਦੇ ਹਨ ਪਰ ਪਹਿਲਾ ਮਤ ਪ੍ਰਚਾਰ ਵਿਚ ਵਧੇਰੇ ਹੈ। ਜੈਤਸਰੀ ਰਾਗ ਨੂੰ ਸੰਗੀਤ-ਕਾਰਾਂ ਨੇ ਸੰਧੀ ਪ੍ਰਕਾਸ਼ ਰਾਗਾਂ ਦੇ ਵਰਗ ਵਿਚ ਸ਼ਾਮਲ ਕੀਤਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਗੰਧਾਰ ਵਾਦੀ ਹੋਣ ਦੇ ਕਾਰਣ ਇਸ ਨੂੰ ਪੂਰਵਾਂਗ ਵਾਦੀ ਰਾਗ ਮੰਨਿਆ ਜਾਂਦਾ ਹੈ।

ਜੈਤਸਰੀ ਰਾਗ ਦਾ ਅਤਿਅੰਤ ਨਿਕਟ ਵਰਤੀ ਰਾਗ ਪੂਰੀਆ ਧਨਾਸਰੀ ਹੈ, ਪੂਰੀਆ ਧਨਾਸਰੀ ਦੀ ਰੂਪ ਰੇਖਾ 'ਮੰਗ ਮੰਰੇਗਾ' ਸੁਰ ਸੰਗੀਤ ਦੁਆਰਾ ਪ੍ਰਗਟਾਈ ਜਾਂਦੀ ਹੈ ਅਤੇ ਜੈਤਸਰੀ ਦੀ 'ਪ ਮੰਧ਼ ਮੰਗ, ਮੰਗ ਰੇ਼ ਸਾ' ਦੁਆਰਾ। ਇਸ ਤੋਂ ਬਿਨਾਂ ਜੈਤਸਰੀ ਵਿਚ ਪੰਚਮ ਸੁਰ ਤੇ ਵਿਸ਼ੇਸ਼ ਤੌਰ ਤੇ ਨਿਆਸ ਕੀਤਾ ਜਾਂਦਾ ਹੈ ਅਤੇ 'ਸਾਸਾ, ਗ ਗ ਪ' ਸੁਰਾਵਲੀ ਦੁਆਰਾ ਪੂਰੀਆ ਧਨਾਸਰੀ ਨਾਲੋਂ ਨਿਖੇੜਿਆ ਜਾਂਦਾ ਹੈ। ਜੈਤਸਰੀ ਰਾਗ ਵਿਚ ਕਈ ਵਾਰ ਕਲਾਕਾਰ 'ਮੰ ਪ ਨੀ ਸਾ ਰੇਸਾ' ਸੁਰ ਸੰਗਤੀ ਦਾ ਵੀ ਪ੍ਰਯੋਗ ਕਰਦੇ ਕੰਨ ਗੋਚਰ ਹੁੰਦੇ ਹਨ ਜਿਸ ਤੋਂ ਸ੍ਰੋਤਿਆਂ ਨੂੰ ਸ੍ਰੀ ਰਾਗ ਦਾ ਭਰਮ ਉਤਪੰਨ ਹੋ ਜਾਂਦਾ ਹੈ। ਪਰੰਤੂ ਸ੍ਰੀ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਪੂਰਣ ਤੌਰ ਤੇ ਵਰਜਿਤ ਰਹਿੰਦੇ ਹਨ ਜਿਸ ਕਾਰਨ ਇਹ ਭੁਲੇਖਾ ਦੂਰ ਹੋ ਜਾਂਦਾ ਹੈ ਜਿਸ ਵੇਲੇ ਗਾਇਕ 'ਸਾ ਸਾ ਗ ਗ ਪ' ਸੁਰਾਵਟ ਲੈਂਦਾ ਹੈ।

ਪਟਨਾ ਨਿਵਾਸੀ ਮੁਹੰਮਦ ਰਜ਼ਾ ਲਿਖਤ ਪੁਸਤਕ 'ਨਗ਼ਮਾਤੇ ਆਸਫ਼ੀ' (1813 ਈ.) ਵਿਚ ਜੈਤਸਰੀ ਰਾਗ ਨੂੰ ਸ੍ਰੀ ਰਾਗ ਦੀ ਰਾਗਣੀ ਮੰਨਿਆ ਹੈ। "ਨਾਦ ਬਿਨੋਦ ਦੇ ਕਰਤਾ ਗੋ ਸੁਆਮੀ ਪੰਨਾ ਲਾਲ (1846) ਨੇ ਇਸ ਨੂੰ ਦੀਪਕ ਦੀ ਰਾਗਣੀ "ਬੁੱਧ ਪ੍ਰਕਾਸ਼" ਦੇ ਲੇਖਕ ਨੇ ਇਸ ਨੂੰ ਮਾਲਕੌਂਸ ਦੀ ਨੂੰਹ ਅਤੇ "ਰਾਧਾ ਗੋਬਿੰਦ ਸੰਗੀਤਕਾਰ" ਦੇ ਸਿਰਜਣਹਾਰ ਨੇ ਜੈਤਸਰੀ ਨੂੰ ਦੇਸ਼ਕਾਰ ਦੀ ਰਾਗਣੀ ਮੰਨਿਆ ਹੈ। ਉਨ੍ਹਾਂ ਵਿਚ ਅਸਮਾਨਤਾ ਅਤੇ ਗੜਬੜ ਗੁਠਾਲਾ ਵੇਖਦਿਆਂ ਹੋਇਆ ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਚੌਥੇ, ਪੰਜਵੇਂ, ਨੌਵੇਂ ਸਤਿਗੁਰਾਂ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਤੇ ਸਿਰਲੇਖ ਦੇ ਰੂਪ ਵਿਚ ਕੇਵਲ "ਰਾਗੁ ਜੈਤਸਰੀ" ਅੰਕਿਤ ਕੀਤਾ ਹੈ। ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਨੇ ਮੱਧਕਾਲੀ ਕਪੋਲ ਕਲਪਨਾ ਵਾਲੀ ਰਾਗ-ਰਾਗਣੀ ਪੱਧਤੀ ਨੂੰ ਬਿਲਕੁਲ ਨਹੀਂ ਸਵੀਕਾਰਿਆ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਹੋਰ ਰਾਗਾਂ ਨੂੰ ਵੀ ਆਪਣੀ ਨਿਜੀ ਵਿਉਂਤ ਅਨੁਸਾਰ 'ਰਾਗੁ' ਨਾਵਾਂ ਨਾਲ ਨਿਵਾਜਿਆ ਹੈ।

ਆਰੋਹ : ਸਾ, ਨ਼ੀਸਾ, ਗ਼ਪ, ਮੰ ਧ਼ ਪ, ਨੀਸਾਂ

ਅਵਰੋਹ : ਸਾਂਨੀ ਧ਼ਪ, ਮੰਗ, ਮੰਗ, ਰੇ਼ ਸਾ।

ਮੁਖ ਅੰਗ : ਸਾ, ਨ਼ੀ ਸਾ ਗਪ, ਮੰ ਧ਼ਪ, ਮੰਗ, ਮੰਗ ਰੇ਼ਸਾ।

## ਸੁਰ ਵਿਸਤਾਰ

1. ਸਾ, ਸਾਰੇ਼ ਸਾ ਸਾ, ਨ਼ੀ, ਨ਼ੀ ਨ਼ੀਸਾ, ਨ਼ੀਰੇ਼ ਸਾ, ਰੇ਼ ਨ਼ੀ ਧ਼ਪ਼, ਮੰ਼ ਪ਼ ਮ ਧ਼ ਪ਼,

ਮੰ਼ ਧ਼ ਮੰ਼ ਗ਼, ਮੰ਼ ਮੰ਼ ਗ਼ ਪ਼, ਗ਼ ਮੰ਼ ਪ਼ ਧ਼ ਮੰਪ਼ ਗ਼ ਪ਼ ਮੰ਼ ਧ਼ ਪ਼, ਮੰ਼ ਧ਼ ਮੰ਼ ਗ ਮੰਗ਼, ਮੰ਼ ਧ਼

ਪ ਪ ਮੰ ਪ ਨੀ ਨੀ, ਧ ਪ ਮੰਪ ਧ ਪ, ਸਾ, ਮੰ ਪ ਨੀ ਸਾ ਰੇ ਰੇ ਸਾ, ਮੰ ਰੇ ਨੀ ਧ ਪ
ਮੰ ਪ ਨੀ ਨੀਸਾ ਨੀ ਰੇ ਸਾ ।

2. ਨੀ ਸਾ ਗ, ਰੇ ਸਾ ਨੀ-ਸਾ ਗ, ਮੰ ਮੰ ਗ, ਮੰ ਗ, ਰੇ ਸਾ, ਨੀ ਸਾ ਗ,
ਸਾਸਾ ਗ ਗ ਮੰ, ਮੰ ਮੰ ਗ ਸਾਗ ਮੰ, ਮੰਗ, ਮੰਗ ਰੇ ਸਾ ਨੀ ਸਾਗ ਮੰ, ਮੰਗ ਸਾਗ ਸ ਮੰ ਪੰ
ਮੰ, ਗ ਪ ਮੰ, ਮੰ ਗਰੇ ਸਾ, ਸਾ ਸਾ ਗ ਗਪ, ਮੰਧਪ, ਪਧ ਮੰਪ ਗ ਮੰ ਗ ਪ ਮੰਧ ਪ ਪ
ਮੰ ਗ ਮੰ ਪ ਧ ਮੰ ਪ ਮੰਧ ਮੰਗ, ਪ ਗ ਰੇ ਸਾ, ਗਪ ਮੰਧਪ, ਗ ਮੰ ਗ ਪ ਮੰਧ ਪ ਧ ਮੰਪ
ਨੀ ਧਪ, ਧ ਮੰਗ, ਗ ਮੰ ਪ ਧਪ, ਨੀ ਧਪ, ਸਾਂਨੀ ਧਪ, ਨੀਧਪ, ਰੇਂ ਨੀ ਧਪ, ਮੰਧ ਮੰਗ
ਮੰਗ, ਨੀ ਮੰਗ, ਮੰਗ, ਰੇ ਸਾ, ਨੀ ਨੀ ਰੇ ਸਾ ।

3. ਪ ਪ ਮੰਧ ਮੰਗ, ਮੰ ਧਪ, ਸਾਂ, ਨੀਸਾਂ, ਸਾਂਨੀਧਪ ਮੰਗ ਮੰ ਧਪ ਸਾਂ, ਨੀਸਾਂ,
ਸਾਂਰੇਂ ਨੀਸਾਂ ਨੀਰੇਂ ਨੀ ਧਪ, ਮੰਪ ਧਪ ਮੰਪ ਨੀਸਾਂ ਨੀਸਾਂ, ਮੰਪ ਨੀਸਾਂ ਰੇਂ ਰੇਂਸਾਂ ਮੰ ਪ
ਨੀਸਾਂ ਰੇਂ ਰੇਂਸਾਂ ਗਂ ਰੇਂ ਸਾਂ, ਨੀਸਾਂ, ਗਂ, ਗ ਗਂ, ਰੇਂ ਸਾਂ, ਨੀਸਾਂਗਂ ਮੰ ਮੰ ਗਂ, ਰੇਂ ਸਾਂ
ਗਂ ਗਂ ਰੇਂਸਾਂਨੀ ਸਾਂ ਗਂ ਮੰ, ਮੰ ਗਂ, ਸਾਂ ਸਾਂ ਗਂ ਗਂਪਂ ਮੰ ਧ ਮੰ ਗ ਮੰ ਗਂ, ਰੇਂਸਾ ਨੀਸਾਂ
ਨੀਰੇਂ ਸਾਂ ਗਂ ਰੇਂਸਾਂ, ਨੀ, ਰੇਂ ਨੀ ਧਪ, ਮੰ ਪ ਸਾਂਨੀ ਧਪ, ਮੰਪ ਨੀਧਪ, ਮੰ ਪ ਧਪ,
ਮੰਧਮੰ ਗ ਮੰਗ, ਗਪ ਧਪ ਮੰਗ, ਪਗ ਰੇ ਸਾ, ਨੀ ਨੀ ਰੇ ਸਾ ।

## ਜੈਤਸਰੀ ਮਹਲਾ ੪ ॥

ਲੋੜੀਦੜਾ ਸਾਜਨੁ ਮੇਰਾ ॥
ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥ ੧ ॥ ਰਹਾਉ ॥
ਸੂਖਿ ਅਰਾਧਨੁ ਦੂਖ ਅਰਾਧਨੁ ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ ੧ ॥
ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥
ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥ ੨ ॥ ੩ ॥ ੪ ॥

(ਗੁ. ਗ੍ਰੰ. ਪੰਨਾ ੭੦੦)

## ਰਾਗ ਜੈਤਸਰੀ ਤ੍ਰਿਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 2 | | | ਪ | 0 | | | | 3 | | | |
| | | | | ਸਥਾਈ : | | | ਪ | ਗ | ਰੇ | ਸਾ | - | - | ਸਾਗ | ਮ'ਪ | ਮ' |
| | | | | | | | ਲੈ | ੜੀ | ਦ | ਝਾ | ऽ | ऽਸਾ | ऽ | ਜਾ | ਨੁ |
| ਪ | | ਪ | - | ਮ' | ਗ | - | - | ਪ | ਪ | ਗ | ਪ | ਗ | ਰੇ | ਸਾ | ਸਾ |
| ਮੋ | - | ਰਾ | ऽ | ऽ | ऽ | ऽ | ऽ | ਘ | ਰਿ | ਘਰਿ | | ਮੰ | ऽ | ਗ | ਲ |
| ਗ | - | ਪ | - | ਮ' | ਧੁ | ਪ | - | ਮ' | ਪ | ਨੀ | ਸਾਂ | ਰੇਂ | ਸਾਂ | ਰੇਂ | ਨੀ |
| ਗਾ | ਵਹੁ | | | ਨੀ | ऽ | ਕੇ | ऽ | ਘ | ਟਿ | ਘਟਿ | | ਤਿ | ਸਹਿ | ऽ | ਬ |
| ਧੁਪ | ਮ'ਪ | ਸਾਂ | ਨੀਧੁ | ਪਮ' | ਗਮ' | ਮ'ਗ | | | | | | | | | |
| ਸੋऽ | ऽऽ | ऽ | ऽऽ | ਗੁऽ | ऽऽ | ऽऽ | | | | | | | | | |

| | | | |
|---|---|---|---|
| ਮੰਧੁ | ਨੀਸਾਂ | ਸਾਂ | ਸਾਂ |
| ਰਾs | ss | ਧ | ਨੁ |
| ਮੇਂ | ਗਂ | ਰੇਂ | ਸਾਂ |
| ਕਾ | s | ਹੁ | s |
| ਧੁ | ਪ | ਨੀ | ਧੁ |
| ਪ | ਤ | ਕੇ | ਟਿ |
| ਮੰ | ਧੁ | ਪ | ਪ |
| ਭ | ਰ | ਮੁ | ਅੰ |

| | | | |
|---|---|---|---|
| ਪ | ਮੰ | ਗ | ਮੰ |
| ਸੁ | s | ਖ | ਅ |
| ਨੀ | ਰੇਂ | ਸਾਂ | ਰੀ |
| ਖਿ | ਸ | ਰੇ | ਨ |
| ਮੰ | ਗ | ਪ | ਮੰ |
| ਨਾ | s | ਮੁ | ਜ |
| ਨੀ | ਸਾ | ਗ | - |
| ਬਿ | ਨ | ਸੈ | s |

ਅੰਤਰਾ :

| | | | |
|---|---|---|---|
| ਨੀਸਾਂ | ਰੇਂ | ਸਾਂ | ਸਾਂ |
| ਰਾs | s | ਧ | ਨੁ |
| ਨੀ | ਧੁ | ਪ | - |
| ਰਾ | s | s | s |
| ਗ | ਰੇਂ | ਸਾ | s |
| s | s | ਰਾ | s |
| ਧੁਪ | ਮੰਗ | ਮੰਗ | |
| ਰਾs | ss | ss | |

| | | | |
|---|---|---|---|
| ਸਾ | s | ਸਾ | ਸਾਂ |
| ਦੁ | s | ਖ | ਅ |
| ਰੇਂਸਾਂ | ਨੀਸਾਂ | ਰੇਂ | - |
| ਥੇs | ss | s | s |
| ਪ | ਮੇ | ਗ | ਪ |
| ਸੁ | ਰ | ਉ | ਜਾ |
| ਮੰਪ | ਨੀਸਾਂ | ਰੇਂਰੇਂ | ਸਾਂਨੀ |
| ਧੇs | ss | ss | ss |

# ਰਾਗ ਟੋਡੀ

ਟੋਡੀ ਬੜਾ ਪ੍ਰਸਿੱਧ ਸਰਲ ਅਤੇ ਰਾਗਾਂਗ ਰਾਗ ਹੈ। ਪੁਰਾਤਨ ਸੰਸਕ੍ਰਿਤ ਗ੍ਰੰਥਕਾਰ ਇਸ ਰਾਗ ਨੂੰ ਵਰਾਲੀ ਜਾਂ ਵਰਾਟੀ ਵੀ ਕਹਿੰਦੇ ਹਨ। ਟੋਡੀ ਰਾਗ ਦੇ ਸੰਜੋਗ ਤੋਂ ਭਾਰਤੀ ਸੰਗੀਤ ਵਿਚ ਇਸ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ ਜਿਵੇਂ ਖਟ ਟੋਡੀ, ਭੂਪਾਲ ਟੋਡੀ, ਦੇਸੀ ਟੋਡੀ, ਜੌਨਪੁਰੀ ਟੋਡੀ, ਲਕਸ਼ਮੀ ਟੋਡੀ, ਬਹਾਦੁਰੀ ਟੋਡੀ, ਅੰਜਨੀ ਟੋਡੀ, ਹੁਸੈਨੀ ਟੋਡੀ, ਬਿਲਾਸਖ਼ਾਨੀ ਟੋਡੀ, ਮੀਆਂ ਕੀ ਟੋਡੀ, ਅਹੀਰੀ ਟੋਡੀ ਆਦਿ। ਇਹ ਰਾਗ ਜਨ ਜੀਵਨ ਦਾ ਇਤਨਾ ਅਨਿੱਖੜ ਅੰਗ ਬਣ ਚੁਕਾ ਹੈ ਕਿ ਕੋਈ ਲੋਕ ਗੀਤਾਂ ਦੀਆਂ ਧੁਨਾਂ ਵਿਚ ਵੀ ਇਸ ਰਾਗ ਦੀ ਧੁਨੀ ਕੰਨ ਗੋਚਰ ਹੁੰਦੀ ਹੈ। 'ਤੋੜੀ ਦੇ ਪ੍ਰਕਾਰਾਂ ਵਿਚ ਇਹ ਜ਼ਰੂਰੀ ਨਹੀਂ ਕਿ ਤੋੜੀ ਥਾਟ ਦੇ ਹੀ ਸੁਰਾਂ ਦਾ ਪ੍ਰਯੋਗ ਹੋਵੇ ਬਲਕਿ ਇਸਦੀਆਂ ਸੁਤੰਤਰ ਸੁਰ ਰਚਨਾਵਾਂ ਵੀ ਹੁੰਦੀਆਂ ਹਨ।' ਅਜਿਹਾ ਵਿਦਵਾਨਾਂ ਦਾ ਵਿਚਾਰ ਹੈ।

ਆਧੁਨਿਕ ਥਾਟ ਰਾਗ ਵਰਗੀਕਰਣ ਅਨੁਸਾਰ ਸੰਗੀਤਕਾਰਾਂ ਨੇ ਇਸ ਰਾਗ ਨੂੰ ਤੋੜੀ ਥਾਟ ਦੇ ਅੰਤਰਗਤ ਰਖਿਆ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਅਤਿ ਕੋਮਲ ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਹੈ। ਕੁਝ ਸੰਗੀਤ ਵੇਤਾ ਇਸ ਦਾ ਸੰਵਾਦੀ ਰਿਸ਼ਭ ਮੰਨਦੇ ਹਨ, ਪਰ ਪਹਿਲਾ ਮਤ ਪ੍ਰਚਾਰ ਵਿਚ ਵਧੇਰੇ ਹੈ। ਟੋਡੀ ਇਕ ਉਤ੍ਰਾਂਗ ਪ੍ਰਧਾਨ ਰਾਗ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਵਿਦਵਾਨਾਂ ਨੇ ਇਸ ਨੂੰ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ। ਕਲਾਕਾਰਾਂ ਵਿਚ ਇਸ ਰਾਗ ਦੀ ਜਾਤੀ ਬਾਰੇ ਮਤਭੇਦ ਹੈ। ਕਈ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨਦੇ ਹਨ ਅਤੇ ਕਈ ਸ਼ਾੜਵ-ਸੰਪੂਰਣ। ਸੰਪੂਰਣ-ਸੰਪੂਰਣ ਜਾਤੀ ਦੇ ਹੱਕ ਵਿਚ ਹੁੰਗਾਰਾ ਭਰਨ ਵਾਲੇ ਵਿਦਵਾਨ ਇਸ ਦੇ ਆਰੋਹ ਵਿਚ ਸਤ ਸੁਰਾਂ ਦੀ ਵਰਤੋਂ ਕਰਦੇ ਹਨ ਅਤੇ ਸ਼ਾੜਵ-ਸੰਪੂਰਣ ਜਾਤੀ ਮੰਨਣ ਵਾਲੇ ਆਰੋਹ ਵਿਚ ਪੰਚਮ ਵਰਜਿਤ ਕਰਦੇ ਹਨ। ਟੋਡੀ ਰਾਗ ਵਿਚ ਪੰਚਮ ਸੁਰ ਦਾ ਕੋਈ ਬਹੁਤਾ ਮਹੱਤਵ ਵੀ ਨਹੀਂ ਹੈ ਇਸ ਲਈ ਜੇ ਆਰੋਹ ਵਿਚ ਇਸ ਸੁਰ ਦਾ ਤਿਆਗ ਵੀ ਕੀਤਾ ਜਾਵੇ ਤਾਂ ਟੋਡੀ ਦੇ ਸਰੂਪ ਵਿਚ ਕੋਈ ਵਿਸ਼ੇਸ਼ ਘਾਟ ਨਹੀਂ ਆਉਂਦੀ ਸਗੋਂ ਇਹ ਵਧੇਰੇ ਪ੍ਰਭਾਵਸ਼ਾਲੀ ਲਗਦਾ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਇਸ ਰਾਗ ਵਿਚ ਪੰਚਮ ਵਰਜਿਤ ਹੈ ਸਗੋਂ ਗੁਜਰੀ ਰਾਗ ਤੋਂ ਭਿੰਨਤਾ ਕਰਨ ਲਈ ਪੰਚਮ ਸੁਰ ਕਲਾਕਾਰ ਦੀ ਬਾਕੀ ਸੁਰਾਂ ਨਾਲੋਂ ਵਧੇਰੇ ਸਹਾਇਤਾ ਕਰਦਾ ਹੈ। ਭਾਵ ਅਵਰੋਹਾਤਮਕ ਸੁਰਾਵਲੀਆਂ ਵਿਚ ਪੰਚਮ ਇਕ ਅਨਿਵਾਰੀਆ (ਲਾਜ਼ਮੀ) ਸੁਰ ਹੈ। ਸਾਡੇ ਵਿਚਾਰ ਅਨੁਸਾਰ ਇਸ ਰਾਗ ਦੀ ਜਾਤੀ ਸ਼ਾੜਵ-ਸੰਪੂਰਣ ਮੰਨਣਾ ਵਧੇਰੇ

ਉਚਿਤ ਹੈ । ਇਸ ਰਾਗ ਵਿਚ 'ਰੇ ਗ ਰੇ ਸਾ' ਸੁਰ ਸੰਗਤੀ ਦਾ ਹੀ ਸਾਰਾ ਚਮਤਕਾਰ ਹੈ ।

ਰਾਗ-ਰਾਗਣੀ ਪੱਧਤੀ ਦੇ ਪਗ ਚਿਨ੍ਹਾਂ ਤੇ ਚਲਣ ਵਾਲੇ ਲੇਖਕਾਂ ਨੇ ਕਿਸੇ ਨੇ 'ਟੋਡੀ ਰਾਗ' ਨੂੰ ਰਾਗਣੀ ਬਣਾ ਕੇ ਬਸੰਤ ਦੇ ਲੜ ਲਾਇਆ, ਕਿਸੇ ਨੇ ਮਾਲਕੌਂਸ ਦੇ ਅਤੇ ਕਿਸੇ ਨੇ ਦੀਪਕ ਰਾਗ ਦੇ । ਗੁਰੂ ਕਾਲ ਦੇ ਸੰਗੀਤ ਗ੍ਰੰਥਕਾਰਾਂ ਨੇ ਕਿਸੇ ਇਕ ਰਾਗ ਨੂੰ ਇਕ ਮਤ ਦੇ ਪੈਰੋਕਾਰ ਨੇ ਰਾਗਣੀ ਮੰਨਿਆ, ਦੂਜੇ ਨੇ ਰਾਗ, ਤੀਜੇ ਨੇ ਧੀ, ਅਤੇ ਚੌਥੇ ਨੇ ਉਸ ਨੂੰ ਪੁਤਰ ਸਵੀਕਾਰਿਆ । ਸਿਖ ਗੁਰੂ ਸਾਹਿਬਾਨ ਨੇ ਕੋਈ ਅਜਿਹਾ ਭੰਬਲ ਭੂਸੇ ਜਾਂ ਔਝੜ ਪਾਉ ਮਤ ਨੂੰ ਕਦੇ ਵੀ ਮਾਨਤਾ ਪ੍ਰਦਾਨ ਨਹੀਂ ਕੀਤੀ ਇਹੋ ਹੀ ਕਾਰਣ ਹੈ ਕਿ "ਗੁਰੂ ਗ੍ਰੰਥ ਸਾਹਿਬ" ਵਿਚ ਸਭ ਨੂੰ "ਰਾਗੁ" ਨਾਮ ਹੀ ਬਖਸ਼ਿਆ ਹੈ ।

ਜੇ ਅਸੀਂ ਟੋਡੀ ਅਤੇ ਮਾਲਕੌਂਸ, ਦੀਪਕ ਜਾਂ ਬਸੰਤ ਦੇ ਰਾਗਾਤਮਕ ਸਰੂਪ ਤੇ ਕ੍ਰਿਆਤਮਕ ਪੱਖ ਤੋਂ ਵੀ ਦ੍ਰਿਸ਼ਟੀ ਪਾਤ ਕਰੀਏ ਤਾਂ ਵੀ ਇਨ੍ਹਾਂ ਵਿਚ ਕੋਈ ਇਸਤਰੀ ਪੁਰਖ ਵਾਲਾ ਪਰਸਪਰ ਸੰਬੰਧ ਦ੍ਰਿਸ਼ਟੀਗੋਚਰ ਨਹੀਂ ਹੁੰਦਾ । ਗੁਰੂ ਗ੍ਰੰਥ ਸਾਹਿਬ ਦੇ ਅੰਤਰੀਵੀ ਹਵਾਲਿਆਂ ਤੋਂ ਰਾਗ-ਰਾਗਣੀ ਪੱਧਤੀ ਨੂੰ ਮਾਨਤਾ ਪ੍ਰਦਾਨ ਕਰਨ ਹਿਤ ਕੋਈ ਸੰਕੇਤ ਨਹੀਂ ਮਿਲਦਾ ਸਭ ਥਾਂ ਸਿਰਲੇਖ ਦੇ ਰੂਪ ਵਿਚ "ਰਾਗੁ" ਹੀ ਉਪਲੱਬਧ ਹੁੰਦਾ ਹੈ ।

ਵਰਤਮਾਨ ਵਿਚ ਵਧੇਰੇ ਕਰਕੇ ਸੰਗਤਾਚਾਰੀਆ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਮਤ ਦਾ ਹੀ, ਜਾਣੇ ਜਾ ਅਣਜਾਣੇ ਬਹੁਤਾ ਪਾਲਣ ਕਰਦੇ ਹਨ । ਭਾਵ ਅਜੋਕੇ ਸਮੇਂ ਸਭ ਨੂੰ 'ਰਾਗ' ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ, 'ਰਾਗਿਨੀ' ਨਾਲ ਨਹੀਂ ।

## ਰਾਗ ਟੋਡੀ

ਆਰੋਹ : ਸਾ, ਰੇ ਗ, ਮੰ ਪ, ਮੰ ਧ, ਨੀ ਸਾਂ

ਅਵਰੋਹ : ਸਾਂ ਨੀ ਧ, ਪ, ਮੰ ਪ ਧ, ਮੰ ਗ, ਰੇ ਗ ਰੇ ਸਾ ।

ਮੁੱਖ ਅੰਗ : ਸਾ ਰੇ ਗ, ਰੇ ਗ, ਮ ਰੇ ਗ, ਰੇ ਗ, ਰੇ ਸਾ ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨੀ ਨੀ ਸਾ, ਨੀ ਸਾ ਰੇ ਸਾ ਰੇ ਨੀ ਧ, ਨੀ ਸਾ

ਧ ਨੀ ਸਾ ਰੇ, ਰੇ ਨੀ ਧ, ਨੀ ਧ, ਮੰ ਧ, ਪ, ਮੰ ਧ ਨੀ ਧ, ਪ ਮੰ ਧ ਮੰ ਗ, ਗ ਮੰ ਮੰ

ਧ ਪ ਧ ਮੰ ਪ ਗ ਮੰ ਧ ਨੀ ਨੀ ਧ ਨੀ ਮੰ ਧ ਗ ਮੰ ਧ, ਮ ਨੀ ਨੀ ਧ, ਪ, ਮੰ ਧ, ਮੰ ਧ ਸਾ,

ਨੀ̣ ਸਾ ਰੇ̱ ਨੀ̣ ਧ̱̣ ਧ̱̣ ਨੀ̣ ਧ̱̣ ਸਾ, ਨੀ̣ ਰੇ̱ ਸਾ ਰੇ̱ ਗ̱, ਰੇ̱ ਗ̱ ਰੇ̱ ਸਾ, ਰੇ̱ ਰੇ̱ ਸਾ ਨੀ̣ ਸਾ ਰੇ̱ ਨੀ̣, ਧ̱̣ ਧ̱̣ਗ̱, ਰੇ̱ ਗ̱, ਰੇ̱ ਸਾ, ਨੀ̣ ਧ̱̣, ਰੇ̱ ਮ̣॑ ਧ̱̣ ਮ̣॑ ਨੀ̣ ਮ̣॑ ਧ̱̣ ਸਾ ।

2. ਸਾ ਰੇ̱ ਗ̱, ਰੇ̱ ਗ̱ ਰੇ̱ ਸਾ, ਰੇ̱ ਰੇ̱ ਸਾ ਨੀ̣ ਧ̱̣ ਨੀ̣ ਸਾ ਰੇ̱ ਗ̱, ਧ̱̣ ਰੇ̱, ਧ̱̣ ਗ̱ ਰੇ̱ ਗ̱, ਰੇ̱ ਸਾ, ਸਾ ਰੇ̱ ਗ̱ ਸਾ ਰੇ̱ ਗ̱ ਮ॑ ਮ॑ ਗ̱, ਮ॑ ਰੇ̱ ਗ̱, ਮ॑ ਮ॑ ਗ̱ ਮ॑ ਰੇ̱ ਗ̱ ਰੇ̱ ਮ॑ ਮ॑ ਗ̱, ਰੇ̱ਗ̱ ਰੇ̱ ਸਾ, ਸਾ ਰੇ̱ ਗ̱ ਰੇ̱ ਸਾ ਰੇ̱ ਗ̱ ਮ ਪ, ਰੇ̱ ਗ̱ ਗ̱ ਮ॑ ਮ॑ ਪ, ਸਾ ਰੇ̱ ਗ̱ ਮ॑ ਪ ਰੇ̱, ਰੇ̱ ਗ̱ ਰੇ̱ ਮ॑ ਗ̱ ਪ ਮ॑ ਧ̱ ਪ, ਮ॑ ਪ ਧ̱ ਮ॑ ਗ̱ ਰੇ̱ ਗ̱ ਮ॑ ਪ, ਗ̱ ਗ̱ ਰੇ̱ ਗ̱ ਰੇ̱ ਸਾ, ਨੀ̣ ਸਾ ਸਾ ਰੇ̱ ਗ̱ ਸਾ ਰੇ̱ ਗ̱ ਮ॑ ਧ̱, ਪ, ਸਾ ਰੇ̱ ਗ̱ ਮ॑ ਧ̱ ਮ॑ ਗ̱ ਰੇ, ਗ̱ਮ॑ ਪ ਰੇ̱, ਧ̱ਰੇ̱, ਧ̱̣ ਰੇ̱, ਗ̱ ਮ॑ ਧ̱ ਪ, ਧ̱ ਧ̱ ਪ ਧ̱ ਮ॑ ਪ ਗ̱ ਮ॑ ਧ̱ ਮ॑ ਗ̱, ਗ̱ ਮ॑ ਪ ਧ̱ ਮ॑ ਪ ਧ̱ ਮ॑ ਪ ਰੇ̱, ਗ̱ ਰੇ̱ ਸਾ, ਮ̣॑ ਧ̱̣ ਨੀ̣ ਸਾ ।

3. ਸਾ ਰੇ̱ ਗ̱ ਰੇ̱ ਸਾ ਰੇ̱ ਗ̱ ਮ॑ ਧ̱ ਪ ਮ॑ ਗ̱, ਮ॑ ਧ̱ ਨੀ, ਨੀ ਨੀ ਧ̱ ਪ, ਮ॑ ਧ̱ ਮ॑ ਗ̱, ਗ̱ ਮ॑ ਧ̱ ਨੀ, ਮ॑ ਧ̱ ਨੀ, ਨੀ ਨੀ ਧ̱ ਨੀ ਮ॑ ਧ̱ ਨੀ, ਮ॑ ਧ̱ ਸਾਂ, ਨੀ ਸਾਂ ਨੀ ਸਾਂ, ਨੀ ਸਾਂ ਰੇ̱ਂ ਸਾਂ ਨੀ ਧ̱, ਮ॑ ਧ̱ ਸਾਂ ਨੀ ਧ̱, ਮ॑ ਧ̱ ਨੀ ਧ̱ ਪ, ਧ̱ ਧ̱ ਪ ਧ̱ ਮ॑ ਪ ਗ̱ ਮ॑ ਧ̱ ਨੀ, ਮ॑ ਧ̱ ਮ॑ ਸਾਂ, ਸਾਂ ਨੀ ਧ̱ ਪ ਮ॑ ਗ̱, ਮ॑ ਧ̱ਨੀ ਸਾਂ, ਧ̱ ਨੀ ਸਾਂ ਰੇ̱ਂ, ਧ̱ ਰੇ̱ਂ ਸਾਂ ਰੇ̱ਂ ਨੀ ਸਾਂ ਧ̱ ਨੀ ਮ॑ ਧ̱ ਸਾਂ, ਨੀ ਨੀ ਧ̱ ਨੀ ਮ॑ ਧ̱ ਨੀ ਸਾਂ ਧ̱ ਨੀ ਸਾਂ ਰੇ̱ਂ ਧ̱ ਰੇ̱ਂ ਸਾਂ, ਧ̱ ਰੇ̱ਂ ਸਾਂ ਰੇ̱ਂ ਨੀ ਸਾਂ ਧ̱ ਨੀ ਸਾਂ ਰੇ̱ਂ ਗ̱ਂ, ਰੇ̱ਂ ਗ̱ਂ ਰੇ̱ਂ ਸਾਂ, ਰੇ̱ਂ ਨੀ ਧ̱ ਮ॑ ਧ̱ ਨੀ ਸਾ ਧ̱ ਨੀ ਸਾਂ ਰੇ̱ਂ ਗ̱ਂ, ਗ̱, ਗ̱ਂ, ਰੇ̱ਂ ਗ̱ਂ ਰੇ̱ਂ ਸਾਂ, ਸਾਂਰੇ̱ ਰੇ̱ਂ ਸਾਂ ਰੇ̱ਂ ਗ̱ਂ ਮ॑ਂ ਰੇ̱ਂ ਮ॑ਂ ਮ॑ਂ ਗ̱ਂ, ਮ॑ਂ ਰੇ̱ਂ ਗ̱ਂ, ਰੇ̱ਂ ਗ̱ਂ ਰੇ̱ਂ ਸਾਂ, ਸਾਂ ਰੇ̱ਂ ਗ̱ਂ ਸਾਂ ਰੇ̱ਂ ਗ̱ਂ, ਧ̱ ਗ̱ਂ, ਧ̱ ਰੇ̱ਂ, ਸਾਂ ਰੇ̱ਂ ਨੀ ਸਾਂ ਧ̱ ਨੀ, ਮ॑ ਧ̱ ਸਾਂ, ਰੇ̱ਂ ਨੀ ਧ̱, ਮ॑ ਧ̱ ਨੀ ਧ̱ ਪ, ਮ॑ ਪ ਧ̱ ਮ॑ ਗ̱ ਰੇ̱, ਮ॑ ਰੇ̱ ਗ̱, ਰੇ̱ ਗ̱ ਰੇ̱ ਸਾ, ਨੀ̣ ਸਾਰੇ̱ ਗ̱ ਰੇ̱ ਸਾ ਨੀ̣ ਸਾ ਰੇ̱ ਨੀ̣ ਧ̱̣ ਮ̣॑ ਧ̱̣ ਨੀ̣ ਸਾ ।

## ਟੋਡੀ ਮਹਲਾ ੫ ॥

ਪ੍ਰਭ ਤੇਰੇ ਪਗ ਕੀ ਧੂਰਿ ॥
ਦੀਨ ਦਇਆਲ ਪ੍ਰੀਤਮ ਮਨ ਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥
ਦਹ ਦਿਸਿ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥
ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥ ੧ ॥
ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ।
ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥ ੨ ॥ ੪ ॥ ੨੩ ॥

(ਗੁ. ਗ੍ਰੰ. ਪੰਨਾ ੭੧੬)

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | ਮੰ | ਗੁ | ਮੰਧੁ | ਨੀਸਾਂ | ਨੀ | ਧੁ | ਪਧੁ | ਮੰਪ | ਗੁ | ਮੰ |
| | | | | | | ਪ੍ਰ | ਭ | ਤੇs | ss | ਰੇ | s | ਪs | ਗs | ਕੀ | s |
| ਧੁ | - | ਮੰ | ਗੁ | ਰੇ | ਸਾ | ਮੰ | ਗੁ | ਮੰਧੁ | ਨੀਸਾਂ | ਨੀ | ਧੁ | ਪਧੁ | ਮੰਪ | ਗੁ | s |
| ਧੁ | s | s | s | s | ਰਿ | ਪ੍ਰ | ਭ | ਤੇs | ss | ਰੇ | s | ਪs | ਗs | ਕੀ | s |
| ਧੁ | - | ਮੰ | ਗੁ | ਰੇ | ਗੁ | ਰੇ | ਸਾ | ਧੁ | - | ਨੀ | ਨੀ | ਸਾ | - | ਸਾ | ਸਾ |
| ਧੁ | s | s | s | s | s | s | ਰਿ | ਦੀ | s | ਨ | ਦਇ | ਆ | s | ਲ | ਪੀ |
| ਸਾਰੇ | ਗੁ | ਰੇ | ਗੁ | ਰੇ | - | ਸਾ | ਸਾ | ਧੁ | s | ਨੀ | ਨੀ | ਸਾ | - | ਸਾ | ਸਾ |
| ਤs | ਮ | ਮ | ਨ | ਮੋ | s | ਹ | ਨ | ਦੀ | s | ਨ | ਦਇ | ਆ | s | ਲ | ਪੀ |
| ਸਾਰੇਗੁਮੰ | ਧੁ | ਮੰ | ਗੁ | ਰੇ | ਗੁ | ਰੇ | ਸਾ | ਗੁ | ਗੁ | ਮੰ | ਧੁ | ਮੰਧੁ | ਨੀਸਾਂ | ਸਾਂ | ਸਾਂ |
| ਤsss | ਮ | ਮ | ਨ | ਮੋ | s | ਹ | ਨ | ਕ | ਰਿ | ਕਿ | ਰ | ਪਾs | ss | ਮੋ | ਰੀ |
| ਸਾਂਨੀ | ਧੁਨੀ | ਸਾਂਰੇਂ | ਸਾਂਨੀ | ਧੁਪ | ਮੰਗੁ | | | | | | | | | | |
| ਲੱs | ss | ਚਾs | ss | ਪ੍ਰੁs | ਰਿs | | | | | | | | | | |

| | | | |
|---|---|---|---|
| ਮੰ | ਗੁ | ਮੰ | ਧੁ |
| ਰ | ਵਿ | ਰ | ਹਿ |
| ਨੀ | - | ਸਾਂ | ਸਾਂ |
| ਜਾ | S | ਮੀ | ਸ |
| ਮੰ | ਗੁ | ਮੰ | ਧ |
| ਰਾ | S | ਜ | ਸੁ |
| ਧੁਨੀ | ਮਾਂਰੇਂ | ਧੁ | ਨੀ |
| ਕS | ਥS | ਹੁ | ਨ |

| | | | |
|---|---|---|---|
| ਨੀ | ਨੀ | ਧੁ | ਪ |
| ਚ | ਹ | ਦਿ | ਸਿ |
| ਧੁ | - | ਧੁ | ਧੁ |
| ਅੰ | S | ਤ | ਰ |
| ਧੁ | ਨੀ | ਧੁ | ਪ |
| ਜੋ | S | ਤੂ | ਮ |
| ਗੁ | - | ਮੰ | ਧੁ |
| ਸੇ | S | ਜ | ਨ |

ਅੰਤਰਾ :

| | | | |
|---|---|---|---|
| ਸਾਂ | ਰੇਂ | ਸਾਂ | - |
| ਤੂ | ਮ | ਰਾ | S |
| ਰੇਂਸਾਂ | ਨੀਸਾਂ | ਨੀ | ਧੁ |
| ਜੂS | SS | S | ਰਿ |
| ਰੇਂ | ਰੇਂ | ਸਾਂ | S |
| ਕ | ਰ | ਤੇ | S |
| ਨੀਧੁ | ਪਮੰ | ਗੁਰੇ | ਮੰਗੁ |
| ਝੂS | SS | ਰਿS | ਪ੍ਰਭ |

| | | | |
|---|---|---|---|
| ਮੰਧੁ | ਨੀਸਾਂ | ਸਾਂ | ਸਾਂ |
| ਆS | SS | ਜ | ਸੁ |
| ਸਾਂਰੇਂ | ਗੁਂ | ਰੇਂ | ਗੁਂ |
| ਦਾS | S | S | ਹ |
| ਮੰ | ਗੁ | ਰੇ | ਗੁ |
| ਗਾ | S | ਵਹਿ | S |
| ਸਾਂਰੇਂ | ਗੁਂ | ਰੇਂ | ਸਾਂ |
| ਮS | ਰ | ਤੇ | S |

# ਰਾਗ ਬੈਰਾੜੀ

ਬੈਰਾੜੀ ਰਾਗ ਅਸਾਧਾਰਣ ਅਤੇ ਅਪ੍ਰਸਿੱਧ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਮੱਧ ਕਾਲ ਵਿਚ ਇਸ ਰਾਗ ਦੀਆਂ ਜਿੰਨੀਆਂ ਵੰਨਗੀਆਂ ਪ੍ਰਚਲਿਤ ਸਨ ਸ਼ਾਇਦ ਹੀ ਕਿਸੇ ਹੋਰ ਰਾਗ ਦੀਆਂ ਹੋਣ। ਇਹ ਸਰਬ ਸਾਧਾਰਣ ਵਰਗ ਦਾ ਰਾਗ ਨਹੀਂ ਸਗੋਂ ਇਕ ਕਠਿਨ ਰਾਗ ਹੈ ਜਿਸਨੂੰ ਸ਼ੁੱਧਤਾ ਸਹਿਤ ਕੇਵਲ ਉਚ ਪੱਧਰ ਦੇ ਗਾਇਕ ਹੀ ਗਾ ਸਕਦੇ ਹਨ। ਅਪ੍ਰਚਲਿਤ ਅਤੇ ਅਪ੍ਰਸਿੱਧ ਰਾਗ ਪ੍ਰਕਾਰ ਹੋਣ ਦੇ ਕਾਰਣ ਇਸਦੇ ਸਰੂਪ ਬਾਰੇ ਗ੍ਰੰਥਕਾਰਾਂ ਅਤੇ ਕਲਾਕਾਰਾਂ ਵਿਚ ਵਿਤਕਰਾ ਹੋਣਾ ਇਕ ਸੁਭਾਵਿਕ ਗੱਲ ਹੈ। ਸੰਸਕ੍ਰਿਤ ਗ੍ਰੰਥਕਾਰ ਇਸ ਨੂੰ ਵਿਭਿੰਨ ਸ਼ਬਦ ਜੋੜਾਂ ਨਾਲ ਅੰਕਿਤ ਕਰਦੇ ਹਨ ਜਿਵੇਂ :—ਬੈਰਾਡੀ, ਵਰਾਟੀ, ਬਰਾਡੀ ਆਦਿ। ਦੱਖਣੀ ਪਧਤੀ ਵਿਚ ਵੀ ਇਕ 'ਵਰਾਲੀ' ਨਾਮ ਦਾ ਰਾਗ ਪ੍ਰਚਲਿਤ ਹੈ ਪਰ ਉਸਦਾ ਉੱਤਰੀ ਪੱਧਤੀ ਦੇ ਬੈਰਾੜੀ ਨਾਲ ਕੋਈ ਸੰਬੰਧ ਨਹੀਂ ਹੈ।

'ਸੰਗੀਤ ਰਤਨਾਕਰ' ਗ੍ਰੰਥ ਦੇ ਲੇਖਕ ਪੰਡਿਤ ਸ਼ਾਰੰਗ ਦੇਵ (1210-1247 ਈ.) ਨੇ ਇਸ ਰਾਗ ਦਾ ਨਾਮ ਵੈਰਾਟੀ ਲਿਖਿਆ ਹੈ। ਉਸ ਨੇ ਵੈਰਾਟੀ ਦੇ 7 ਪ੍ਰਕਾਰ ਇਹ ਮੰਨੇ ਹਨ—ਕੁੰਤਲ ਵੈਰਾਟੀ, ਦ੍ਰਾਵਿੜੀ ਵੈਰਾਟੀ, ਸੈਂਧਵੀ ਵੈਰਾਟੀ, ਅਪਸਥਾਨ ਵੈਰਾਟੀ, ਹਤਸਵਰ ਵੈਰਾਟੀ, ਪ੍ਰਤਾਪ ਵੈਰਾਟੀ ਅਤੇ ਸ਼ੁੱਧ ਵੈਰਾਟੀ। ਇਸ ਤੋਂ ਪਿਛੋਂ ਇਸ ਰਾਗ ਦੀਆਂ ਵੰਨਗੀਆਂ ਵਿਚ ਹੋਰ ਵਾਧਾ ਹੋਇਆ ਜਿਸ ਦੇ ਫਲ ਸਰੂਪ ਚਾਰ ਪ੍ਰਕਾਰ ਹੋਰ ਹੋਂਦ ਵਿਚ ਆਏ ਜਿਨ੍ਹਾਂ ਨੂੰ ਅਪਸਵਰਾ ਵੈਰਾਟੀ, ਤੋੜੀ ਵੈਰਾਟੀ, ਨਾਗ ਵੈਰਾਟੀ ਅਤੇ ਸ਼ੋਕ ਵੈਰਾਟੀ ਨਾਮਾਂ ਨਾਲ ਸੰਬੰਧਿਤ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ਨਾਮ 'ਰਾਗੁ ਬੈਰਾੜੀ' ਪਰਾਪਤ ਹੁੰਦਾ ਹੈ। ਵਰਤਮਾਨ ਵਿਚ ਇਸ ਨੂੰ ਬਰਾਟੀ ਜਾਂ ਬੈਰਾੜੀ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

ਨਾਦ ਵਿਗਿਆਨਿਕਾਂ ਦਾ ਮਤ ਹੈ ਕਿ ਤੋੜੀ, ਤ੍ਰਿਵੇਣੀ ਅਤੇ ਦੇਸ਼ਕਾਰ ਦੇ ਮਧੁਰ ਅੰਸ਼ਾਂ ਦੇ ਸੰਜੋਗ ਤੋਂ ਬੈਰਾੜੀ ਰਾਗ ਦੀ ਰਚਨਾ ਹੋਈ ਹੈ। ਇਸ ਰਾਗ ਦੀ ਸਮਸਤ ਸੁੰਦਰਤਾ ਦਾ ਰਹੱਸ ਗੰਧਾਰ ਧੈਵਤ ਨਾਲ ਮੱਧਿਅਮ ਪੰਚਮ ਦਾ ਸੁਮੇਲ ਕਰਨ ਵਿਚ ਛੁਪਿਆ ਹੋਇਆ ਹੈ। 'ਸੰਗੀਤ ਸੂਤਰ' ਗ੍ਰੰਥ ਦੇ ਲੇਖਕ ਸ੍ਰੀ ਕ੍ਰਿਸ਼ਣ ਧਨ ਬੈਨਰਜੀ ਨੇ ਇਸ ਰਾਗ ਵਿਚ ਰਿਸ਼ਭ ਕੋਮਲ, ਮੱਧਿਅਮ ਤੀਬਰ, ਹੋਰ ਸੁਰ ਸ਼ੁੱਧ ਅਤੇ ਜਾਤੀ ਸੰਪੂਰਣ ਮੰਨੀ ਹੈ। ਪੰਡਿਤ ਅਹੋਬਲ ਨੇ ਬੈਰਾੜੀ ਨੂੰ ਮਾਰਵਾ ਥਾਟ ਦੇ ਅੰਤਰਗਤ ਰੱਖਿਆ ਹੈ ਅਤੇ ਜਾਤੀ ਸੰਪੂਰਣ ਮੰਨੀ ਹੈ। 'ਰਾਗ ਚੰਦ੍ਰਕਾਯਮ' ਗ੍ਰੰਥ ਦੇ ਲੇਖਕ ਨੇ ਬੈਰਾੜੀ ਦੇ ਸਰੂਪ ਬਾਰੇ ਇਸ ਤਰ੍ਹਾਂ ਬਿਓਰਾ ਦਿੱਤਾ ਹੈ :

ਮਾਰੂ ਰਾਗ ਦੇ ਸੁਰਾਂ ਵਿਚ ਪੰਚਮ ਲਵੇ ਮਿਲਾਇ ॥
ਧਗ ਵਾਦੀ ਸੰਵਾਦੀ ਤੋਂ ਰਾਗ ਬੈਰਾੜੀ ਹੋ ਜਾਇ ॥

ਵਰਤਮਾਨ ਸਮੇਂ ਬੈਰਾੜੀ ਰਾਗ ਦੀ ਰਚਨਾ ਮਾਰਵਾ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਕੋਮਲ ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੀ ਜਾਤੀ ਵਕਰ ਸੰਪੂਰਣ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਧੈਵਤ ਹੈ। ਪੂਰਵਾਂਗ ਵਾਦੀ ਹੋਣ ਦੇ ਕਾਰਣ ਇਸ ਨੂੰ ਦਿਨ ਦੇ ਚੌਥੇ ਪਹਿਰ ਵਿਚ ਗਾਇਆ ਜਾਂਦਾ ਹੈ। ਸੰਗੀਤਕਾਰਾਂ ਨੇ ਬੈਰਾੜੀ ਨੂੰ ਸ਼ਾਮ ਦਾ ਸੰਧੀ-ਪ੍ਰਕਾਸ਼-ਰਾਗ ਮੰਨਿਆ ਹੈ। ਇਸ ਰਾਗ ਵਿਚ ਗੰਧਾਰ ਅਤੇ ਪੰਚਮ ਦੀ ਸੰਗਤਿ ਬਹੁਤ ਰੰਜਕਤਾ ਉਤਪੰਨ ਕਰਦੀ ਹੈ। ਇਸ ਵਿਚ 'ਪਾਧਾਗਾ' ਅਤੇ 'ਰੇਂ ਨੀ ਪ' ਸੁਰ ਸੰਗੀਤੀਆਂ ਅਤਿਅੰਤ ਮਹੱਤਵ ਪੂਰਣ ਹਨ। ਇਸ ਰਾਗ ਦੇ ਆਰੋਹ ਵਿਚ ਮੱਧਿਅਮ ਅਤੇ ਨਿਸ਼ਾਦ ਦੁਰਬਲ ਰਹਿੰਦੇ ਹਨ ਅਤੇ ਅਵਰੋਹ ਵਿਚ 'ਸਾਂ ਧਪ, ਜਾਂ ਸਾਂਨੀ ਧਪ' ਸੁਰ ਸਮੂਹ ਸਰਲ ਢੰਗ ਨਾਲ ਨਹੀਂ ਆਉਂਦਾ ਇਸ ਰਾਗ ਦੇ ਸਮੁਚੇ ਸਰੂਪ ਵਿਚ "ਸਾਂਪ" ਅਤੇ 'ਗਪ' ਸੁਰਾਵਲੀਆ ਬਾਰ ਬਾਰ ਕੰਨ ਗੋਚਰ ਹੁੰਦੀਆਂ ਹਨ। ਬੈਰਾੜੀ ਭਾਵੇਂ ਮਾਰਵਾ ਥਾਟ ਦਾ ਰਾਗ ਹੈ ਪਰ ਇਹ ਆਪਣੀ ਸੁਤੰਤਰ ਚਲਨ ਕਾਰਣ ਇਚ ਵੱਖਰੀ ਤੇ ਨਿਰਾਲੀ ਹੋਂਦ ਦਾ ਧਾਰਣੀ ਹੈ।

ਆਰੋਹ : ਸਾ ਨ਼ੀ ਰੇ ਗਪ, ਮ'ਗ, ਮ' ਧ ਸਾਂ ਜਾਂ ਧਧ ਪਸਾਂ।

ਅਵਰੋਹ : ਸਾਂ, ਰੇਂ ਨੀਪ, ਪ ਧਗ, ਮ'ਧ ਮ'ਗ, ਪਗ, ਰੇ ਸਾ।

ਮੁਖ ਅੰਗ : ਪ ਧਗ, ਮ'ਧ ਮ'ਗ, ਰੇਗ, ਮ'ਗ, ਰੇ ਸਾ।

## ਸੁਰ ਵਿਸਤਾਰ

1. ਪ ਧ ਗ, ਮ' ਗ, ਰੇ ਸਾ, (ਸਾ), ਨ਼ੀ ਰੇ ਗ, ਰੇ ਗ, ਨ਼ੀ ਰੇ ਗ ਰੇ ਨ਼ੀ ਰੇ ਗ, ਰੇ ਗ ਮ' ਗ, ਰੇ ਸਾ, ਰੇ ਨ਼ੀ ਪ਼, ਧ਼ਮ' ਗ, ਮ' ਧ਼ ਮ' ਧ, ਮ' ਧ਼ ਸਾਂ, ਨ਼ੀ ਰੇ ਗ, ਮ' ਮ' ਰੇ ਰੇ ਗ ਰੇ ਸਾ।

2. ਨ਼ੀ ਰੇ ਗ ਰੇ ਗਪ, ਮ' ਗ ਪ, ਪ ਗ ਪ, ਮ' ਧ ਮ'ਗ, ਪ ਮ' ਧ ਮ' ਗ, ਰੇ ਗ ਮ' ਧ ਮ' ਗ, ਪ ਧਗ, ਮ' ਧਸਾਂ, ਰੇਂ ਨੀਪ, ਧ ਮ'ਗ, ਮ'ਧਮ ਗ, ਪ ਮ' ਧ ਮ' ਗ, ਪ ਧ ਗ, ਰੇ ਗ ਮ' ਗ, ਮ' ਗ ਰੇ ਸਾ।

3. ਪ ਪ ਧ ਗ, ਮ॑ ਧ ਪ ਪ ਸਾਂ, ਮ॑ ਧ ਸਾਂਰੇ॒ਂ ਸਾਂ, ਸਾਂਰੇ॒ਂ ਸਾਂ ਸਾਂ ਨੀ, ਰੇ॒ਂ ਨੀਪ ਧ ਮ॑ ਗ, ਮ॑ ਧ ਮ॑ਸਾਂ, ਮ॑ ਧ ਸਾਂ ਸਾਂਨੀ ਰੇ॒ਂ ਸਾਂ, ਰੇ॒ਂ ਨੀ ਨੀ ਪ, ਪ ਧ ਗ, ਰੇ॒ਂ ਗਂ ਮ॑ਂ ਗਂ, ਮ॑ਂ ਗ ਰੇ॒ਂ ਗਂ, ਰੇ॒ਂ ਸਾਂ, ਨੀ ਰੇ॒ਂ ਗਂ ਗਂ ਰੇ॒ਂ ਗਂ ਮ॑ਂ ਮ॑ਂ ਗ, ਨੀ ਰੇ॒ਂ ਗਂ ਗਂ ਰੇ॒ਂ ਗ ਪਂ ਮ॑ਂ ਗਂ, ਪਂ ਗਂ ਰੇ॒ਂ ਸਾਂ, ਨੀ ਰੇ॒ਂ ਗਂ ਗਂ ਮ॑ਂ ਗਂ ਰੇ॒ ਸਾਂ, ਰੇ॒ਂ ਗਂ ਮ॑ਂ ਗਂ, ਮ॑ਂ ਗ ਰੇ॒ਂ ਗਂ, ਰੇ॒ਂ ਸਾਂ, ਨੀਰੇ॒ਂ ਗਂ ਗਂ ਮ॑ਂ ਗਂ ਰੇ॒ ਸਾਂ, ਰੇ॒ਂ ਗਂ ਮ॑ਂ ਗਂ, ਮ॑ਂ ਗ ਰੇ॒ਂ ਗ, ਰੇ॒ਂ ਸਾਂ, ਨੀਰੇ॒ਂ ਗਂ ਗਂ ਰੇ॒ ਗਂ ਮ॑ਂ ਮ॑ਂ ਗਂ, ਨੀ ਰੇ॒ਂ ਗਂ ਗਂ ਰੇ॒ਂ ਗ ਪਂ ਮ॑ਂ ਗਂ, ਪਂ ਗਂ ਰੇ॒ਂ ਸਾਂ, ਨੀ ਰੇ॒ਂ ਗਂ ਗਂ ਮ॑ਂ ਗਂ ਰੇ॒ਂ ਸਾਂ, ਨੀ ਰੇ॒ਂ ਗਂ ਰੇ॒ਂ ਸਾ, ਨੀ ਰੇ॒ਂ ਨੀਪ ਧ ਗ, ਰੇ॒ ਗ ਮ॑ ਗ ਰੇ॒ ਗ ਪ ਗ, ਧ ਮ॑ ਗ, ਪ ਗ, ਪ ਧ ਨੀਪ ਧ ਮ॑ ਪ ਗ, ਪ ਮ॑ ਧ ਮ॑ ਗ, ਨ਼ੀ ਰੇ॒ ਗ ਗ ਪ ਗ, ਮ॑ ਗ ਰੇ॒ਂ ਸਾਂ, ਨ਼ੀ ਨ਼ੀ ਰੇ॒ ਸਾ ।

ਬੈਰਾੜੀ ਰਾਗ ਦੇ ਉਪਰੋਕਤ ਸਰੂਪ ਬਾਰੇ ਪਰਿਚਿਤ ਹੋਣ ਤੋਂ ਉਪਰੰਤ ਗੁਰਮਤਿ ਸੰਗੀਤ ਦੇ ਮਹਾਨ ਖੋਜੀ ਡਾ. ਚਰਨ ਸਿੰਘ ਜੀ (ਭਾਈ ਸਾਹਿਬ ਡਾ. ਵੀਰ ਸਿੰਘ ਜੀ ਦੇ ਪਿਤਾ) ਜਿਨ੍ਹਾਂ ਨੇ ਗੁਰਬਾਣੀ ਸੰਗੀਤ ਦੇ ਭੰਡਾਰ ਨੂੰ ਹਰ ਪਖੋਂ ਅਮੀਰ ਬਣਾਉਣ ਹਿਤ ਮਹਾਨ ਯੋਗ ਦਾਨ ਦਿਤਾ, ਦੇ ਖੋਜ ਭਰਪੂਰ ਵਿਚਾਰ 'ਗੁਰਮਤ ਸੰਗੀਤ' ਪੁਸਤਕ ਦੇ ਪੰਨਾ 26 'ਤੇ ਇਸ ਤਰ੍ਹਾਂ ਉਪਲੱਬਧ ਹੁੰਦੇ ਹਨ । ਆਪ ਨੇ ਕੁਝ ਪੁਰਾਤਨ ਗ੍ਰੰਥਾਂ ਦੇ ਹਵਾਲਿਆਂ ਦੇ ਆਧਾਰ ਤੇ ਬੈਰਾੜੀ ਰਾਗ ਦਾ ਇਸ ਤਰਾਂ ਉਲੇਖ ਕੀਤਾ ਹੈ "ਸੁਰਤਾਲ ਸਮੂਹ ਵਿਚ ਲਿਖਿਆ ਹੈ ।

"ਭੈਰੋਂ ਰਾਗ ਦੀ ਇਸਤਰੀ ਬੈਰਾੜੀ ਹੈ, ਇਸ ਨੂੰ ਬੈਰਾਟੀ ਵੀ ਕਹਿੰਦੇ ਹਨ । ਸੁਰ ਗੁਰੂ ਖਰਜ, ਸੰਮਬਾਦੀ ਵੀ ਖਰਜ ਅਤੇ ਖਰਜ ਤੋਂ ਹੀ ਉਚਾਰ ਹੈ, ਬਾਦੀ ਗੰਧਾਰ ਹੈ ਸਮਬਾਧੀ ਵੀ ਮਧਮ ਹੈ ਇਸ ਨੂੰ ਤੀਜੇ ਪਹਿਰ ਗਾਉਂਦੇ ਹਨ ਸੰਪੂਰਨ ਹੈ ।

ਸਾ ਨ਼ੀ ਗ਼ ਰੇ਼ ਮ਼ ਪ਼ ਧ਼ । ਸੁਰ ਇਹ ਲਗਦੇ ਹਨ : ਖਰਜ ਪੰਚਮ ਸੁੱਧ ਰਿਖਭ ਧੈਵਤ ਸਕਾਰੀ ਮਧਮ, ਤੀਬਰ, ਗੰਧਾਰਾ, ਨਿਖਾਧ ਸੁਧ ਪਰ ਬੰਤਾ ਤੀਬਰ । ਦੇਸੀ ਸੰਕੀਰਨ ਹੈ । ਦੇਸੀ, ਤਿਰਵਨ, ਟੋਡੀ ਮਿਲਕੇ ਬੈਰਾੜੀ ਬਣਦੀ ਹੈ । ਪਰੰਤੂ ਨਾਦ ਵਿਨੋਦ ਵਿਚ ਲਿਖਿਆ ਹੈ ਕਿ ਇਸ ਦਾ ਅੰਸ ਨਿਯਾਸ ਗ੍ਰਿਹੁ ਮੱਧਮ ਹੈ, ਪਰੰਤੂ ਰਿਖਭ ਨਾਲ ਪਰੀਤ ਰਖਦੀ ਹੈ ਖਾੜਵ ਹੈ । ਪੰਚਮ ਸੁਰ ਵਿਵਰਜਿਤ ਹੈ । ਪਿਛਲੇ ਪਹਿਰ ਗਾਵੀਂਦੀ ਹੈ ।"

ਅੱਗੇ ਆਪ ਹੋਰ ਹਵਾਲੇ ਦਿੰਦੇ ਹਨ :

ਰਾਧਾ ਗੋਬਿੰਦ ਸੰਗੀਤਸਾਰ ਵਿਚ ਲਿਖਿਆ ਹੈ :

ਦੋ ਸੰਪੂਰਨ ਸਵਰ ਹੋਤ ਹੈ ਸਤ੍ਰਿਯ ਭੂਖਨ ਅੰਗ ।
ਪਹਿਰ ਦ੍ਵੈਕ ਬੀਤੇ ਕਰੇ ਰਾਗ ਬਿਰਾਟੀ ਅੰਗ ।

ਇਸ ਨੇ ਵੀ ਭੈਰੋਂ ਦੀ ਰਾਗਨੀ ਲਿਖੀ ਹੈ, ਇਹ ਰਾਗਣੀ ਸੰਪੂਰਨ ਹੈ ਸ ਰੇ ਗ ਮ ਧ ਨੀ ਸਾ ਅੰਸ ਨਿਜਾਸ ਗ੍ਰਿਤ ਇਸ ਦਾ ਖਰਜ ਹੈ। ਦੋ ਪਹਿਰ ਦਿਨ ਬੀਤੇ ਗਾਵੀਂਦੀ ਹੈ। ਬੁਧ ਪ੍ਰਕਾਸ਼ ਦਰਪਨ ਵਿਚ ਦੀਪਕ ਦੀ ਨੂੰਹ ਕਰਕੇ ਲਿਖੀ ਹੈ, ਜਿਤ੍ਰ ਕੁ ਪਦ × × × × × × ਆਦਿ

ਸੰਗੀਤ ਬਿਨੋਦ ਅਤੇ ਰਾਗ ਮਾਲਾ ਵਿਚ ਲਿਖਿਆ ਹੈ ਕਿ ਸ੍ਰੀ ਰਾਗ ਦੀ ਇਸਤਰੀ ਬੈਰਾਟੀ ਹੈ ਜਿਹਾ ਕੁ 'ਬੈਰਾਟੀ ਕਰਨਾਟੀ ਧਰੀ।'

ਉਪਰੋਕਤ ਹਵਾਲਿਆਂ ਤੋਂ ਪਾਠਕ ਖ਼ੁਦ ਹੀ ਅਨੁਮਾਨ ਲਗਾ ਸਕਦੇ ਹਨ ਕਿ ਰਾਗ ਰਾਗਣੀ ਪੱਧਤੀ ਮੰਨਣ ਵਾਲੇ ਮਤ-ਮਤਾਂਤਰਾਂ ਨੇ ਕਿਸੇ ਨੇ ਬੈਰਾੜੀ ਰਾਗ ਨੂੰ ਭੈਰਵ ਦੇ ਲੜ ਲਾਇਆ ਕਿਸੇ ਨੇ ਸਿਰੀ ਰਾਗ ਦੇ ਅਤੇ ਕਿਸੇ ਨੇ ਦੀਪਕ ਦੇ ਪੁਤਰ ਨਾਲ ਇਸਦਾ ਵਿਆਹ ਰਚਾਇਆ, ਪਰ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਸ ਰਾਗ ਨੂੰ 'ਰਾਗੁ ਬੈਰਾੜੀ' ਨਾਮ ਨਾਲ ਹੀ ਨਿਵਾਜਿਆ ਗਿਆ ਹੈ।

## ਬੈਰਾੜੀ ਮਹਲਾ ੪

ਹਰਿ ਜਨੁ ਰਾਮ ਨਾਮ ਗੁਨ ਗਾਵੈ ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥ ੧ ॥ ਰਹਾਉ ॥
ਜੋ ਕਿਛੁ ਕਰੇ ਸੁ ਆਪ ਸੁਆਮੀ ਹਰਿ ਆਪੇ ਕਾਰ ਕਮਾਵੈ ॥ ੧ ॥
ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ ॥ ੧ ॥
ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥
ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥ ੨ ॥ ੩ ॥

(ਗੁ. ਗ੍ਰੰ. ਪੰਨਾ ੭੧੯-੭੨੦)

## ਰਾਗ ਬੈਰਾੜੀ ਤ੍ਰਿਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ : | | | | ਪ | ਪ | ਧ | ਗ |
| | | | | | | | | | | | | ਹ | ਰਿ | ਜਨੁ | |
| ਪ | - | ਪ | ਮ' | - | ਧ | ਮ' | ਗ | ਮ' | ਰੇ | ਗ | - | ਮ' | ਗ | ਰੇ | ਗ |
| ਰਾ | ऽ | ਮ | ਨਾ | ऽ | ਮ | ਗੁ | ਨ | ਗਾ | ऽ | ਵੈ | ऽ | ਜ | ऽ | ਕੋ | ਈ |
| ਰੇ | - | ਸਾ | ਸਾ | ਨੀ | ਰੇ | ਗ | ਗ | ਪ | ਪ | ਪ | - | ਮ' | ਧ | ਮਧ | ਸਾਂ |
| ਨਿੰ | ऽ | ਦ | ਕ | ਰੇ | ऽ | ਹ | ਰਿ | ਜ | ਨ | ਕੀ | ऽ | ਅ | ਪੁ | ਨਾऽ | ऽ |
| ਨੀ | ਰੇਂ | ਸਾਂ | ਸਾਂ | ਰੇਂਨੀ | ਪਧ | ਨੀਨੀ | ਧਪ | ਧਗ | ਮ'ਗ | ਪਗ | ਰੇਸਾ | | | | |
| ਗੁ | ਨੁ | ਨ | ਗ | ਵਾऽ | ऽऽ | ऽऽ | ऽऽ | ਵੈऽ | ऽऽ | ऽऽ | ऽऽ | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ : | | | | ਮੰ | ਧ | ਮੰਗ | ਧ |
| | | | | | | | | | | | | ਜੋ | ऽ | ਕਿ | ਛੁ |
| ਸਾਂ | ਸਾਂ | - | ਸਾਂ | ਸਾਂ | - | ਸਾਂ | - | ਸਾਂ | ਰੇਂ | ਸਾਂ | - | ਸਾਂਸਾਂ | ਨੀਰੇਂ | ਗਂ | ਰੇਂ |
| ਕ | ਰੇ | ऽ | ਸੁ | ਆ | ऽ | ਪੇ | ऽ | ਸੁਆ | ऽ | ਮੀ | ऽ | ਹਰਿ | ਆऽ | ਪੰ | ऽ |
| ਨੀ | ਰੇਂ | ਸਾਂ | ਸਾਂ | ਨੀਸਾਂ | ਰੇਂ | ਨੀ | ਪ | ਨੀ | ਧ | ਪ | - | ਪਪ | ਪ | - | ਪ |
| ਕਾ | ऽ | ਰ | ਕ | ਮਾऽ | ऽ | ऽ | ऽ | ਵੇ | ऽ | ऽ | | ਹਰਿ | ਆ | ऽ | ਮੰ |
| ਧਗ | ਮੰਧ | | | ਮੰ | ऽ | ਗ | ਪ | ਗ | ਰੇ | ਸਾ | - | ਸਾਸਾ | ਨੀ | ਰੇ | ਮੰਗ |
| ਹੀ | ऽ | ਮਤਿ | | ਦੇ | ऽ | ਵੇ | ऽ | ਸੁਆ | ऽ | ਮੀ | ऽ | ਹਰਿ | ਆऽ | ਪੰ | ऽ |
| ਮੰਧ | ਸਾਂ | ਸਾਂ | ਸਾਂ | ਰੇਂਨੀ | ਪਧ | ਨੀਨੀ | ਧਪ | ਧਗ | ਮੰਗ | ਪਗ | ਰੇਸਾ | | | | |
| ਬੰऽ | ਲ | ਬੁ | | ਲਾऽ | ऽऽ | ऽऽ | ऽऽ | ਵੇऽ | ऽऽ | ऽऽ | ऽऽ | | | | |

# ਰਾਗ ਤਿਲੰਗ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿਲੰਗ ਰਾਗ ਦੇ ਸਿਰਲੇਖ ਹੇਠ ਦੋ ਰਾਗ ਪ੍ਰਕਾਰ ਉਪਲੱਬਧ ਹੁੰਦੇ ਹਨ। (ੳ) ਤਿਲੰਗ (ਅ) ਤਿਲੰਗ ਕਾਫੀ। ਜਿਨ੍ਹਾਂ ਸਬੰਧ ਅਸੀਂ ਸੁਤੰਤਰ ਰੂਪ ਵਿਚ ਚਰਚਾ ਕਰਾਂਗੇ। ਸਰਬ ਪ੍ਰਥਮ ਇਥੇ ਅਸੀਂ ਰਾਗ ਤਿਲੰਗ ਬਾਰੇ ਵੀ ਚਰਚਾ ਕਰ ਰਹੇ ਹਾਂ।

ਤਿਲੰਗ ਬੜਾ ਪ੍ਰਸਿੱਧ, ਮਨੋਹਰ ਅਤੇ ਸਰਲ ਰਾਗ ਹੈ। ਇਸ ਰਾਗ ਨੂੰ ਸਾਧਾਰਣ ਸ੍ਰੋਤੇ ਵੀ ਬੜੀ ਸੌਖੀ ਤਰ੍ਹਾਂ ਪਛਾਣ ਲੈਂਦੇ ਹਨ। ਇਸ ਰਾਗ ਦਾ ਨਿਕਟ ਵਰਤੀ ਰਾਗ ਖਮਾਜ ਹੈ। ਖਮਾਜ ਵਿਚ ਰਿਸ਼ਭ ਅਤੇ ਧੈਵਤ ਸਪਸ਼ਟ ਤੌਰ ਤੇ ਪ੍ਰਯੋਗ ਹੁੰਦੇ ਹਨ ਪਰ ਤਿਲੰਗ ਵਿਚ ਧੈਵਤ ਵਰਜਿਤ ਅਤੇ ਰਿਸ਼ਭ ਵੀ ਬਹੁਤ ਅਲਪ ਮਾਤਰਾ ਵਿਚ ਕਦੇ ਕਦੇ ਤਾਰ ਸਪਤਕ ਵਿਚ ਵਰਤਿਆ ਜਾਂਦਾ ਹੈ ਇਸ ਕਾਰਣ ਇਹ ਖਮਾਜ ਨਾਲੋਂ ਨਿਰਾਲਾ ਰੂਪ ਧਾਰਣ ਕਰ ਲੈਂਦਾ ਹੈ। ਸ਼ਾਸਤਰਕਾਰਾਂ ਨੇ ਤਿਲੰਗ ਰਾਗ ਦੀ ਰਚਨਾ ਖਮਾਜ ਥਾਟ ਦੇ ਅੰਤਰਗਤ ਸਵੀਕਾਰੀ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਦੋ ਨਿਸ਼ਾਦ, ਰਿਸ਼ਭ ਧੈਵਤ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਸ਼ੁਧ ਨਿਸ਼ਾਦ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਲਿਆ ਜਾਂਦਾ ਹੈ। ਤਿਲੰਗ ਰਾਗ ਦੇ ਤਾਰ ਸਪਤਕ ਵਿਚ ਰਿਸ਼ਭ ਸੁਰ ਦੀ ਵਰਤੋਂ ਕਰਨ ਦਾ ਰਿਵਾਜ ਹੈ, ਪਰੰਤੂ ਮੱਧ ਸਪਤਕ ਵਿਚ ਰਿਸ਼ਭ ਸੁਰ ਸਦਾ ਵਰਜਿਤ ਹੀ ਰਹਿੰਦਾ ਹੈ। ਦੋ ਸੁਰ ਵਰਜਿਤ ਹੋਣ ਕਾਰਣ ਇਸ ਰਾਗ ਦੀ ਜਾਤੀ ਔਡਵ-ਔਡਵ ਨਿਸ਼ਚਿਤ ਹੁੰਦੀ ਹੈ, ਕਿਉਂ ਜੋ ਇਸ ਰਾਗ ਦੇ ਤਾਰ ਸਪਤਕ ਵਿਚ ਰਿਸ਼ਭ ਦੇ ਪ੍ਰਯੋਗ ਦਾ ਸਭ ਕਲਾਕਾਰ ਸਮਰਥਨ ਕਰਦੇ ਹਨ ਇਸ ਲਈ ਕੁਝ ਸੰਗੀਤਕਾਰ ਇਸ ਦੀ ਜਾਤੀ ਔਡਵ-ਸ਼ਾਡਵ ਵੀ ਮੰਨਦੇ ਹਨ। ਤਿਲੰਗ ਰਾਗ ਦੇ ਗਾਉਣ ਦਾ ਸਮਾ ਰਾਤ ਦਾ ਦੂਜਾ ਪਹਿਰ ਹੈ। ਕੁਝ ਸਿਖ ਕੀਰਤਨਕਾਰ ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਵਿਚ ਵੀ ਗਾਉਂਦੇ ਹਨ। ਸੰਗੀਤ ਦੇ ਧਨੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਇਸ ਰਾਗ ਦੇ ਸਮੇਂ ਸਿਧਾਂਤ ਦੇ ਅਨੁਸਾਰ ਹੀ ਨਿਜਮਨ ਪ੍ਰਤਿ ਉਚਾਰਣ ਕਰਦੇ ਹਨ "ਜਾਗ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ" ॥ ਭਾਰਤੀ ਸੰਗੀਤ ਦੇ ਸਮੇਂ ਸਿਧਾਂਤ ਬਾਰੇ ਕਿਤਨੀ ਸੂਖਮ ਅਤੇ ਵਿਸ਼ਾਲ ਸੂਝ ਦਾ ਪਰਿਚਾਇਕ ਹੈ ਇਹ ਮਹਾ ਵਾਕ।

ਤਿਲੰਗ ਰਾਗ ਵਿਚ ਦੋ ਸੁਰ ਸੰਗਤੀਆਂ—'ਨੀਪ' ਅਤੇ 'ਗਮਗ' ਅਤਿਅੰਤ ਮਹੱਤਵ ਪੂਰਣ ਹਨ ਜਿਨਾਂ ਦੇ ਆਧਾਰ ਤੇ ਕਲਾਕਾਰ ਇਸ ਰਾਗ ਦਾ ਸਰੂਪ ਸਥਾਪਿਤ ਕਰਦੇ ਹਨ।

ਇਸ ਰਾਗ ਦਾ ਵਿਸਤਾਰ ਮੱਧ ਅਤੇ ਤਾਰ ਸਪਤਕ ਵਿਚ ਵਧੇਰੇ ਹੁੰਦਾ ਹੈ, ਮੰਦਰ ਸਪਤਕ ਵਿਚ ਬਹੁਤ ਘੱਟ। ਕਈ ਲੇਖਕ ਇਸ ਰਾਗ ਨੂੰ ਸ਼ਿੰਗਾਰ ਰਸ ਦਾ ਰਾਗ ਮੰਨਦੇ ਹਨ ਅਤੇ ਇਸ ਨੂੰ ਚੰਚਲ ਪ੍ਰਕ੍ਰਿਤੀ ਦੇ ਰਾਗਾਂ ਦੇ ਵਰਗ ਵਿਚ ਸ਼ਾਮਲ ਕਰਦੇ ਹਨ।

ਵਾਸਤਵ ਵਿਚ, ਰਾਗ ਦਾ ਰਸ ਅਤੇ ਪ੍ਰਕ੍ਰਿਤੀ ਨਿਰਧਾਰਣ ਕਰਨ ਵਿਚ ਹਰ ਕਲਾਕਾਰ ਦਾ ਵਖੋ ਵਖਰਾ ਦ੍ਰਿਸ਼ਟੀਕੋਣ ਹੁੰਦਾ ਹੈ।

'ਚਤਵਾਰਿੰਸਚਵਤ ਰਾਗ ਨਿਰੂਪਣਮ' ਗ੍ਰੰਥ ਦੇ ਲੇਖਕ ਨੇ ਇਸ ਰਾਗ ਦਾ ਨਾਮ "ਤ੍ਰੈਲੰਗੀ" ਲਿਖਿਆ ਹੈ। ਕਈ ਮਤਾਂ ਨੇ ਇਸ ਰਾਗ ਨੂੰ ਹਿੰਡੋਲ ਰਾਗ ਦੀ ਇਸਤਰੀ ਜਿਵੇਂ "ਤੈਲੰਗੀ, ਦੇਵਕਰੀ ਆਈ"॥ ਪਰੰਤੂ ਗੁਰੂ ਗ੍ਰੰਥ ਸਾਹਿਬ ਇਸ ਰਾਗ ਨੂੰ 'ਰਾਗ ਤਿਲੰਗ' ਲਿਖਿਆ ਪ੍ਰਾਪਤ ਹੁੰਦਾ ਹੈ ਤ੍ਰੈਲੰਗੀ ਜਾਂ ਤ੍ਰੈਲੰਗੀ ਨਹੀਂ।

ਉਪਰੋਕਤ ਹਵਾਲੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਰਿਯਾਦਾ ਪੁਰਸ਼ੋਤਮ ਗੁਰੂ ਸਾਹਿਬਾਨ ਦੇ ਸਭ ਰਾਗਾਂ ਬਾਰੇ ਸ਼ਬਦ ਜੋੜਾਂ ਵਿਚ ਸਮਾਨਤਾ ਹੈ। ਉਦਾਹਰਣ ਵਜੋਂ : ਸੋਰਠਿ, ਗਉੜੀ, ਦੇਵਗੰਧਾਰੀ, ਆਦਿ। ਜਿਸ ਬਾਣੀ ਵਿਚ ਵੀ ਰਾਗ ਸਿਰਲੇਖ ਦੇ ਰੂਪ ਵਿਚ ਆਇਆ ਹੈ ਉਸ ਦੇ ਆਰੰਭ ਵਿਚ ਮੱਧ ਅਤੇ ਅੰਤ ਵਿਚ ਸ਼ਬਦ ਜੋੜ ਲਗਾਂ ਮਾਤਰਾ ਵਿਚ ਸਮਾਨਤਾ ਹੈ। ਅਰਥਾਤ ਇਹ ਨਹੀਂ ਕਿ ਕਿਤੇ "ਗਉੜੀ" ਅਤੇ ਕਿਤੇ "ਗਵਰੀ" ਅਥਵਾ "ਤਿਲੰਗ" ਜਾਂ "ਤੈਲੰਗੀ" ਸੋ ਇਹ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ "ਰਾਗੁ ਤਿਲੰਗ" ਨਾਮ ਪ੍ਰਦਾਨ ਕੀਤਾ ਗਿਆ ਹੈ। ਬਾਕੀ ਰਿਹਾ ਇਸ ਰਾਗ ਦਾ ਕ੍ਰਿਆਤਮਕ ਸਰੂਪ ਇਸ ਦ੍ਰਿਸ਼ਟੀਕੋਣ ਤੋਂ ਵੀ ਹਿੰਡੋਲ ਅਤੇ ਤਿਲੰਗ ਵਿਚ ਕੋਈ ਇਸਤਰੀ ਪੁਰਖ ਵਾਲਾ ਸੰਬੰਧ ਸਥਾਪਿਤ ਨਹੀਂ ਹੁੰਦਾ। ਵਰਤਮਾਨ ਵਿਚ ਸਭ ਕਲਾਕਾਰ ਇਸ ਨੂੰ 'ਰਾਗ ਤਿਲੰਗ' ਨਾਲ ਹੀ ਸੰਬੋਧਨ ਕਰਦੇ ਹਨ।

ਆਰੋਹ : ਸਾ, ਗ ਮ ਪ, ਨੀ ਸਾਂ

ਅਵਰੋਹ : ਸਾਂ, ਨ਼ੀ ਪ, ਗ ਮ ਗ, ਸਾ

ਮੁਖ ਅੰਗ : ਨ਼ੀ ਪ, ਗ ਮ ਗ, ਸਾ।

## ਰਾਗ ਤਿਲੰਗ

1. ਸਾ, ਨ਼ੀ ਨ਼ੀ ਸਾ, ਨ਼ੀ ਸਾ ਗ, ਨ਼ੀ ਸਾ ਗ ਮ ਗ, ਨ਼ੀਸਾ ਸਾਗ ਗ ਮ, ਸਾਮ ਮਗ, ਨ਼ੀਸਾ ਗ ਮਪ, ਗਮ ਗ, ਮ ਮ ਗ ਸਾ ਗ ਮ ਪ, ਗ ਮ ਗ, ਗ ਪ ਮ ਪ ਗ ਮ ਗ, ਮ ਪ ਗ ਮ ਸਾ ਸਾ ਗ ਗ ਮ, ਪ ਪ ਮ ਮ ਸਾ ਗ ਗ ਮ, ਸਾ ਗ ਮ ਪ ਗ ਮ ਪ ਗ ਮ ਗ, ਗਗ ਸਾਨ਼ੀ ਸਾਗ ਮ ਪ ਗ ਮ ਪ ਨ਼ੀਪ, ਗ ਮ ਗ, ਗ ਮ ਪ ਨ਼ੀ ਮ ਪ ਗ ਮ ਗ, ਸਾ, ਨ਼ੀ ਨ਼ੀ ਗ ਸਾ।

2. ਨ਼ੀ ਸਾ ਗ ਮ ਪ, ਗ ਮ ਨ਼ੀ ਪ, ਮ ਪ ਗ ਮ ਨ਼ੀਪ, ਮ ਪ ਗ ਮ ਪ ਨ਼ੀ ਪ ਸਾਂ ਨ਼ੀਪ, ਗ ਮ ਗ, ਗ ਮ ਗ ਮ (ਸਾਂ) ਨ਼ੀ ਪ ਗ ਮ ਗ, ਨ਼ੀ ਨ਼ੀ ਪ ਨ਼ੀ ਮ ਪ ਗ

ਮ ਪ ਸਾਂ ਨੀ̱ ਪ ਗ ਮਗ, ਗ ਮ ਪ ਨੀ̱ ਮ ਪ ਮ ਨੀ̱ਪ ਸਾਂ ਨੀ̱ਪ ਗ ਮ ਗ, ਨੀ̱ ਨੀ̱ ਪ ਮ ਗ ਮ ਪ ਨੀ, ਨੀ̱ ਪ ਮ ਪ ਗ ਮ ਪਨੀ, ਨੀ ਨੀ ਸਾਂ, ਸਾਂਰੇਂ ਨੀਸਾਂ ਨੀ, ਨੀ ਨੀ ਸਾਂ, ਪ ਨੀ ਸਾਂ, ਪ ਨੀ ਸਾਂਰੇਂ ਨੀਸਾਂ ਨੀ, ਸਾਂ ਨੀ̱ ਪ ਗ ਮ ਗ, ਗ ਮ ਪ ਨੀਸਾਂ ਨੀ̱ ਪ ਗ ਮ ਗ, ਗ ਮ ਪ ਨੀ̱ ਮ ਪ ਗ ਮ ਗ, ਗ ਪ ਮ ਪ ਗ ਮ ਪ ਗ ਮ ਗ, ਸਾ, ਨ਼ੀ ਨ਼ੀ ਗ ਸਾ।

3. ਸਾ ਗ ਮ ਪ ਗ ਮ ਪ ਨੀ̱ ਪ ਸਾਂ ਨੀ̱ ਪ ਗ ਮ ਗ, ਮ ਪ ਗ ਮ ਪ ਨੀ̱ ਪ ਸਾਂਨੀ̱ ਪ ਗ ਮ ਗ ਗ ਮ ਪ ਨੀ̱ ਮ ਪ ਨੀ ਨੀ, ਪਨੀਸਾਂ, ਪਨੀ ਸਾਂਰੇਂ ਨੀਸਾਂ ਨੀ, ਨੀਸਾਂ ਨੀ̱ਪ ਗ ਮ ਗ, ਗ ਮ ਪ ਨੀਸਾਂ ਰੇ ਨੀਸਾਂ ਗਂ ਗ, ਗਂ ਮਾਂ ਗ ਮ ਪ ਨੀ̱ ਸਾਂ ਰੇਂ ਨੀਸਾਂਗਂ ਮਂ ਗਂ, ਨੀਸਾਂ ਗਂ ਗਂ ਮਂ, ਨੀ ਸਾਂ ਗਂ ਮਂ ਪਂ ਗਂ ਮਂ ਗ, ਮਂ ਮਂ ਗਂ ਮਂ ਸਾਂ ਮਂ ਮਂ ਗਂ, ਸਾਂਨੀ, ਨੀ̱ ਨੀ̱ ਪਾ ਨੀ ਸਾਂਰੇਂ ਨੀਸਾਂ ਗਂ ਮਂ ਗਂ, ਪ ਨੀਸਾਂ ਰੇਂ ਨੀ ਸਾਂ ਗਂਸਾਂ ਨੀ, ਨੀ ਨੀ ਸਂ, ਨੀਸਾਂ ਨੀ̱ ਪ. ਮ ਪ ਗ ਮ ਪ ਨੀ̱ ਪ ਸਾਂ ਨੀ̱ ਪ ਗ ਮ ਗ, ਗ ਮ ਗ ਮ ਗ ਮ (ਸਾਂ) ਨੀ̱ ਪ ਗ ਮ ਗ਼ ਸਾ, ਨ਼ੀ ਨ਼ੀ ਗ ਸਾ।

## ਤਿਲੰਗ ਮਹਲਾ ੫ ॥

ਮੀਰਾਂ ਦਾਨਾਂ ਦਿਲ ਸੋਚ ॥
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥ ੧ ॥ ਰਹਾਉ ॥
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥
ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥ ੧ ॥
ਦਸ੍ਤਗੀਰ ਦੇਹਿ ਦਿਲਾਵਰ ਤੂਹੀ ਤੂਹੀ ਏਕ ॥
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥ ੨ ॥ ੪ ॥

(ਗੁ. ਗ੍ਰੰ. ਪੰਨਾ ੭੨੪)

## ਰਾਗ ਤਿਲੰਗ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | ਸਾਗ | ਮਪ | ਗਮ | ਪਨੀ | ਸਾਂ | ਨ਼ੀ | ਪ | ਗ | - | ਮ |
| | | | | | | ਮੀS | SS | ਰਾਂS | SS | S | ਦਾ | ਨਾਂ | ਦਿ | S | ਲ |
| ਗ | - | - | - | ਸਾ | ਸਾ | ਗ | ਮ | ਪਨ਼ੀ | ਮਪ | ਸਾਂ | ਨ਼ੀ | ਪ | ਗ | - | ਮ |
| ਸੋ | S | S | S | S | ਚ | ਮੀ | S | ਰਾਂS | SS | S | ਦਾ | ਨਾਂ | ਦਿ | S | ਲ |
| ਗ | - | - | - | ਗ਼ੁਪ | ਮਪ | ਅ | ਸਾ | ਸਾ | ਗ | - | ਮ | ਪਨ਼ੀ | ਪ | ਮ | ਪ |
| ਸੋ | S | S | S | SS | SS | S | ਚ | ਮ਼ | ਹ | S | ਬ | ਤੇS | S | ਮ | ਨਿ |
| S | ਮਪ | ਨੀਸਾਂ | ਨੀ | ਸਾਂਰੇਂ | ਨੀਸਾਂ | - | - | ਸਾਂਸਾਂ | ਨੀ | - | ਨੀ | ਸਾਂ | ਨੀ | ਸਾਂ | - |
| S | ਤS | ਨਿS | ਬ | ਸੰS | SS | SS | | ਸਚੁ | ਸਾ | S | ਹ | ਬੰ | S | ਦੀ | S |
| ਨ਼ੀਪ | ਮਪ | ਗਮ | ਪਸਾਂ | ਨ਼ੀਪ | ਮਗ | - | - | ਨੀਨੀ | ਨੀ | - | ਨੀ | ਸਾਂ | ਨੀ | ਸਾਂ | - |
| ਸੰS | SS | SS | SS | SS | ਚS | S | S | ਸਚੁ | ਸਾ | S | ਹ | ਬੰ | S | ਦੀ | S |
| ਨ਼ੀਨ਼ੀ | ਪਨੀ | ਸਾਂਰੇਂ | ਸਾਂਨ਼ੀ | ਪਮ | ਗ | | | | | | | | | | |
| ਮੰS | SS | SS | SS | SS | ਚ | | | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | - | ਗ | - | ਮ | ਪਨੀ | ਪ | ਨੀ | - |
| | | | | | | | | ऽ | ਦੀ | ऽ | ਦ | ਲੇऽ | ਦੀ | ऽ | |
| ਸਾਂ | - | - | ਨੀ | ਸਾਂਰੇਂ | ਨੀਸਾਂ | ਸਾਂ | ਸਾਂ | - | ਨੀਨਾ | ਨੀ | ਨੀ | ਸਾਂ | ਨੀ | ਸਾਂ | - |
| ਦਾ | ऽ | ऽ | ਰ | ਸਾ | ऽऽ | ਹਿ | ਥ | ऽ | ਕਛੂ | ਨ | ਹੀ | ਇ | ਸ | ਕਾ | ऽ |
| ਪਨੀ | ਪਨੀ | ਸਾਂ | ਨੀਪ | ਗ | ਮ | ਗ | ਗ | - | ਗਮ | ਪਨੀ | ਮਪ | ਨੀ | ਨੀ | ਸਾਂ | ਸਾਂ |
| ਮੋऽ | ऽऽ | ऽ | ऽऽ | ऽ | ऽ | ऽ | ਲ | ऽ | ਪਾऽ | ऽऽ | ਕऽ | ਪਰ | ਵ | ਦ | |
| - | ਨੀਸਾਂ | ਗਂਮਂ | ਗਂ | ਸਾਂਰੇਂ | ਸਾਂਸਾਂ | ਨੀ | - | ਨੀਨੀ | ਨੀਨੀ | ਨੀ | | ਸਾਂ | ਨੀ | ਸਾਂ | ਸਾਂ |
| ऽ | ਗਾऽ | ऽऽ | ਰ | ਤੁऽ | ऽऽ | ऽऽ | ऽऽ | ਖੁਦਿ | ਖ | ਸ | ਮ | ਵ | ਡਾ | ਅ | ऽ |
| ਗਮ | ਪਨੀ | ਸਾਂ | ਨੀਪ | ਗਮ | ਗ | | | | | | | | | | |
| ਤੇऽ | ऽऽ | ऽ | ऽऽ | ऽऽ | ਲੂ | | | | | | | | | | |

## ਰਾਗ ਤਿਲੰਗ ਕਾਫੀ

ਇਸ ਰਾਗ ਦੀ ਰਚਨਾ ਤਿਲੰਗ ਅਤੇ ਕਾਫੀ ਦੇ ਮਧੁਰ ਮਿਸ਼ਰਣ ਦੁਆਰਾ ਹੋਈ। ਇਸ ਰਾਗ ਦੇ ਸਮੁਚੇ ਚਲਨ ਵਿਚ ਇਨ੍ਹਾਂ ਦੋਹਾਂ ਰਾਗਾਂ ਦੀਆਂ ਨਾਦ ਲਹਿਰਾਂ ਭਿੰਨ ਭਿੰਨ ਕੰਨ ਗੋਚਰ ਹੁੰਦਿਆਂ ਹੋਇਆਂ ਵੀ ਪ੍ਰਭਾਵ ਇਕ ਉਤਪੰਨ ਕਰਦੀਆਂ ਹਨ, ਇਹੋ ਹੀ ਭਾਰਤੀ ਸੰਗੀਤ ਦੀ ਵਿਸ਼ੇਸ਼ਤਾ ਹੈ। ਮਿਸ਼ਰਣ ਦੀ ਇਹ ਪਰੰਪਰਾ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਹੈ। ਇਸੇ ਤੱਥ ਦੇ ਆਧਾਰ ਤੇ ਗੁਰੂ ਕਾਲ ਵਿਚ ਵੀ ਅਨੇਕ ਰਾਗ ਹੋਂਦ ਵਿਚ ਆਏ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਮਿਸ਼ਰਤ ਪ੍ਰਕਾਰਾਂ ਦੇ ਅਨੇਕ ਉਦਾਹਰਣ ਮੌਜੂਦ ਹਨ ਜਿਵੇਂ, ਗਾਉੜੀ ਮਾਲ, ਗਉੜੀ ਦੀਪਕੀ, ਸੂਹੀ ਲਲਿਤ, ਬਿਲਾਵਲ ਗੋਂਡ, ਮਾਰੂ ਕਾਫੀ, ਬਸੰਤ ਹਿੰਡੋਲ, ਬਿਭਾਸ ਪ੍ਰਭਾਤੀ, ਕਲਿਆਨ ਭੋਪਾਲੀ, ਆਦਿ। ਮੱਧ ਕਾਲੀਨ ਰਾਗ ਵਰਗੀਕਰਣ ਦੀ ਇਕ ਪ੍ਰਣਾਲੀ ਅਨੁਸਾਰ ਅਜਿਹੇ ਰਾਗਾਂ ਨੂੰ 'ਛਾਇਆ ਲਗ' ਸੰਗਿਆ ਦਿਤੀ ਜਾਂਦੀ ਹੈ।

ਇਸ ਰਾਗ ਦੀ ਰਚਨਾ ਥਾਟ-ਉਪਥਾਟ ਪੱਧਤੀ ਅਨੁਸਾਰ ਖਮਾਜ ਅਤੇ ਕਾਫੀ ਥਾਟ ਦੇ ਅੰਤਰਗਤ ਮੰਨੀ ਜਾਂਦੀ ਹੈ। ਇਸ ਰਾਗ ਵਿਚ ਦੋ ਗੰਧਾਰ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸ਼ੁੱਧ। ਕੋਮਲ ਗੰਧਾਰ, ਧੈਵਤ ਅਤੇ ਰਿਸ਼ਭ ਦੇ ਪ੍ਰਯੋਗ ਦੁਆਰਾ ਇਹ ਤਿਲੰਗ ਰਾਗ ਨਾਲੋਂ ਨਿਰਾਲਾ ਹੋ ਜਾਂਦਾ ਹੈ। ਇਸ ਰਾਗ ਦਾ ਵਾਦੀ ਸੁਰ ਸ਼ੁੱਧ ਗੰਧਾਰ ਅਤੇ ਸੰਵਾਦੀ ਸ਼ੁੱਧ ਨਿਸ਼ਾਦ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਆਰੋਹ : ਸਾਗ, ਮਪ, ਨੀਸਾਂ

ਅਵਰੋਹ : ਸਾਂਨ਼ੀ ਧਪ, ਮਗ, ਮਗ਼, ਰੇਸਾ

ਮੁਖ ਅੰਗ : ਨ਼ੀ ਪ ਗ ਮ ਗ, ਮ ਗ਼ ਰੇਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨ਼ੀ, ਨ਼ੀ ਨ਼ੀ ਸਾ, ਨ਼ੀ ਸਾ ਗ, ਸਾਰੇ ਸਾ ਸਾ ਨ਼ੀ ਨ਼ੀ ਸਾ ਗ, ਸਾ ਗ਼ ਰੇ ਸਾ, ਨ਼ੀ ਸਾ ਗ ਮ ਗ, ਮ ਗ, ਮ ਗ਼ ਰੇ ਸਾ ਨ਼ੀਸਾ ਗ ਮ, ਸਾ ਸਾ ਗ ਗ ਮ, ਨ਼ੀ ਸਾ ਗ ਮ ਪ ਗ ਮਗ, ਪ ਮ ਪ ਗਮ ਪ ਗ਼ ਰੇ ਸਾ, ਨ਼ੀ ਸਾ ਗ ਮ ਪ ਸਾਪ ਮਪ ਅ ਪ ਮ ਅ, ਮਗ਼, ਰੇ ਸਾ ਨ਼ੀ ਨ਼ੀ ਰੇਸਾ।

2. ਗ਼ ਗ਼ ਰੇ ਸਾ ਨ਼ੀ ਸਾਗ ਮ ਪ, ਗ ਮ ਧ ਪ, ਗ ਮ ਧ ਧ ਪ ਧ ਮ ਪ ਗਪ ਮ ਗ ਗ ਪ ਨ਼ੀ ਪ, ਗ ਮ ਗ, ਧ ਪ ਮ ਪ ਗ ਮ ਗ, ਨ਼ੀ ਸਾ ਗ ਮ ਪ ਨ਼ੀ, ਨ਼ੀਨ਼ੀ ਪ ਨ਼ੀ ਪ ਮ ਪ ਮ ਗ ਮ ਪ ਨ਼ੀਪ, ਮ ਪ ਗ ਮ ਪ ਨ਼ੀ ਪ ਸਾਂ ਨ਼ੀਪ ਗ ਮਗ, ਧ ਪ ਮ ਪ ਗ ਮ ਪ ਗ਼, ਮ ਗ਼ ਰੇਸਾ, ਨ਼ੀਸਾ ਗ ਮ ਪ ਨੀਸਾਂ ਨ਼ੀ ਪ, ਗ ਮ ਗ, ਧ ਪ ਮ ਪ ਗ ਮ ਗ ਮ ਪ ਗ਼, ਰੇਸਾ, ਨ਼ੀ ਨ਼ੀ ਰੇ-ਸਾ।

3. ਨ਼ੀ ਸਾ ਗ ਮ ਪ ਨ਼ੀ ਪ, ਗ ਮ ਪ ਨੀ ਸਾਂ, ਸਾਂਨ਼ੀ ਧ ਪ ਮ ਪ ਗ ਮ ਪ ਨ਼ੀ ਪਨ਼ੀ ਸਾਂ, ਨ਼ੀ ਨ਼ੀ ਪ ਨੀ ਸਾਂਰੇਂ ਨੀਸਾਂ ਨ਼ੀਪ, ਗ ਮ ਪ ਨੀਸਾਂ, ਪ ਨੀ ਸਾਂਗੁਂ ਰੇਂਸਾਂ, ਪ ਨੀ ਸਾਂ ਰੇਂ ਨੀਸਾਂ ਗੁਂ, ਗੁਂ ਰੇਂਸਾਂ, ਸਾਂ ਸਾਂ ਗਾਂ ਗਂ ਮਂ, ਮਂ ਗਂ, ਮਂ ਗੁਂ ਰੇਂ ਸਾਂਨੀ ਸਾਂ ਗਂ ਮਂ ਪਂ ਗਂ ਮਂ ਪਂ ਗਂ ਮਂ ਪ ਗਂ ਮਂ ਪਂ, ਮਂ ਮਂ ਗੁਂ ਮਂ ਸਾਂਗੁਂ ਰੇਂ ਸਾਂ, ਨੀ ਸਾਂ ਗਂ ਮਂ ਪਂ ਗੁਂ, ਮਂ ਗੁਂ ਰੇਂ ਸਾਂ, ਰੇਂ ਰੇਂ ਸਾਂਨੀਸਾਂ, ਨ਼ੀ ਪ ਗ ਮ ਗ, ਗ ਮ ਗਮ ਗ ਮ (ਸਾਂ) ਨ਼ੀਪ ਗ ਮ ਗ, ਧ ਪ ਮ ਪ ਗ ਮ ਪ ਗੁ ਰੇਸਾ, ਨ਼ੀ ਸਾ ਗੁ ਰੇ ਸਾ, ਨ਼ੀ ਨ਼ੀ ਰੇ ਸਾ ।

## ਤਿਲੰਗ ਮਹਲਾ ੯ ਕਾਫੀ

ੴ ਸਤਿਗੁਰ ਪ੍ਰਸਾਦਿ ॥

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥
ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥
ਝੂਠੈ ਲਾਲਚ ਲਾਗਿ ਕੈ ਨਹਿ ਮਰਨ ਪਛਾਨਾ ॥ ੧ ॥
ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥

(ਗੁ. ਗ੍ਰੰ. ਪੰਨਾ ੭੨੬)

## ਰਾਗ ਤਿਲੰਗ ਕਾਫੀ ਤਾਲ ਰੂਪਕ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| | | | | | ਸਥਾਈ : | | | | | | | | |
| ਸਾ | ਗ | ਗ | ਮ | - | ਪਮ | ਗਮ | ਗਮ | ਪਸਾਂ | ਨੀ | ਸਾਂ | - | ਨੀ | ਪ |
| ਚੇ | ਤ | ਨਾ | ਹੈ | s | ਤਉ | ss | ਚੇs | ss | ਤ | ਲੈ | s | ਨਿ | ਸਿ |
| ਧਪ | ਮਪ | ਧਪ | ਮਗੁ | ਮਗੁ | ਰੇ | ਸਾ | ਗਗ | ਮਮ | | ਨੀਪ | ਮਪ | ਗ | ਮ |
| ਦਿs | ਨਿs | ਮੈs | ਪ੍ਰਾs | ss | ਨੀ | s | ਛਿਨੁ | ਛਿਨੁ | | ਅਉs | ss | ਧ | ਬਿ |
| ਗਮ | ਪਸਾਂ | ਨੀ | ਸਾਂ | - | ਨੀ | ਪ | ਗਮ | ਧਪ | | ਮਗੁ | ਮਗੁ | ਰੇ | ਸਾ |
| ਹਾs | ss | ਤ | ਹੈ | s | ਫੂ | ਟੇ | ਘਟ | ਜਿਉ | | ਪਾs | ss | ਨੀ | ਸ |

| | | | | | ਅੰਤਰਾ : | | | | | | | | |
|---|---|---|---|---|---|---|---|---|---|---|---|---|---|
| ਗਗ | ਗ | ਮ | ਨ਼ੀਪ | ਮਪ | ਗ | ਮ | ਗਮਪ | ਨੀਸਾਂ | ਨੀ | ਸਾਂ | - | ऽ | ਸਾਂ |
| ਹਰਿ | ਗੁ | ਨ | ਕਾऽ | ऽऽ | ਹੇ | ਨ | ਗਾऽऽ | ऽऽ | ਵ | ਦੀ | ऽ | ऽ | ਮੂ |
| ਪਨੀ | ਸਾਂਗੁਂ | ਰੇਂਸਾਂ | ਸਾਂਰੇਂ | ਨੀ | ਸਾਂ | - | ਸਾਂ | - | ਰੇਂ | ਨ਼ੀ | - | ਧ | ਪ |
| ਰऽ | ਖऽ | ਅਗਿ | ਆऽ | ऽ | ਨਾ | ऽ | ਬੂ | ਠੇ | | ਲਾ | ऽ | ਲ | ਚ |
| ਧਪ | ਮਪ | ਧਪ | ਗ਼ | - | ਰੇਸ | | ਗਮ | ਪਸਾਂ | ਨੀਸਾਂ | ਨ਼ੀ | ਪ | ਗਮ | ਗ |
| ਲਾऽ | ਗ | ਗਿ | ਕੇ | ऽ | ਨਹਿ | | ਮਰ | ਨੁ | ਪऽ | ਛਾ | ऽ | ਠਾऽ | ऽ |

# ਰਾਗ ਸੂਹੀ

ਸੂਹੀ ਰਾਗ ਦੇ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਮਨ ਲਿਖਤ ਰਾਗ ਪ੍ਰਕਾਰ ਹੋਰ ਮਿਲਦੇ ਹਨ।

(ੳ) ਸੂਹੀ ਕਾਫ਼ੀ

(ਅ) ਲਲਿਤ

(ੲ) ਸੂਹੀ ਲਲਿਤ

ਇਥੇ ਅਸੀਂ ਸਰਬ ਪ੍ਰਥਮ ਮੁਖ ਰਾਗ ਸੂਹੀ ਸਬੰਧੀ ਵਿਚਾਰ ਕਰ ਰਹੇ ਹਾਂ।

ਸੂਹੀ ਇਕ ਅਪ੍ਰਚਲਿਤ ਰਾਗ ਹੈ। ਪੁਰਾਤਨ, ਮੱਧ ਕਾਲੀ ਜਾਂ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ। ਅਪ੍ਰਸਿੱਧ ਪ੍ਰਕਾਰ ਹੋਣ ਦੇ ਕਾਰਣ ਇਸ ਦੇ ਵਾਸਤਵਿਕ ਸਰੂਪ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਮਤਭੇਦ ਹੋਣਾ ਇਕ ਸੁਭਾਵਿਕ ਗੱਲ ਹੈ। ਮੱਧਕਾਲੀ ਧਾਰਮਿਕ ਗ੍ਰੰਥਾਂ ਵਿਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਇਸ ਰਾਗ ਵਿਚ ਬਾਣੀ ਉਪਲੱਬਧ ਹੁੰਦੀ ਹੈ। ਕਈ ਵਿਦਵਾਨ ਉੱਤਰੀ ਭਾਰਤੀ ਦੇ ਸੂਹਾ ਰਾਗ ਨੂੰ ਹੀ ਸੂਹੀ ਮੰਨਦੇ ਹਨ। "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਦੇ ਲੇਖਕ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ (ਨਾਭਾ) ਇਸ ਰਾਗ ਬਾਰੇ ਇਸ ਤਰ੍ਹਾਂ ਲਿਖਦੇ ਹਨ : "ਸੂਹੀ ਇਕ ਰਾਗਿਣੀ ਹੈ, ਜਿਸਨੂੰ ਸੂਹਾ ਭੀ ਆਖਦੇ ਹਨ। ਇਹ ਕਾਫ਼ੀ ਠਾਠ ਦੀ ਸ਼ਾਡਵ ਰਾਗਣੀ ਹੈ। ਇਸ ਵਿਚ ਧੈਵਤ ਵਰਜਿਤ ਹੈ। ਸੂਹੀ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ, ਬਾਣੀ ਸ਼ੁੱਧ ਸੁਰ ਹਨ। ਵਾਦੀ ਮੱਧਮ ਸੰਵਾਦੀ ਸ਼ੜਜ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ।" ਇਸ ਵਿਆਖਿਆ ਤੋਂ ਉਪਰੰਤ ਉਨ੍ਹਾਂ ਨੇ ਇਸ ਰਾਗ ਦੀ ਆਰੋਹੀ-ਅਵਰੋਹੀ ਇਸ ਤਰ੍ਹਾਂ ਨਿਰਧਾਰਤ ਕੀਤੀ ਹੈ :

ਆਰੋਹੀ : ਸਾ ਰੇ ਗੁ ਮਪ ਨੁ ਸਾਂ

ਅਵਰੋਹ : ਸਾਂ ਨੁ ਮਪ, ਗੁ ਰੇ ਸਾ।

ਉਪਰੋਕਤ ਕਥਨ ਦੇ ਆਧਾਰ 'ਤੇ ਇਹ ਸਾਰੇ ਚਿਹਨ ਚੱਕਰ ਪ੍ਰਚਲਿਤ ਸੂਹਾ ਨਾਲ ਮੇਲ ਖਾਂਦੇ ਹਨ। ਇਸ ਅੰਗ ਦੇ ਸੂਹੀ ਰਾਗ ਉਤੇ ਅਸੀਂ ਇਸ ਪੁਸਤਕ ਦੇ ਦੂਜੇ ਭਾਗ ਵਿਚ ਚਰਚਾ ਕਰਾਂਗੇ।

ਸਿੱਖ ਸੰਪਰਦਾ ਦੇ ਕੀਰਤਨਕਾਰਾਂ ਵਿਚ ਬਿਲਾਵਲ ਅੰਗ ਦਾ ਸੂਹੀ ਵਧੇਰੇ ਪ੍ਰਚਲਿਤ ਰਿਹਾ ਹੈ। ਇਥੇ ਅਸੀਂ ਇਸੇ ਸਰੂਪ ਦਾ ਪਰਿਚਯ ਦੇ ਰਹੇ ਹਾਂ।

ਸੂਹੀ ਬਿਲਾਵਲ ਅੰਗ ਦਾ ਰਾਗ ਹੈ। ਕੁਝ ਲੋਕ ਇਸ ਦਾ ਥਾਟ ਬਿਲਾਵਲ ਮੰਨਦੇ ਹਨ। ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ। ਇਕ ਵਿਚ ਨਿਸ਼ਾਦ ਕੋਮਲ ਦੀ ਵਰਤੋਂ ਬਿਲਾਵਲ ਅੰਗ ਤੋਂ ਅਤੇ ਦੂਜੇ ਵਿਚ ਨਿਸ਼ਾਦ ਕੋਮਲ ਦੀ ਵਰਤੋਂ ਖਮਾਜ ਅੰਗ ਤੋਂ ਕੀਤੀ ਜਾਂਦੀ ਹੈ। ਦੋਵੇਂ ਪ੍ਰਕਾਰ ਆਪਣੇ ਆਪਣੇ ਸਥਾਨ ਤੇ ਸੁੰਦਰ ਅਤੇ ਪ੍ਰਭਾਵਸ਼ਾਲੀ ਹਨ। ਇਸ ਰਾਗ ਵਿਚ ਦੋ ਨਿਸ਼ਾਦ ਅਤੇ ਹੋਰ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਦੀ ਜਾਤੀ ਸੰਪੂਰਣ-ਸੰਪੂਰਣ ਹੈ। ਇਸ ਦੇ ਗਾਉਣ ਦਾ ਸਮਾ ਦਿਨ ਦਾ ਦੂਜਾ ਪਹਿਰ ਹੈ।

ਆਰੋਹ : ਸਾਂ ਰੇ ਗ ਮ, ਰੇਗ ਮ ਪ, ਨੀ ਧ ਨੀਸਾਂ

ਅਵਰੋਹ : ਸਾਂ ਨੀ̱ ਧਪ, ਮਗ ਰੇ, ਗ ਰੇ ਸਾ।

ਮੁਖ ਅੰਗ : ਸਾਂ ਨੀ̱ ਪ, ਮ ਗ ਰੇ ਗ, ਮ ਗ ਰੇ ਸਾ।

## ਸੁਰ ਵਿਸਤਾਰ ਰਾਗ ਸੂਹੀ

1. ਸਾਂ, ਸਾਰੇ ਸਾ ਸਾ, ਨ਼ੀ ਨ਼ੀ ਸਾ, ਸਾਰੇ ਨ਼ੀ ਸਾ, ਨ਼ੀ̱ ਧ ਨ਼ੀ̱ ਪ਼, ਮ਼ ਪ਼, ਧ ਮ਼ ਪ਼, ਗ਼ ਮ਼ ਰੇ਼ ਗ਼ ਮ਼ ਪ਼, ਰੇ਼ ਗ਼ ਮ਼ ਪ਼ ਗ਼ ਮ਼ ਪ਼ ਸ ਨ਼ੀ̱ ਧ਼ ਧ਼ ਪ, ਪ਼ ਪ਼, ਨ਼ੀ ਧ਼, ਨ਼ੀ ਸਾ, ਸਾ ਸਾ ਰੇ ਰੇ ਗ, ਰੇ ਗ ਸਾਰੇ ਨ਼ੀ ਨ਼ੀ ਸਾ, ਸਾਰੇ ਗ ਮ ਰੇ ਰੇ ਰਾਗ ਮ, ਰੇ ਗ ਮ ਪ, ਮ ਪ ਧ ਮ ਪ ਗ, ਮ ਰੇ, ਸਾਰੇ ਨ਼ੀ ਨ਼ੀ ਸਾ।

2. ਸਾ ਰੇ ਸਾ ਸਾ, ਰੇ ਗ ਰੇ ਰੇ, ਗ ਗ ਮ ਮ ਪ, ਰੇ ਗ ਮ ਪ, ਗ ਮ ਧ ਧ ਪ, ਗ ਮ ਧ ਧ, ਨੀ̱ ਧ ਪ ਧ ਮ ਪ, ਪ ਧ ਧ ਮ, ਮ ਪ ਗ, ਮ ਰੇ ਸਾਰੇ ਨ਼ੀਸਾ ਰੇ ਗ ਮ ਪ, ਪ ਪ ਨੀ ਨੀ, ਨੀ ਨੀਸਾਂ, ਸਾਂਰੇਂ ਨੀਸਾਂ ਧ ਨੀ̱, ਪ ਪਨੀ ਧਨੀ ਸਾਂ ਰੇਂ ਨੀ ਸਾਂ ਨੀ̱ ਧ ਨੀ̱ ਪ, ਧ ਧ ਪ ਧ ਮਪ ਧ ਮ ਗ, ਮ ਗ ਰੇ ਗ ਮਗ, ਰੇ ਗ ਮ ਪ ਮਗ, ਮਸਾਰੇ ਨ਼ੀਸਾ।

3. ਰੇ ਗ ਮ ਪ ਗ ਮ ਪ ਧ ਨੀ̱ ਧ ਧ ਪ ਪ ਮ ਗ ਗ, ਮ ਪ ਧ ਮ ਪ, ਗ ਮ ਰੇ ਗ, ਮ ਪ, ਪ ਪ ਨੀ ਧਨੀ, ਸਾਂ, ਸਾਂਰੇਂ ਸ ਸਾਂਨੀ ਨੀ ਸਾਂ, ਪ ਨੀਸਂ ਨੀ ਸਾਂਰੇਂ ਨੀਸਾਂ ਸਾਂ ਰੇਂ ਗਂ ਸਾਂ, ਸਾਂ ਰੇਂ ਗਂ ਸਾਂ ਰੇਂ ਗਂ ਗ ਮਂ, ਰੇਂ ਗਂ ਮਂ ਰੇਂ ਮਂ ਪਂ, ਮਂ ਰਾਂ ਰੇਂ ਗਂ ਮਂ ਗਂ, ਰੇਂ ਗਂ ਰੇਂ ਸਾਂ, ਸਾਂਰੇਂ ਨੀਸਾਂ ਨੀ ਨੀ ਸਾਂ, ਸਾਂਰੇਂ ਗਂ ਸਾਂ, ਸਾਂਰੇਂ ਸਾਂ ਸਾਂ ਨੀ̱ ਧ ਨੀ̱ਪ ਧ ਧ ਪਧ ਮ ਪ ਗ ਮ, ਰੇ ਗ ਮ ਪ ਧ ਨੀ̱ ਧ ਪ ਮ ਗ ਰੇ ਗ ਮਗ ਰੇਗ, ਰੇ ਸਾ, ਨ਼ੀ ਨ਼ੀ ਸਾ।

## ਸੂਹੀ ਮਹਲਾ ੫ ॥

ਗੁਰ ਪੂਰੇ ਜਬ ਭਏ ਦਇਆਲ ॥ ਦੂਖ ਬਿਨਸੇ ਪੂਰਨ ਭਈਘਾਲ ॥ ੧ ॥

ਪੇਖਿ ਪੇਖਿ ਜੀਵਾ ਦਰਸੁ ਤੁਮਾਰਾ ॥ ਚਰਣ ਕਮਲ ਜਾਈ ਬਲਿਹਾਰਾ ॥

ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥ ੧ ॥ ਰਹਾਉ ॥

ਸਾਧ ਸੰਗਤਿ ਸਿਉ ਪ੍ਰੀਤਿ ਬਣਿ ਆਈ ॥ ਪੂਰਬ ਕਰਮਿ ਲਿਖਤ ਧੁਰਿ ਪਾਈ ॥ ੨ ॥

ਜਪਿ ਹਰਿ ਹਰਿ ਨਾਮੁ ਅਚਰਜ ਪਰਤਾਪ ॥ ਜਾਲਿ ਨ ਸਾਕਹਿ ਤੀਨੇ ਤਾਪ ॥ ੩ ॥

ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ ॥

ਨਾਨਕੁ ਮਾਗੈ ਦਾਨੁ ਪਿਆਰੇ ॥ ੪ ॥ ੨੫ ॥ ੩੧ ॥

(ਗੁ. ਗ੍ਰੰ. ਪੰਨਾ ੭੪੩)

## ਰਾਗ ਸੂਹੀ ਤ੍ਰਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | ਸਥਾਈ : | ਪਮ | ਮਗ | ਗਰੇ | ਮਗ | ਗਰੇ | ਰੇਸਾ | ਸਾਰੇ | ਨ਼ੀਸਾ |
| | | | | | | | | ਪੇਂS | SS | ਖਿS | ਪੇਂS | SS | ਖਿS | ਜੀS | ਵਾS |
| ਰੇ | ਰੇ | ਗ | ਗ | ਰੇਗ | ਮਪ | ਮ | ਗ | ਪ | ਨੀ | ਧਨੀ | | ਸਾਂ | ਰੇਂ | ਸਾਂ | - |
| ਦ | ਰ | ਸੁ | ਤੁ | ਮਾS | SS | ਹਾ | S | ਚ | ਰ | ਣ | ਕ | ਮ | ਲ | ਜਾ | S |
| ਧਨ਼ੀ | ਧਨ਼ੀ | ਪ | ਧ | ਮਪ | ਗਮ | ਰੇਗ | ਮਪ | ਪ | ਸਾਂ | ਨੀ | ਨੀ | ਪ | ਨ਼ੀ | ਧ | ਧ |
| ਈS | SS | ਬਲਿ | | ਹਾS | SS | ਰਾS | SS | ਤੁ | ਝ | ਬਿ | ਨੁ | ਠਾ | S | ਕੁ | ਰ |
| ਪਧ | ਪਧ | ਮ਼ | ਪ | ਗ | ਮ | ਰੇ | ਸਾ | | | | | | | | |
| ਕS | ਵS | ਨੁ | ਹ | ਮਾ | S | ਰਾ | S | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਪ | - | ਪਧ | ਨੀ | ਨੀ | ਧ |
| | | | | | | | | ਗੁ | ਰ | ਪੂ | | ਰੇs | s | ਜ | ਬ |
| ਪਧ | ਨੀਸਾਂ | ਸ | ਸਾਂ | ਸਾਂਰੇਂ | ਸਾਂ | ਸਾਂ | | ਸਾਂ | ਰੇਂ | ਗਂ | ਮਂ | ਰੇਂ | - | ਸਾਂ | - |
| ਭਏ | ss | s | ਦਇ | ਆ | s | sਲ | | ਦੂ | ਖ | ਬਿਨ | | ਸੋ | s | ਪੂ | s |
| ਪ | ਨੀ | ਧ | ਪ | ਮਗ | ਰੇ | ਰੇਗ | ਮਪ | | | | | | | | |
| ਰ | ਨ | ਭ | ਈ | ਘਾs | s | ss | ਲs | | | | | | | | |

# ਰਾਗ ਲਲਿਤ

ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਪੱਖ ਤੋਂ ਘੋਖਵਾਂ ਅਧਿਐਨ ਕਰਨ ਨਾਲ ਕਈ ਸਥਾਨਾਂ 'ਤੇ ਇਸ ਤਰ੍ਹਾਂ ਦੇ ਹਵਾਲੇ ਉਪਲੱਬਧ ਹੁੰਦੇ ਹਨ ਜਿਨ੍ਹਾਂ ਦੁਆਰਾ ਇਹ ਬੋਧ ਹੁੰਦਾ ਹੈ ਕਿ ਇਸ ਵਿਸ਼ੇਸ਼ ਰਾਗ ਵਿਚ ਭਗਤ ਬਾਣੀ ਦਾ ਆਰੰਭ ਹੋ ਰਿਹਾ ਹੈ। ਕਿਸ ਭਗਤ ਬਾਣੀ ਦਾ ਅਤੇ ਕਿਸ ਰਾਗ ਵਿਚ ਆਰੰਭ ਹੈ ਉਸ ਦੇ ਲਈ ਇਕ ਵਿਸ਼ੇਸ਼ ਸੰਕੇਤ ਸਿਰਲੇਖ ਦੇ ਰੂਪ ਵਿਚ ਅੰਕਿਤ ਹੈ।

ਉਦਾਹਰਣ ਵਜੋਂ : ਰਾਗ ਗਉੜੀ ਭਗਤਾਂ ਕੀ ਬਾਣੀ

ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ ॥

ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ

(ਗੁਰੂ ਗ੍ਰੰਥ ਪੰਨਾ ੩੨੩)

ਜਾਂ

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ

ਗਉੜੀ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

(ਗੁਰੂ ਗ੍ਰੰਥ ਪੰਨਾ ੩੪੫)

ਇਸੇ ਤਰ੍ਹਾਂ ਹੀ ਇਕ ਹੋਰ ਉਦਾਹਰਣ ਪ੍ਰਸਤੁਤ ਹੈ ਜਿਸ ਦੁਆਰਾ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਜਾਂ ਰਾਗ-ਵਿਧਾਨ ਨੂੰ ਸਮਝ ਸਕਦੇ ਹਾਂ।

"ਰਾਗ ਆਸਾ ਮਹਲਾ ੫ ਘਰੁ ੧੭

**ਆਸਾਵਰੀ**

ੴ ਸਤਿਗੁਰ ਪ੍ਰਸਾਦਿ ॥ (ਗੁਰੂ ਗ੍ਰੰਥ ਪੰਨਾ ੪੦੯)

ਇਸ ਉਪਰੋਕਤ ਹਵਾਲੇ ਤੋਂ ਇਹ ਸਿਧ ਹੁੰਦਾ ਹੈ ਕਿ ਆਸਾ ਪਰਮੁਖ ਰਾਗ ਦੇ ਪ੍ਰਵਾਹ ਵਿਚ ਜਦੋਂ ਕਿਸੇ ਹੋਰ ਰਾਗ ਦਾ ਆਰੰਭ ਹੋ ਰਿਹਾ ਹੈ ਤਾਂ ਸਿਰਲੇਖ ਦੇ ਰੂਪ ਵਿਚ ਸਪਸ਼ਟ

ਸੰਕੇਤ ਹੈ "ਆਸਾਵਰੀ" ਇਸ ਤੋਂ ਅਗੇ ਜੇ ਬਾਣੀ ਦੀ ਰਚਨਾ ਆਸਾਵਰੀ ਰਾਗ ਵਿਚ ਹੀ ਜਾਂਗੀ ਹੈ ਤਾਂ "ਆਸਾਵਰੀ ਮਹਲਾ ੫" ਅੰਕਿਤ ਹੈ। ਇਸ ਤੋਂ ਉਪਰੰਤ ਜੇ ਪ੍ਰਮੁਖ ਰਾਗ ਵਿਚ ਬਾਣੀ ਦੀ ਰਚਨਾ ਹੈ ਤਾਂ 'ਆਸਾ ਮਹਲਾ ੫' ਅੰਕਿਤ ਹੈ।

ਉਸ ਸਰਬ ਕਲਾ ਸਮਰੱਥ ਗੁਰੂ ਦੇ ਇਸ ਅਥਾਹ ਸਾਗਰ (ਗੁਰੂ ਗ੍ਰੰਥ ਸਾਹਿਬ) ਦਾ ਥਾਹ ਪਾਉਣਾ ਤਾਂ ਇਕ ਅਸੰਭਵ ਗੱਲ ਹੈ। ਮੇਰੇ ਵਰਗੇ ਅਲਪੱਗ ਅਤੇ ਸੀਮਤ ਸਮਰੱਥਾ ਰੱਖਣ ਵਾਲੇ ਵਿਅਕਤੀ ਦੇ ਅਧਿਐਨ ਅਨੁਸਾਰ ਅਜਿਹੇ ਰਾਗਾਂ ਦੇ ਹਵਾਲਿਆਂ ਦੇ ਆਧਾਰ ਤੇ ਲਲਿਤ ਰਾਗ ਬਾਰੇ ਜੋ ਵਿਚਾਰ ਬਣੇ ਹਨ, ਪ੍ਰਸਤੁਤ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਦੇ ਅਧੀਨ ਤਿੰਨ ਸ਼ਬਦ ਉਪਲਬਧ ਹੁੰਦੇ ਹਨ ਜਿਨ੍ਹਾਂ ਦਾ ਸਿਰਲੇਖ ਕ੍ਰਮਵਾਰ ਇਸ ਤਰ੍ਹਾਂ ਹੈ—(ੳ) ਸੂਹੀ ਕਬੀਰ ਜੀਉ ਲਲਿਤ (ਅ) ਸੂਹੀ ਲਲਿਤ ਕਬੀਰ ਜੀਉ ਅਤੇ (ੲ) ਸੂਹੀ ਲਲਿਤ (ਸੇਖ ਫਰੀਦ) ਗੁਰੂ ਗ੍ਰੰਥ ਪੰਨਾ 793 ਅਤੇ 794)

ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਹੀ ਇਸ ਗੱਲ ਦਾ ਬੋਧ ਕਰਵਾ ਦਿੰਦਾ ਹੈ ਕਿ ਉਪਰੋਕਤ ਸ਼ਬਦਾਂ ਦੇ ਰਾਗ ਬਾਰੇ ਸੰਕੇਤ ਵਿਚ ਅੰਤਰ ਆਵੱਸ਼ ਹੈ। ਇਸ ਰਾਗ-ਭੇਦ ਦੇ ਰਹੱਸ ਨੂੰ ਸਾਧਾਰਣ ਵਿਅਕਤੀ ਜਾਂ ਨਿਰੋਲ ਸਾਹਿਤ ਅਚਾਰੀਆ ਨਹੀਂ ਸਮਝ ਸਕਦਾ। ਇਸ ਰਾਗ-ਵਿਧਾਨ ਨੂੰ ਸਮਝਣ ਲਈ ਸੰਗੀਤ ਦੇ ਸ਼ਾਸਤਰ ਅਤੇ ਕ੍ਰਿਆਤਮਕ ਪੱਖ ਦਾ ਬੜਾ ਗਹਿਰਾ ਅਧਿਐਨ ਚਾਹੀਦਾ ਹੈ। ਕਿਉਂ ਜੋ ਸੰਗੀਤਕ ਦ੍ਰਿਸ਼ਟੀਕੋਣ ਤੋਂ ਉਪਰ ਕਥਿਤ ਹਵਾਲਿਆਂ ਵਿਚ ਰਾਗਾਤਮਕ ਪੱਖ ਤੋਂ ਬੜਾ ਵਡਾ ਭੇਦ ਹੈ। ਸੂਹੀ ਕਬੀਰ ਜੀਉ ਲਲਿਤ" ਦਾ ਭਾਵ ਹੈ ਕਿ ਸੂਹੀ ਰਾਗ ਦੇ ਪ੍ਰਵਾਹ ਵਿਚ ਇਹ ਸ਼ਬਦ ਕੇਵਲ ਲਲਿਤ ਰਾਗ ਵਿਚ ਹੈ ਅਤੇ 'ਸੂਹੀ ਲਲਿਤ' ਦਾ ਭਾਵ ਹੈ ਕਿ ਇਸ ਸ਼ਬਦ ਦੇ ਨਾਦ ਰੂਪ ਵਿਚ ਸੂਹੀ ਅਤੇ ਲਲਿਤ ਦੋਹਾਂ ਰਾਗਾਂ ਦਾ ਮਿਸ਼ਰਣ। ਜਿਸ ਦਾ ਸਪਸ਼ਟ ਭਾਵ ਹੈ ਕਿ ਲਲਿਤ ਇਕ ਵੱਖਰਾ ਅਤੇ ਸੁਤੰਤਰ ਰਾਗ ਹੈ ਅਤੇ ਸੂਹੀ ਲਲਿਤ ਇਸ ਤੋਂ ਭਿੰਨ ਰਾਗ ਸਰੂਪ ਹੈ। ਇਸ ਵਿਚ ਉਹੋ ਹੀ ਵਿਧੀ ਅਪਣਾਈ ਗਈ ਹੈ ਜਿਸ ਤਰ੍ਹਾਂ 'ਆਸਾ' ਦੇ ਸੰਦਰਭ ਵਿਚ 'ਆਸਾਵਰੀ' ਅਤੇ ਗਉੜੀ ਦੇ ਸੰਦਰਭ ਵਿਚ 'ਗਉੜੀ ਗੁਆਰੇਰੀ'।

ਸੰਗੀਤ ਸੰਸਾਰ ਦੀਆਂ ਮਹਾਨ ਵਿਭੂਤੀਆਂ, ਗੁਰਮਤਿ ਅਚਾਰੀਆਂ ਅਤੇ ਸੁਹਿਰਦ ਪਾਠਕਾਂ ਨੂੰ ਮੈਂ ਪਹਿਲਾਂ ਵੀ ਬਿਨੇ ਕਰ ਚੁਕਾ ਹਾਂ ਕਿ ਅਜਿਹੇ ਵਿਤਕਰੇ ਭਰਪੂਰ ਜਾਂ ਜਟਿਲ ਵਿਸ਼ਿਆਂ ਬਾਰੇ ਇਹ ਮੇਰਾ ਮਤ ਅੰਤਮ ਨ ਸਮਝ ਲੈਣਾ। ਭਵਿਸ਼ ਵਿਚ ਜਦੋਂ ਵੀ ਕੋਈ ਅਧਿਕਾਰੀ ਵਿਅਕਤੀ ਨਿੱਗਰ ਸਿੱਧਾਂਤਾਂ ਰਾਹੀਂ ਕੋਈ ਪ੍ਰਮਾਣਿਕ ਸਮੱਗਰੀ ਪ੍ਰਸਤੁਤ ਕਰੇਗਾ, ਨਿਰਸੰਕੋਚ ਅਪਣਾ ਲੈਣਾ। ਮੇਰੀਆਂ ਅਜਿਹੀਆਂ ਸੁਰ ਰਚਨਾਵਾਂ ਨੂੰ ਭਾਰਤੀ ਸੰਗੀਤ ਦੀਆਂ ਬੰਦਿਸ਼ਾਂ ਸਮਝਕੇ ਅਪਣੇ ਸੰਗ੍ਰਹਿ ਵਿਚ ਸਥਾਨ ਦੇ ਦੇਣਾ ਅਜਿਹੀ ਸਨਿਮਰ ਪ੍ਰਾਰਥਨਾ ਹੈ। ਹੁਣ ਅਸੀਂ ਲਲਿਤ ਰਾਗ ਬਾਰੇ ਵਿਚਾਰ ਕਰ ਰਹੇ ਹਾਂ।

ਉੱਤਰ ਭਾਰਤੀ ਸੰਗੀਤ ਪੱਧਤੀ ਦੇ ਰਾਗਾਂ ਵਿਚ ਲਲਿਤ ਇਕ ਪ੍ਰਸਿਧ, ਮਧੁਰ ਅਤੇ

ਨਿਰਾਲਾ ਰਾਗ ਹੈ। ਇਸ ਰਾਗ ਦਾ ਸੁਤੰਤਰ ਅਤੇ ਨਿਵੇਕਲਾ ਚਲਣ ਹੋਣ ਦੇ ਕਾਰਣ ਮੇਲ (ਥਾਟ) ਪੱਧਤੀ ਦੇ ਸਥਾਪਿਤ ਇਹ ਨਿਰਣਾ ਨਹੀਂ ਕਰ ਸਕੇ ਕਿ ਇਸ ਰਾਗ ਦਾ ਵਰਗੀਕਰਣ ਕਿਸ ਥਾਟ ਵਿਚ ਕੀਤਾ ਜਾਵੇ। ਕੋਈ ਇਸ ਨੂੰ ਭੈਰਵ ਥਾਟ ਵਿਚ ਰਖਦਾ ਹੈ, ਕੋਈ ਮਾਰਵਾ ਥਾਟ ਵਿਚ ਅਤੇ ਕੋਈ ਪੂਰਵੀ ਥਾਟ ਵਿਚ। ਪਰੰਤੂ ਲਲਿਤ ਰਾਗ ਇਨ੍ਹਾਂ ਵਿਚੋਂ ਕਿਸੇ ਥਾਟ ਵਿਚ ਨਹੀਂ ਸਮਾਉਂਦਾ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਨੂੰ ਕਰਨਾਟਕ ਸੰਗੀਤ ਪੱਧਤੀ ਦੇ 'ਸੂਰਯਕਾਂਤ ਮੇਲ' ਵਿਚ ਰਖਿਆ ਜਾਵੇ ਅਤੇ ਕੁਝ ਹੋਰਨਾਂ ਦੀ ਰਾਇ ਹੈ ਕਿ ਇਸ ਲਈ ਇਕ ਸੁਤੰਤਰ 'ਲਲਿਤ ਮੇਲ' ਮੰਨਿਆ ਜਾਵੇ। ਅੰਤਮ ਵਿਚਾਰ ਭਾਵੇਂ ਨਵੀਨ ਪਰਤੀਤ ਹੁੰਦਾ ਹੈ ਪਰ ਹੈ ਇਹ ਮੰਨਣਯੋਗ।

ਉਪਰੋਕਤ ਵਿਚਾਰ ਦੇ ਅਧਾਰ 'ਤੇ ਇਹ ਲਲਿਤ ਮੇਲ ਦਾ ਪ੍ਰਮੁਖ ਰਾਗ ਹੈ। ਰਾਗਾਂਗ ਪੱਧਤੀ ਦੇ ਪਗ ਚਿੰਨ੍ਹਾਂ ਤੇ ਚਲਣ ਵਾਲੇ ਗਾਇਕ ਵੀ ਇਸ ਨੂੰ ਲਲਿਤ ਅੰਗ ਦਾ ਮੁਖ ਰਾਗ ਮੰਨਦੇ ਹਨ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਦੋਵੇਂ, ਪੰਚਮ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੀ ਜਾਤੀ ਔਡਵ-ਸ਼ਾਡਵ ਹੈ। ਇਸ ਦਾ ਵਾਦੀ ਸੁਰ ਸ਼ੁੱਧ ਮੱਧਿਅਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਅੰਤਮ ਪਹਿਰ ਹੈ। ਕੁਝ ਸੰਗੀਤਕਾਰ ਇਸ ਨੂੰ ਪੂਰਵਾਂਗ ਰਾਗ ਮੰਨਦੇ ਹਨ ਅਤੇ ਕੁਝ ਉਤ੍ਰਾਂਗ।

ਬਹੁ ਸੰਖਿਆ ਵਿਚ ਵਿਦਵਾਨ ਇਸ ਨੂੰ ਉਤ੍ਰਾਂਗ ਪ੍ਰਧਾਨ ਰਾਗ ਮੰਨਦੇ ਹਨ। ਸਵਰਗਵਾਸੀ ਪੰਡਿਤ ਓਅੰਕਾਰ ਨਾਥ ਠਾਕੁਰ ਦਾ ਕਥਨ ਹੈ ਕਿ 'ਪੂਰਵਾਂਗ ਵਿਚ ਨ਼ੀ ਰੇ ਗ ਮ ਮ, ਮ 'ਸੁਰਾਵਲੀ ਦੇ ਗਾਉਣ ਨਾਲ ਹੀ ਇਹ ਰਾਗ ਸਾਖਿਅਤ ਹੋ ਜਾਂਦਾ ਹੈ। ਜਿਸ ਅੰਗ ਦੁਆਰਾ ਰਾਗ ਸਪਸ਼ਟ ਹੋਵੇ ਉਹੋ ਹੀ ਉਸ ਦਾ ਪ੍ਰਧਾਨ ਅੰਗ ਹੈ'। ਕੁਝ ਸ਼ਾਸਤਰਕਾਰ ਲਲਿਤ ਰਾਗ ਵਿਚ ਤੀਬਰ ਧੈਵਤ ਦਾ ਪ੍ਰਯੋਗ ਮੰਨਦੇ ਹਨ, ਪਰੰਤੂ ਵਧੇਰੇ ਸੰਖਿਆ ਵਿਚ ਅਜੋਕੇ ਸਮੇਂ ਇਸ ਨੂੰ ਕੋਮਲ ਧੈਵਤ ਨਾਲ ਹੀ ਗਾਉਂਦੇ-ਵਜਾਉਂਦੇ ਹਨ। ਇਸ ਰਾਗ ਵਿਚ ਦੋ ਸੁਰਾਵਲੀਆਂ ਮੁਖ ਹਨ।

(ੳ) "ਨ਼ੀ ਰੇ਼ ਗ ਮ ਮ̍ ਮ ਗ" ਅਤੇ (ਅ) "ਧ਼ ਮ̍ ਧ਼ ਮ̍ ਮ ਗ"। ਇਸ ਰਾਗ ਦੀ ਤਾਨ ਕ੍ਰਿਆ ਵਿਚ ਕਈ ਗਾਇਕ-ਵਾਦਕ "ਮ̍ਧ਼ਨੀਸਾਂ" ਸੁਰਾਵਟ ਦੀ ਵਰਤੋਂ ਕਰਦੇ ਕੰਨ ਗੋਚਰ ਹੁੰਦੇ ਹਨ, ਪਰੰਤੂ ਆਲਾਪਕਰਨ ਵੇਲੇ ਰਾਗ ਦੀ ਸ਼ੁੱਧਤਾ ਨੂੰ ਧਿਆਨ ਵਿਚ ਰਖ ਕੇ "ਮ ਧ਼ ਸਾ" ਦਾ ਹੀ ਪ੍ਰਯੋਗ ਕਰਨਾ ਚਾਹੀਦਾ ਹੈ। ਸੰਗੀਤਾਚਾਰੀਆਂ ਨੇ ਇਸ ਨੂੰ ਸ਼ਾਂਤ ਰਸ ਦਾ ਰਾਗ ਮੰਨਿਆ ਹੈ। ਇਹ ਰਾਗ ਵੈਰਾਗ ਭਾਵਨਾਵਾਂ ਦੇ ਵਿਸ਼ੇਸ਼ ਅਨੁਕੂਲ ਹੈ।

ਆਰੋਹ : ਸਾ, ਨੀ ਰੇ਼ ਗ ਮ, ਮ ਮ ਗ, ਮ ਧ਼ ਸਾਂ

ਅਵਰੋਹ : ਸਾਂ, ਰੇ਼ਂ ਨੀ ਧ਼, ਮੇ ਧ਼ ਮ ਮ ਗ, ਰੇ਼ ਸਾ।

ਮੁਖ ਅੰਗ : ਸਾ, ਨ਼ੀ ਰੇ਼ ਗ ਮ, ਧ਼ ਮ̍ ਧ਼ ਮ ਮਗ।

# ਰਾਗ ਲਲਿਤ

1. (ਸਾ), ਨ̣ੀ ਰੇ̱ ਗ ਮ, ਮ' ਮ ਗ, ਮ' ਗ, ਰੇ̱ ਸਾ, ਨ̣ੀ ਰੇ̱ ਸਾ(ਸਾ) ਰੇ̱ ਨ̣ੀ ਧ̱̣ ਮ̣' ਧ̱̣, ਮ̣' ਮ̣ ਗ, ਮ̣' ਧ̱̣ ਸਾ, ਰੇ̱ ਰੇ̱ ਸਾ ਨ̣ੀ ਸਾ ਨ̣ੀ ਧ̱̣, ਰੇ̱ ਨ̣ੀ ਧ̱̣ ਮ̣' ਧ̱̣ ਮ̣' ਮ̣ ਗ̣, ਮ̣' ਧ̱̣ ਮ̣' ਸਾ, ਨ̣ੀ ਰੇ̱ ਗ, ਰੇ̱ ਸਾ, ਨ̣ੀ ਰੇ̱ ਸਾ, ਨ̣ੀ ਰੇ̱ ਗ ਰੇ̱ ਨ̣ੀ ਰੇ̱ ਗ ਗ ਮ, ਨ̣ੀ ਰੇ̱ ਗ ਮ ਮ' ਮ ਗ, ਗ ਮ ਗ ਮ ਮ' ਗ ਮ ਮ' ਮ ਗ, ਨ̣ੀ ਰੇ̱ ਗ ਗ, ਗ, ਮ' ਮ ਗ, ਨ̣ੀ ਰੇ̱ ਗ ਮ ਧ̱ ਮ' ਮ ਗ, ਮ' ਗ ਰੇ̱ ਨ̣ੀ ਰੇ̱ ਮ, ਗ ਗ ਰੇ̱ ਸਾ ਨ̣ੀ ਰੇ̱ ਗ ਮ ਮ' ਮ ਗ, ਮ' ਗ, ਰੇ̱ ਸਾ, ਨ̣ੀ ਨ̣ੀ ਰੇ̱ ਸਾ ।

2. ਨ̣ੀ ਰੇ̱ ਗ ਰੇ̱ ਨ̣ੀ ਰੇ̱ ਗ ਮ, ਗ ਰੇ̱ ਨ̣ੀ ਰੇ̱ ਮ, ਮ' ਮ ਗ, ਨ̣ੀਰੇ̱ਗ ਮ ਧ̱, ਮ' ਧ̱ ਮ' ਮ ਗ, ਗ ਮ ਧ̱, ਮ' ਧ̱, ਮ' ਮ ਗ, ਧ̱ ਮ' ਧ̱ ਮ' ਮ ਮ' ਮ̣ ਮ ਗ, ਨ̣ੀ ਰੇ̱ ਗ ਮ ਮ' ਮ, ਧ̱ ਨੀ ਧ̱ ਮ' ਮ ਮ' ਮ, ਨ̣ੀ ਰੇ̱ ਗ ਮ' ਧ̱ ਨੀ, ਮ'ਧ̱ਮ'ਨੀ, ਧ̱ ਮ' ਮ' ਮ ਗ, ਮ' ਧ ਸਾਂ, ਨੀ ਰੇ̱ਂ ਨੀ ਧ̱ ਮ' ਧ̱ ਮ' ਗ ਮ' ਮ' ਗ, ਮ' ਗ ਰੇ̱ ਮ' ਗ ਰੇ̱, ਸਾ, ਨ̣ੀ ਨ̣ੀ ਰੇ̱ ਸਾ ।

3. ਨ̣ੀ ਰੇ̱ ਗ ਮ' ਧ̱ ਨੀ ਮ ਧ̱ ਸਾਂ, ਨੀ ਸਾਂ, ਰੇ̱ਂ ਨੀ ਧ̱ ਨੀ ਮ' ਧ̱ ਮ' ਮ' ਗ, ਮ' ਧ̱ ਸਾਂ, ਨੀ ਸਾਂ, ਸਾਂ ਰੇ̱ ਨੀ ਸਾਂ, ਰੇ̱ਂ ਨੀ ਮ' ਧ̱ ਮ' ਮ ਗ, ਮ' ਧ̱ ਨੀ ਮ' ਧ̱ ਸਾਂ, ਨ̣ੀ ਰੇ̱ ਗ ਮ' ਧ̱ ਨੀ ਰੇ̱ ਨੀ ਧ̱ ਮ' ਮ ਗ ਮ' ਧ̱ ਸਾਂ, ਨੀ ਰੇ̱ਂ ਸਾਂ, ਨੀ ਰੇ̱ ਗਂ ਰੇ̱ ਸਾਂ, ਨੀ ਰੇ̱ਂ ਗਂ ਰੇ̱ਂ ਨੀ ਰੇ̱ਂ ਗਂ ਮਂ ਮ' ਮਂ ਗਂ, ਮ' ਗ ਰੇ̱ਂ ਸਾਂ, ਸਾਂ ਰੇ̱ ਨੀਸਾਂ ਰੇ̱ ਨੀ ਧ̱, ਮ' ਧ̱ ਮ' ਨੀ ਧ̱ ਸਾਂ, ਨੀ ਸਾਂ ਰੇ̱ਂ ਨੀ ਧ̱, ਮ' ਨੀ ਧ̱, ਨੀ ਧ̱ ਮ' ਧ̱ ਮ' ਮ । ' ਮ ਗ, ਗ ਰੇ̱ ਮ'ਗ ਰੇ̱, ਸਾ, ਨ̣ੀ ਨ̣ੀ ਰੇ̱ ਸਾ ।

## ਸੂਹੀ ਕਬੀਰ ਜੀਉ
## ਲਲਿਤ

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰ ਕਾਇਆ ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥ ੧ ॥
ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥
ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥
ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥
ਜੇ ਘਟਿ ਜਾਇ ਤ ਭਾਉ ਨਾ ਜਾਸੀ ਹਰਿ ਕੇ ਚਰਨ ਨਿਵਾਸਾ ॥ ੨ ॥
ਜਿਸੁ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥ ੩ ॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨਾ ਨਾਸਾ ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥ ੪ ॥ ੪ ॥

(ਗੁ. ਗ੍ਰੰ. ਪੰਨਾ ੭੯੩)

## ਰਾਗ ਲਲਿਤ ਤਿੰਨ ਤਾਲ

| 1 | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | ਸਥਾਈ : | ਮੰ | ਗ | ਨੀ | - | ਰੇ |
| | | | | | | | | | | | ਬਾ | ਵ | ਰੇਂ | S | ਰੇ |
| ਮੰ | - | ਮ | ਮ | ਗ | ਮ | ਗਮ | ਗਮਮੰ | ਗ | ਰੇ | ਸਾ | ਮ | ਗ | ਮੰ | - | ਧ |
| ਗਿਆ | S | ਨ | ਬੀ | ਚਾS | ਰS | ਨSS | | ਪਾ | S | ਇਆ | ਬਿ | ਰ | ਥਾ | S | S |
| ਸਾਂ | ਸਾਂ | ਸਾਂ | ਸਾਂ | ਰੇਂਨੀ | ਧਨੀ | ਰੇਂਰੇਂ | ਨੀਧ | ਮਧ | ਮਮੰ | ਗ | | | | | |
| ਜ | ਨ | ਮੁ | ਗ | ਵਾS | SS | SS | SS | ਇਆ | SS | S | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ : | ਮੰ | | | ਗ | ਮੰ | - | ਧ |
| | | | | | | | | | ਥਾ | | | ऽ | ਕੇ | ऽ | |
| ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਨੀ | ਰੇਂ | ਸਾਂ | ਨੀ | ਰੇਂ | ਗਂ | - | ਮੰ |
| ਨੇ | ऽ | ਨ | ਸੂ | ਵ | ਨ | ਸੁ | ਨਿ | ਥਾ | ऽ | ਕੇ | ਥਾ | ऽ | ਕੀ | ऽ | ऽ |
| ਗਂ | ਰੇਂ | ਸਾਂ | ਸਾਂ | ਰੇਂਨੀ | ਧੁਨੀ | ਰੇਂ | ਨੀ | ਮੰ | ਧ | ਮੰਮ | ਗ | ਮ | ਨੀ- | ਮੰਧ | |
| ਸੁੰ | ऽ | ਦ | ਰਿ | ਕਾऽ | ऽऽ | ऽ | ऽ | ਇਆ | ऽऽऽ | ਜ | | ਰਾ | ऽऽ | ਹਾऽ | |
| ਮੰ | ਧ | ਮੰ | ਮ | ਮੰਮ | ਗੁਮ | ਮੰ | ਗ | ਗ | ਰੇ | ਸਾ | ਨੀ | ਰੇ | ਗ | - | ਮੰ |
| ऽ | ਕ | ਦੀ | ऽ | ਸਤ | ਭਤ | ਮ | ਤਿ | ਥਾ | ऽ | ਕੀ | ਏ | ऽ | ਕ | ऽ | ਨ |
| ਗਮ | ਗਮਮੰ | ਮਗ | | ਗਮੰ | ਧੁਨੀ | ਮੰਧ | ਸਾਂਸਾਂ | ਰੇਂਨੀ | ਧੁਮੰ | ਮਗ | | | | | |
| ਥਾऽ | ऽऽऽ | ਕ | ਜਿ | ਮਾऽ | ऽऽ | ऽऽ | ऽऽ | ਇਆ | ऽऽ | ऽऽ | | | | | |

# ਰਾਗ ਸੂਹੀ ਕਾਫੀ

ਗੁਰੂ ਗ੍ਰੰਥ ਸਾਹਿਬ ਵਿਚ ਛਾਇਆਲਗ ਰਾਗਾਂ ਦੇ ਕਈ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚੋਂ ਇਕ ਪ੍ਰਕਾਰ ਸੂਹੀ ਕਾਫੀ ਵੀ ਹੈ। ਵਿਦਵਾਨਾਂ ਨੇ ਇਸ ਰਾਗ ਦਾ ਵਰਗੀਕਰਣ ਅਪ੍ਰਸਿੱਧ ਜਾਂ ਅਪ੍ਰਚਲਿਤ ਰਾਗਾਂ ਵਿਚ ਕੀਤਾ ਹੈ। ਇਸ ਰਾਗ ਦੀ ਰਚਨਾ ਦੋ ਰਾਗਾਂ—ਸੂਹੀ ਅਤੇ ਕਾਫੀ ਦੇ ਮਧੁਰ ਮਿਸ਼ਰਣ ਦੁਆਰਾ ਹੋਈ ਹੈ ਜੋ ਕਿ ਇਸ ਦੇ ਸੰਯੁਕਤ ਨਾਮ ਤੋਂ ਹੀ ਭਲੀ ਭਾਂਤ ਸਪਸ਼ਟ ਹੁੰਦਾ ਹੈ। ਇਸ ਰਾਗ ਵਿਚ ਬਿਲਾਵਲ ਅੰਗ ਦੇ ਸੂਹੀ ਨਾਲੋਂ ਕਾਫੀ ਅੰਗ ਦੇ ਸੂਹੀ ਰਾਗ ਦਾ ਅੰਗ ਵਧੇਰੇ ਪ੍ਰਬਲ ਹੈ। ਇਸ ਕਾਰਣ ਸੰਗੀਤਾਚਾਰੀਆ ਨੇ ਇਸ ਰਾਗ ਦਾ ਵਰਗੀਕਰਣ ਕਾਫੀ ਥਾਟ ਦੇ ਅੰਤਰਗਤ ਕੀਤਾ ਹੈ। ਕਾਫੀ ਥਾਟ ਦੇ ਸੂਹੀ ਰਾਗ ਵਿਚ ਧੈਵਤ ਸੁਰ ਵਰਜਿਤ ਹੈ, ਪਰ ਸੂਹੀ ਕਾਫੀ ਵਿਚ ਧੈਵਤ ਦੀ ਅਲਪ ਵਰਤੋਂ ਹੁੰਦੀ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਆਰੋਹ ਵਿਚ ਧੈਵਤ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਹੀ ਸੁਰ ਵਰਤੇ ਜਾਂਦੇ ਹਨ ਇਸ ਲਈ ਇਸ ਦੀ ਜਾਤੀ ਸ਼ਾਡਵ-ਸੰਪੂਰਣ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਇਸ ਰਾਗ ਵਿਚ ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਵਿਚ ਦਰਜ ਹੈ।

ਆਰੋਹ : ਸਾ ਰੇ ਗ̲, ਮ ਪ ਨੀ̲ ਸਾਂ

ਅਵਰੋਹ : ਸਾਂ ਨੀ̲ ਧ ਪ, ਮ ਗ̲, ਰੇ ਸਾ

ਮੁਖ ਅੰਗ : ਨੀ̲ਪ, ਧਪ ਮਪ, ਗ̲ ਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇਂ ਸਾਸਾ, ਨੀ̲̣ ਪ̣, ਧ̣ ਪ̣, ਧ̣ ਮ̣ ਪ̣, ਮ̣ ਪ̣ ਧ̣ ਪ̣ ਮ̣ ਪ̣ ਨੀ̲̣ ਪ̣ ਮ̣ ਪ̣ ਨੀ̲̣ ਸਾ, ਨੀ̲̣ ਨੀ̲̣ ਧ̣ ਪ̣ ਧ̣ ਮ̣ ਪ̣ ਸਾ, ਪ̣ ਨੀ̲̣ ਸਾ, ਨੀ̲̣ ਨੀ̲ ਸਾਰੇ ਨੀ̲ ਸਾ ਰੇ, ਰੇ ਗ̲ਰੇ ਸਾ ਸਾਰੇ ਗ̲ ਗ̲ ਮ, ਮ ਗ̲ ਰੇ ਸਾ, ਰੇ ਰੇ ਸਾਨੀ̲̣ ਸਾ ਨੀ̲̣ ਪ̣, ਮ̣ ਪ̣ ਧ̣ ਪ̣ ਮ̣ ਪ̣ ਸਾ, ਨੀ̲̣ ਨੀ̲ਰੇ ਸਾ।

2. ਸਾ ਰੇ ਗੁ ਗੁ ਮ ਪ, ਮ ਗੁ ਰੇ ਸਾ ਰੇ ਗੁ ਮ ਪ, ਧ ਪ ਪ ਪ ਗੁ, ਮਗੁ ਰੇਸਾ, ਗੁ ਮ ਪ, ਗੁ ਮ ਪ ਗੁ ਮ ਨੀ ਪ, ਮ ਪ ਮ ਨੀ ਪ, ਨੀ ਨੀ ਪ ਮ ਪ ਮ ਪ ਧ ਪ ਗੁ ਰੇ, ਮ ਗੁ ਰੇ ਸਾ ਗੁ ਮ ਪ, ਗੁ ਮ ਪ ਧ ਮ ਪ ਨੀ ਧ ਪ ਮਪ ਸਾਂ, ਨੀਪ, ਨੀ ਧ ਪ ਮ ਪ ਨੀਮ ਪ, ਪ ਪ ਮਪ ਗੁਰੇ, ਗੁ ਮ ਪ, ਧ ਧ ਪਮਪ, ਮ ਪ ਧ ਪ ਗੁ ਰੇ, ਸਾਰੇ ਨੀ ਨੀ ਸਾ।

3. ਸਾ ਰੇ ਗੁ ਗੁ ਮ ਪ ਮ ਪ ਨੀਪ, ਮ ਮ ਪ, ਨੀ ਨੀ ਪ ਮ ਪ ਸਾਂ, ਸਾਂਨੀ ਪ ਮ ਪ ਨੀ ਮ ਪ ਸਾਂ, ਮ ਪ ਨੀ ਸਾਂਰੇਂ ਰੇਂ ਸਾਂ ਪਨੀ ਸਾਂਰੇਂ ਨੀ ਸਾਂ ਰੇਂ ਰੇਂ ਸਾਂ, ਸਾਂ ਰੇਂ ਗੁਂ, ਮਂ ਗੁਂ ਰੇਂ ਗੁਂ ਸਾਂਰੇਂ ਨੀ ਸਾਂ, ਸਾਂਰੇਂ ਗੁਂ ਮਂ ਪਂ, ਮਂ ਪਂ ਗੁਂ ਰੇਂ, ਮਂ ਗੁਂ ਰੇਂ ਗੁਂ ਸਾਂਰੇਂ ਨੀ ਸਾਂ, ਨੀਪ, ਮ ਪ ਸਾਂ ਨੀ ਪ, ਮ ਪ ਨੀ ਮ ਪ ਨੀ ਧਪ, ਧ ਪ ਮ ਪ ਧਪ ਗੁਰੇ, ਰੇਪ ਮ ਪ ਧਪ ਗੁਰੇ, ਮਗੁ ਰੇਗੁ ਸਾ ਰੇ ਨੀ ਸਾ, ਨੀ ਨੀ ਰੇ ਸਾ।

ੴ ਸਤਿਗੁਰ ਪ੍ਰਸਾਦਿ ॥

ਰਾਗ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ
ਜਿਨ੍ਹਾਂ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥ ੧ ॥
ਹਉ ਨ ਛੋਡਉ ਕੰਤ ਪਾਸਰਾ ॥
ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥ ੧ ॥ ਰਹਾਉ ॥
ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥
ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥ ੨ ॥
ਜੇ ਤੂ ਤੁਠਾ ਕ੍ਰਿਪਾ ਨਿਧਾਨ ਨ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥ ੩ ॥
ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥ ੪ ॥
ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥ ੫ ॥
ਸਹੀਆ ਤਉ ਅਸੰਖ ਮੰਞਹੁ ਹਭਿ ਵਧਾਣੀਆ ॥
ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥ ੬ ॥
ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥
ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥ ੭ ॥
ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥
ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥ ੮ ॥ ੧ ॥ ੪ ॥

(ਗੁ. ਗ੍ਰੰ. ਪੰਨਾ ੭੬੧)

## ਰਾਗ ਸੂਹੀ ਕਾਫ਼ੀ ਤਾਲ ਰੂਪਕ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| | | | | | ਸਥਾਈ : | | | | | | | | |
| ਨੀ | ਪ | ਪ | ਮ | ਪ | ਮਪ | ਧਪ | ਗੁ | ਗੁ | ਮਗੁ | ਰੇ | ਰੇ | ਨੀ | ਸਾ |
| ਹਉ | ऽ | ਠ | ਛੇ | ऽ | ਡऽ | ਉऽ | ਕੰऽ | ऽ | ਤऽ | ਪਾ | ਸ | ਰਾ | ऽ |
| ਰੇ | ਨੀ | ਸਾ | ਰੇ | - | ਰੇਪ | ਮਪ | ਗੁ | - | ਮਗੁ | ਰੇ | - | ਸਾ | - |
| ਸ | ਦਾ | ਰੰ | ਗੀ | ऽ | ਲਾऽ | ऽऽ | ਲਾऽ | ਲੁऽ | | ਪਿਆ | ऽ | ਰਾ | ऽ |
| ਮ | ਪ | ਪ | ਮ | ਪ | ਮਪ | ਸਾਂ | ਨੀਨੀ | ਪਨੁ | ਸਾਂਰੇਂ | ਸਾਂਨੀ | ਧਪ | ਮਪ | ਗੁਮ |
| ਦਿ | ਹੁ | ਮੁ | ਹਿੰ | ऽ | ਜਾऽ | ऽ | ਆऽ | ऽऽ | ऽऽ | ਸऽ | ਰਾऽ | ऽऽ | ऽऽ |

| | | | | | ਅੰਤਰਾ : | | | | | | | | |
|---|---|---|---|---|---|---|---|---|---|---|---|---|---|
| ਮ | ਪ | ਪ | ਨੀਨੀ | ਪਮ | ਪ | ਸਾਂ | ਸਾਂ | ਸਾਂ | - | ਸਾਂਰੇਂ | ਨੀ | ਸਾਂ | - |
| ਜੰ | - | ਕੁ | ਛੀs | ss | ਜੇ | s | ਚੁ | ਕੀ | s | ਸਾs | s | ਦੀ | s |
| ਪਨੀ | ਸਾਂਰੇਂ | ਰੇਂ | ਗੁਂ | ਮੰਗੁਂ | ਰੇਂ | ਸਾ | ਰੇਂਸਾਂ | ਨੀਸਾਂ | ਰੇਂਸਾਂ | ਨੀ | ਪ | ਪ | - |
| ਭੀs | ss | ਤ | ਹਿੰ | ss | ਜੀ | s | ਕਾs | ss | ਦੀs | ਆ | s | s | s |
| ਨੀ | ਮ | ਪ | ਮਪ | ਸਾਂ | ਨੀ | ਪ | ਗੁ | - | ਮਗੁ | ਰੇ | - | ਸਾਂ | - |
| ਜਿ | ਨਾ | s | ਨੇs | s | ਹੁ | ਦੂ | ਜਾ | s | ਣੇਂs | ਲ | s | ਗਾ | s |
| ਗੁ | ਮ | ਮ | ਨੀ | ਪ | ਮ | ਪ | ਨੀਨੀ | ਪਨੀ | ਸਾਂਰੇਂ | ਸਾਂਨੀ | ਧਪ | ਮਪ | ਗੁਮ |
| ਝੂ | ਰਿ | ਮ | ਰ | ਹੁ | ਸ | s | ਵਾs | ss | ss | ਢੀs | ਆs | ss | ss |

# ਰਾਗ ਸੂਹੀ ਲਲਿਤ

ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 761 ਤੇ ਕਬੀਰ ਜੀ ਦਾ ਇਕ ਸ਼ਬਦ ਅੰਕਿਤ ਹੈ ਜਿਸਦਾ ਸਿਰਲੇਖ ਹੈ "ਸੂਹੀ ਕਬੀਰ ਜੀਉ ਲਲਿਤ" ਅਤੇ ਦੂਜਾ ਸ਼ਬਦ ਸੂਹੀ ਲਲਿਤ ਕਬੀਰ ਜੀਉ ॥ ਅਤੇ ਇਸ ਰਾਗ ਵਿਚ ਤੀਜਾ ਸ਼ਬਦ ਫਰੀਦ ਜੀ ਦਾ ਹੈ ਜਿਸ ਦਾ ਸਿਰਲੇਖ "ਸੂਹੀ ਲਲਿਤ" ਹੈ। ਭਾਵ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੇ ਕੇਵਲ ਤਿੰਨ ਸ਼ਬਦ ਹਨ।

ਇਹ ਇਕ ਅਪ੍ਰਚਲਿਤ ਅਤੇ ਅਪ੍ਰਸਿੱਧ ਪ੍ਰਕਾਰ ਹੈ। ਜਿਸਦਾ ਅਜ ਤਕ ਪੁਰਾਤਨ ਸੰਗੀਤ ਗ੍ਰੰਥਾਂ, ਜਾਂ ਗ੍ਰੰਥਕਾਰ ਨੇ ਉਲੇਖ ਨਹੀਂ ਕੀਤਾ ਅਤੇ ਨਾ ਹੀ ਕਿਸੇ ਘਰਾਣੇਦਾਰ ਗਾਇਕ-ਵਾਦਕ ਕੋਲੋਂ ਇਹ ਰਾਗ ਕਦੇ ਕੰਨ ਗੋਚਰ ਹੋਇਆ ਹੈ।

ਕੁਝ ਕੀਰਤਨਕਾਰ ਇਸ ਰਾਗ ਦਾ ਸਰੂਪ ਇਸ ਤਰ੍ਹਾਂ ਚਿਤਰਦੇ ਹਨ "ਸਾ, ਨ਼ੀਰੇ਼ ਗ ਮ ਧ਼, ਮ ਮੰ ਗ, ਧਨੀਸਾਂ। ਇਹ ਰਾਗ ਰੂਪ "ਸੂਹੀ ਲਲਿਤ' ਨਹੀਂ ਸਗੋਂ ਲਲਿਤ ਸੂਹੀ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਸਥਾਪਿਤ ਰਾਗ ਨਿਯਮ ਦੇ ਉਲਟ ਹੈ। ਸਾਡੇ ਅਧਿਐਨ ਅਨੁਸਾਰ ਅਤੇ ਗੁਰੂ ਗ੍ਰੰਥ ਵਿਚ ਅੰਕਿਤ ਇਸ ਰਾਗ ਦੇ ਨਾਮਕਰਣ ਨੂੰ ਧਿਆਨ ਵਿਚ ਰਖਦੇ ਹੋਏ ਇਸ ਵਿਚ ਪਹਿਲੇ ਸੂਹੀ ਦਾ ਅੰਗ ਅਤੇ ਪਿਛੋਂ ਲਲਿਤ ਦਾ ਅੰਗ ਆਉਣਾ ਚਾਹੀਦਾ ਹੈ ਤਦ ਹੀ ਇਹ ਮਿਸ਼ਰਣ "ਗੁਰੂ ਗ੍ਰੰਥ" ਵਿਚ ਅੰਕਿਤ "ਸੂਹੀ ਲਲਿਤ" ਨੂੰ ਸਹੀ ਅਰਥਾਂ ਵਿਚ ਸਾਕਾਰ ਕਰ ਸਕਦਾ ਹੈ।

ਸੂਹੀ ਲਲਿਤ ਰਾਗ, ਪ੍ਰਚਲਿਤ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਕਿਸੇ ਥਾਟ ਵਿਚ ਵੀ ਨਹੀਂ ਸਮਾਉਂਦਾ। ਥਾਟ-ਉਪਥਾਟ ਪੱਧਤੀ ਅਨੁਸਾਰ ਇਸ ਦਾ ਵਰਗੀਕਰਣ ਅਸੀਂ ਬਿਲਾਵਲ ਅਤੇ ਪੂਰਵੀ ਥਾਟ ਵਿਚ ਕਰ ਸਕਦੇ ਹਾਂ।

ਸੂਹੀ ਲਲਿਤ ਰਾਗ ਦੀ ਰਚਨਾ ਦੋ ਰਾਗਾਂ ਸੂਹੀ ਅਤੇ ਲਲਿਤ ਦੇ ਮਿਸ਼ਰਣ ਦੁਆਰਾ ਹੋਈ ਹੈ। ਇਸ ਰਾਗ ਵਿਚ ਦੋ ਰਿਸ਼ਭ, ਦੋ ਮੱਧਿਅਮ, ਦੋ ਧੈਵਤ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਸੰਪੂਰਣ ਸ਼ਾੜਵ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ ਇਸ ਵਿਚ ਮੱਧਿਅਮ ਵਾਦੀ ਅਤੇ ਸ਼ੜਜ ਸੰਵਾਦੀ ਹੈ।

ਆਰੋਹ : ਸਾ ਰੇ ਗ ਮ ਪ, ਨੀ ਧ ਨੀਸਾਂ।

ਅਵਰੋਹ : ਸਾ ਰੇ਼ੰ ਗ, ਨੀਧ਼, ਮੰਧ਼ ਮ ਮ ਗ, ਮੰ ਗ, ਰੇ਼ਸਾ।

ਮੁਖ ਅੰਗ : ਪ ਨੀਧ, ਨੀਸਾਂ, ਰੇ਼ੰ ਨੀਧ਼, ਮੰ ਮ ਗ, ਮੰਗ, ਰੇ਼ ਸਾ।

# ਸੁਰ ਵਿਸਤਾਰ ਰਾਗ ਸੂਹੀ ਲਲਿਤ

1. ਸਾ, ਸਾਰੇ ਸਾ ਸਾ ਨ਼ੀ ਨ਼ੀਸਾ, ਮਾਸਾ ਰੇ ਰੇ ਗ, ਮਗ, ਮਰੇ ਨ਼ੀ ਨ਼ੀ ਸਾ, ਰੇ ਨ਼ੀ ਧ਼, ਮ਼ਂ ਧ਼, ਮ਼ਂ ਮ਼ਂ ਮ਼, ਮ਼ਂ ਮ਼ ਗ਼, ਗ਼ ਮ਼ ਧ਼ ਮ਼ਂ ਧ਼, ਮ਼ਂ ਮ਼ ਗ਼, ਗ਼ ਮ਼ ਧ਼ ਧ਼ ਮ਼ਂ ਧ਼ ਨ਼ੀਧ਼ ਮ਼ਂ ਧ਼ ਮ਼ਂ ਮ਼ ਗ਼, ਪ਼ ਪ਼ ਨ਼ੀ ਧ਼ ਨ਼ੀਸਾ, ਸਾ ਸਾਂ ਰੇਰੇ ਗ, ਮ ਗ ਰੇ ਗ ਮਗ ਰੇ ਨ਼ੀਨ਼ੀ ਰੇ ਸਾ ।

2. ਸਾਰੇ ਗ ਗ ਮ, ਰੇਗ ਮ ਪ ਮ, ਰੇਗ ਮਪ ਗ ਮ ਧ ਧ ਪ, ਧ ਮ ਪ ਗ, ਮਰੇ, ਧ ਧ ਪਧ ਮ ਪ ਮਗ ਮ ਰੇ, ਗਪ ਧਨੀ, ਪਨੀ ਧ ਧ ਨੀ ਸਾਂ । ਰੇਂ ਨੀ ਧ, ਮਂਧ ਧਨੀਧ ਮਂਧ ਮਂਨੀਧ, ਮਂ ਧ ਮਂ ਮ ਗ, ਧ ਮਂਗਮਂਪ ਮਂਮਗ, ਧ ਧ ਮਂਧ ਨੀ ਧ ਮਂਧ ਮਂਧਗ, ਧ ਮਂ ਮਗ, ਮਂਗ, ਰੇ ਸਾ, ਨ਼ੀ ਰੇਂ ਗ ਮਂ ਮ ਗ, ਮਂਗ, ਰੇਸਾ, ਨ਼ੀ ਨ਼ੀ ਰੇ ਸਾ ।

3. ਪ ਪ, ਨੀ ਧਨੀ, ਪ ਪ ਧਨੀ ਸਾਂ, ਪ ਨੀ ਧਨੀਸਾਂ ਰੇਂ ਸਾ । ਸਾਂ ਸਾਂ ਰੇਂ ਰੇਂ ਗਂ ਸਾਂ, ਸਾਂਸਾਂ ਰੇਂ ਰੇਂ ਗਂ ਗਂ ਮਂ, ਮਂ ਗਂ ਮਂ ਰੇਂ ਸਾਂ, ਸਾਂਰੇਂ ਗਂ ਪ ਪਂ, ਮਂ ਗਂ, ਮਂ ਰੇਂ ਨੀ ਨੀਸਾਂ, ਰੇਂ ਨੀਧ, ਮਂਧ ਸਾਂਨੀਧ, ਨੀ ਨੀ ਧਨੀ ਮਂਧ ਰੇਂ ਨੀਧ । ਮਂਧ, ਮਂ ਮਗ, ਗ ਮਂਧ ਨੀ ਮਂਧਮਂ ਨੀਧ, ਨੀਨੀ ਧਨੀ ਮਂਧ ਮਂਨੀ ਨੀਧ, ਮਂਧਮਂ, ਮ ਮਂ ਮਗ, ਪਮਂ ਮਮਂ ਧਮਂ ਮਗ, ਗਮ ਧ ਮਂਧ ਮਂਮ ਗ, ਗਮ ਮਂ ਗਮ ਮਂ ਮਗ, ਮ ਗ ਰੇ ਗ ਮਂਗ, ਰੇ ਸਾ, ਨ਼ੀ ਨ਼ੀ ਰੇ ਸਾ ।

## ਸੂਹੀ ਲਲਿਤ ਕਬੀਰ ਜੀਉ ॥

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ।
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥ ੧ ॥
ਹਰਿ ਕੇ ਲੋਗਾ ਮੋਕਉ ਨੀਤਿ ਡਸੈ ਪਟਵਾਰੀ ॥
ਊਪਰਿ ਕਉ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ ॥ ੧ ॥ ਰਹਾਉ ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥ ੨ ॥
ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥ ੩ ॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥ ੪ ॥ ੫ ॥

(ਗੁ. ਗ੍ਰੰ. ਪੰਨਾ ੭੯੩)

## ਰਾਗ ਸੂਹੀ ਲਲਿਤ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | | | ਗਪ | ਪਧ | ਨੀਸਾਂ | | ਨੀ | ਰੇਂ | ਸਾਂ | ਸਾਂ |
| | | | | | | | | ਹ | ਰਿ | ਕੇਂS | SS | ਲੋ | ਗਾ | ਮੈ | ਕਉ |
| ਨੀ | ਰੇਂ | ਨੀ | ਧੁ | ਧੁਮੰ | ਗਮੰ | ਧੁ | ਮੰ | ਮਮੰ | ਮਮ | ਗ | - | ਮੰ | ਮ | ਗਮ | ਧੁਧੁ |
| ਨੀ | S | ਤਿ | ਭ | ਸੰੇS | SS | ਪ | ਟ | ਵਾS | S | ਰੀ | S | ਉS | ਪ | ਰਿ | ਕਉ |
| ਮੰ | ਮੰ | ਮਮ | ਮ | ਗਮ | ਗਮ | ਮੰ | ਗਮ | ਮੰ | ਗ | ਰੇ | ਸਾ | ਨੀ | ਰੁ | ਗ | ਮ |
| ਭੂ | ਜਾ | ਕਰਿ | ਮੈ | ਗੁS | ਰS | ਪਹਿ | ਪੁ | ਕਾ | S | ਰਿਆ | S | ਤਿ | ਨਿ | ਹਉ | |
| ਮੰ | ਮ | - | ਗ | ਗਪ | ਧਨੀ | ਪਧ | ਨੀਸਾਂ | | | | | | | | |
| ਲੀ | ਆ | S | ਉ | ਬਾS | SS | ਰੀS | SS | | | | | | | | |

| | | | |
|---|---|---|---|
| ਗ | ਪ | ਧਨੀ | ਸਾਂਸਾਂ |
| ਕੇ | S | Sਟੁ | ਪੰ |
| ਗਂ | ਰੇਂ | ਸਾਂ | ਸਾਂ |
| ਮਾ | S | ਗ | ਹਿ |
| ਗਪ | ਧਨੀ | ਸਾਂ | ਨੀਧੁ |
| ਹੀS | SS | ਮੈ | SS |
| ਨ਼ੀ | ਰੇ | ਗ | ਮ |
| ਦੇ | S | ਨ | ਦੂ |

| | | | |
|---|---|---|---|
| ਪ | ਗ | ਗ | ਗ |
| ਏ | S | S | ਕੁ |
| ਨੀ | ਰੇਂ | ਗਂ | ਮੰ |
| ਪਾ | S | ਚੇ | S |
| ਗ | ਪ | - | ਪ |
| ਜਿ | ਮੀ | S | ਨ |
| ਮੰ | ਗ | ਰੇ | ਸਾ |
| ਐ | S | ਸਾ | S |

ਅੰਤਰਾ :

| | | | |
|---|---|---|---|
| ਨੀ | ਰੇਂ | ਸਾਂ | - |
| ਦਾ | S | ਰਾ | S |
| ਧੁ | ਮੰ | ਮ | ਗ |
| ਲਾS | S | S | S |
| ਮਮੰ | ਮਮ | ਗ | - |
| ਥੋਂS | SS | S | ਈ |
| ਰੇਂਨੀ | ਧੁਮੰ | ਧੁਮੰ | ਮਗ |
| ਲਾS | SS | SS | SS |

| | | | |
|---|---|---|---|
| ਸਾਂ | ਸਾਂ | ਸਾਂ | ਸਾਂ |
| ਚ | ਸਿ | ਸਿ | ਕ |
| ਰੇਂ | ਸਾਂਨੀ | ਸਾਂਰੇਂ | ਨੀ |
| ਹਾS | SS | SS | S |
| ਧੁਮੰ | ਗਮੰ | ਧੁਮੰ | ਮੰ |
| ਕਿS | ਸੀS | S | ਕੀ |
| ਗਪ | ਧਨੀ | ਪਧ | ਨੀਸਾਂ |
| ਖਾS | SS | SS | SS |

# ਰਾਗ ਬਿਲਾਵਲੁ

ਗੁਰੂ ਗ੍ਰੰਥ ਸਾਹਿਬ ਦੇ ਰਾਗ-ਭੇਦ ਅਨੁਸਾਰ ਬਿਲਾਵਲੁ ਰਾਗ ਦੇ ਅਧੀਨ ਨਿਮਨ ਲਿਖਤ ਪ੍ਰਕਾਰ ਹੋਰ ਉਪਲੱਬਧ ਹੁੰਦੇ ਹਨ।

(ੳ) ਬਿਲਾਵਲੁ ਦਖਣੀ

(ਅ) ਬਿਲਾਵਲੁ ਮੰਗਲ

ਇਨ੍ਹਾਂ ਦੇ ਸਰੂਪ ਸਬੰਧੀ ਵਿਚਾਰ ਕਰਨ ਤੋਂ ਪੂਰਵ ਇਸਦੇ ਮੁਖ ਰਾਗ ਬਿਲਾਵਲ ਸਬੰਧੀ ਜਾਣ ਲੈਣਾ ਅਤਿ ਜਰੂਰੀ ਹੈ।

ਬਿਲਾਵਲ ਬੜਾ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਮੱਧਕਾਲ ਦੇ ਲਗਭਗ ਹਰੇਕ ਗ੍ਰੰਥਕਾਰ ਨੇ ਇਸ ਰਾਗ ਦਾ ਉਲੇਖ ਕੀਤਾ ਹੈ। ਸੰਸਕ੍ਰਿਤ ਗ੍ਰੰਥਕਾਰ ਇਸ ਨੂੰ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਕਹਿੰਦੇ ਹਨ। ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਦਾ ਕਥਨ ਹੈ ਕਿ 'ਕੋਈ ਕੋਈ ਬਿਲਾਵਲ ਅਤੇ ਬਿਲਾਵਲੀ ਨੂੰ ਭਿੰਨ ਭਿੰਨ ਰਾਗ ਮੰਨਦੇ ਹਨ ਪਰੰਤੂ ਅਜਿਹਾ ਨਹੀਂ ਹੋ ਸਕਦਾ।' ਪੰਡਿਤ ਭਾਤਖੰਡੇ ਦੇ ਵਿਚਾਰ ਦਾ ਸਪਸ਼ਟ ਭਾਵ ਇਹੋ ਹੈ ਕਿ ਇਹੋ ਇਕ ਹੀ ਰਾਗ ਦੇ ਵਖੋ ਵਖਰੇ ਨਾਮ ਹਨ ਕੇਵਲ ਉਚਾਰਣ ਵਿਚ ਹੀ ਭੇਦ ਹੈ।

ਬਿਲਾਵਲ, ਬਿਲਾਵਲ ਥਾਟ ਦਾ ਪ੍ਰਮੁਖ ਰਾਗ ਹੈ। ਇਸ ਰਾਗ ਵਿਚ ਸਭ ਸ਼ੁੱਧ ਸੁਰ ਲਗਦੇ ਹਨ, ਪਰ ਕਦੇ ਕਦੇ ਧੈਵਤ ਦੇ ਸੰਜੋਗ ਨਾਲ ਨਿਸ਼ਾਦ ਕੋਮਲ ਕਣ ਦੇ ਰੂਪ ਵਿਚ ਅਵਰੋਹ ਵਿਚ ਲਿਆ ਜਾਂਦਾ ਹੈ। ਕਈ ਵਿਦਵਾਨ ਇਸ ਰਾਗ ਵਿਚ ਕੋਮਲ ਨਿਸ਼ਾਦ ਦੀ ਸਪਸ਼ਟ ਵਰਤੋਂ ਵੀ ਕਰਦੇ ਹਨ। ਕਈ ਲੇਖਕ ਇਸ ਰਾਗ ਵਿਚ ਕੋਮਲ ਗੰਧਾਰ ਦੀ ਵਰਤੋਂ ਕਰਨ ਦੇ ਹਾਮੀ ਹਨ ਪਰ ਬਹੁ ਸੰਖਿਆ ਵਿਚ ਸੰਗੀਤਕਾਰ ਇਸ ਵਿਚ ਸ਼ੁੱਧ ਗੰਧਾਰ ਹੀ ਪ੍ਰਯੋਗ ਕਰਦੇ ਹਨ। ਇਹ ਪ੍ਰਭਾਤ ਕਾਲ ਦਾ ਰਾਗ ਹੈ। ਅਰਥਾਤ ਇਸ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਕਈ ਕਲਾਕਾਰ ਇਸ ਰਾਗ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਹੈ ਜਿਸ ਕਾਰਣ ਇਸ ਨੂੰ ਉਤ੍ਰਾਂਗ ਵਾਦੀ ਰਾਗ ਮੰਨਿਆ ਜਾਂਦਾ ਹੈ। ਬਿਲਾਵਲ ਰਾਗ ਦੀ ਜਾਤੀ ਬਾਰੇ ਵਿਦਵਾਨਾਂ ਵਿਚ ਕੁਝ ਮਤ ਭੇਦ ਹੈ। ਕਈ ਸੰਗੀਤਕਾਰ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨਦੇ ਹਨ ਕਈ ਸ਼ਾਡਵ-ਸੰਪੂਰਣ ਅਤੇ ਕਈ ਸ਼ਾਡਵ-ਵਕਰ ਸੰਪੂਰਣ। ਇਸ ਰਾਗ ਦੇ ਆਰੋਹ ਵਿਚ ਆਮ ਤੌਰ 'ਤੇ ਮੱਧਿਅਮ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਵਕਰ ਰੂਪ ਨਾਲ

ਸੱਤ ਸੁਰ ਲਏ ਜਾਂਦੇ ਹਨ। ਇਸ ਕਾਰਣ ਇਸਦੀ ਜਾਤੀ ਸ਼ਾੜਵ-ਵਕਰ ਸੰਪੂਰਣ ਮੰਨਣਾ ਵਧੇਰੇ ਉਚਿੱਤ ਹੈ। ਇਸ ਰਾਗ ਦੇ ਆਰੋਹ ਵਿਚ ਕਈ ਵਾਰ ਨਿਸ਼ਾਦ ਸੁਰ ਦੀ ਵਕਰ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ ਜਿਵੇਂ : "ਪ ਪ ਧ ਨੀ ਧ ਸਾਂ"।

ਮੱਧਕਾਲ ਦੇ ਇਕ ਲੇਖਕ ਪੰਡਿਤ ਦਾਮੋਦਰ ਨੇ "ਸੰਗੀਤ ਦਰਪਣ" ਗ੍ਰੰਥ (1625 ਈ.) ਵਿਚ ਇਸ ਰਾਗ ਨੂੰ ਹਿੰਡੋਲ ਦੀ ਭਾਰਯਾ (ਇਸਤਰੀ) ਮੰਨਿਆ ਹੈ, ਕਈਆਂ ਨੇ ਬਿਲਾਵਲ ਨੂੰ ਭੈਰਵ ਦਾ ਪੁਤਰ ਅਤੇ ਕਈਆਂ ਨੇ ਇਸ ਨੂੰ ਬਿਲਾਵਲੀ ਨਾਮ ਦੇਕੇ ਭੈਰਵ ਦੀ ਰਾਗਣੀ ਦਸਿਆ ਹੈ। ਇਨ੍ਹਾਂ ਹਵਾਲਿਆਂ ਤੋਂ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਇਹ ਵਾਸਤਵਿਕਤਾ ਦੇ ਕਿੰਨੇ ਕੁ ਨਿਕਟ ਹਨ। ਗੁਰੂ ਸਾਹਿਬਾਨ ਨੇ ਉਸ ਸਮੇਂ ਦੀ ਪ੍ਰਚਲਿਤ "ਰਾਗ ਰਾਗਣੀ" ਪੱਧਤੀ ਦੇ ਔਝੜ ਪਾਉਣ ਵਾਲੇ ਮਤ ਮਤਾਂਤਰਾਂ ਤੋਂ ਗੁਰਮਤਿ ਦੇ ਸੰਗਤਾਚਾਰੀਆ ਨੂੰ ਸੁਚੇਤ ਕਰਨ ਜਾਂ ਉਨ੍ਹਾਂ ਦਾ ਪਥ ਪ੍ਰਦਰਸ਼ਨ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ "ਰਾਗ ਬਿਲਾਵਲੁ" ਨਾਮ ਨਾਲ ਨਿਵਾਜਿਆ ਹੈ। ਉਦਾਹਰਣ ਵਜੋਂ : ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧।" ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ "ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਭਗਤ ਬਾਣੀ ਵਿਚ ਵੀ ਇਸ ਰਾਗ ਨੂੰ "ਬਿਲਾਵਲ" ਨਾਮ ਹੀ ਪ੍ਰਦਾਨ ਕੀਤਾ। ਇਹੋ ਨਹੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗੁਰ ਪਰੰਪਰਾ ਦਾ ਪਾਲਨ ਕਰਦਿਆਂ ਬਾਣੀ ਵਿਚ ਇਸ ਨੂੰ "ਰਾਗੁ ਬਿਲਾਵਲੁ" ਹੀ ਸਵੀਕਾਰਿਆ। ਜਿਵੇਂ "ਰਾਗੁ ਬਿਲਾਵਲੁ ਪਾਤਿਸ਼ਾਹੀ ੧੦ ॥" "ਸੋ ਕਿਮ ਮਾਨਸ ਰੂਪ ਕਹਾਏ।" ਆਦਿ।

ਸੋ, ਇਹ ਸਪਸ਼ਟ ਹੈ ਕਿ ਬਿਲਾਵਲ ਰਾਗ ਗੁਰਮਤਿ ਸੰਗੀਤ ਵਿਚ ਨਾ ਹਿੰਡੋਲੀ ਦੀ ਇਸਤਰੀ ਹੈ, ਅਤੇ ਨਾ ਹੀ ਭੈਰਵ ਦੀ ਰਾਗਣੀ ਅਤੇ ਨਾ ਹੀ ਇਹ ਭੈਰਵ ਦਾ ਪੁਤਰ ਸਗੋਂ ਇਕ ਸੁਤੰਤਰ ਰਾਗ ਹੈ।

ਆਰੋਹ : ਸਾ ਰੇ ਗ ਰੇ, ਗ ਪ, ਨੀਧ, ਨੀ ਸਾਂ

ਅਵਰੋਹ : ਸਾਂਨੀ ਨ੍ਹੀ ਨੀ ਧ ਧ ਪ, ਮ ਗ, ਮ ਰੇ, ਸਾ।

ਮੁਖ ਅੰਗ : ਗ ਰੇ, ਗਪ, ਧ, ਨੀਸਾਂ ਜਾਂ

ਧ ਧੇ ਪ, ਧ ਗ, ਮਰੇ, ਗਪ ਮਗ, ਮਰੇ ਸਾ।

## ਰਾਗ ਬਿਲਾਵਲ ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਨ਼ੀ ਨ਼ੀ ਸਾ, ਸਾਰੇ ਨ਼ੀਸਾ, ਧ਼ ਧ਼ ਪ਼, ਧ਼ ਗ਼ ਮ਼ ਰੇ, ਮ਼ ਮ਼ ਗ਼ ਰੇ ਗ਼ ਗ਼ਪ਼, ਮ਼ ਗ਼ ਮ਼ ਰੇ ਗ਼ ਪ਼ ਧ਼ ਧ਼ ਨ਼ੀ, ਧ਼ਪ਼ ਧ਼ ਗ਼ ਮ਼ਰੇ਼, ਗ਼ ਪ਼ ਧ਼ਧ਼ ਨ਼ੀ, ਪ਼ ਪ਼ਨ਼ੀ ਧ਼ਨ਼ੀ, (ਨ਼ੀਨ਼ੀਸਾ, ਪ਼ ਨ਼ੀਧ਼ ਨ਼ੀ ਸਾ ਸਾ ਰੇ, ਧ਼ ਨ਼ੀ ਸਾਰੇ ਨ਼ੀਸਾ ਰੇ, ਧ਼ ਧ਼ ਪ਼, ਪ਼ ਪ਼ ਧ਼ਨ਼ੀ ਸਾਰੇ, ਸਾ ਰੇ ਸਾ ਸਾ ਰੇ ਰੇ ਗ, ਰੇਗ, ਸਾਰੇ ਨ਼ੀਸਾ, ਗ ਰੇਗ, ਸਾਸਾਗ ਮਰੇ, ਸਾ, ਨ਼ੀ ਨ਼ੀ ਰੇ ਸਾ।

2. ਸਾ ਸਾ ਗਰੇ ਗ, ਧ਼, ਧ਼ ਨ਼ੀ ਧ਼ ਸਾ ਨ਼ੀ ਰੇ ਸਾਰੇ ਗ ਰੇ ਗ, ਗ ਗ ਰੇ ਸਾ ਰੇਰੇ ਸਾਨ਼ੀ, ਸਾ ਸਾ ਗ ਰੇਗ, ਸਾਗ ਰੇਗ ਮ ਗ ਮਰੇ, ਮ ਮ ਗਰੇ ਗਮ ਪ ਮ ਗ, ਗਮ ਰੇਗ ਪਮ ਗ, ਰੇ ਗ ਰੇ ਮ ਗਰੇ ਗਮ ਪ ਮਗ, ਸਾ ਗ ਰੇ ਗ ਪ ਪ ਮ ਗ, ਗਮ ਰੇ ਗ ਪਪ ਮਗ, ਗਮ ਧਧਪ, ਧ ਮ ਪਗ, ਮ ਰੇ, ਗ ਪ ਮ ਗ, ਮ ਰੇ, ਰੇ ਗ ਗ ਪ ਧ ਪ ਮ ਗ ਮ ਰੇ, ਸਾ ਗ ਰੇ ਗ ਪ ਮ ਗ ਮ ਰੇ, ਮ ਗ, ਮ ਰੇ, ਸਾ, ਨ਼ੀ ਨ਼ੀ ਰੇ ਸਾ ।

3. ਸਾਰੇ ਗ ਮ ਗਰੇ, ਗਪ ਧ ਧ ਪ, ਧ ਧ ਪਸ ਮਪ ਗਮ ਰੇਗ ਪ ਪ ਧਧਪ, ਗਪ ਧ ਧ ਨੀ, ਗ ਗ ਮ ਰੇ ਗ ਪ ਧ ਧ ਨੀ, ਨੀ ਨੀ ਧਧਪਪ ਧ ਗ, ਮ ਰੇ, ਗ ਪ ਧ ਧ ਨੀ, ਪ ਪ ਧਨੀ ਸਾਂ, ਸਾਂਨੀ ਧ ਪ ਮ ਗ ਮਰੇ, ਗਪ ਧ, ਨੀਸਾਂ, ਗ ਪ ਧ ਨੀ ਸਾਂਰੇਂ ਨੀਸਾਂ ਧ ਧ ਪ, ਧ ਗ, ਮ ਰੇ, ਗਪ ਧ, ਨੀਸਾਂ, ਗ ਪ ਧ ਨੀਸਾਂ ਰੇਂ, ਰੇ, ਰੇ ਸਾਂਰੇਂ ਨੀਸਾਂ, ਧ ਧ ਪ,

ਪ ਪ ਧਨੀਸਾਂ ਰੇਂ ਗਂ ਰੇਂ ਸਾਂ, ਸਾਂ ਸਾਂ ਗਂ ਰੇਂ ਗਂ, ਸਾਂ ਗਂ ਰੇਂ ਗਂ ਮਂ ਮਂ ਗਂ, ਮਂ ਗ, ਮਂਰੇਂ, ਮਂ ਮਂ ਗਂ ਰੇਂ, ਗਂ ਮਂ ਪਂ ਮਂ ਗ, ਗਂ ਮਂ ਰੇਂ ਗ ਪਂ ਮਂ ਗਂ, ਮਂ ਗਂ, ਮਂ ਰੇਂ, ਸਾਂਰੇਂ ਨੀਸਾਂ, ਗਪ ਧ ਨੀਸਾਂ ਰੇਂਨੀਸਾਂ ਧ ਧ ਪ, ਗ ਮ ਰੇ ਗ ਪ ਮ ਗ, ਸਾਂ, ਧਪ ਧਗ ਮਰੇ, ਗ ਮਰੇ ਗ ਪ ਮਗ, ਧ ਧ ਧਪ ਧ ਗ ਮਰੇ, ਗਮ ਰੇ ਗ ਪ ਮ ਗ, ਮ ਰੇ, ਸਾ, ਨ਼ੀ ਨ਼ੀ ਰ਼ੇ ਸ਼ਾ ।

ੴ ਸਤਿਗੁਰ ਪ੍ਰਸਾਦਿ ॥

## ਬਿਲਾਵਲੁ ਕੀ ਵਾਰ ਮਹਲਾ ੪

ਸਲੋਕ ਮਹਲਾ ੪ ॥

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ ੧ ॥

(ਗੁ. ਗ੍ਰੰ. ਪੰਨਾ ੮੪੯)

ਸਥਾਈ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | 2 | | | | 0 | | | | 3 | | | |
| | | | | | | ਮਗ | | ਮ | ਧ | ਧ | ਪ | ਗਮ | ਰੇਗ | ਪ | ਮ |
| | | | | | | ਕਰਿ | | ਨਾ | ऽ | ਦੂ | ਬਿ | ਲਾऽ | ऽऽ | ਵ | ਲੁ |
| ਗ | - | ਮਰੇ | - | ਸਾ | ਸਾ | ਮ | ਗ | - | ਪ | ਪ | ਪ | ਨੀ | ਧ | ਨੀ | ਨੀ |
| ਰਾ | ऽ | ऽऽ | ऽ | ऽ | ਗੁ | ਹਰਿ | | ऽ | ਉ | ਤ | ਮੁ | ਹ | ਰਿ | ਪ੍ਰ | ਭੁ |
| ਸਾਂਰੇ | ਨੀਸਾਂ | ਧ | ਪ | ਗਮ | ਰੇਗ | ਸਾ | ਸਾ | ਸਾਰੇ | ਗਮ | ਗ | ਰੇ | ਗ | ਗ | ਪ | ਪ |
| ਗਾऽ | ऽऽ | ऽ | ਵਿ | ਆऽ | ऽऽ | ਉਪ | | ਦੇऽ | ऽऽ | ਸੁ | ਗੁ | ਰੂ | ऽ | ਸੁਣਿ | |
| - | ਧ | ਗਾਂ | ਮ | ਗਮ | ਰੇਗ | ਪ | ਪ | ਪ | ਨੀ | ਧ | ਨੀ | ਸਾਂ | ਰੇਂ | ਸਾਂ | - |
| ऽ | ਮੰ | ऽਨਿ | | ਆऽ | ऽऽ | ਧੁ | ਰਿ | ਮ | ਸ | ਤ | ਕਿ | ਪੂ | ऽ | ਰਾ | ऽ |
| ਧਨੀ | ਧੁਪ | ਧਨੀ | ਸਾਂਰੇਂ | ਸਾਂਨੀ | ਧਪ | | | | | | | | | | |
| ਭਾऽ | ऽऽ | ऽऽ | ऽऽ | ऽऽ | ਗੁऽ | | | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਅੰਤਰਾ : | | ਪ | ਪ | ਪ | ਪ | ਪ | ਪ | ਨੀ | ਧ | ਨੀ | ਨੀ |
| | | | | | | ਸ | ਭ | ਦਿ | ਨ | ਸ | ਰੈ | ऽ | ਣਿ | ਗੁ | ਣ |
| ਸਾਂ | ਸਾਂ | ਸਾਂਰੇਂ | ਨੀਸਾਂ | - | - | ਸਾਂ | ਸਾਂ | ਸਾਂ | ਗਂਰੇਂ | ਗਂ | ਮਂ | ਰੇਂ | ਰੇਂ | ਸਾਂ | ਸਾਂ |
| ਉ | ਚ | ਰੈऽ | ऽऽ | ऽ | ऽ | ਹ | ਰਿ | ਹ | ਰਿऽ | ਹ | ਰਿ | ਉ | ਰਿ | ਲਿ | ਵ |
| ਸਂਰੇਂ | ਨੀਸਾਂ | ਧ | ਧ | ਪ | ਪ | ਪ | ਪ | ਸਾਂ | ਨੀ | ਧ | ਪ | ਗਮ | ਰੇਗ | ਪ | ਮ |
| ਲਾऽ | ऽऽ | ऽ | ऽ | ऽ | ਗੁ | ਸ | ਭ | ਤ | ਨੂ | ਮ | ਨੂ | ਹऽ | ਰਿऽ | ਆ | ऽ |
| ਗ | - | ਮ | ਰੇ | ਸਾ | - | ਗ | ਪ | ਪ | ਨੀ | ਧ | ਨੀ | ਸਾਂ | ਰੇਂ | ਸਾਂ | - |
| ਹੋ | ऽ | ऽ | ऽ | ਇਆ | ऽ | ਮਨੁ | | ਖਿੜਿ | ਆ | ऽ | | ਹ | ਰਿ | ਆ | ऽ |
| ਗਪ | ਧਨੀ | ਸਾਂਰੇਂ | ਸਾਂਨੀ | ਧਪ | ਮਗ | | | | | | | | | | |
| ਬਾऽ | ऽऽ | ऽऽ | ऽऽ | ऽऽ | ऽਗੁ | | | | | | | | | | |

## ਬਿਲਾਵਲੁ ਦਖਣੀ

ਦੱਖਣੀ ਪੱਧਤੀ ਦੇ ਮਹਾਨ ਵਿਦਵਾਨ ਪੰਡਿਤ ਰਾਮਾਮਾਤਯ ਜਿਨ੍ਹਾਂ ਨੂੰ ਦੋਹਾਂ ਪੱਧਤੀਆਂ ਦੀ ਸ਼ਾਸਤ੍ਰਿਕ ਅਤੇ ਕ੍ਰਿਆਤਮਕ ਪਖਾਂ ਦੀ ਸਿਖਿਆ ਵਿਧੀਵਤ ਮਿਲੀ ਸੀ ਉਸ ਨੇ ਇਕ ਗ੍ਰੰਥ ਜਿਸ ਦਾ ਨਾਮ "ਸਵਰ-ਮੇਲ ਕਲਾ ਨਿਧੀ" ਹੈ, ਦੱਖਣੀ ਪਧਤੀ ਬਾਰੇ ਲਿਖਿਆ, ਜਿਸ ਨੂੰ ਦੱਖਣੀ ਸੰਗੀਤ ਦਾ ਆਧਾਰ ਗ੍ਰੰਥ ਮੰਨਿਆ ਜਾਂਦਾ ਹੈ। ਵਿਦਵਾਨਾਂ ਨੇ ਇਸ ਗ੍ਰੰਥ ਦਾ ਰਚਨਾਕਾਲ 1550 ਈ. ਸਵੀਕਾਰਿਆ ਹੈ। "ਸ੍ਵਰ ਮੇਲ ਕਲਾ ਨਿਧੀ" ਗ੍ਰੰਥ ਵਿਚ ਬਿਲਾਵਲ ਦਖਣੀ ਦਾ ਉਲੇਖ ਪ੍ਰਾਪਤ ਹੁੰਦਾ ਹੈ। ਰਾਮਾ ਮਾਤਯ ਅਨੁਸਾਰ ਇਹ ਸੰਪੂਰਣ ਜਾਤੀ ਦਾ ਰਾਗ ਹੈ। ਇਸ ਦਾ ਗ੍ਰਹ (ਆਰੰਭਕ) ਸੁਰ ਧੈਵਤ ਹੈ। ਕੁਝ ਸੰਗੀਤਕਾਰ ਇਸ ਰਾਗ ਵਿਚ ਰਿਸ਼ਭ ਪੰਚਮ ਵਰਜਿਤ ਮੰਨਦੇ ਹਨ। ਰਾਮਾ ਮਾਤਯ ਅਤੇ ਉਸ ਤੋਂ ਬਾਅਦ ਦੇ ਗ੍ਰੰਥਕਾਰ ਇਸ ਰਾਗ ਨੂੰ ਬਿਲਾਵਲੀ, ਵੇਲਾਵਨੀ, ਵਿਲਾਵਲੀ ਆਦਿ ਨਾਮਾਂ ਨਾਲ ਸੰਬੋਧਨ ਕਰਦੇ ਹਨ।

ਉਤਰ ਭਾਰਤ ਦੀ ਥਾਟ ਪੱਧਤੀ ਦੇ ਵਰਗੀਕਰਣ ਅਨੁਸਾਰ ਇਹ ਰਾਗ ਪ੍ਰਚਲਿਤ 10 ਥਾਟਾਂ ਵਿਚੋਂ ਕਿਸੇ ਦੇ ਅੰਤਰਗਤ ਨਹੀਂ ਆਉਂਦਾ। ਥਾਟ—ਉਪ ਥਾਟ ਅਨੁਸਾਰ ਇਸ ਰਾਗ ਦਾ ਵਰਗੀਕਰਣ ਇਸ ਤਰ੍ਹਾਂ ਹੈ। ਇਸ ਰਾਗ ਵਿਚ ਕੋਮਲ ਗਧਾਰ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਵਿਚ ਨਿਸ਼ਾਦ ਸੁਰ ਦਾ ਅਲਪੱਤਵ (ਘੱਟ ਮਹੱਤਵ) ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਹਨ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਕਾਰਣ ਜਾਤੀ ਔਡਵ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਦਾ ਇਕ "ਛੰਤ" ਪੰਨਾ ੮੪੩ ਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਜਿਸਦਾ ਸਿਰਲੇਖ ਹੈ ਬਿਲਾਵਲੁ ਮਹਲਾ ੧ ਛੰਤ ਦੱਖਣੀ ॥"

ਉੱਤਰੀ ਭਾਰਤੀ ਸੰਗੀਤ ਪੱਧਤੀ ਨੂੰ ਗੁਰੂ ਨਾਨਕ ਸਾਹਿਬ ਦੀ ਇਹ ਅਨੂਪਮ ਦੇਣ ਹੈ ਕਿਉਂ ਜੋ ਇਹ ਰਾਗ ਸਰੂਪ ਇਸ ਪੱਧਤੀ ਵਿਚ ਉਨ੍ਹਾਂ ਸਭ ਤੋਂ ਪਹਿਲਾ ਵਰਤਿਆ।

ਆਰੋਹ : ਸਾ ਰੇ, ਮ ਪ ਪ, ਸਾਂ।

ਅਵਰੋਹ : ਸਾਂ ਨੁ਼ੀ ਧ, ਪ, ਮਗੁ, ਰੇਸਾ।

ਮੁਖ ਅੰਗ : ਰੇ ਮ ਪ ਧ ਮਪ, ਧ ਮ ਗੁ ਰੇ, ਸਾ।

### ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ, ਨ਼ੁੀਧ਼, ਸਾ, ਰੇ ਰੇ ਸਾ, ਰੇ ਨ਼ੁੀਧ਼, ਨ਼ੁੀ ਨ਼ੁੀ ਧ਼, ਧ਼ ਪ਼,

ਧ਼ ਮ਼ ਪ਼, ਮ਼ਪਸ, ਧ਼ਧ਼ ਪਧ਼ ਮਪ ਧ਼ਧ਼ਪ, ਧ਼ ਧ਼ ਮਪ ਮ਼ ਗੁ, ਰੇ ਮ਼ ਪ਼, ਰੇ ਗੁ ਪ਼ ਧ਼ ਧ਼ ਮ

ਪ̣ ਧ̣, ਮ̣ ਪ̣ ਧ̣ ਮ̣ ਪ̣ ਧ̣ ਰੇ ਮ̣ ਪ̣ ਧ̣ ਮ̣ ਪ̣ ਧ̣ ਮ̣ ਪ̣ ਨ̱ੀ ਪ̣ ਧ̣ ਸਾ, ਮ̣ ਪ̣ ਧ̣ ਪ̣ ਧ̣ ਸਾ ਰੇ,

ਸਾਰੇ ਮ ਗ̱, ਰੇ ਸਾ, ਰੇ ਨ̱ੀ ਨ̱ੀ ਧ̣ ਪ̣ ਧ̣ ਸਾ, ਧ̣ ਧ̣ ਰੇ ਸਾ ।

2. ਸਾ ਰੇ ਮ, ਰੇ ਮ ਪ, ਰੇ ਮ ਮ ਪ ਮਪ, ਮ ਗ̱ ਗ̱ ਰੇ ਰੇਸਾ, ਰੇ ਮ ਰੇ ਮ ਪ, ਸਾਰੇ ਮਗ̱ ਰੇ ਸਾ ਰੇ ਮ ਪ, ਸਾਰੇ ਮ ਪ ਧ, ਰੇ ਮ ਮ ਪ ਧ ਪ ਰੇ ਮ ਰੇਪ ਮਪ ਮ ਧ ਪ ਮ ਪ ਧ ਪ ਰੇ ਮ ਪ, ਧ ਧ ਪ ਧ ਮ ਪ ਧ ਨ̱ੀ ਪ ਧ ਸਾਂ, ਸਾਂਨ̱ੀ ਧ ਪ ਮ ਪ ਧ ਰੇ ਮ ਪ ਧ ਮ ਪ ਨ̱ੀ ਪ, ਪ, ਮਪ ਧ ਨ̱ੀ ਪਧ ਸਾਂ, ਨ̱ੀਧ, ਨ̱ੀ ਨ̱ੀ ਧਪ ਮ ਪ ਧ ਪ ਰੇ ਮ ਪ, ਧਪ ਪ ਧ ਮ ਪ ਧ ਨ̱ੀ ਪ ਧ ਸਾਂ, ਸਾਂ ਨ̱ੀ ਧਪ ਮ ਪ ਧ, ਪ ਧ ਸਾਂ, ਮ ਪ ਧ ਸਾਂ, ਪ ਧ ਸਾਂ ਰੇਂ, ਸਾਂ, ਨ̱ੀ ਸਾਂ ਰੇਂ ਸਾਂ ਨ̱ੀਧ, ਪ, ਮਪ ਧ, ਨ̱ੀ ਪ ਧ ਸਾਂ ਨ̱ੀ ਧ ਪ, ਨ̱ੀ ਨ̱ੀ ਧ ਪ ਮ ਪ ਧ ਧ ਮ ਪ ਮਗ̱, ਗ̱ਰੇ, ਰੇ ਸਾ, ਧ̣ ਧ̣ ਰੇ ਸਾ ।

3. ਸਾ ਰੇ ਮ ਪ ਧ̱ਨੀ ਪ ਧ ਸਾਂ, ਸਾਂਨ̱ੀ ਧਪ ਮ ਪ ਢ, ਪ ਧ ਸਾਂ, ਮ ਪ ਧ ਸਂ ਪਧ ਸਾਂਰੇਂ ਰੇਂ, ਰੇਂ, ਸਾਂਰੇਂ ਸਾਂ ਸਾਂ ਨ̱ੀ ਪ ਪ ਧ ਸਾਂ ਧ ਧ ਪ ਧ ਸਾਂਰੇਂ ਮਂ ਗ̱ਂ ਰੇਂ ਸਾਂ, ਸਾਂਰੇਂ ਮਂ ਪਂ, ਰੇਂ ਮਂ ਪਂ, ਮਂ ਪਂ ਮਂ ਗ̱ਂਰੇਂ ਸਾਂ, ਸਾਂ ਰੇਂ ਮਂ ਗ̱ਂ ਰੇਂ ਸਾਂ, ਰੇਂ ਰੇਂ ਸਾਂਰੇਂ ਧਸਾਂ ਰੇਂ, ਧ ਰੇਂ ਰੇਂਸਾਂ, ਸਾਂਰੇਂ ਨ̱ੀ ਸਾਂ, ਨ̱ੀਧ, ਪ, ਮ ਪ ਸਾਂ ਧ ਪ, ਮ ਪ ਨ̱ੀ ਧ ਪ, ਰੇ ਮ ਪ ਧ ਪ ਪ ਧਪ ਮਗ̱, ਰੇ ਮ ਪ ਮ ਗ̱, ਗ̱ ਰੇ ਸਾਰੇ ਨ̱ੀ ਧ̣ ਸਾ, ਧ̣ ਧ̣ ਰੇ ਸਾ ।

## ਬਿਲਾਵਲੁ ਮਹਲਾ ੧ ਛੰਤ ਦਖਣੀ

ੴ ਸਤਿਗੁਰ ਪ੍ਰਸਾਦਿ ॥

ਮੁੰਧ ਨਵੇਲੜੀਆ ਗੋਇਲਿ ਆਈ ਰਾਮ ॥
ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ ॥
ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥
ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧ ਨਿਵਾਰਿਆ ॥
ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ॥ ੧ ॥

(ਗੁ. ਗ੍ਰੰ. ਪੰਨਾ ੮੪੩)

## ਰਾਗ ਬਿਲਾਵਲ ਦਖਣੀ ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | ਸਥਾਈ : | | | | | | | |
| ਰੇਮ | ਪਧ | ਮ | ਪ | ਧ | ऽ | ਪ | ਧ | ਪ | - | - | - |
| ਮੰऽ | ऽऽ | ਧ | ਨ | ਢੇ | ऽ | ਲ | ੜੀ | ਆ | ऽ | ऽ | ऽ |
| ਧਪ | ਮਪ | ਸਾਂ | ਸਾਂ | ਨੀਧ | ਧਪ | ਮਪ | ਧਪ | ਮਗ | - | ਰੇ | ਸਾ |
| ਗੋऽ | ऽऽ | ਇ | ਲਿ | ਆऽ | ऽऽ | ਈऽ | ऽऽ | ਰਾऽ | ऽऽ | ऽ | ਮ |
| ਰੇ | ਮ | ਮ | - | ਮਪ | ਧਨੀ | ਪ | ਧ | ਸਾਂ | - | - | - |
| ਮ | ਟੁ | ਕੀ | ऽ | ੜਾऽ | ऽऽ | ਰਿ | ਧ | ਰੀ | ऽ | ऽ | ऽ |
| ਸਾਂਰੇਂ | ਸਾਂਨੀ | ਨੀਧ | ਧਪ | ਧਪ | ਮਪ | ਧ | ਪ | ਮਗ | - | ਰੇ | ਸਾ |
| ਹऽ | ਰਿऽ | ਲਿऽ | ਵऽ | ਲਾऽ | ऽऽ | ਈ | ऽ | ਰਾऽ | ऽ | ऽ | ਮ |

| | | | | | | | |
|---|---|---|---|---|---|---|---|
| ਸਾਂ | ਲਿ | - | S | S | S | ਗੁਰੇ | SS |
| ਸਾਂ | ਇ | - | S | ਰੇ | ਤੀ | ਪਮ | ਅ'S |
| ਸਾਂ | ਗ | ਸਾਂ | ਆ | ਮਗੁ | ਨੰS | ਨ਼ੀਧ | ਰੀS |
| - | S | ਰੇਂ | ਰੀ | ਧਪ | ਬਿS | ਸਾਂ | S |
| ਸਾਂ | ਹੀ | ਮੰਗੁ | SS | ਮਪ | ਰਉ | ਪਧ | SS |
| ਸਾਂ | ਰ | ਸਾਂਰੇਂ | ਗਾS | ਧਪ | ਕS | ਨ਼ੀਧ | ਪਿਆ |

ਅੰਤਰਾ :

| | | | | | | | |
|---|---|---|---|---|---|---|---|
| ਧ | ਜਿਉ | ਰੇਂ | ਸੀ | ਧਪ | ਪਹਿ | ਧ | ਚਿ |
| ਪ | ਰਿ | ਰੇਂ | ਦਿ | ਨ਼ੀਧ | ਹS | ਧਨ਼ੀ | SS |
| ਧਨ਼ੀ | ਹS | ਸਾਂਸਾਂ | ਸਬ | ਸਾਂਨ਼ੀ | ਗੁS | ਮਪ | ਸਾS |
| ਪ | ਇ | ਧ | ਜਿ | ਰੇਂ | ੜਿ | ਰੇ | S |
| ਪ | ਲਾ | ਬਧ | ਹਿ | ਸਾਂ | ਜੋ | ਮ | ਲਹੁ |
| ਮਮ | ਲਿਵ | ਨ਼ੀਧ | ਸS | ਸਾਂਸਾਂ | ਕਰਿ | ਰੇ | ਮਿ |

# ਰਾਗ ਬਿਲਾਵਲੁ ਮੰਗਲ

ਬਿਲਾਵਲੁ ਮੰਗਲ ਰਾਗ, ਭਾਰਤੀ ਸੰਗੀਤ ਵਿਚ ਇਕ ਅਪ੍ਰਸਿਧ ਪ੍ਰਕਾਰਾਂ ਦੇ ਵਰਗ ਦਾ ਰਾਗ ਹੈ। ਮੱਧਕਾਲ ਵਿਚ ਇਸ ਰਾਗ ਦਾ ਖ਼ੂਬ ਪ੍ਰਚਾਰ ਰਿਹਾ ਹੋਵੇਗਾ ਪਰੰਤੂ ਵਰਤਮਾਨ ਸਮੇਂ ਇਸ ਰਾਗ ਦਾ ਨਾਮ ਵੀ ਸੰਗੀਤਕਾਰਾਂ ਅਤੇ ਕੀਰਤਨਕਾਰਾਂ ਨੂੰ ਓਪਰਾ ਪ੍ਰਤੀਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 844 ਤੇ "ਛੰਤ ਬਿਲਾਵਲੁ ਮਹਲਾ ੪ ਮੰਗਲ" ਅਤੇ ਪੰਨਾ 847 ਤੇ "ਬਿਲਾਵੁਲ ਮਹਲਾ ੫ ਛੰਤ ਮੰਗਲ" ਅੰਕਿਤ ਹੈ। ਇਸੇ ਤਰ੍ਹਾਂ ਹੀ ਬਿਲਾਵੁਲ ਰਾਗੁ ਵਿਚ ਗੁਰੂ ਗ੍ਰੰਥ ਦੇ ਪੰਨਾ 845 ਤੇ ਇਕ ਛੰਤ ਉਪਲੱਬਧ ਹੁੰਦਾ ਹੈ ਜਿਸਦਾ ਆਰੰਭ ਹੈ "ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ" ॥ ਇਥੇ ਵਿਸ਼ੇਸ਼ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਛੰਤ ਦਾ ਆਰੰਭ ਵੀ "ਮੰਗਲ" ਸ਼ਬਦ ਤੋਂ ਹੈ ਪਰੰਤੂ ਫੇਰ ਵੀ ਮੰਗਲ ਸੰਕੇਤ ਨਹੀਂ ਹੈ। ਮੰਗਲ ਸੰਕੇਤ, ਜਾਂ ਸਿਰਲੇਖ ਜਾਂ ਸੂਚਨਾ ਇਸ ਦੇ ਗੰਭੀਰ ਅਧਿਐਨ ਵੱਲ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ। ਕੁਝ ਵਿਦਵਾਨ ਮੰਗਲ ਦਾ ਅਰਥ "ਖੁਸ਼ੀ ਦਾ ਗੀਤ" ਸਮਝਦੇ ਹਨ। ਬਿਲਾਵਲੁ ਸ਼ਬਦ ਦਾ ਅਰਥ ਵੀ ਖੁਸ਼ੀ ਹੈ ਪਰ ਇਹ ਇਕ ਪ੍ਰਸਿੱਧ ਰਾਗ ਵੀ ਹੈ। ਗੁਰਬਾਣੀ ਦੀਆਂ ਕਈ ਤੁਕਾਂ ਵਿਚ ਇਸ ਭਾਵ ਤੇ ਪ੍ਰਕਾਸ਼ ਪਾਇਆ ਗਿਆ ਹੈ। ਉਦਾਹਰਣ ਵਜੋਂ "ਬਿਲਾਵਲੁ ਤਬਹੀ ਕੀਜੀਐ ਜਬ ਮੁਖ ਹੋਵੈ ਨਾਮੁ ॥" ਜਾਂ "ਦੂਜੈ ਭਾਇ ਬਿਲਾਵਲੁ ਨ ਹੋਵਈ ਮਨ ਮੁਖਿ ਥਾਇ ਨ ਪਾਇ ॥" (ਸਲੋਕ ਮ: ੩, ਗੁਰੂ ਗ੍ਰੰਥ ਪੰਨਾ 849)

ਡਾ. ਭਾਈ ਵੀਰ ਸਿੰਘ ਜੀ ਦਾ ਕਥਨ ਹੈ ਕਿ "ਜਿਥੇ ਕਿਸੇ ਇਕ ਰਾਗ ਵਿਚ ਹੋਰ ਰਾਗਣੀ ਸੰਕੀਰਣ ਕੀਤੀ ਹੈ ਉਥੇ ਸਿਰਲੇਖ ਵਿਚ ਸੂਚਨਾ ਦਿਤੀ ਹੈ ਜੋ ਹਾਕੁ ਮੰਗਲ, ਤੁੱਖਣੀ, ਮਾਲਵਾ, ਗੁਆਰੇਰੀ।"

(ਪੁਸਤਕ ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ ਪੰਨਾ 32)

ਇਸ ਤੋਂ ਇਲਾਵਾ ਇਕ ਹੋਰ ਹਵਾਲੇ ਤੋਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਮੰਗਲ ਜਾਂ ਮੰਗਲਨ ਇਕ ਸੁਤੰਤਰ ਅਤੇ ਨਿਵੇਕਲਾ ਰਾਗ ਰੂਪ ਹੈ। ਮੰਗਲਨ ਰਾਗ ਦਾ ਉਲੇਖ "ਸ੍ਰੀ ਸਰਬ ਲੋਹ ਗ੍ਰੰਥ" ਦੇ ਪੰਨਾ 432-33 ਉਤੇ ਵੀ ਮਿਲਦਾ ਹੈ। ਇਸ ਗ੍ਰੰਥ ਵਿਚ ਚਾਰ ਬਿਸ਼ਨ ਪਦ ਅੰਕਿਤ ਹਨ ਜਿਨਾਂ ਦਾ ਸਿਰਲੇਖ ਲੜੀਵਾਰ ਇਸ ਪ੍ਰਕਾਰ ਹੈ :

(ੳ) ਬਿਸ਼ਨੁਪਦੁ ਰਾਗ ਮੰਗਲਨ, (ਅ) ਬਿਸ਼ਨੁਪਦੁ ਮੰਗਲਨ, (ੲ) ਬਿਸ਼ਨ ਪਦ ਮੰਗਲਨ ਅਤੇ (ਸ) ਬਿਸ਼ਨੁ ਪਦ ਮੰਗਲਨ।" (ਪੋਥੀ ਭਾਗ ਤੀਜਾ)

ਸੰਗੀਤ ਦੀ ਇਕ ਪ੍ਰਸਿੱਧ ਪੁਸਤਕ ॥ ਸਵਰਤਾਲ-ਸਮੂਹ" ਦੇ ਪੰਨਾ 113 'ਤੇ ਬਿਲਾਵਲ ਦੇ 15 ਪ੍ਰਕਾਰਾਂ ਦਾ ਉਲੇਖ ਹੈ ਜਿਨਾਂ ਵਿਚ "ਇਕ ਪ੍ਰਕਾਰ ਮੰਗਲ ਬਿਲਾਵਲ" ਵੀ ਹੈ।

ਸੋ, ਉਪਰੋਕਤ ਹਵਾਲਿਆਂ ਤੋਂ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਮੰਗਲ ਜਾਂ ਮੰਗਲਨ ਰਾਗ ਮੱਧ ਕਾਲ ਵਿਚ ਪ੍ਰਚਾਰ ਆਰੂੜ ਸੀ। ਵਿਧੀ ਪੂਰਬਕ ਸਿਖਿਆ ਦੀ ਘਾਟ ਕਾਰਣ ਅਤੇ ਸੁਰਲਿਪੀ ਦੇ ਅਭਾਵ ਤੋਂ ਅਜਿਹੇ ਅਨੇਕ ਰਾਗ ਅਜ ਸਾਥੋਂ ਅਲੋਪ ਹੋ ਗਏ ਹਨ।

ਸਾਡੇ ਵਿਚਾਰ ਅਨੁਸਾਰ ਮੰਗਲ ਇਕ ਸੁਤੰਤਰ ਰਾਗ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਬਿਲਾਵਲ ਅਧੀਨ ਜਾਂ ਬਿਲਾਵਲ ਨਾਲ ਸੰਮਲਿਤ ਕਰਕੇ ਗੁਰਬਾਣੀ ਦੇ ਗਾਇਨ ਲਈ ਵਰਤਿਆ। ਇਸ ਰਾਗ ਦੇ ਸਰੂਪ ਬਾਰੇ ਗ੍ਰੰਥ ਆਧਾਰ ਪ੍ਰਾਪਤ ਨਹੀਂ ਹੁੰਦਾ ਪਰ ਬਜ਼ੁਰਗ ਉਸਤਾਦਾਂ ਤੋਂ ਸੀਨੇ-ਬਸੀਨੇ ਮਿਲੀ ਸੰਗੀਤ ਸਿਖਿਆ ਦੇ ਆਧਾਰ ਤੇ ਇਸ ਰਾਗ ਦਾ ਸਰੂਪ ਇਸ ਪ੍ਰਕਾਰ ਹੈ।

ਬਿਲਾਵਲ ਮੰਗਲ ਰਾਗ ਬਿਲਾਵਲ ਦਾ ਇਕ ਪ੍ਰਕਾਰ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸ਼ੜਜ ਸੰਵਾਦੀ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਸੁਰ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ ਇਸ ਲਈ ਜਾਤੀ ਸਾੜਵ-ਸੰਪੂਰਣ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

ਆਰੋਹ : ਸਾ ਗ, ਮ ਰੇ ਸਾ, ਗ ਮ ਧ, ਨੀਸਾਂ।

ਅਵਰੋਹ : ਸਾਂ ਨੀ ਧ ਪ, ਧ ਮ, ਪ ਗ, ਮ ਰੇ, ਸਾ।

ਮੁਖ ਅੰਗ : ਗ ਮ ਧ ਪ ਮ, ਪ ਗ, ਮ ਰੇ, ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ, ਨ̣ੀ ਨ̣ੀ ਸਾ, ਸਾਨ̣ੀ ਧ̣ ਨ̣ੀਸਾ, ਸਾ ਗ, ਮ ਰੇ ਸਾ, ਰੇ ਰੇ ਸਾਨ̣ੀ ਧ̣ਨ̣ੀਸਾ, ਸਾਨ̣ੀ ਧ̣ਨ̣ੀ ਸਾਨ̣ੀ ਧ̣ ਪ̣ ਮ̣, ਨ̣ੀ ਧ̣ ਪ̣ਮ̣, ਪ̣ਗ̣, ਮ̣ਰੇ̣, ਗ̣ਮ̣ਧ̣, ਧ̣ਮ̣ਪ̣, ਮ̣ ਪ̣ਗ̣, ਮ̣ਧ̣ ਨ̣ੀਸਾ, ਧ̣ ਨ̣ੀਸਾ ਰੇ ਨ̣ੀਸਾ ਗ ਗ ਮ, ਮ ਗ, ਮਰੇ ਸਾ, ਸਾਨ̣ੀ ਧ̣ਨ̣ੀ ਸਾ ਸਾ ਗ ਗ ਮ, ਮਮ ਰੇਸਾ, ਨ̣ੀ ਨ̣ੀ ਰੇ ਸਾ।

2. ਸਾਨ̣ੀ ਧ̣ਨ̣ੀ ਸਾ ਸਾ ਗ ਗ ਮ, ਸਾਰੇ ਸਾਸਾਨ̣ੀ, ਸਾਨ̣ੀਧ̣ਨ̣ੀ ਸਾਗ ਮ, ਮਗ ਮ ਰੇ, ਸਾ ਗ ਗ ਮ, ਸਾਮ ਗ, ਗ ਪ ਮ, ਗ ਮ ਪ ਗ ਮ ਗ ਪ ਮ, ਗ ਪ ਮ ਪ, ਗ ਮ ਰੇ ਸਾ, ਗ ਗ ਮ, ਸਾ ਗ ਮ ਪ ਗ ਮ ਧ ਪ ਮ ਧ ਧ ਪ ਧ ਮ ਪ ਗ ਮ ਧ ਪ ਮ ਨੀਨੀ ਧ ਧ ਪਪ ਧ ਧ ਮ, ਧ ਮ, ਪਗ, ਮ ਰੇ, ਸਾ ਸਾਨ̣ੀ ਧ̣ਨ̣ੀ ਸਾਗ ਮ ਮ ਗਮ ਧ ਪ ਮ, ਗ ਮ ਧਨੀ ਗ ਨੀ ਨੀਧ ਧਪ ਧਮ, ਪ ਮ ਪ ਗ, ਗ ਮ ਪ ਗ ਮ ਰੇ, ਸਾ ਨ̣ੀਸਾ ਧ̣ ਨ̣ੀਸਾ ਨ̣ੀ ਨ̣ੀ ਰੇ ਸਾ।

3. ਮ ਮ ਗ ਮਧ, ਗਮ ਧਨੀ ਮ ਧ ਨੀਸਾਂ, ਨੀਸ਼ਾਂ ਸਾਂਨੀ ਧ ਧ ਧਮ, ਮ ਧ ਗ, ਗਮ ਧਨੀਸਾਂ, ਮਧ ਨੀਸਾਂ ਧਨੀ ਰੇਂ ਸਾਂ, ਸਾਂਰੇਂ ਸਾਂਨੀ ਸਾਂਨੀ ਧਨੀ ਧਪ ਮਗ, ਮਧ, ਨੀਸਾਂ, ਧਨੀ ਸਾਂਰੇ ਨੀਸਾਂ ਗਂ, ਗ ਗਂ, ਗਂਮਂ ਰੇਂ ਸਾਂ, ਮਂ ਮਂ ਗਂ ਮਂ ਸਾਂ ਰੇਂ ਨੀਸਾਂ ਧ ਨੀਸਾਂ ਗਂ ਨੀਸਾਂ ਗਂ ਮ਼ ਪ਼, ਮਂ ਪਂ ਗਂ, ਗਂ ਪਂ ਮਂ ਪਂ ਗਂ ਮਂ ਗਂ, ਮਂਰੇਂ ਸਾਂ, ਨੀਸਾਂ ਗ਼ ਮ਼ ਰੇਂ ਸਾਂਰੇਂ ਸਾਂਨੀ ਸਾਂ ਸਾਂਨੀ ਧਨੀ ਨੀਸਂ ਮਧ ਨੀਧ ਧਪ ਪਮ, ਮਪ ਗ, ਗਮ ਧ ਗਮ, ਰੇ, ਸਾ, ਨ਼ੀ ਸਾ ਧ਼ ਨ਼ੀ ਸਾਗ, ਮ ਰੇ ਸਾ, ਨ਼ੀ ਨ਼ੀ ਰੇ ਸਾ ।

## ਬਿਲਾਵਲੁ ਮਹਲਾ ੫ ਛੰਤ ਮੰਗਲ ॥

ੴ ਸਤਿਗੁਰ ਪ੍ਰਸਾਦਿ ॥

ਸਲੋਕੁ

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥ ੧ ॥

(ਗੁ. ਗ੍ਰੰ. ਪੰਨਾ ੮੪੪, ੮੨੭)

## ਰਾਗ ਬਿਲਾਵਲੁ ਮੰਗਲ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | ਸਥਾਈ ; | ਧ | ਪ | ਮ | - | ਗ |
| | | | | | | | | | | | ਸੰ | ऽ | ਦ | ऽ | ਰ |
| ਮ | - | ਮ | ਮ | ਗਮ | ਪ | ਗ | ਮ | ਰੇ | - | ਸਾ | ਸਾ | ਨੀ | ਧ | - | ਨੀ |
| ਸਾ | ऽਤਿ | ਦ | ਇ | ਆऽ | ऽ | ऽ | ਲ | ਪੂ | ऽ | ਭ | ਸ | ਰ | ਬ | ऽ | ਸੁ |
| ਸਾਗ | ਮ | ਮ | ਮ | ਗਮ | ਧਨੀ | ਮਧ | ਨੀਸਾਂ | ਨੀਧ | ਮਧ | ਮ | | | | | |
| ਖਾऽ | ऽ | ਨਿ | ਧਿ | ਪੀऽ | ऽऽ | ऽऽ | ऽऽ | ਉऽ | ऽऽ | ऽ | | | | | |

| | | | |
|---|---|---|---|
| ਮ | ਮਧ | ਨੀਸਾਂ | ਨੀ |
| ਖ | ਸਾਂs | ss | s |
| ਮ | ਮਧ | ਨੀਸਾਂ | ਨੀ |
| ਖ | ਸਾਂs | ss | s |
| ਸਾਂ | ਨੀ | ਧ | ਨੀ |
| ਸੁ | ਖੀ | s | ਹੇ |

ਅੰਤਰਾ :

| | | | |
|---|---|---|---|
| | | | ਗ |
| | | | ਸੁ |
| ਰੇਂ | - | ਸਾਂ | ਗ |
| ਐ | ss | ਸੁ | |
| ਰੇਂ | - | ਸਾਂ | ਸਾਂ |
| ਨਾ | s | ਨ | ਕ |
| ਮਪ | ਗਮ | ਰੇਸਾ | |
| ਉs | ss | ss | |

| | | | |
|---|---|---|---|
| ਸਾਂ | ਗਾਂ | ਗਾਂ | ਮਂ |
| ਭੇ | s | s | ਟਿ |
| ਸਾਂ | ਗਾਂ | ਗਾਂ | ਮਂ |
| ਭੇ | ਟਿ | ਐ | s |
| ਗਮ | ਧਨੀ | ਸਾਂਨੀ | ਧਪ |
| ਜੀs | ss | ss | ss |

| | | | |
|---|---|---|---|
| ਸਾਂ | ਸਾਂ | ਸਾਂ | ਸਾਂ |
| ਗ | ਰ | ਪੂ | ਭ |
| ਸਾਂ | ਸਾਂ | ਸਾਂ | ਸਾਂ |
| ਗ | ਰ | ਪੂ | ਭ |
| ਸਾਂ | ਨੀ | ਧ | ਮ |
| s | ਤ | ਇ | ਹੁ |

# ਰਾਗ ਗੋਂਡ

ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਤਿੰਨ ਭਿੰਨ ਭਿੰਨ ਸ਼ਬਦ ਜੋੜਾਂ ਨਾਲ ਅੰਕਿਤ ਕੀਤਾ ਗਿਆ ਹੈ। (ੳ) ਗੋਂਡ, (ਅ) ਗੋਡ ਅਤੇ (ੲ) ਗੌਂਡ।

ਗੁਰੂ ਗ੍ਰੰਥ ਸਾਹਿਬ ਵਿਚ ਗੋਂਡ ਰਾਗ ਦੇ ਸਿਰਲੇਖ ਹੇਠ ਨਿਮਨ ਲਿਖਤ ਇਕ ਰਾਗ ਪ੍ਰਕਾਰ ਹੋਰ ਵੀ ਪ੍ਰਾਪਤ ਹੁੰਦਾ ਹੈ।

(ੳ) ਬਿਲਾਵਲੁ ਗੋਂਡ

ਇਸ ਰਾਗ ਦਾ ਪੂਰਣ ਵਿਵਰਣ ਅਗੇ ਦਿਤਾ ਗਿਆ ਹੈ।

ਗੋਂਡ ਰਾਗ ਦੀ ਗਣਨਾ ਭਾਰਤੀ ਸੰਗੀਤ ਦੇ ਅਲਪ ਪ੍ਰਚਲਿਤ ਰਾਗਾਂ ਵਿਚ ਕੀਤੀ ਜਾਂਦੀ ਹੈ। ਇਸ ਰਾਗ ਦੇ ਕਈ ਸਰੂਪ ਗ੍ਰੰਥਾਂ ਵਿਚ ਉਪਲੱਬਧ ਹੁੰਦੇ ਹਨ।

ਪਹਿਲਾ ਪ੍ਰਕਾਰ

ਇਕ ਮੱਤ ਅਨੁਸਾਰ ਇਸ ਨੂੰ ਬਿਲਾਵਲ ਥਾਟ ਦਾ ਰਾਗ ਮੰਨਿਆ ਜਾਂਦਾ ਹੈ। ਇਸਦੇ ਨਾਦਾਤਮਕ ਸਰੂਪ ਵਿਚ ਸਭ ਸ਼ੁੱਧ ਸੁਰ ਲਗਦੇ ਹਨ। ਇਸ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ ਮੱਧਿਅਮ ਹੈ। ਕਈ ਵਿਦਵਾਨ ਇਸ ਦੇ ਵਿਪਰੀਤ ਮੱਧਿਅਮ ਵਾਦੀ ਅਤੇ ਸ਼ੜਜ ਸੰਵਾਦੀ ਮੰਨਦੇ ਹਨ। ਇਸ ਦੇ ਗਾਉਣ ਦਾ ਸਮਾ ਦਿਨ ਦਾ ਦੂਜਾ ਪਹਿਰ ਹੈ। ਇਸ ਦੇ ਆਰੋਹ-ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਸੰਪੂਰਣ-ਸੰਪੂਰਣ ਹੈ।

ਆਰੋਹ : ਸਾ ਰੇ ਗ ਮ ਪ ਧ ਨੀ ਧ ਨੀਸਾਂ

ਅਵਰੋਹ : ਸਾਂ ਨੀ ਧ ਨ਼ੀ ਪ, ਮ ਗ, ਰੇ ਸਾ।

ਮੁਖ ਅੰਗ : ਮਪ, ਨੀਧ ਨੀਪ, ਗਮ ਗਰੇ, ਗ ਰੇ ਸਾ।

ਦੂਜਾ ਪ੍ਰਕਾਰ

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ "ਮਹਾਨ ਕੋਸ਼" ਵਿਚ ਇਸ ਰਾਗ ਦਾ ਇਸ ਤਰ੍ਹਾਂ ਉਲੇਖ ਕਰਦੇ ਹਨ "ਰਾਗ ਗੋਂਡ ਇਕ ਰਾਗ ਹੈ ਜੋ ਸੰਪੂਰਣ ਜਾਤੀ ਦਾ ਹੈ। ਇਸ ਵਿਚ ਸ਼ੜਜ, ਰਿਸ਼ਭ, ਮੱਧਮ, ਪੰਚਮ, ਨਿਸ਼ਾਦ ਸ਼ੁੱਧ ਗੰਧਾਰ ਅਤੇ ਧੈਵਤ ਕੋਮਲ ਹਨ। ਗ੍ਰਹ ਸੁਰ ਗੰਧਾਰ, ਵਾਦੀ ਪੰਚਮ ਅਤੇ ਸੰਵਾਦੀ ਮੱਧਮ ਹੈ। ਗਾਉਣ ਦਾ ਵੇਲਾ ਦੋਪਹਿਰ ਹੈ। ਸਰ ਗ ਮ - ਸ ਰੇ ਮ ਮ ਪ ਧੁ ਸਾਂ ਧੁ ਨੀ ਪ, ਮ ਗੁ ਮ ਰੇ ਸਾ।"

ਗੌਂਡ ਰਾਗ ਦਾ ਇਹ ਪ੍ਰਕਾਰ ਅਜੋਕੇ ਸਮੇ ਬਹੁਤ ਘੱਟ ਕੰਨ ਗੋਚਰ ਹੁੰਦਾ ਹੈ।

ਭਾਈ ਸਾਹਿਬ ਨੇ ਇਸ ਰਾਗ ਦੇ ਵਾਦੀ ਸੰਵਾਦੀ ਸੁਰ ਨਿਸ਼ਚਿਤ ਕਰਨ ਵੇਲੇ ਬਹੁਤ ਵਡੀ ਉਕਾਈ ਖਾਧੀ ਹੈ। ਸੰਗੀਤ ਸ਼ਾਸਤਰ ਦੇ ਨਿਯਮਾਂ ਅਨੁਸਾਰ ਵਾਦੀ ਸੰਵਾਦੀ ਦੀ ਵਿਚ ਤਿੰਨ ਜਾਂ ਚਾਰ ਸੁਰਾਂ ਦਾ ਅੰਤਰ ਹੋਣਾ ਲਾਜ਼ਮੀ ਹੈ। ਭਾਰਤੀ ਸੰਗੀਤ ਵਿਚ ਕੋਈ ਵੀ ਅਜਿਹਾ ਰਾਗ ਪ੍ਰਚਲਿਤ ਨਹੀਂ ਜਿਸ ਵਿਚ ਪੰਚਮ ਵਾਦੀ ਅਤੇ ਮੱਧਿਅਮ ਸੰਵਾਦੀ ਹੋਵੇ। ਕਿਉਂ ਜੋ, ਕਿਸੇ ਨਾਲ ਦੇ ਦੂਜੇ ਸੁਰ ਵਿਚ ਸੰਵਾਦੀ ਭਾਵ ਕਦੇ ਉਤਪੰਨ ਨਹੀਂ ਹੁੰਦਾ।

## ਤੀਜਾ ਪ੍ਰਕਾਰ

ਗੌਂਡ ਦਾ ਇਕ ਤੀਜਾ ਪ੍ਰਕਾਰ ਜੋ ਬੜਾ ਮਧੁਰ, ਆਕਰਸ਼ਿਕ ਅਤੇ ਪ੍ਰਭਾਵਸ਼ਾਲੀ ਹੈ, ਵੀ ਬਹੁਤ ਘਟ ਪ੍ਰਚਾਰ ਵਿਚ ਹੈ। ਭਾਰਤੀ ਸੰਗੀਤ ਦੇ ਨਵ-ਨਿਰਮਾਤਾ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਆਪਣੀ "ਕ੍ਰਮਿਕ - ਪੁਸਤਕ ਮਾਲਿਕਾ" ਭਾਗ 6 ਦੇ ਪੰਨਾ 291 ਤੇ ਇਸ ਰਾਗ ਦਾ ਇਸ ਤਰ੍ਹਾਂ ਉਲੇਖ ਕਰਦੇ ਹਨ। "ਗੌਂਡ ਹੈ ਇਕ ਕਾਫ਼ੀ ਥਾਟਾਂ ਤਨ ਉਤਪੰਨ ਹੋਣਾ ਹੈ ਅਪਗ ਸ਼ੁੱਧ ਰੂਪ ਆਹੇ। ਪੂਰਵਾਂਗਾਂਤ ਕਾਨੜਾ ਉਤ੍ਰਾਂਗ ਮਲਾਰ ਅਸ਼ਾ ਸੰਯੋਗਨੇ ਹੈ ਰਾਗ ਸਰੂਪ ਹੋਤੇ ਯਾਚੇ ਸਾਧਾਰਣ ਚਲਨ ਅਸੇਂ ਆਹੇ ਜਾਤੀ ਸੰਪੂਰਣ ਆਹੇ।"

ਭਾਵ ਅਰਥ : ਗੌਂਡ ਇਕ ਕਾਫ਼ੀ ਥਾਟ ਤੋਂ ਉਤਪੰਨ ਹੋਣ ਵਾਲਾ ਅਪ੍ਰਸਿੱਧ ਰੂਪ ਹੈ। ਪੂਰਵਾਂਗ ਵਿਚ ਕਾਨੜਾ ਅਤੇ ਉਤ੍ਰਾਂਗ ਵਿਚ ਮਲਾਰ ਇਨ੍ਹਾਂ ਦੇ ਸੰਜੋਗ ਤੋਂ ਇਹ ਰਾਗ ਰੂਪ ਹੁੰਦਾ ਹੈ ਇਸ ਦਾ ਸਾਧਾਰਣ ਚਲਨ ਇਸ ਤਰ੍ਹਾਂ ਹੈ। ਜਾਤੀ ਸੰਪੂਰਣ ਹੈ।

ਅਗੇ ਆਪਨੇ ਇਸ ਰਾਗ ਦਾ ਸਾਧਾਰਣ ਚਲਨ ਇਸ ਤਰ੍ਹਾਂ ਦਰਸਾਇਆ ਹੈ :

ਸਾ, ਮ ਰੇ ਸਾ, ਨੀ ਸਾ, ਗੁ ਮ ਰੇਖ, ਧਪ, ਪਗੁ, ਮ ਰੇ ਪ, ਮ ਪ ਧ ਸਾਂ ਧਰੇਂ ਸਾਂ, ਨ ਨ੍ਹੀ ਪ, ਮ ਪ ਗੁ, ਮ ਰੇ ਸਾ।

ਉਪਰੋਕਤ ਵਿਚਾਰਧਾਰਾ ਦਾ ਸਾਰ ਅੰਸ਼ ਇਹੋ ਹੀ ਹੈ ਕਿ ਗੌਂਡ ਦੇ ਇਸ ਤੀਜੇ ਪ੍ਰਕਾਰ ਦੀ ਰਚਨਾ ਕਾਨੜਾ ਅਤੇ ਮਲਾਰ ਦੇ ਮਧੁਰ ਮਿਸ਼ਰਣ ਦੁਆਰਾ ਹੋਈ ਹੈ। ਸਿੱਖ ਕੀਰਤਨਕਾਰਾਂ ਕੋਲੋਂ ਕਦੇ ਕਦੇ ਗੌਂਡ ਦਾ ਪਹਿਲਾ ਪ੍ਰਕਾਰ ਤਾਂ ਭਾਵੇਂ ਕੰਨ ਗੋਚਰ ਹੋਇਆ ਹੋਵੇ ਪਰ ਅੰਤਮ ਸਰੂਪ ਭਾਰਤੀ ਸੰਗੀਤ ਦੇ ਮਹਾਨ ਗਾਇਕਾਂ ਵਿਚੋਂ ਵੀ ਸ਼ਾਇਦ ਹੀ ਕਿਸੇ ਕੋਲ ਸੁਰੱਖਿਅਤ ਹੋਵੇ।

ਗੌਂਡ ਦੇ ਇਸ ਪ੍ਰਕਾਰ ਦੀ ਰਚਨਾ ਕਾਫ਼ੀ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਕੋਮਲ ਗੰਧਾਰ, ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਦੇ ਪੂਰਵਾਗ ਵਿਚ "ਰੇ ਪ" ਅਤੇ ਉਤ੍ਰਾਂਗ ਵਿਚ "ਧਸਾਂ" ਸੁਰ ਸੰਗਤੀਆਂ ਬਹੁਤ ਮਹੱਤਵਪੂਰਣ ਹਨ। ਇਨ੍ਹਾਂ ਤੋਂ ਬਿਨਾਂ "ਨ੍ਹੀ ਧ" ਅਤੇ "ਗੁ ਮ ਰੇ ਸਾ" ਦੇ ਸੁਰਾਵਲੀਆਂ ਕਾਨੜਾ ਅੰਗ ਤੋਂ ਲਈਆਂ ਜਾਂਦੀਆਂ ਹਨ ਜਿਨ੍ਹਾਂ ਦੁਆਰਾ ਕਲਾਕਾਰ ਇਸ ਰਾਗ ਦਾ ਸਰੂਪ ਸਾਕਾਰ ਕਰਦਾ ਹੈ। ਇਸ ਰਾਗ ਦੇ ਪ੍ਰਗਟਾਉਣ ਵਿਚ "ਪਧਸਾਂ, ਧਰੇਂਸਾਂ, ਮ ਪ। "ਸੁਰ ਸੰਗਤੀਆਂ ਬੜਾ ਮਹੱਤਵ-

ਪੂਰਣ ਕਾਰਜ ਕਰਦੀਆਂ ਹਨ । ਕੁਝ ਸੰਗੀਤਕਾਰ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨੇ ਦੇ ਹਨ ਪਰ ਸਾਡੇ ਵਿਚਾਰ ਅਨੁਸਾਰ ਇਸ ਦੀ ਜਾਤੀ ਔਡਵ-ਸੰਪੂਰਣ ਹੈ । ਮੰਨਣਾ ਵਧੇਰੇ ਉਚਿੱਤ ਹੈ । ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ ।

ਗੁਰਮਤਿ ਸੰਗੀਤ ਦੇ ਮਹਾਨ ਖੋਜੀ ਸੁਰਗਵਾਸੀ ਡਾ. ਚਰਨ ਸਿੰਘ ਜੀ ਗੌਂਡ ਰਾਗ ਦੇ ਸੰਬੰਧ ਵਿਚ ਸਾਡਾ ਇਨ੍ਹਾਂ ਸ਼ਬਦਾਂ ਦੁਆਰਾ ਪ੍ਰਦਰਸ਼ਨ ਕਰਦੇ ਹਨ । "ਗੁਰਮਤਿ ਸੰਗੀਤ ਵਿਚ ਸਾਰੀ ਰਾਗ ਦਾ ਪੁਤ੍ਰ ਗੌਂਡ ਹੈ, ਜੇਹਾ ਕੁ "ਸਾਲੂ ਮਾਰਗ ਸਾਗਰਾ ਅਉਰ ਗੌਂਡ ਗੰਭੀਰ" ਨਟ ਹਮੀਰ ਦੇ ਮੇਲ ਤੋਂ ਗੌਂਡ ਬਣਦਾ ਹੈ । ਸਿਰੀ ਰਾਗ ਦੀ ਛਾਇਆ ਸਮੇਤ ਹੈ । ਇਸ ਦਾ ਦੂਜਾ ਨਾਮ ਗੌਰ ਹੈ, ਪੰਚਮ ਨਿਖਾਣ ਹੀਨ ਹੈ । ਪਰੰਤੂ ਦੂਜਾ ਗੌਂਡ ਮੇਘ ਰਾਗ ਦਾ ਪੁਤ੍ਰ ਕਿਤੇ ਗੂੰਡ ਕਰਕੇ ਇਸਤ੍ਰੀ ਭੀ ਦਿੱਤਾ ਹੈ । ਉਹ ਮੇਘ ਦੀ ਛਾਇਆ ਸਮੇਤ ਹੈ ਲੈ ਸ਼ੁੱਧ ਗੌਤ ਪੰਚਮ ਨਿਖਾਧ ਸਮੇਤ ਹੈ, ਆਦਿ ਖੜਗ ਅੰਤ ਧੈਵਤ ਹੈ ।"

(ਗੁਰਮਤ ਸੰਗੀਤ, ਪੰਨਾ 27)

ਗੁਰਮਤਿ ਸੰਗੀਤ ਸੰਬੰਧ ਡਾ. ਸਾਹਿਬ ਦੀ ਭਰਪੂਰ ਜਾਣਕਾਰੀ ਬਾਰੇ ਅਸੀਂ ਕੋਈ ਆਲੋਚਨਾ ਨਹੀਂ ਕਰਦੇ ਪਾਠਕ ਉਪਰੋਕਤ ਕਥਨ ਤੋਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਉਨ੍ਹਾਂ ਨੂੰ ਇਸ ਵਿਸ਼ੇ ਤੇ ਕਿੰਨਾ ਅਧਿਕਾਰ ਸੀ ।

ਆਰੋਹ : ਸਾ, ਨ਼ੀ ਸਾ, ਰੇ ਮ ਰੇਪ, ਮ ਪ ਧ ਸਾਂ

ਅਵਰੋਹ : ਸਾਂ ਧ ਨੁੀ ਪ, ਧ ਮ ਪ, ਗੁ ਮ ਰੇ ਸਾ ।

ਮੁਖ ਅੰਗ : ਮ ਪ ਧ ਸਾਂ. ਧਰੇਂ ਸਾਂ, ਨੁੀ ਪ, ਮਪ ਗੁ ਮ ਰੇ ਸਾ, ਨ਼ੀ ਸਾ ।

## ਸੁਰ ਵਿਸਤਾਰ ਰਾਗ ਗੌਂਡ

1. ਸਾ, ਸਾਰੇ ਸਾ ਸਾ ਨ਼ੀ, ਨ਼ੀਸਾ, ਸਾਰੇ ਨ਼ੀਸਾ, ਧ਼ ਨੁੀ ਪ਼, ਮ਼ ਪ਼ ਨੁੀ ਧ਼ ਨੁੀ ਪ਼, ਧ਼ ਮ਼ ਪ਼ । ਗੁ ਗੁ ਮ਼ ਰੇ ਪ਼, ਰੇ ਮ਼ ਰੇ ਪ਼, ਮ਼ ਪ਼ ਨੁੀ ਧ਼ ਸਾ ਨ਼ੀਸ਼ ਨੁੀਪ਼, ਮ਼ ਪ਼ ਧਸਾ, ਧ਼ਰੇ ਨੁੀ ਪ਼ ਮ਼ ਪ਼ ਧ਼ ਸਾ, ਨ਼ੀਸਾ ਰੇ, ਰੇ ਰੇ ਸਾ, ਰੇ ਰੇ ਸਾ ਨੁੀਸਾ, ਧ਼ਨੁੀ ਪ਼ ਮ਼ ਪ਼ ਧ਼ ਸਾ, ਧ਼ ਰੇ ਸਾ, ਗੁ ਗੁ ਮ ਰੇ ਸਾ, ਨ਼ੀ ਨ਼ੀ ਰੇ ਸਾ ।

2. ਸਾਂ ਸਾਂ ਰੇ ਮ ਰੇ ਪ, ਗੁ ਗੁ ਮ ਰੇ ਪ, ਰੇ ਮ ਰੇ ਪ ਮ ਪ ਗੁ ਗੁ ਮ ਰੇ, ਪ ਮ਼ ਪ਼ ਧ਼ ਸਾ, ਧ਼ ਰੇ ਸਾ, ਮ ਰੇ ਪ, ਰੇ ਮ ਪ, ਮਪ, ਧ ਮਪ, ਗੁ ਗੁ ਮਰੇ ਪ, ਰੇ ਮ ਪ ਮ ਪ ਨੁੀਧ ਨੁੀਪ, ਨੁੀ ਨੁੀ ਪ ਮ ਪ, ਧ ਮਪ ਗੁ ਗੁ ਮਰੇਪ, ਮ ਪ ਨੁੀ ਮ ਪ ਪ ਨੁੀ ਧ ਨ਼ੀ ਪ, ਮ ਪ ਧ ਸਾਂ, ਧਰੇਂ ਸਾਂ, ਨੁੀ ਪ, ਮ ਪ ਨੁੀ ਪ ਮ ਪ ਗੁ ਮ ਰੇ ਪ, ਗੁ ਗੁ ਮ ਰੇ ਸਾ ਨ਼ੀ ਨ਼ੀਸ, ਸਾ ।

3. ਮ ਮ ਪ ਪ, ਮ ਪ ਨੁੀ ਧ ਸਾਂ, ਨੀ ਸਾਂ ਨੁੀਸ ਨੁੀਪੁ, ਮ ਪ ਧ ਸਾਂ, ਧਰੇਂ

ਰੇ ਸਾਂ, ਸਾਂਰੇਂ ਨੀਸਾਂ ਧਨੀ ਮ ਪ ਮਪ ਨਸਾਂ, ਧਰੇਸਾਂ, ਸਾਂ ਸਾਂ ਗੁਂ ਗੁਂ ਮਂ ਰੇਂ ਸਾਂ ਨੀਪ ਮਪ ਧ ਰੇਂਸਾਂ, ਸਾਂ ਸਾਂ ਰੇਂ ਮਂ ਰੇਂ ਪਂ, ਗੁਂ ਗੁਂ ਮਂ ਰੇਂ ਸਾਂ ਮਂ ਰੇਂ ਪਂ, ਪਂ ਗੁਂ ਗੁਂ ਮਂ ਮਂ ਰੇਂ ਸਾਂ, ਗੁਂ ਮਂ ਰੇਂਸਾਂ, ਰੇਂ ਹੈ ਸਾਂਨੀ, ਸਾਂਰੇਂ ਨੀਸਾਂ ਧੁਨੀ ਮਪ, ਗੁ ਮ ਰੇ ਪ ਮ ਪ ਨੀ ਧ ਨੀਸਾਂ, ਮ ਪ ਧ ਸਾਂ ਧਰੇਂ ਸਾਂ ਸਾਂ ਨੀ ਪ ਮ ਪ ਗੁ ਗੁ ਮ ਰੇ ਸਾ, ਨੀ ਨੀ ਰੇਂ ਸਾਂ ।

## ਗੋਂਡ (ਨਾਮ ਦੇਉ ਜੀ)

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥ ੧ ॥ ਰਹਾਉ ॥
ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥ ੧ ॥
ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥
ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥ ੨ ॥ ੩ ॥

(ਗੁ. ਗ੍ਰੰ. ਪੰਨਾ ੮੭੩-੭੪)

## ਰਾਗ ਗੋਂਡ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | ਨੀ | ਸਾ | ਨੀਸਾ | ਰੇ | ਰੇ | ਰੇ | ਰੇ | ਸਾ | ਰੇਪ | ਮਪ |
| | | | | | | ਮੋ | ਕਉ | ਤਾS | S | ਰਿ | ਲੋ | ਰਾ | S | ਮਾS | SS |
| ਗੁ | - | ਗੁ | ਮ | ਰੇ | ਸਾ | ਨੀ | ਸਾ | ਨੀਸਾ | ਰੇ | ਰੇ | ਰੇ | ਰੇਮ | ਪਨੀ | ਮ | ਪ |
| ਤਾ | S | S | ਰਿ | ਲੋ | S | ਮੋ | ਕਉ | ਤਾS | S | ਰਿ | ਲੋ | ਰਾS | SS | ਮਾ | S |
| ਗੁ | - | ਗੁ | ਮ | ਰੇ | - | ਸਾ | - | ਨੀ | ਸਾ | ਸਾ | ਨੀਸਾਂ | ਰੇ | ਸਾ | ਨੀ | ਪ |
| ਤਾ | S | S | ਰਿ | ਲੋ | S | S | S | ਮੋ | S | ਅ | ਜਾS | S | ਨੂ | ਜ | ਨੂ |
| ਨੀਧ | ਨੀ | ਮ | ਪ | ਮਪ | ਧਰੇ | ਸਾ | - | ਰੇ | ਮ | ਰੇ | ਪ | - | ਪ | ਨੀਮ | ਪ |
| ਤS | ਰਿ | ਥੇ | ਨ | ਜਾS | SS | ਨਉ | S | ਥਾ | ਪ | ਥੋ | | S | ਨੂ | ਲਾS | S |
| ਮਪ | ਧਸਾਂ | ਧਰੇਂ | ਰੇਂਸਾਂ | ਨੀਪ | ਮਪ | ਗੁਮ | ਰੇਸਾ | | | | | | | | |
| ਥਾS | SS | SS | ਹਿS | ਦੇS | SS | SS | ਮੋਕਉ | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | - | ਨ਼ੀ | ਨ਼ੀ | ਧ | ਧ |
| | | | | | | | | ਨ | ਰ | ਤੇ | ऽ | ਸ | ਰ | ਹੋ | ਇ |
| ਸਾਂ | - | ਸਾਂ | ਸਾਂ | ਸਾਂਰੇਂ | ਨ਼ੀਸਾਂ | - | | ਗੁ̇ | ਗੁ̇ | ਗੁ̇ | ਮੰ | ਰੇਂ | ਰੇਂ | ਸਾਂ | ਸਾਂ |
| ਜਾ | ऽ | ਤ | ਨਿ | ਮਨ | ਖ | ਮੇ | ऽ | ਸਤਿ | ਗੁ | ਰ | | ਬੁ | ਧਿ | ਸਿ | ਖ |
| ਨ਼ੀ | ਸਾਂ | ਨ਼ੀਸਾਂ | ਰੇਂਸਾਂ | ਨ਼ੀਧ | ਨ਼ੀ | ਮ | ਪ | ਮ | ਮ | ਪ | - | ਮਪ | ਧਸਾਂ | ਨ਼ੀ | ਪ |
| ਲਾ | ऽ | ऽऽ | ऽऽ | ਈऽ | ऽ | ऽ | ऽ | ਨ | ਰ | ਭੇ | ऽ | ਉ | ਪऽ | ਜਿ | ਸੁ |
| ਗੁ | ਗੁ | ਗੁ | ऽ | ਹੈ | - | ਸਾ | - | ਰੇ | ਮ | ਰੇ | ਪ | ਮ | ਨ਼ੀ | ਮ | ਪ |
| ਰ | ਗ | ਕਉ | ऽ | ਜੀ | ऽ | ਤਿਓ | ऽ | ਸੋ | ऽ | ਅ | ਵ | ਖ | ਧ | ਮੇ | ऽ |
| ਮਪਾਂ | ਧਸਾਂ | ਧਰੇਂ | ਰੇਂਸਾਂ | ਨ਼ੀਪ | ਮਪ | ਗੁਮ | ਰੇਸਾ | | | | | | | | |
| ਪਾऽ | ऽऽ | ऽऽ | ऽऽ | ਈऽ | ऽऽ | ऽऽ | ਮੇਂਕਉ[1] | | | | | | | | |

## ਰਾਗੁ ਬਿਲਾਵਲੁ ਗੋਂਡ

ਬਿਲਾਵਲੁ ਗੋਂਡ ਵਿਚ ਅਪ੍ਰਸਿੱਧ ਅਤੇ ਅਪ੍ਰਚਲਿਤ ਰਾਗਾਂ ਦੇ ਵਰਗ ਦਾ ਰਾਗ ਹੈ। ਇਸ ਰਾਗ ਦਾ ਸੰਯੁਕਤ ਨਾਮ ਹੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਸ ਦੀ ਰਚਨਾ ਦੋ ਭਿੰਨ ਭਿੰਨ ਰਾਗਾਂ—ਬਿਲਾਵਲ ਅਤੇ ਗੋਂਡ ਦੇ ਮਧੁਰ ਅੰਸ਼ਾਂ ਦੁਆਰਾ ਹੋਈ ਹੈ। ਇਸ ਵਿਚ ਦੋ ਵੱਖ ਵੱਖ ਰਾਗਾਂ ਦਾ ਮਿਸ਼ਰਣ ਹੋਣ ਦੇ ਬਾਵਜੂਦ ਵੀ ਸਮੁਚੇ ਤੌਰ 'ਤੇ ਇਕ ਪ੍ਰਭਾਵ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਪੁਰਾਤਨ ਜਾਂ ਮੱਧ ਕਾਲੀਨ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਨਹੀਂ ਉਪਲਬਧ ਹੁੰਦਾ। ਇਸ ਰਾਗ ਦਾ ਸਰੂਪ ਅਸੀਂ ਮੁਹੰਮਦ ਸ਼ਾਹ ਰੰਗੀਲੇ (1719-1748) ਦੇ ਦਰਬਾਰੀ ਗਾਇਕ ਨਿਆਮਤ ਖਾਂ (ਸਦਾ ਰੰਗ) ਦੇ ਇਕ ਖ਼ਿਆਲ ਦੇ ਆਧਾਰ ਤੇ ਨਿਰਧਾਰਤ ਕੀਤਾ ਹੈ। ਇਹ ਬੰਦਿਸ਼ (ਖ਼ਿਆਲ ਦੀ ਰਚਨਾ) ਗਵਾਲੀਅਰ ਘਰਾਣੇ ਦੇ ਪ੍ਰਸਿੱਧ ਗਾਇਕ ਪੰਡਿਤ ਸਦਾ ਸ਼ਿਵ (ਪੰਡਿਤ ਵਿਸ਼ਣੂ ਦਿਗੰਬਰ ਪੁਲਸਕਰ) ਦੇ ਗੁਰੂ ਭਾਈ) ਰਚਿਤ ਪੁਸਤਕ "ਭਾਰਤੀਯ ਸੰਗੀਤ ਮਾਲਾ" ਭਾਗ ਦੂਜਾ ਦੇ ਪੰਨਾ 88-89 ਤੇ ਸੁਰ ਲਿਪੀ ਸਹਿਤ ਅੰਕਿਤ ਹੈ।

ਉਪਰੋਕਤ "ਬੰਦਿਸ਼" (ਸੁਰ ਰਚਨਾ) ਦੇ ਆਧਾਰ ਤੇ ਇਸ ਰਾਗ ਵਿਚ ਦੀ ਰਚਨਾ ਬਿਲਾਵਲ ਥਾਟ ਦੇ ਅੰਤਰਗਤ ਮੰਨੀ ਜਾਂਦੀ ਹੈ, ਇਸ ਰਾਗ ਵਿਚ ਦੋ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸਦੇ ਆਰੋਹ-ਅਵਰੋਹ ਵਿਚ ਢੰਗ ਨਾਲ ਸੱਤ ਹੀ ਸੁਰ ਵਰਤੇ ਜਾਂਦੇ ਹਨ। ਇਸ ਲਈ ਜਾਤੀ ਵਕਰ ਸੰਪੂਰਣ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਧੈਵਤ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਕਦੇ ਕਦੇ "ਗ ਰੇ ਮ ਗ" ਸੁਰ ਸੰਗਤੀ ਦੁਆਰਾ ਗੌੜ ਸਾਰੰਗ ਰਾਗ ਦੀ ਝਲਕ ਦਿਖਾਈ ਦਿੰਦੀ ਹੈ। ਇਸ ਰਾਗ ਨੂੰ ਅਲੈਹੀਆਂ ਬਿਲਾਵਲ ਤੋਂ ਵਖ ਕਰਨ ਲਈ "ਪ ਗ ਪ ਪ ਨ਼ੀ ਨ਼ੀ ਧ ਧ ਪ ਪ ਗਮ ਰੇਮ ਗ" ਅਤੇ "ਗ ਪ ਸਾਂ ਧਸਾਂ "ਸੁਰਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਮੱਧ ਸ਼ੜਜ ਵਿਚ ਪ੍ਰਵੇਸ਼ ਕਰਨ ਸਮੇਂ "ਮਗ ਰੇ ਗ ਮ ਗ ਰੇ ਨ਼ੀ ਰੇ ਸਾ" ਸੁਰ ਸੰਗਤੀ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਮੁਖ ਵਿਸ਼ੇਸ਼ਤਾਵਾਂ ਕਾਰਣ ਇਹ ਆਪਣੇ ਸਮਪ੍ਰਕ੍ਰਿਤਕ ਰਾਗਾਂ ਨਾਲੋਂ ਸਹਿਜੇ ਹੀ ਨਿਖੜ ਜਾਂਦਾ ਹੈ। ਇਸ ਰਾਗ ਵਿਚ ਨਾਮ ਦੇਵ ਜੀ ਦਾ ਇਕ ਸ਼ਬਦ ਗੁਰੂ ਗ੍ਰੰਥ ਦੇ ਪੰਨਾ 874-75 ਤੇ ਅੰਕਿਤ ਹੈ ਜਿਸ ਦਾ ਸਿਰਲੇਖ ਹੈ "ਬਿਲਾਵਲੁ ਗੋਂਡ"

## ਰਾਗ ਬਿਲਾਵਲੁ ਗੋਂਡ

ਆਰੋਹ : ਸਾ, ਗ ਮ ਗ ਰੇ, ਮ ਗ, ਗ ਪ ਧ ਨੀ ਸਾਂ।

ਅਵਰੋਹ : ਸਾਂ, ਨ਼ੀ ਸਾਂ, ਧ ਪ, ਗ ਪ ਮ ਗ, ਰੇ ਗ ਮ ਗ ਰੇ, ਨ਼ੀ ਰੇ ਸਾ।

ਮੁਖ ਅੰਗ : ਗ ਪ ਨ਼ੀ ਨ਼ੀ ਧ ਪ, ਗ ਮ ਗ ਰੇ ਮ ਗ, ਰੇ, ਨ਼ੀ ਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾ ਸਾ ਰੇ ਨ̣ੀ ਨ̣ੀ ਸਾ, ਸਾਰੇ ਨ̣ੀ ਸਾ ਧ̣ ਧ̣ ਪ̣, ਗ̣ ਰੇ ਮ̣ ਗ̣, ਗ̣ ਪ̣ ਧ̣ ਧ̣ ਨ̣ੀ ਨ̣ੀ ਧ̣ ਧ̣ ਪ̣, ਗ̣ ਰੇ ਮ̣ ਗ̣, ਪ̣ ਪ̣ ਧ̣ ਨ̣ੀ ਸਾ, ਮ̣ ਪ̣ ਧ̣ ਸਾ, ਨ̣ੀ ਸਾ ਧ̣ ਪ̣ ਗ̣ ਪ̣ ਧ̣ ਨ̣ੀ। ਸਾ, ਸਾ ਸਾ ਗ ਮ ਰੇ ਗ ਰੇ, ਮਗ, ਮਮ ਗ ਰੇ ਮ ਗ, ਗ ਪ ਮ ਗ, ਰੇ ਗ ਮ ਗ ਰੇ ਨ̣ੀ ਰੇ ਸਾ।

2. ਸਾ ਸਾ ਗ, ਮ ਰੇ ਮ ਗ, ਮ ਮ ਗ ਰੇ ਮ ਗ, ਗ ਪ ਮ ਗ, ਗ ਰੇ ਮ ਗ, ਗ ਰੇ ਮ ਗ, ਗ ਗ ਪ, ਗ ਪ ਧ ਧ ਨੀ ਨੀ ਧ ਪ, ਗ ਮ ਗ ਰੇ ਮ ਗ, ਗ ਪ ਧ ਨੀ ਨੀ, ਗ ਗ ਮ ਰੇ ਗ ਪ ਧ ਨੀ ਨੀ ਧਧ ਪ ਪ ਗ ਪ ਧ ਨੀਨੀ, ਸਾਂ, ਨੀਸਾਂ ਧ ਪ ਮ ਪ ਧ ਸ। ਨੀ ਸਾ ਧ ਪ, ਧ ਨੀ ਸਾ ਰੇਂ ਨੀਸਾਂ ਧ ਪ, ਸਾਂਧ ਸਾਂ, ਸਾਂ ਰੇਂ ਗਂ ਰੇਂ ਮਾਂ, ਸਾਂ, ਧ ਪ ਮ ਪ ਮ ਗ, ਰੇ ਮ ਗ, ਨ̣ੀ ਰੇ ਸਾ।

3. ਗ ਪ ਧ ਧ ਨੀ ਨੀ ਧ ਪ, ਨੀਧ ਸਾਂ, ਸਾਂ ਰੇਂ ਸਾਂ ਨੀ ਸਾਂ ਗਂ ਰੇਂ ਗਂ ਮਂ ਰੇਂ, ਸਾਂ, ਸਾਂ ਰੇਂ ਨੀ ਸਾਂ ਸਾਂ ਧ ਨੀ ਪ, ਪ ਪ ਪ ਧ ਨੀ ਨੀ ਧ ਪ, ਮ ਗ ਮ ਰੇ ਗ ਪ ਧ ਨੀਸਾਂ, ਸਾ ਸਾਂ, ਗਂ ਮ ਗਂ ਰੇਂ, ਮਂ ਗਂ, ਗਂ ਪਂ ਮਂ ਗਂ, ਰੇਂ ਗਂ ਮਂ ਗਂ ਰੇਂ, ਨੀ ਰੇਂ ਸਾਂ, ਸਾਂ ਰੇਂ ਨੀਸਾਂ, ਸਾਂ ਧਨੀ ਪ, ਗ ਪ ਮ ਗ ਰੇ ਮ ਗ, ਨ̣ੀ ਰੇ ਸਾ।

(ਰਾਗੁ ਗੋਂਡ ਬਾਣੀ ਨਾਮ ਦੇਉ ਜੀ ਕੀ)

### ਬਿਲਾਵਲ ਗੋਂਡ

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਂਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰਿ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥
ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥ ੩ ॥ ੭ ॥

(ਗੁ. ਗ੍ਰੰ. ਪੰਨਾ ੮੭੪-੭੫)

## ਰਾਗ ਬਿਲਾਵਲ ਗੋਂਡ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਸਥਾਈ : | ਪਗ | ਪ | ਨ਼ੀ | ਨ਼ੀ | ਧ | ਪ | ਗ | ਮ |
| | | | | | | | | ਆਙ | S | S | ਜੁ | ਨਾ | S | ਮੰ | S |
| ਰੇਗ | - | ਰੇ | ਮ | ਗ | - | ਗ | - | ਪ | - | ਪ | ਪ | ਧਨੀ | ਸਾਂਰੇਂ | ਸਾਂਨੀ | ਸਾਂ |
| ਬੋS | S | ਠ | ਲੁ | ਦੇ | S | ਖਿਆ | S | ਮੂ | S | ਰ | ਖ | ਕੋS | SS | ਸS | ਮ |
| ਧਨ਼ੀ | ਪਧ | ਗਮ | ਰੇਮ | ਗ | - | - | - | ਗਮ | ਰੇ | ਗ | ਪ | ਸਾਂਧ | ਸਾਂ | ਸਾਂ | ਸਾਂ |
| ਝਾS | SS | ਊS | SS | ਰੇ | S | S | S | ਮੂS | S | ਰ | ਖ | ਕੋS | S | ਸ | ਮ |
| ਸਾਂ | - | ਗ | ਰੇਂ | ਸਾਂ | - | - | - | ਸਾਂ | - | ਧ | ਪ | ਮਧ | ਮਗ | ਰੇ | ਮ |
| ਝਾ | S | ਊ | S | ਰੇ | S | S | S | ਮੂ | S | ਰ | ਖ | ਕੋS | S | Sਸ | ਮ |
| ਗ | - | ਨ਼ੀ | ਰੇ | ਸਾਂ | - | - | - | | | | | | | | |
| ਝਾ | S | ਊ | S | ਰੇ | S | S | S | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅੰਤਰਾ : | ਨ੍ਹੀਪ | ਸਾਂ | - | | ਸਾਂ | ਸਾਂ | ਸਾਂ | - |
| | | | | | | | | ਪਾਂ | s | ਛੇ | s | ਤੁ | ਮ | ਹੀ | s |
| ਸਾਂ | - | - | ਨ੍ਹੀ | ਸਾਂ | - | - | - | ਗਂ | ਰੇਂ | ਗਂ | ਮਂ | ਰੇਂ | - | ਸਾਂ | ਸਾਂ |
| ਗਾਂ | - | - | ਇ | ਤ੍ਰੀ | s | s | s | ਲੱs | s | ਧੇ | ਕਾ | ਖੇ | s | s | ਤੂ |
| ਸਾਂਰੇਂ | ਨ੍ਹੀਸਾਂ | ਸਾਂ | - | ਧ | - | ਨ੍ਹੀ | ਪ | ਪ | - | ਪ | ਪ | ਪਧ | ਨ੍ਹੀ | ਧ | ਪ |
| ਖਾਂs | ss | ਤੀ | s | ਥੀ | s | s | s | ਲੈ | s | ਕ | ਰਿ | ਠੋs | s | ਗਾਂ | s |
| ਮਗ | ਮਰੇ | ਗ | ਪ | ਪਧ | ਨ੍ਹੀਸਾਂ | ਸਾਂ | - | ਸਾਂ | ਧ | ਨ੍ਹੀ | ਪ | ਗਪ | ਮ | ਰੇ | ਮ |
| ਟs | ਗs | ਰੀ | s | ਤੇਂs | ss | ਰੀ | s | ਲਾਂ | s | ਗ | ਤ | ਲਾਂs | s | ਗ | ਤ |
| ਗ | - | ਨ੍ਹੀ | ਰੇ | ਸਾ | - | - | - | | | | | | | | |
| ਜਾ | s | ਤੀ | s | ਥੀ | s | | | | | | | | | | |

# ਰਾਗ ਰਾਮਕਲੀ

ਰਾਮਕਲੀ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਸਵੇਰ ਸਮੇਂ ਦੇ ਰਾਗਾਂ ਵਿਚ ਇਸ ਦਾ ਬੜਾ ਮਹੱਤਵਪੂਰਣ ਸਥਾਨ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਦੇ ਅਧੀਨ ਦੋ ਰਾਗ ਸਰੂਪ ਹੋਰ ਉਪਲੱਬਧ ਹੁੰਦੇ ਹਨ।

(ੳ) ਰਾਮਕਲੀ ਦਖਣੀ

(ਅ) ਰਾਮਕਲੀ ਅਨੰਦ

ਇਨ੍ਹਾਂ ਰਾਗਾਂ ਦਾ ਪੂਰਣ ਬਿਉਰਾ ਅਗਲੇ ਪੰਨਿਆਂ 'ਤੇ ਅੰਕਿਤ ਹੈ।

ਗ੍ਰੰਥਕਾਰਾਂ ਨੇ ਰਾਮਕਲੀ ਰਾਗ ਦਾ ਵਰਗੀਕਰਣ ਭੈਰਵ ਥਾਟ ਦੇ ਅੰਤਰਗਤ ਕੀਤਾ ਹੈ। ਰਾਗਾਂਗ ਪੱਧਤੀ ਦੇ ਪਗ ਚਿਨ੍ਹਾਂ 'ਤੇ ਚਲਣ ਵਾਲੇ ਸੰਗੀਤਕਾਰ ਵੀ ਇਸ ਨੂੰ ਭੈਰਵ ਅੰਗ ਦਾ ਰਾਗ ਸਵੀਕਾਰਦੇ ਹਨ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ, ਦੋ ਮੱਧਿਅਮ ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਆਮ ਤੌਰ 'ਤੇ ਰਿਸ਼ਭ ਸੁਰ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ ਇਸ ਲਈ ਜਾਤੀ ਸ਼ਾੜਵ-ਵਕਰ ਸੰਪੂਰਣ ਮੰਨੀ ਜਾਂਦੀ ਹੈ। ਇਸ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਸਿੱਖ ਸੰਪਰਦਾ ਵਿਚ ਇਸ ਰਾਗ ਦਾ ਗਾਇਨ ਸਮਾਂ ਸੂਰਜ ਚੜ੍ਹਨ ਤੋਂ ਪਹਿਲਾਂ ਮੰਨਿਆ ਜਾਂਦਾ ਹੈ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਕਈ ਗ੍ਰੰਥਕਾਰ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਮੰਨਦੇ ਹਨ, ਪਰ ਪਹਿਲਾ ਮਤ ਪ੍ਰਚਾਰ ਵਿਚ ਵਧੇਰੇ ਹੈ। ਇਸ ਰਾਗ ਦੇ ਰੂਪ ਨੂੰ ਸਾਕਾਰ ਕਰਨ ਵਿਚ ਸ਼ੜਜ, ਮੱਧਿਅਮ ਅਤੇ ਪੰਚਮ ਸੁਰਾਂ ਦਾ ਬੜਾ ਯੋਗਦਾਨ ਹੈ। ਕਈ ਮਹਾਨ ਕਲਾਕਾਰ ਆਲਾਪ ਅਤੇ ਤਾਨਾਂ ਦਾ ਨਿਆਸ ਵੀ ਪੰਚਮ ਸੁਰ ਤੇ ਕਰਦੇ ਹਨ। ਵਿਦਵਾਨਾਂ ਨੇ ਇਸ ਰਾਗ ਨੂੰ ਧੈਵਤ ਵਾਦੀ ਹੋਣ ਦੇ ਨਾਤੇ ਉਤ੍ਰਾਂਗ ਵਾਦੀ ਰਾਗਾਂ ਦੇ ਵਰਗ ਵਿਚ ਰੱਖਿਆ ਹੈ। ਕੁਝ ਸੰਗੀਤਕਾਰ ਇਸ ਨੂੰ ਚੰਚਲ ਪ੍ਰਕ੍ਰਿਤੀ ਦਾ ਰਾਗ ਮੰਨਦੇ ਹਨ।

ਰਾਮਕਲੀ ਰਾਗ ਦੀ ਸਾਧਾਰਣ ਪ੍ਰਕ੍ਰਿਤੀ ਭੈਰਵ ਦੇ ਸਮਾਨ ਹੀ ਦ੍ਰਿਸ਼ਟੀ ਗੋਚਰ ਹੁੰਦੀ ਹੈ ਕਿਉਂ ਜੋ ਇਸ ਦੇ ਰਿਸ਼ਭ ਧੈਵਤ ਭੈਰਵ ਅੰਗ ਦੇ ਹੀ ਹਨ ਪਰ ਰਾਮਕਲੀ ਵਿਚ ਭੈਰਵ ਜਿਨੀ ਗੰਭੀਰਤਾ ਨਹੀਂ। ਭੈਰਵ ਵਿਚ ਮੱਧਿਅਮ ਸੁਰ ਪ੍ਰਬਲ ਹੈ ਅਤੇ ਰਾਮਕਲੀ

ਵਿਚ ਪੰਚਮ। ਸੰਗੀਤ ਵਿਸ਼ੇਸ਼ੱਗਾਂ ਦਾ ਵਿਚਾਰ ਹੈ ਕਿ ਰਾਮਕਲੀ ਦੇ ਸਰੂਪ ਨੂੰ ਉਘਾੜਨ ਵਿਚ "ਸਾ ਮਾ, ਗਮ ਪ, ਧੁਪ, ਪਗ, ਮਰੇ, ਸਾ, ਧੁਪ। "ਸੁਰਾਵਲੀ ਬਹੁਤ ਸਹਾਇਤਾ ਕਰਦੀ ਹੈ। ਕੁਝ ਮਾਹਰਾਂ ਦਾ ਕਥਨ ਹੈ ਕਿ ਪੁਰਾਤਨ ਰਾਮਕਲੀ ਵਿਚ ਕੋਮਲ ਨਿਸ਼ਾਦ ਅਤੇ ਤੀਬਰ ਮੱਧਿਅਮ ਦਾ ਪ੍ਰਯੋਗ ਨਹੀਂ ਸੀ ਹੁੰਦਾ। ਖ਼ਿਆਲ ਗਾਇਕਾਂ ਨੇ ਇਸ ਨੂੰ ਭੈਰਵ ਤੋਂ ਨਿਖੇੜਨ ਲਈ ਕੋਮਲ ਨਿਸ਼ਾਦ ਅਤੇ ਤੀਬਰ ਮੱਧਿਅਮ ਦਾ ਪ੍ਰਯੋਗ ਰਾਮਕਲੀ ਵਿਚ ਚਾਲੂ ਕੀਤਾ। ਇਨ੍ਹਾਂ ਦੋਹਾਂ ਸੁਰਾਂ ਦੀ ਵਰਤੋਂ ਇਸ ਰਾਗ ਵਿਚ ਵਿਸ਼ੇਸ਼ ਜੁਗਤੀ ਨਾਲ ਕੀਤੀ ਜਾਂਦੀ ਹੈ। ਜਿਵੇਂ : "ਮੰ ਪ ਧੁਨ੍ਹੀ ਧੁਪ।"

ਰਾਮਕਲੀ ਰਾਗ ਦੀ ਸਮਸਤ ਸੁੰਦਰਤਾ ਦਾ ਰਹੱਸ ਜਿਸ ਸੁਰਾਵਟ ਵਿਚ ਛੁਪਿਆ ਹੋਇਆ ਹੈ ਉਹ ਹੈ: "ਨ੍ਹੀਸਾ ਗਮ ਮ ਧੁਪ, ਧੁਪ, ਮੰਪ ਗਮ, ਰੇਸਾ, ਧੁ ਧੁਪ ਮੰਪ ਧੁਨ੍ਹੀ ਧੁਪ, ਮੰਪ ਗਮ ਰੇਸਾ। ਇਸ ਰਾਗ ਦਾ ਨਾਮ, ਪ੍ਰਕ੍ਰਿਤੀ, ਤਰਲਤਾ, ਮਧੁਰਤਾ ਅਤੇ ਕੋਮਲਤਾ ਦੇ ਤੱਥ ਨੂੰ ਦ੍ਰਿਸ਼ਟੀ ਵਿਚ ਰਖਕੇ ਕੁਝ ਵਿਦਵਾਨ ਰਾਮਕਲੀ ਨੂੰ ਭੈਰਵ ਦੀ ਰਾਗਣੀ ਮੰਨਦੇ ਹਨ।

ਗੁਰਮਤਿ ਸੰਗੀਤ ਦੇ ਪਰਾਧਿਕਾਰੀ ਡਾ. ਚਰਨ ਸਿੰਘ ਜੀ ਦੇ ਇਸ ਰਾਗ ਬਾਰੇ ਵਿਚਾਰ ਸਾਡੀ ਰੁਚੀ ਵਿਚ ਵਿਸ਼ੇਸ਼ ਵਾਧਾ ਕਰਨਗੇ ਇਥੇ ਦੇਣਾ ਉਚਿੱਤ ਹੀ ਜਾਪਦਾ ਹੈ। "ਗੁਰਮਤਿ ਸੰਗੀਤ ਅਨੁਸਾਰ ਇਹ ਭਿੰਨ ਰਾਗਣੀ ਹੈ। ਸੰਕਰਾਭਰਨ ਅੜਾਨਾ, ਸੋਰਠਿ ਮਿਲੇ ਤੇ ਬਣਦੀ ਹੈ ਪਰੰਤੂ ਹੋਰਨਾਂ ਮਤਾਂ ਵਿਚ ਜੇਹਾ ਕੁ ਭਗਤ ਮਤ ਵਿਚ ਹਿੰਡੋਲ ਦੀ ਰਾਗਣੀ ਹੈ, ਹਿੰਡੋਲ ਛਾਇਆ ਸਮੇਤ ਹੈ। ਹਨੂੰਮਾਨ ਮਤ ਵਿਚ ਸਿਰੀ ਰਾਗ ਦੀ ਰਾਗਣੀ ਹੈ। ਭੈਰਵ, ਵਿਭਾਸ ਤੇ ਹਿੰਡੋਲ ਦਾ ਮੇਲ ਸਿਰੀ ਰਾਗ ਦੀ ਛਾਇਆ ਹੈ। ਰਾਗਾਰਣਵ ਦੇ ਮਤ ਵਿਚ ਪੰਚਮ ਦੀ ਰਾਗਣੀ ਹੈ। ਲਲਿਤ, ਰੇਵਾ, ਭੀਮ ਪਜਾਸੀ ਦਾ ਮੇਲ ਹੈ।"

ਡਾ. ਸਾਹਿਬ ਦੇ ਕਥਨ ਅਨੁਸਾਰ ਰਾਮਕਲੀ ਗੁਰਮਤਿ ਸੰਗੀਤ ਵਿਚ ਰਾਗਣੀ ਮੰਨੀ ਜਾਂਦੀ ਹੈ। ਕਿਸ ਰਾਗ ਦੀ ਰਾਗਣੀ ਹੈ? ਇਹ ਗੱਲ ਉਨ੍ਹਾਂ ਦੇ ਵਿਚਾਰਾਂ ਤੋਂ ਸਪਸ਼ਟ ਨਹੀਂ ਹੁੰਦੀ।

ਮੱਧ ਕਾਲ ਵਿਚ ਰਾਗ-ਵਰਗੀਕਰਣ ਦੀਆਂ ਕਈ ਪ੍ਰਣਾਲੀਆਂ ਪ੍ਰਚਾਰ ਵਿਚ ਰਹੀਆਂ ਜਿਨ੍ਹਾਂ ਵਿਚੋਂ ਇਕ "ਰਾਗ ਰਾਗਣੀ" ਪ੍ਰਣਾਲੀ ਵੀ ਪ੍ਰਚਲਿਤ ਸੀ। ਉਸ ਪ੍ਰਣਾਲੀ ਨੇ ਸੰਗੀਤ ਸਾਧਕਾਂ ਦਾ ਕਿਤਨਾ ਮਾਰਗ ਦਰਸ਼ਨ ਕੀਤਾ ਇਹ ਇਨ੍ਹਾਂ ਹਵਾਲਿਆਂ ਤੋਂ ਸਪਸ਼ਟ ਹੋ ਜਾਂਦਾ ਹੈ। ਇਕ ਮਤ ਨੇ ਰਾਮਕਲੀ ਨੂੰ ਹਿੰਡੋਲ ਦੇ ਪੱਲੇ ਲਾਇਆ ਦੂਜੇ ਨੇ ਸਿਰੀ ਰਾਗ ਦੇ ਅਤੇ ਤੀਜੇ ਨੇ ਪੰਚਮ ਰਾਗ ਦੇ।

ਇਨ੍ਹਾਂ ਮੱਤ ਮਤਾਂਤਰਾਂ ਵਿਚ ਅਸਮਾਨਤਾ ਜਾਂ ਗੜਬੜ-ਗੁਠਾਲਾ ਵੇਖ ਕੇ ਮਰਿਯਾਦਾ ਪੁਰਸ਼ੋਤਮ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਨੂੰ "ਰਾਗੁ ਰਾਮਕਲੀ"

ਸਿਰਲੇਖ ਦੇ ਰੂਪ ਵਿਚ ਅੰਕਿਤ ਕੀਤਾ ਤਾਂ ਜੋ ਸਾਨੂੰ ਪੂਰਣ ਤੌਰ 'ਤੇ ਬੋਧ ਹੋ ਜਾਵੇ ਕਿ ਰਾਮਕਲੀ ਰਾਗ ਹੈ, ਰਾਗਣੀ ਨਹੀਂ ।

ਆਰੋਹ : ਸਾ ਗ, ਮ ਪ, ਧੁਨੀਸਾਂ

ਅਵਰੋਹ : ਸਾਂਨੀ ਧੁ ਪ, ਮੰਪ, ਧੁਨੀ ਧੁਪ, ਗ ਮ ਰੇ ਸਾ ।

ਮੁਖ ਅੰਗ : ਧੁ, ਪ, ਮੰਪ ਧੁਪ, ਗ ਮਰੇ ਸਾ ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨੀ ਨੀ ਸਾ, ਰੇ ਰੇ ਸਾਨੀਸਾ, ਧੁ ਸਾ, ਨੀਸਾ, ਧੁ ਨੀ ਧੁ ਪ, ਮੰ ਪ ਧੁ ਨੀ ਧੁ ਪ, ਧੁ ਧੁ ਪ ਮੰ ਪ, ਮੰਪ ਗ ਮ ਪ, ਗ ਮ ਨੀ ਧੁ ਪ ਮੰ ਪ ਗ ਮ ਮ ਧੁ ਧੁ ਨੀ, ਧੁ ਨੀਸਾ, ਨੀਸਾ ਗ, ਗਮ ਰੇ ਸਾ, ਧੁਨੀਸਾ ਰੇ ਨੀਸਾ ਗਮ ਰੇ ਸਾ, ਗ ਗ ਰੇ ਸਾ ਨੀ ਸਾ ਧੁ ਨੀਸਾ, ਨੀਸਾ ਗਮ ਰੇ ਸਾ, ਨੀ ਸਾਗ ਮਪ, ਮੰਪ, ਗਮ ਰੇ ਸਾ, ਧੁ ਧੁ ਰੇ ਸਾ ।

2. ਨੀ ਸਾ ਗਮਪ, ਮੰਪ, ਗਮਰੇ ਗਮਪ, ਮੰਪ, ਗ ਮ ਧੁ ਧੁਪ, ਮੰਪ, ਗਮ ਨੀਧੁ ਪ, ਮੰਪ, ਗਮਪ ਗਮ ਰੇ ਸਾ, ਸਾ ਮ ਮ ਗ ਪ ਮੰਪ, ਸਾਗ ਮਪ ਗਮ ਧੁ ਧੁ ਪ, ਮੰਪ, ਗ ਮ ਧੁ ਧੁ ਨੀ, ਧੁ ਨੀ ਧੁਪ ਮੰਪ ਗਮ ਧੁ ਧੁ ਨੀ, ਨੀਨੀ ਧੁਨੀ ਧੁਪ ਮੰਪ ਗਮ ਪ ਗਮ ਧੁਧੁ ਨੀ, ਨੀ ਨੀਸਾਂ, ਰੇਂ ਰੇਂ ਸਾਂਨੀਸਾਂ, ਨੀਸਾਂ ਧੁਨੀ ਧੁਨੀ ਧੁਪ, ਮੰਪ ਗਮ ਧੁਨੀਸਾਂ, ਧੁਨੀਸਾਂ, ਰੇਂ ਗ ਰੇਂ ਰੇਂ ਸਾਂ, ਸਾਂਨੀ ਧੁ ਨੀ ਧੁਪ, ਮੰਪ ਪਧੁ ਨੀ ਧੁਪ, ਮੰ ਪ ਗ ਮ ਪ, ਗਮ ਰੇ, ਪ ਮੰਪ ਗ ਮ ਰੇ, ਗਮ ਰੇਸਾ, ਗ ਗ ਮ ਪ ।

3. ਪ ਪ ਮੰ ਪ ਗਮ ਪਧੁ ਨੀ, ਧੁਪ ਮੰਪ ਧੁ ਨੀ ਧੁਪ ਮੰਪ ਗਮ ਧੁਧੁਨੀ, ਗ ਮ ਧੁ ਨੀਸਾਂ, ਨੀਸਾਂ, ਸਾਂਨੀ ਧੁਪ ਮੰਪ ਗਮ ਧੁ ਨੀਸਾਂ, ਧੁਨੀ ਸਾਰੇਂ ਧੁਰੇਂਸਾਂ, ਨੀਸਾਂ, ਧੁ ਨੀ ਧੁਪ ਮੰਪ ਗਮ ਧੁਨੀਸਾਂ, ਧੁਨੀ ਸਾਰੇਂ ਨੀਸਾਂ ਗਂ ਰੇਂ ਸਾਂ, ਨੀਸਾਂ ਗਂ ਮਂ ਰੇਂ ਸਾਂ, ਨੀ ਸਾਂ ਗਂ ਮਂ ਪਂ, ਮੰ ਪਂ, ਗਂ ਮਂ ਰੇਂ ਸਾਂ, ਨੀਸਾਂ ਗਂ ਰੇਂਸਾਂ, ਨੀਸਾਂ ਰੇਂ ਰੇਂ ਸਾਂ, ਰੇਂ, ਰੇਂ ਸਾਂ, ਨੀਸਾਂ, ਧੁ

ਨੀ ਧ਼ਪ, ਮੰਪ ਧ਼ ਨੀ਼ ਧ਼ਪ, ਗਮ ਧ਼ਨੀ ਗ ਨੀ ਨੀ ਧ਼ਪ, ਮੰਪ ਧ਼ਨੀ਼ ਧ਼ਪ, ਮੰ ਪ ਗਮ ਰੇ,

ਸਾ ਗ ਮ ਪ ਸਾਪ ਮੰਪ, ਗ ਮ ਰੇ਼ ਸਾ, ਗ ਮ ਮ ਪ ।

## ਰਾਮਕਲੀ ਮਹਲਾ ੫ ॥

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥ ੧ ॥
ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ੧ ॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬਹੀ ਏਕੁ ਸਬਦੁ ਬੰਧਿ ਪਾਲੈ ॥ ੨ ॥
ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥ ੩ ॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕੁ ॥ ੪ ॥ ੮ ॥

(ਗੁ. ਗ੍ਰੰ. ਪੰਨਾ ੮੮੫)

## ਰਾਗ ਰਾਮਕਲੀ ਤ੍ਰਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | ਸਥਾਈ : | ਪ | ਮੰਪ | ਧੁਨੀ | ਧੁ | ਪ | ਮੰਪ | ਧੁਪ | ਗ | ਮ |
| | | | | | | | ਭ | ਲੋਂS | SS | S | ਭ | ਲੋਂS | SS | ਰੇ | S |
| ਧੁ | ਧੁ | ਧੁ | ਧੁ | ਪ | - | - | - | ਮ | - | ਮ | ਮ | ਗ | ਰੇ | ਗਮ | ਪ |
| ਕੀ | ਰ | ਤ | ਨੀ | ਆ | S | S | S | ਰਾ | S | ਮ | ਰ | ਮਾ | S | ਰਾS | S |
| ਗ | - | ਮ | ਗ | ਰੇ | - | ਸਾ | - | ਗ | ਮ | ਧੁ | ਨੀ | ਸਾਂ | ਰੇਂ | ਸਾਂ | - |
| ਮਾ | - | ਗੁ | ਨ | ਗਾ | S | ਉ | S | ਛੋ | Sਡਿ | ਮਾ | | ਦਿਆ | S | ਕੇ | S |
| ਸਾਂਨੀ | ਧੁਨੀ | ਸਰੇਂ | ਸਾਂਨੀ | ਧੁਨੀ | ਧੁਪ | ਪ | | | | | | | | | |
| ਧੈਂS | SS | SS | ਧS | ਸੁਆS | -SS | Sਉ | **ਅੰਤਰਾ :** | - | ਗ | ਮ | ਮ | ਧੁ | - | ਨੀ | ਨੀ |
| | | | | | | | | S | ਓ | Sਅੰ | | ਕਾ | S | S | ਰਿ |
| ਸਾਂ | ਸਾਂ | ਸਾਂ | ਨੀ | ਸਾਂ | - | ਸਾਂ | - | - | ਧੁ | - | ਧੁ | ਨੀ | - | ਸਾਂ | ਸਾਂ |
| ਏ | ਕ | ਧੁ | ਨਿ | ਏ | S | ਕੈ | S | S | ਏ | S | ਕੇ | ਗ | S | ਗੁ | ਆ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧੁਨੀ | ਸਾਂਰੇਂ | ਨੀ | ਸਾਂ | ਧੁ | ਨੀ | ਧੁ | ਪ | - | ਗ | - | ਮੰ | ਰੇਂ | - | ਸਾਂ | - |
| ਲਾ- | ss | ss | | ਪੈ | s | s | s | s | ਏ | s | ਕਾ | ਢੇ | s | ਜੀ | s |
| ਰੇਂਸਾਂ | ਨੀਸਾਂ | ਰੇਂ | ਸਾਂ | ਧੁ | - | ਪ | ਪ | - | ਮੰ | - | ਪ | ਮੰਪ | ਧੁਨੀ | ਧੁ | ਪ |
| ਏs | ss | ਕੁ | ਦਿ | ਖਾ | s | ਵੈ | s | s | ਏ | s | ਕੈ | ਰੁs | ਹਿ | ਦਿਆ | s |
| ਗ | - | ਮ | ਗ | ਰੇ | - | ਸਾ | - | - | ਸਾ | ਮ | ਗ | ਪ | ਪ | ਗ | ਮ |
| ਥਿਆ | s | s | s | ਪੈ | s | s | s | s | ਏ | ਕਾ | | ਸੁ | ਰ | ਤਿ | ਦੇ |
| ਧੁ | ਧੁ | ਨੀ | - | ਸਾਂ | - | ਸਾਂ | - | - | ਗ | - | ਮੰ | ਰੇਂ | ਰੇਂ | ਸਾਂ | - |
| ਕਾ | sਹੀ | s | | ਸੇ | s | ਵਾ | s | s | ਏ | s | ਕੋ | ਗੁ | ਰ | ਤੇ | s |
| ਸਾਂਨੀ | ਧੁਨੀ | ਸਾਂਰੇਂ | ਸਾਂਨੀ | ਧੁਨੀ | ਧੁਪ | ਪ | | | | | | | | | |
| ਜਾs | ss | ss | ss | ਪੈs | ss | s | | | | | | | | | |

## ਰਾਗ ਰਾਮਕਲੀ ਦਖਣੀ

ਗੁਰੂ ਨਾਨਕ ਦੇਵ ਜੀ ਨੂੰ ਉਸ ਸਮੇਂ ਦੀਆਂ ਪ੍ਰਚਲਿਤ ਦੋਹਾਂ ਸੰਗੀਤ ਪੱਧਤੀਆਂ (ਉੱਤਰੀ ਅਤੇ ਦੱਖਣੀ) ਬਾਰੇ ਨਿਸਚੇ ਹੀ ਵਾਕਫ਼ੀਅਤ ਸੀ। ਇਹ ਇਸ ਗੱਲ ਦਾ ਪ੍ਰਤਖ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਨੇ ਧੁਰ ਕੀ ਬਾਣੀ ਨੂੰ ਗਾਉਣ ਲਈ ਦੋਹਾਂ ਪੱਧਤੀਆਂ ਦੇ ਰਾਗਾਂ ਨੂੰ ਨਿਵਾਜਿਆ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਦੱਖਣੀ ਪੱਧਤੀ ਦੇ 6 ਰਾਗ ਵਿਦਮਾਨ ਹਨ ਜਿਨ੍ਹਾਂ ਵਿਚੋਂ ਇਕ ਰਾਗ ਰਾਮਕਲੀ ਦਖਣੀ ਵੀ ਹੈ।

ਡਾ. ਚਰਨ ਸਿੰਘ ਜੀ ਦਾ ਵਿਚਾਰ ਹੈ ਕਿ "ਦੱਖਣੀ ਰਾਮਕਲੀ ਕੇਵਲ ਗੁਰਮਤਿ ਸੰਗੀਤ ਵਿਚ ਹੀ ਹੈ, ਹੋਰਨਾਂ ਮਤਾਂ ਵਿਚ ਨਹੀਂ।" (ਗੁਰਮਤ ਸੰਗੀਤ ਪੰਨਾ 27) ਰਾਮਕਲੀ ਦਖਣੀ ਉੱਤਰੀ ਪੱਧਤੀ ਦਾ ਰਾਗ ਪ੍ਰਕਾਰ ਨਹੀਂ ਸਗੋਂ ਦੱਖਣੀ ਪੱਧਤੀ ਦਾ ਰਾਗ ਹੈ। ਹੈਦਰਾਬਾਦ ਦੱਖਣ ਦੇ ਪ੍ਰਸਿੱਧ ਸੰਗੀਤਾਚਾਰੀਆ ਪੰਡਿਤ ਅੱਪਾ ਸ਼ਾਸਤਰੀ ਜਿਨ੍ਹਾਂ ਨੂੰ ਦੱਖਣੀ ਅਤੇ ਉੱਤਰੀ ਪੱਧਤੀ ਦਾ ਪਰਾਧਿਕਾਰੀ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਸੰਸਕ੍ਰਿਤ ਵਿਚ ਸੰਗੀਤ ਵਿਸ਼ੇ ਤੇ ਦੋ ਗ੍ਰੰਥ—"ਰਾਗ ਕਲਪ ਦ੍ਰੁਮ" ਅਤੇ "ਚੰਦ੍ਰਕਾਯਮ" ਲਿਖੇ, ਜਿਨ੍ਹਾਂ ਦਾ, ਸੰਗੀਤ ਦੇ ਨਵ-ਨਿਰਮਾਤਾ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਨੇ ਆਪਣੀਆਂ ਪੁਸਤਕਾਂ ਵਿਚ ਰਾਗਾਂ ਦਾ ਸਰੂਪ ਨਿਰਧਾਰਤ ਕਰਨ ਲਈ ਥਾਂ-ਥਾਂ ਹਵਾਲਾ ਦਿੱਤਾ ਹੈ। ਸ਼ਾਸਤਰੀ ਜੀ ਨੇ ਚੰਦ੍ਰਕਾਯਮ" ਗ੍ਰੰਥ ਵਿਚ ਇਸ ਰਾਗ ਦੇ ਸੰਬੰਧ ਵਿਚ ਇਸ ਤਰ੍ਹਾਂ ਉਲੇਖ ਕੀਤਾ ਹੈ :

"ਧਾਵਾਦਿਨੀ ਰਿ ਸੰਵਾਦਿ ਯਥੋਂ ਰਿਮਧ ਕੋਮਲਾ।
ਮਨਿ ਵਰਜਿਤਾ ਰੋਹੇ ਪ੍ਰੋਕਤਾ ਰਾਮਕਲੀ ਬੁਧੈ।"

ਉਪਰੋਕਤ ਹਵਾਲੇ ਤੋਂ ਇਹ ਸਪਸ਼ਟ ਹੈ ਕਿ ਸ਼ਾਸਤਰੀ ਜੀ ਦੁਆਰਾ ਵਿਆਖਿਆ ਰਾਮਕਲੀ ਦਾ ਇਹ ਪ੍ਰਕਾਰ ਉੱਤਰੀ ਪੱਧਤੀ ਵਿਚ ਭਾਵੇਂ ਘੱਟ ਪ੍ਰਚਾਰ ਵਿਚ ਰਿਹਾ ਹੋਵੇ ਪਰ ਦੱਖਣੀ ਪੱਧਤੀ ਵਿਚ ਇਹ ਸਰੂਪ ਆਵੱਸ਼ ਲੋਕਪ੍ਰਿਅ ਰਿਹਾ ਹੋਵੇਗਾ। ਵਰਤਮਾਨ ਸਮੇਂ ਰਾਮਕਲੀ ਦਾ ਇਹ ਪ੍ਰਕਾਰ ਬਹੁਤ ਘੱਟ ਕੰਨ ਗੋਚਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਦੇਸ਼ਾਟਨ ਇਨਾ ਵਧੇਰੇ ਸੀ ਕਿ ਉਨ੍ਹਾਂ ਨੂੰ ਦੋਹਾਂ ਪੱਧਤੀਆਂ ਦੇ ਰਾਗਾਂ ਬਾਰੇ ਪੂਰਣ ਗਿਆਨ ਸੀ। ਇਹੋ ਹੀ ਕਾਰਣ ਹੈ ਕਿ ਉਨ੍ਹਾਂ ਦੋਹਾਂ ਪੱਧਤੀਆਂ ਵਿਚ ਬਾਣੀ ਦਾ ਗਾਇਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਉੱਤਰੀ ਪੱਧਤੀ ਦਾ ਰਾਮਕਲੀ ਵਰਤਿਆ ਹੈ ਉਥੇ ਸਿਰਲੇਖ ਦੇ ਰੂਪ ਵਿਚ ਕੇਵਲ "ਰਾਮਕਲੀ.ਮਹਲਾ ॥ ੧ ॥ ਸੰਕੇਤ ਹੈ ਅਤੇ ਜਿਥੇ ਦੱਖਣੀ ਪ੍ਰਕਾਰ ਵਰਤਿਆ ਹੈ ਉਥੇ ਸਪਸ਼ਟ ਤੌਰ 'ਤੇ ਭਿੰਨਤਾ ਦਰਸਾਉਣ ਲਈ ' ਰਾਮਕਲੀ ਦਖਣੀ ਮਹਲਾ ੧ ॥" ਅੰਕਿਤ ਕੀਤਾ ਹੈ। ਇਸ ਤੋਂ ਇਨ੍ਹਾਂ ਦੋਹਾਂ ਰਾਗਾਂ ਦੇ ਵਖਰੇ ਹੋਣ ਦਾ ਪ੍ਰਤਖ ਪ੍ਰਮਾਣ ਮਿਲਦਾ ਹੈ। ਭਾਵੇਂ ਇਨ੍ਹਾਂ ਦੋਹਾਂ ਰਾਗਾਂ ਦੇ ਨਾਮ ਵਿਚ ਸਮਾਸਤਾ ਹੈ ਪਰ "ਦੱਖਣੀ" ਸੰਕੇਤ ਇਨ੍ਹਾਂ ਨੂੰ ਨਿਖੇੜਨ ਵਿਚ ਬਹੁਤ ਸਹਾਈ ਸਿੱਧ ਹੁੰਦਾ ਹੈ।

ਇਸ ਰਾਗ ਦੀ ਰਚਨਾ ਦੱਖਣੀ ਪੱਧਤੀ ਅਨੁਸਾਰ "ਮਾਯਾਮਾਲਵਗੌਲ" ਥਾਟ ਤੋਂ ਮੰਨੀ ਜਾਂਦੀ ਹੈ। ਦੱਖਣੀ ਪਧਤੀ ਦਾ ਇਹ ਥਾਟ ਉੱਤਰੀ ਪੱਧਤੀ ਦੇ ਭੈਰਵ ਥਾਟ ਨਾਲ

ਸਮਾਨਤਾ ਰਖਦਾ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਸਰੂਪ ਵਿਚ ਆਰੋਹ ਵਿਚ ਬਿਭਾਸ ਦੀ ਅਤੇ ਅਵਰੋਹ ਵਿਚ ਭੈਰਵ ਰਾਗ ਦੀ ਝਲਕ ਦਿਖਾਈ ਦਿੰਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ ਸਿਰਜਣਾ ਬਿਭਾਸ ਅਤੇ ਭੈਰਵ ਦੇ ਸੰਜੋਗ ਤੋਂ ਹੋਈ ਹੈ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ, ਇਸ ਕਾਰਣ ਗੁਣੀਜਨਾਂ ਨੇ ਇਸ ਨੂੰ ਉਤ੍ਰਾਂਗ ਵਾਦੀ ਰਾਗ ਸਵੀਕਾਰਿਆ ਹੈ। ਇਸ ਦੇ ਗਾਉਣ ਦਾ ਸਮਾਂ ਪ੍ਰਾਤਾਕਾਲ ਹੈ। ਇਸ ਦੇ ਆਰੋਹ ਵਿਚ ਮੱਧਿਅਮ ਅਤੇ ਨਿਸ਼ਾਦ ਸੁਰ ਵਰਜਿਤ ਹਨ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔਡਵ-ਸੰਪੂਰਣ ਹੈ। ਕਲਾਕਾਰ ਇਸ ਨੂੰ ਸਵੇਰ ਦਾ ਸੰਧੀ-ਪ੍ਰਕਾਸ਼-ਰਾਗ ਮੰਨਦੇ ਹਨ। ਇਸ ਰਾਗ ਦਾ ਵਿਸਤਾਰ ਵਧੇਰੇ ਕਰਕੇ ਮੱਧ ਅਤੇ ਤਾਰ ਸਪਤਕ ਵਿਚ ਕੀਤਾ ਜਾਂਦਾ ਹੈ। ਇਹ ਕੋਈ ਬਹੁਤ ਗੁੰਝਲਦਾਰ ਜਾਂ ਜਟਿਲ ਰਾਗ ਨਹੀਂ ਸਗੋਂ ਸਰਲ ਰਾਗ ਹੈ। ਇਸ ਦੇ ਸਮਪ੍ਰਕ੍ਰਿਤਕ ਜਾਂ ਨਿਕਟ ਵਰਤੀ ਰਾਗ ਭੈਰਵ ਅਤੇ ਬਿਭਾਸ ਹਨ। ਭੈਰਵ ਦੇ ਆਰੋਹ ਵਿਚ ਮਧਿਅਮ ਅਤੇ ਨਿਸ਼ਾਦ ਸੁਰਾਂ ਦਾ ਪ੍ਰਯੋਗ ਹੁੰਦਾ ਹੈ ਜਿਸ ਕਾਰਣ ਇਹ ਰਾਮਕਲੀ ਦੱਖਣੀ ਨਾਲੋਂ ਨਿਰਾਲਾ ਹੋ ਜਾਂਦਾ ਹੈ ਅਤੇ ਬਿਭਾਸ ਵਿਚ ਮੱਧਿਅਮ ਅਤੇ ਨਿਸ਼ਾਦ ਸੁਰ ਸਦੈਵ ਵਰਜਿਤ ਰਹਿੰਦੇ ਹਨ ਜਿਸ ਕਾਰਣ ਇਹ ਉਸ ਤੋਂ ਨਿਖੜ ਜਾਂਦਾ ਹੈ। ਉੱਤਰੀ ਪੱਧਤੀ ਦੇ ਪ੍ਰਚਲਿਤ ਰਾਮਕਲੀ ਰਾਗ ਵਿਚ ਦੋਵੇਂ ਮੱਧਿਅਮ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਇਸ ਲਈ ਇਹ ਉਸਤੋਂ ਵੀ ਨਿਰਾਲਾ ਹੋ ਜਾਂਦਾ ਹੈ।

## ਰਾਮਕਲੀ ਦੱਖਣੀ

ਆਰੋਹ : ਸਾ, ਰੇ॒, ਗਪ ਧ॒, ਸਾਂ

ਅਵਰੋਹ : ਸਾਂ, ਨੀਧ॒, ਪ ਮ ਗ ਰੇ॒ ਰੇ॒ ਸਾ।

ਮੁਖ ਅੰਗ : ਸਾਰੇ॒ ਗ ਪ ਧ॒ ਧ॒ ਪ, ਮ ਗ ਰੇ॒ ਰੇ॒ ਸਾ।

## ਸੁਰ ਵਿਸਤਾਰ

1. ਸਾ, ਸਾਰੇ॒ ਸਾਸਾ, ਨ਼ੀ ਧ਼॒ ਧ਼॒ ਸਾ, ਸਾਸਾ ਰੇ॒ ਰੇ॒ ਗ, ਗ ਗ ਰੇ ਸਾ, ਰੇ॒ ਰੇ॒ ਸਾ, ਸਾ ਧ਼॒, ਸਾਰੇ॒ ਗ, ਸਾਰੇ॒ ਸਾਸਾ, ਰੇ॒ ਗ ਰੇ॒ ਰੇ॒, ਗ ਰੇ॒ ਗ, ਸਾਰੇ॒ ਗ ਗ, ਮ ਗ ਰੇ॒ ਰੇ॒, ਗ ਗ ਪ, ਪ ਮ ਗਰੇ॒, ਗ ਰੇ॒ ਰੇ॒ ਸਾ, ਸਾਨ਼ੀ ਧ਼॒, ਸਾਰੇ॒ ਗ, ਰੇ॒, ਸਾ।

2. ਸਾਰੇ॒ ਗ ਰੇ॒ ਸਾਰੇ॒ ਗ ਗਪ, ਮ ਮ ਗਰੇ॒ ਗ ਗਪ, ਸਾਗ ਰੇ॒ਗ ਪ ਮ ਗ ਰੇ॒, ਸਾਰੇ॒ ਗਪ ਧ॒ ਧ॒ਪ, ਗਪ ਧ॒ ਧ॒ ਪ, ਨੀਧ॒ ਨੀਪ, ਧ॒ਪ ਨ ਪ ਮ ਗਰੇ॒, ਮ ਗ ਰੇ॒ ਰੇ॒, ਸਾ, ਧ਼॒ ਧ਼॒ ਸਾਰੇ॒ ਸਾ।

3. ਸਾਰੇ̱ ਗ ਪ ਧ̱ ਧ̱ਪ, ਮ ਗ ਰੇ̱ ਗ ਪ ਪ ਧ̱ ਧ̱ ਸਾਂ, ਸਾਂਨੀ ਧ̱ ਧ̱ ਪ, ਮ ਗ ਰੇ̱ ਗ ਪ ਪ ਧ̱ ਧ̱ ਸਾਂ, ਗ ਪ ਧ̱ ਸਾਂ ਰੇ̱ਂ ਰੇ̱ਂ ਸਾਂ, ਸਾਂਨੀ ਧ̱ ਪ, ਮ ਗ, ਗ ਪ ਧ̱ ਧ̱, ਪਧ̱ ਸਾਂ ਸਾਂ, ਧ̱ਸਾਂ ਰੇ̱ਂ ਰੇ̱ਂ ਸਾਂ, ਪ ਧ̱ ਸਾਂਰੇ̱ਂ ਗਂ ਰੇ̱ਂ ਸਾਂ, ਰੇ̱ਂ ਰੇ̱ਂ ਸਾਂਨੀ ਧ̱ ਧ̱, ਪਧ̱ ਸਾਂਰੇ̱ਂ ਗਂ ਰੇ̱ਂ ਸਾਂ, ਸਾਂ ਰੇ̱ਂ ਗਂਗਂ ਮਂ ਗਂ ਰੇ̱ਂ ਸਾਂਰੇ̱ਂ ਗਂ ਪਂ ਮਂ ਗਂ ਗਂਰੇ̱ਂ, ਗਂ ਰੇ̱ਂ ਸਾਂ, ਸਾਂ ਰੇ̱ਂ ਗਂ ਪਂ ਧ̱ਂ ਪਂ ਮਂ ਗਂ, ਪਂ ਮਂ ਗਂਰੇ̱ਂ ਮਂ ਗਂ ਰੇ̱ਂ ਰੇ̱ਂ ਸਾਂ, ਸਾਂਨੀ ਧ̱ ਪ ਧ̱ ਧ̱ ਸਾਂਰੇ̱ਂ ਗਂ ਰੇ̱ਂ ਸਾਂ, ਸਾਂਨੀ ਧ̱ ਧ̱, ਸਾਂ ਸਾਂ ਰੇ̱ਂ ਰੇ̱ਂ ਸਾਂ, ਸਾਂਨੀ ਧ̱ ਧ̱ ਸਾਂਨੀ ਧ̱ ਧ̱ ਪ, ਨੀ ਧ̱ ਧ̱ ਪ, ਧ̱ਪ ਮਗ, ਮਗ ਰੇ̱ ਰੇ̱, ਸਾ।

## ਰਾਮਕਲੀ ਦਖਣੀ ਮਹਲਾ ੧ ॥

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥ ੧ ॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥ ੧ ॥ ਰਹਾਉ ॥
ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥ ੨ ॥
ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥ ੩ ॥
ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥ ੪ ॥
ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥ ੫ ॥
ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥ ੬ ॥
ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥ ੭ ॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥ ੮ ॥
ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥ ੯ ॥
ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥ ੧੦ ॥ ੮ ॥

(ਗੁ. ਗ੍ਰੰ. ਪੰਨਾ ੯੦੭)

## ਰਾਗ ਰਾਮਕਲੀ ਦਖਣੀ ਤ੍ਰਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ : | | | | | | | |
| | | | | | | | | | | | ਮਗ | ਗਰੇ | ਸਾਰੇ | ਰੇਗ | ਗਪ |
| | | | | | | | | | | | ਮੰ | ਗੁS | ਰS | ਦਇ | |
| | | | | | | | | | | | | ਨੀ | ਨੀ | | |
| ਧੁ | - | ਪ | ਪ | ਮਗ | ਰੇ | ਪ | ਮ | ਗ | ਰੇ | ਸਾ | - | ਧ | ਧ | ਸਾ | ਸਾ |
| ਆ | S | ਲ | ਸ | ਦਾS | S | Sਰੈ | ਗਿ | ਲੀ | S | ਣਾ | S | ਅ | ਹਿ | ਨਿ | ਸਿ |
| ਰੇ | ਸਾ | - | ਸਾਰੇ | ਗਪ | ਗ | ਪ | ਮ | ਗ | ਰੇ | ਸਾ | - | ਗ | ਪ | ਧ | - |
| ਰ | ਹੈ | S | ਏS | SS | ਕ | ਲਿ | ਵ | ਨਾ | S | ਗੀ | S | ਸਾS | ਚੇ | S | |
| ਪਧ | ਸਾਂਸਾਂ | ਰੇਂ | ਸਾਂ | ਸਾਂਨੀ | ਧਪ | ਮਗ | ਪਮ | ਗਰੇ | ਗਰੇ | ਸਾ | | | | | |
| ਏS | SS | ਖਿ | ਪ | ਤੀS | SS | SS | SS | ਣਾS | SS | S | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧੁ | ਧੁ | ਪ | ਧੁ | ਸਾਂ | - | ਸਾਂ | ਸਾਂ | ਰੇਂ | ਰੇਂ | ਸਾਂ | - | ਗ | ਪ | ਪ | ਪ |
| ਸੰ | ऽ | ਜ | ਮੁ | ਸਾ | ऽ | ਚੁ | ਦਿ | ਤਾ | ਇਆ | ऽ | | ਜ | ਤੁ | ਸ | ਤੁ |
| ਰੇਂ | ਰੇਂ | ਸਾਂ | ਸਾਂ | ਸਾਂਰੇਂ | ਸਾਂਨੀ | ਧੁਪ | ਮਗ | ਧਮ | ਗਰੇਂ | ਸਾਂ | | ਸਾਂਰੇਂ | ਗੰਪ | ਮੰ | ਗੰ |
| ਬ | ਦਿ | ਰ | ਸਿ | ਲੀऽ | ऽऽ | ऽऽ | ऽऽ | ਣਾऽ | ऽऽ | ऽ | | ਸऽ | ऽऽ | ਧ | ਸ |

## ਰਾਗ ਰਾਮਕਲੀ ਆਨੰਦ

ਰਾਮਕਲੀ ਆਨੰਦ, ਭਾਰਤੀ ਸੰਗੀਤ ਪੱਧਤੀ ਦੇ ਅਪ੍ਰਚਲਿਤ ਜਾਂ ਅਤਿ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ।

ਉੱਤਰੀ ਪੱਧਤੀ ਦੇ ਰਾਗਾਂ ਵਿਚ ਰਾਮਕਲੀ, ਰਾਮ ਸ੍ਰੀ, ਰਾਮ ਕ੍ਰਿਆ, ਆਨੰਦ ਭੈਰਵ, ਆਨੰਦ ਭੈਰਵੀ, ਆਨੰਦ ਕਲਿਆਣ, ਆਨੰਦੀ ਜਾਂ ਨੰਦ ਰਾਗ ਤਾਂ ਕਾਫ਼ੀ ਪ੍ਰਸਿੱਧ ਹਨ ਪਰੰਤੂ ਰਾਮਕਲੀ ਆਨੰਦ, ਵਰਤਮਾਨ ਵਿਚ ਕਿਸੇ ਗਾਇਕ ਵਾਦਕ ਕੋਲੋਂ ਕਦੇ ਵੀ ਕੰਨ ਗੋਚਰ ਨਹੀਂ ਹੋਇਆ। ਮੱਧਕਾਲ ਵਿਚ ਇਕ "ਸੁਰਮਾਨੰਦ" ਨਾਮ ਦਾ ਰਾਗ ਆਵੱਸ਼ ਪ੍ਰਚਲਿਤ ਰਿਹਾ ਹੈ ਜਿਸ ਦਾ ਉਲੇਖ ਰਾਗ-ਰਾਗਣੀ ਪਧਤੀ ਨੂੰ ਮਾਨਤਾ ਦੇਣ ਵਾਲੇ ਵਿਭਿੰਨ ਮਤਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਕੀਤਾ ਹੈ ਜਿਵੇਂ : "ਸੁਰਮਾ ਨੰਦ ਭਾਸਕਰ ਆਏ।" ਇਸ ਤੋਂ ਇਲਾਵਾ ਸਰਬ ਲੋਹ ਗ੍ਰੰਥ ਭਾਗ ਤੀਜਾ ਵਿਚ ਸੁਰਮਾਨੰਦ ਰਾਗ ਵਿਚ 16 ਅਸ਼ਟਪਦੀਆਂ ਅੰਕਿਤ ਹਨ। ਉਦਾਹਰਣ ਵਜੋਂ : ਬ੍ਰਿਸ਼ਨੁ ਪਦ ਰਾਗ ਸੁਰਮਾਨੰਦ ਅਸ਼ਟਪਦੀਆਂ।" (ਪੰਨਾ 453)

ਸੁਰਮਾਨੰਦ ਰਾਗ ਦਾ ਮੱਧ ਕਾਲ ਵਿਚ ਨਾਦ ਰੂਪ ਕੀ ਸੀ ਇਸਦੇ ਸੰਬੰਧ ਵਿਚ ਪੁਰਾਤਨ ਮੱਧ ਜਾਂ ਵਰਤਮਾਨ ਵਿਚ ਕੋਈ ਗ੍ਰੰਥ ਆਧਾਰ ਪ੍ਰਾਪਤ ਨਹੀਂ ਹੈ ਇਸ ਲਈ ਰਾਮਕਲੀ ਆਨੰਦ ਨਾਲ ਸੁਰਮਾਨੰਦ ਦਾ ਸੰਬੰਧ ਸਥਾਪਿਤ ਕਰਨਾ ਇਕ ਅਸੰਭਵ ਗੱਲ ਹੈ।

ਗੁਰਮਤਿ ਆਚਾਰੀਆਂ ਦਾ ਇਹ ਦ੍ਰਿੜ੍ਹ ਮਤ ਹੈ ਕਿ ਰਾਮਕਲੀ ਰਾਗ ਵਿਚ "ਅਨੰਦੁ" ਗੁਰੂ ਅਮਰਦਾਸ ਜੀ ਰਚਿਤ ਇਕ ਵਿਸ਼ੇਸ਼ ਬਾਣੀ ਦਾ ਨਾਮ ਹੈ। ਆਨੰਦ ਦੇ ਬਾਣੀ ਹੋਣ ਬਾਰੇ ਕਿਸੇ ਨੂੰ ਕੋਈ ਸੰਦੇਹ ਨਹੀਂ ਹੈ। ਸਿਖ ਵਿਦਵਾਨ ਅਨੰਦੁ ਬਾਣੀ ਦੀ ਰਚਨਾ ਬਾਰੇ ਇਸਦਾ ਪਿਛੋਕੜ ਇਸ ਤਰਾਂ ਦਸਦੇ ਹਨ :

"ਇਹ ਬਾਣੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤੇ ਮੋਹਰੀ ਜੀ ਦੇ ਪੁੱਤਰ, "ਅਨੰਦ" ਜੀ ਦੇ ਜਨਮ ਤੇ ਸੰਨ 1554 ਵਿਚ ਉਚਾਰਨ ਕੀਤੀ। (ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੈਂਚੀ ਤੀਜੀ ਪੰਨਾ 917)

ਇਸ ਬਾਣੀ ਦੀਆਂ ਕੁਲ 40 ਪੰਤੀਆਂ ਹਨ। "ਅਨੰਦੁ" ਬਾਣੀ, ਸਿਖ ਸੰਪਰਦਾ ਜਾਂ ਸਿਖ ਰਹੁਰੀਤ ਦਾ ਇਕ ਅਨਿਖੜ ਅੰਗ ਹੈ। ਗੁਰ ਮਰਿਯਾਦਾ ਅਨੁਸਾਰ ਨਿਤ ਨੇਮ ਦੀਆਂ ਬਾਣੀਆਂ ਵਿਚ ਵੀ ਇਹ ਬਾਣੀ ਸ਼ਾਮਲ ਹੈ. ਇਸ ਤੋਂ ਇਲਾਵਾ ਜਨਮ, ਮਰਨ, ਵਿਆਹ, ਪਾਠ ਦੇ ਭੋਗ ਅਤੇ ਕੀਰਤਨ ਦੀ ਸਮਾਪਤੀ ਤੇ ਇਸ ਬਾਣੀ ਦਾ ਆਵੱਸ਼ਟ ਤੌਰ ਤੇ ਗਾਇਨ ਕੀਤਾ ਜਾਂਦਾ ਹੈ।

ਰਾਮਕਲੀ ਰਾਗ ਵਿਚ ਅੰਕਿਤ "ਅਨੰਦੁ" ਬਾਣੀ ਹੋਣ ਦੇ ਨਾਲ ਨਾਲ ਇਕ ਸੁਤੰਤਰ ਅਤੇ ਮਧੁਰ ਰਾਗ ਰੂਪ ਵੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ

ਰਚਨਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ (1479-1574) ਨੇ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਜਿਥੇ ਭਾਰਤੀ ਸੰਗੀਤ ਦੇ ਖੇਤਰ ਵਿਚ ਚਮੜੇ ਨਾਲ ਮੜ੍ਹੇ ਹੋਏ ਗਜ਼ ਦੇ ਸਾਜ਼ਾਂ ਵਿਚੋਂ "ਸਰੰਦਾ" ਜਿਹੇ ਤੰਤਰ ਵਾਦਿਯ ਦਾ ਆਵਿਸ਼ਕਾਰ ਕੀਤਾ ਉਥੇ ਰਾਮਕਲੀ ਅਨੰਦ ਜਿਹੇ ਮਧੁਰ ਰਾਗ ਦੀ ਸਿਰਜਣਾ ਕਰਕੇ ਭਾਰਤੀ ਸੰਗੀਤ ਦੇ ਰਾਗ ਭੰਡਾਰ ਨੂੰ ਸਮਰਿੱਧ ਬਣਾਉਣ ਵਿਚ ਵੀ ਮਹਾਨ ਯੋਗਦਾਨ ਦਿਤਾ। "ਕਾਨੂਨੇ ਮੌਸੀਕੀ" ਪੁਸਤਕ ਦੇ ਲੇਖਕ ਦਾ ਕਥਨ ਹੈ ਕਿ "ਸਰੰਦਾ ਈਜਾਦ ਕੀਆ ਹੂਆ ਗੁਰੂ ਅਮਰਦਾਸ ਜੀ ਕਾ ਹੈ।" (ਕਾਨੂੰਨੇ ਮੌਸੀਕੀ ਪੰਨਾ 306)

ਗੁਰੂ ਕਾਲ ਵਿਚ ਇਹ ਰਾਗ ਬੜਾ ਪ੍ਰਸਿਧ ਰਿਹਾ ਹੋਵੇਗਾ ਅਜਿਹਾ ਵਿਦਵਾਨਾਂ ਦਾ ਵਿਚਾਰ ਹੈ ਪਰੰਤੂ ਸੁਰ ਲਿਪੀ ਜਾਂ ਸੁਰ ਲੇਖਨ ਪੱਧਤੀ ਦੇ ਅਭਾਵ ਕਾਰਣ ਅਜਿਹੇ ਅਨੇਕ ਰਾਗ ਰੂਪ ਵਰਤਮਾਨ ਵਿਚ ਅਲੋਪ ਹੋ ਚੁਕੇ ਹਨ। ਇਸ ਰਾਗ ਬਾਰੇ ਕੋਈ ਗ੍ਰੰਥ ਆਧਾਰ ਪ੍ਰਾਪਤ ਨਹੀਂ ਅਤੇ ਨਾਹੀ ਕਿਸੇ ਘਰਾਣੇਦਾਰ ਜਾਂ ਖ਼ਾਨਦਾਨੀ ਗਾਇਕ-ਵਾਦਕਾਂ ਕੋਲ ਇਸ ਰਾਗ ਦਾ ਨਾਦ ਰੂਪ ਸੁਰੱਖਿਅਤ ਹੈ। ਗੁਰਬਾਣੀ ਦੇ ਸੰਪਰਦਾਇਕ ਕੀਰਤਨਕਾਰਾਂ ਕੋਲ ਵੀ ਅਜੋਕੇ ਸਮੇਂ ਇਸ ਰਾਗ ਦਾ ਨਾਦਾਤਮਕ ਸਰੂਪ ਸ਼ਾਇਦ ਹੀ ਉਪਲੱਬਧ ਹੋਵੇ। ਮੱਧਕਾਲੀਨ ਅਤੇ ਵਰਤਮਾਨ ਦੇ ਗੁਰਮਤਿ ਆਚਾਰੀਆਂ ਨੇ ਗੁਰਬਾਣੀ, ਗੁਰ ਇਤਿਹਾਸ, ਆਦਿ ਪਖਾਂ ਨੂੰ ਸੰਭਾਲਣ ਦਾ ਤਾਂ ਸ਼ਲਾਘਾ ਯੋਗ ਉੱਦਮ ਅਵੱਸ਼ ਕੀਤਾ ਹੈ, ਪਰੰਤੂ ਗੁਰਮਤਿ ਸੰਗੀਤ ਦੇ ਗੌਰਵ ਨੂੰ ਸੁਰੱਖਿਅਤ ਰਖਣ ਲਈ ਕਿਸੇ ਕਾਲ ਵਿਚ ਵੀ ਕਦੇ ਕੋਈ ਯਤਨ ਨਹੀਂ ਹੋਇਆ, ਇਹ ਇਕ ਮਹਾ ਸ਼ੋਕ ਦੀ ਗਲ ਹੈ।

ਗੁਰੂ ਗ੍ਰੰਥ ਸਾਹਿਬ ਦਾ ਘੋਖਵਾਂ ਅਧਿਐਨ ਕਰਨ ਤੋਂ ਗੁਰੂ ਸਾਹਿਬਾਨ ਦੀ ਰਾਗ ਵਿਧੀ ਜਾਂ ਰਾਗ-ਪ੍ਰਬੰਧ ਨੂੰ ਦਰਸਾਉਣ ਲਈ ਸਿਰਲੇਖ ਦੇ ਰੂਪ ਵਿਚ ਅਜਿਹੇ ਅਨੇਕ ਸੰਕੇਤ ਉਪਲਬੱਧ ਹੁੰਦੇ ਹਨ ਜਿਨਾਂ ਦੁਆਰਾ ਕਿਸੇ ਵਿਸ਼ੇਸ਼ ਰਾਗ ਦਾ ਸੁਤੰਤਰ ਨਾਮ ਜਾ ਮਿਸ਼ਰਤ ਨਾਮ ਸਪਸ਼ਟ ਹੁੰਦਾ ਹੈ। ਉਦਾਹਰਣ ਵਜੋਂ :

"ੴ ਸਤਿਗੁਰ ਪ੍ਰਸਾਦਿ ॥

"ਸੂਹੀ ਮਹਲਾ ੧ ਕਾਫੀ ਘਰੁ ੧੦ ॥ " (ਗੁ. ਗ੍ਰੰ. ਪੰਨਾ 751)
ਜਾਂ ੴ ਸਤਿਗੁਰ ਪ੍ਰਸਾਦਿ ਰਾਗੁ ਸੂਹੀ ਮਹਲਾ 5
ਅਸਟਪਦੀਆਂ ਘਰੁ ੧੦ ਕਾਫੀ ॥ (ਪੰਨਾ 761)

ਜਾਂ

"ਬਿਲਾਵਲੁ ਮਹਲਾ ੧ ਛੰਤ ਦਖਣੀ ॥" (ਪੰਨਾ 843)

ਇਸੇ ਤਰ੍ਹਾਂ ਹੀ ਗਾਉੜੀ ਦਖਣੀ, ਵਡਹੰਸ ਦਖਣੀ, ਪ੍ਰਭਾਤੀ ਦਖਣੀ, ਆਦਿ ਇਹ ਸਿਰਲੇਖ ਰਾਗਾਂ ਬਾਰੇ ਗੁਰ ਆਸ਼ੇ ਨੂੰ ਉਜਾਗਰ ਕਰਨ ਲਈ ਸਾਡਾ ਬੜਾ ਪੱਥ ਪ੍ਰਦਰਸ਼ਨ ਕਰਦੇ ਹਨ।

ਠੀਕ ਇਸੇ ਵਿਧੀ ਅਨੁਸਾਰ "੧ਓ ਸਤਿਗੁਰ ਪ੍ਰਸਾਦਿ" "ਰਾਮਕਲੀ ਮਹਲਾ ੩ ਅਨੰਦੁ" ਇਸ ਰਾਗ ਦੇ ਨਾਦਾਤਮਕ ਰੂਪ ਦੇ ਸੰਬੰਧ ਵਿਚ ਸਿਰਲੇਖ ਵਿਚ ਸੰਕੇਤ ਪ੍ਰਾਪਤ ਹੁੰਦਾ ਹੈ ਜੋ ਇਕ ਬਾਣੀ ਹੋਣ ਦੇ ਨਾਲ ਨਾਲ (ਸਾਡੇ ਵਿਚਾਰ ਅਨੁਸਾਰ) ਰਾਗਾਤਮਕ ਪੱਖ ਤੋਂ "ਰਾਮਕਲੀ ਅਨੰਦ" ਰਾਗ ਦੀ ਸੂਚਨਾ ਦਿੰਦਾ ਹੈ।

ਗੁਰੂ ਅਮਰਦਾਸ ਜੀ ਦੀ ਬਾਣੀ ਦੀ ਇਹ ਇਕ ਵਿਲੱਖਣਤਾ ਹੈ ਕਿ ਆਪ ਰਾਗਾਂ ਦੇ ਨਾਮ ਬੜੀ ਕਲਾ ਕੌਸ਼ਲਤਾ ਨਾਲ ਵਰਤ ਕੇ ਗੁਰਮਿਤ ਸਿੱਧਾਤਾਂ ਦਾ ਪ੍ਰਗਟਾਵਾ ਕਰਦੇ ਹਨ। ਅਜਿਹੇ ਅਨੇਕ ਉਦਾਹਰਣ ਆਪ ਦੀਆਂ ਰਚਨਾਵਾਂ ਵਿਚ ਉਪਲੱਬਧ ਹੁੰਦੇ ਹਨ : ਉਦਾਹਰਣ ਵਜੋਂ :

"ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚੁ ਧਰੇ ਪਿਆਰੁ ॥"

(ਵਾਰ ਸਿਰੀ ਰਾਗ ਮਹਲਾ ੩)

"ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਮਾਇ ॥"

(ਸਲੋਕ ਵਾਰਾਂ ਤੇ ਵਧੀਕ ਮ: ੩ ਪੰਨਾ ੧੪੧੯)

ਜਾਂ

"ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰ ॥

(ਰਾਮਕਲੀ ਵਾਰ ਮ: ੩ ਪੰਨਾ ੯੫੦)

ਇਨ੍ਹਾਂ ਉਦਾਹਰਣਾਂ ਤੋਂ ਸਪਸ਼ਟ ਹੈ ਕਿ "ਰਾਮਕਲੀ ਅਨੰਦ" ਰਾਗ ਵਿਚ ਉਚਾਰਣ ਕੀਤੀ ਬਾਣੀ ਇਸ ਰਾਗ ਦੇ ਨਾਮ ਨੂੰ ਸ਼ਬਦਾਵਲੀ ਦੁਆਰਾ ਵੀ ਪ੍ਰਗਟ ਕਰਨਾ ਆਪ ਦੇ ਕਰਤਾਰੀ ਸਿਰਜਣਾਤਮਕ ਸ਼ਕਤੀ ਦੇ ਸੁਆਮੀ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਅਨੰਦੁ ਬਾਣੀ ਦਾ ਆਰੰਭ ਵੀ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥" ਤੋਂ ਹੁੰਦਾ ਹੈ। ਇਸ ਤਰ੍ਹਾਂ ਰਾਮਕਲੀ ਅਨੰਦ ਰਾਗ ਵਿਚ ਗੁਰੂ ਅਮਰਦਾਸ ਦੁਆਰਾ ਅਨੰਦ ਦੇ ਪ੍ਰਭਾਵ ਨੂੰ ਇਕ ਅਜਿਹੇ ਸੁੰਦਰ ਢੰਗ ਨਾਲ ਦਰਸਾਇਆ ਗਿਆ ਹੈ, ਜਿਸਦੀ ਕਿਧਰੇ ਮਿਸਾਲ ਨਹੀਂ ਮਿਲਦੀ।

ਰਾਮਕਲੀ ਅਨੰਦ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਦੋ ਰਾਗਾਂ-ਰਾਮਕਲੀ ਅਤੇ ਬਿਲਾਵਲ ਦੇ ਮਧੁਰ ਮਿਸ਼ਰਣ ਦੁਆਰਾ ਹੋਈ ਹੈ। ਅਰਥਾਤ : ਇਸ ਰਾਗ ਦੇ ਪੂਰਵਾਂਗ ਵਿਚ ਰਾਮਕਲੀ ਅਤੇ ਉਤ੍ਰਾਂਗ ਵਿਚ ਬਿਲਾਵਲ ਦੇ ਮਧੁ ਅੰਗਾਂ ਦਾ ਅਜਿਹੀ ਪ੍ਰਬੀਨਤਾ ਨਾਲ ਮਿਸ਼ਰਣ ਕੀਤਾ ਜਾਂਦਾ ਹੈ ਜੋ ਕਿ ਦੋ ਭਿੰਨ ਰਾਗ ਹੁੰਦਿਆਂ ਹੋਇਆਂ ਵੀ ਏਕਤਾ ਦਾ ਪ੍ਰਭਾਵ ਉਘਾੜਦੇ ਹਨ। ਇਹੋ ਹੀ ਭਾਰਤੀ ਸੰਗੀਤ ਦੇ ਮਿਸ਼ਰਣ ਰਾਗਾਂ ਦੀ ਸਿਰਜਣਾ ਦਾ ਵਿਸ਼ੇਸ਼ ਰਹੱਸ ਹੈ। ਇਸ ਦੇ ਨਾਦ ਰੂਪ ਵਿਚ ਰਿਸ਼ਭ ਕੋਮਲ, ਦੋ ਮੱਧਿਅਮ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਸ਼ੁੱਧ ਮਧਿਅਮ ਅਤੇ

ਸੰਵਾਦੀ ਸ਼ੜਜ ਹੈ। ਇਸ ਦੇ ਆਰੋਹ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ ਇਸ ਲਈ ਜਾਤੀ ਵਕਰ-ਸੰਪੂਰਣ ਹੈ। ਰਾਗਾਂ ਦੇ ਵਰਗੀਕਰਣ ਦੀ ਵਰਤਮਾਨ ਜਨਕ-ਜੰਨਯ ਸਾਂ ਥਾਟ ਪੱਧਤੀ ਅਨੁਸਾਰ ਇਹ ਰਾਗ 10 ਥਾਟਾਂ ਵਿਚੋਂ ਕਿਸੇ ਥਾਟ ਵਿਚ ਨਹੀਂ ਸਮਾਉਂਦਾ। ਥਾਟ-ਉਪ-ਥਾਟ ਪ੍ਰਣਾਲੀ ਅਨੁਸਾਰ ਇਸ ਦਾ ਵਰਗੀਕਰਣ ਭੈਰਵ ਅਤੇ ਬਿਲਾਵਲ ਥਾਟ ਵਿਚ ਕਰ ਸਕਦੇ ਹਾਂ। ਇਸ ਰਾਗ ਦੇ ਗਾਇਨ ਦਾ ਨਿਸ਼ਚਿਤ ਸਮਾ ਸਵੇਰ ਦਾ ਪਹਿਲਾ ਪਹਿਰ ਹੈ ਪਰੰਤੂ ਗੁਰਮਤਿ ਦੇ ਰੀਤੀ-ਰਿਵਾਜਾਂ ਅਨੁਸਾਰ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ। ਇਸ ਰਾਗ ਦੇ ਨਿਕਟ ਵਰਤੀ ਰਾਗ ਰਾਮਕਲੀ ਅਤੇ ਬਿਲਾਵਲ ਹਨ। ਰਾਮਕਲੀ ਨਾਲੋਂ ਇਹ ਰਾਗ ਤੀਬਰ ਧੈਵਤ ਦੇ ਪ੍ਰਯੋਗ ਦੁਆਰਾ ਨਿਖੜ ਜਾਂਦਾ ਹੈ ਅਤੇ ਬਿਲਾਵਲ ਨਾਲੋਂ ਤੀਬਰ ਮੱਧਿਅਮ ਅਤੇ ਕੋਮਲ ਰਿਸ਼ਭ ਦੇ ਪ੍ਰਯੋਗ ਤੋਂ ਇਕ ਵਖਰਾ ਤੇ ਸੁਤੰਤਰ ਰੂਪ ਧਾਰਣ ਕਰ ਲੈਂਦਾ ਹੈ। ਕਿਤੇ ਕਿਤੇ ਇਸ ਦੇ ਚਲਨ ਵਿਚ ਕੇਦਾਰ ਰਾਗ ਦੀ ਝਲਕ ਵੀ ਦ੍ਰਿਸ਼ਟੀ ਗੋਚਰ ਹੁੰਦੀ ਹੈ ਜਿਵੇਂ : "ਮੰਪ ਧ ਨ਼ੀ ਧ ਪ ਮ"।

ਪਰੰਤੂ ਇਸ ਤੋਂ ਅਗੇ "ਪ ਗ, ਮ ਰੇ਼ ਰੇ਼, ਸਾ" ਸੁਰਾਵਲੀ ਦੇ ਪ੍ਰਯੋਗ ਦੁਆਰਾ ਇਹ ਰਾਗ ਫੇਰ ਤੋਂ ਸਪਸ਼ਟ ਹੋ ਜਾਂਦਾ ਹੈ। ਅਰਥਾਤ-ਸ਼ੁੱਧ ਗੰਧਾਰ ਅਤੇ ਕੋਮਲ ਰਿਸ਼ਭ ਦੇ ਪ੍ਰਯੋਗ ਦੁਆਰਾ ਇਹ ਰਾਗ ਆਪਣੇ ਨਿਕਟ ਵਰਤੀ ਜਾਂ ਸਮਪਕ੍ਰਿਤਕ ਰਾਗਾਂ ਨਾਲੋਂ ਭਿੰਨ ਹੋ ਜਾਂਦਾ ਹੈ।

ਰਾਮਕਲੀ ਆਨੰਦ ਰਾਗ, ਆਨੰਦ ਭੈਰਵ ਨਾਲ ਕਾਫੀ ਸਮਾਨਤਾ ਰਖਦਾ ਹੈ। ਆਨੰਦ ਭੈਰਵ ਵਿਚ ਭੈਰਵ ਅਤੇ ਬਿਲਾਵਲ ਦਾ ਮਿਸ਼ਰਣ ਹੈ ਅਤੇ ਇਸ ਰਾਗ ਵਿਚ ਰਾਮਕਲੀ ਅਤੇ ਬਿਲਾਵਲ ਦਾ। ਆਨੰਦ ਭੈਰਵ ਵਿਚ ਰਿਸ਼ਭ ਕੋਮਲ, ਨਿਸ਼ਾਦ ਦੋਵੇਂ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਪਰੰਤੂ ਰਾਮਕਲੀ ਅਨੰਦ ਵਿਚ ਦੋਵੇਂ ਮੱਧਿਅਮ ਹਨ ਜਿਸ ਕਾਰਣ ਇਹ ਆਨੰਦ ਭੈਰਵ ਤੋਂ ਵੱਖ ਹੋ ਜਾਂਦਾ ਹੈ। ਉੱਤਰੀ ਪੱਧਤੀ ਵਿਚ ਇਕ ਆਨੰਦ ਭੈਰਵੀ ਰਾਗ ਵੀ ਪ੍ਰਚਾਰ ਵਿਚ ਹੈ ਪਰੰਤੂ ਉਹ ਇਸ ਤੋਂ ਨਿਰਾਲਾ ਹੈ। ਆਨੰਦ ਭੈਰਵੀ ਆਸਾਵਰੀ ਥਾਟ ਦਾ ਰਾਗ ਹੈ। ਉਸ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਹਨ ਇਸ ਕਾਰਣ ਉਹ ਇਸ ਤੋਂ (ਰਾਮਕਲੀ ਆਨੰਦ ਤੋਂ) ਨਿਖੜ ਜਾਂਦਾ ਹੈ। ਆਨੰਦ, ਨੰਦ, ਆਨੰਦੀ ਜਾਂ ਆਨੰਦ ਕਲਿਆਣ, ਕਲਿਆਣ ਥਾਟ ਦਾ ਰਾਗ ਹੈ ਉਸ ਵਿਚ ਦੋਵੇਂ ਮੱਧਿਅਮ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਇਨ੍ਹਾਂ ਵਿਸ਼ੇਸ਼ਤਾਵਾਂ ਕਾਰਣ ਉਹ ਰਾਗ ਰਾਮਕਲੀ ਆਨੰਦ ਤੋਂ ਪੂਰਣ ਤੌਰ ਤੇ ਅੱਡ ਹੋ ਜਾਂਦਾ ਹੈ।

ਇਸ ਰਾਗ ਦੇ ਅੰਤਰੇ ਦਾ ਉਠਾਵ ਬਿਲਾਵਲ ਵਾਂਗ "ਪ ਪ ਨੀ ਧ ਨੀਸਾਂ" ਨਹੀਂ ਕੀਤਾ ਜਾਂਦਾ। ਇਸਦੇ ਸਥਾਨ ਤੇ "ਪ ਪ ਮੰ ਪ ਸਾਂ ਨੀਸਾਂ, ਰੇਂ ਰੇਂ ਸਾਂ" ਆਦਿ ਸੁਰਾਵਲੀਆਂ ਦੁਆਰਾ ਕਰਨ ਦੀ ਪ੍ਰਥਾ ਹੈ। ਅਤੇ ਅਵਰੋਹ ਵਿਚ ਵੀ "ਸਾਂ ਨੀ ਧਪ ਨ ਨ਼ੀ ਧਪ" ਇਸ ਤਰ੍ਹਾਂ ਨਹੀਂ ਲਿਆ ਜਾਂਦਾ। "ਸਾਂ, ਨੀਸਾਂ, ਧ ਨ਼ੀ ਧ ਪ, ਮੰ ਪ ਧ ਪ" ਦੇ ਰੂਪ ਵਿਚ ਪ੍ਰਯੋਗ ਕਰਨ ਨਾਲ ਇਹ ਰਾਗ ਵਧੇਰੇ ਸਪਸ਼ਟ ਹੁੰਦਾ ਹੈ। ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਸ

ਵਿਚ ਭਗਤੀ ਭਾਵ ਦੀਆਂ ਰਚਨਾਵਾਂ ਵਧੇਰੇ ਆਨੰਦਦਾਇਕ ਅਤੇ ਮਨੋਰੰਜਕ ਪ੍ਰਤੀਤ ਹੁੰਦੀਆਂ ਹਨ ।

ਆਰੋਹ : ਸਾ, ਨ਼ੀ ਸਾ ਗ ਗ ਮ, ਗ ਮ ਪ, ਮ' ਧ ਧ ਨ਼ੀ ਧ ਪ, ਮ'ਧ ਸਾਂ,

ਅਵਰੋਹ : ਸਾਂ, ਨੀਸਾਂ, ਧ ਨ਼ੀ ਧ ਪ, ਮ' ਪ ਮ, ਗ ਮ ਰੇ਼ ਰੇ਼ ਸਾ ।

ਮੁਖ ਅੰਗ : ਮ' ਪ ਧ ਨ਼ੀ ਧ ਪ ਮ, ਗ ਮ ਰੇ਼ ਰੇ਼, ਸਾ ।

ਸਮੁਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ 'ਰਾਮਕਲੀ ਅਨੰਦਾ' ਉੱਤਰੀ ਭਾਰਤੀ ਸੰਗੀਤ ਪੱਧਤੀ ਦਾ ਸੁਤੰਤਰ ਰਾਗ ਹੈ ਜਿਸ ਦਾ ਪ੍ਰਚਲਣ 16ਵੀਂ ਸਦੀ ਵਿਚ ਗੁਰੂ ਅਮਰਦਾਸ ਜੀ ਦੁਆਰਾ ਕੀਤਾ ਗਿਆ ਜਿਨ੍ਹਾਂ ਨੇ ਬਾਣੀ ਅਤੇ ਰਾਗ ਦੁਆਰਾ ਰਸ ਦੇ ਪ੍ਰਭਾਵ ਨੂੰ ਵਧੇਰੇ ਤੀਬਰਤਾ ਪ੍ਰਦਾਨ ਕੀਤੀ । ਇਸ ਤਰ੍ਹਾਂ ਗੁਰੂ ਸਾਹਿਬ ਦੁਆਰਾ ਰਾਗ ਤੇ ਬਾਣੀ ਦੇ ਸੁਮੇਲ ਨੂੰ ਉੱਤਰੀ ਭਾਰਤੀ ਸੰਗੀਤ ਪ੍ਰੰਪਰਾ ਵਿਚ ਨਵੀਂ ਦਿਸ਼ਾ ਪ੍ਰਦਾਨ ਕੀਤੀ ।

## ਸੁਰ ਵਿਸਤਾਰ

1. ਸਾ, ਸਾਰੇ਼ ਸਾ ਸਾ, ਨ਼ੀ ਸਾ, ਧ਼ ਨ਼ੀ ਪ਼, ਮ'਼ ਪ਼ ਧ਼ ਨ਼ੀ ਧ਼ ਪ਼, ਮ'ਪ਼, ਗ਼ ਮ਼,

ਗ਼ ਮ਼ ਪ਼, ਮ'਼ ਪ਼ ਸਾ, ਸਾ ਰੇ਼ ਸਾਸਾ, ਨ਼ੀ ਸਾਗ, ਗ ਮ ਰੇ਼ ਰੇ਼ ਸਾ, ਨ਼ੀ ਸਾ ਗ ਗ ਮ, ਮ ਮ ਗ ਮ ਰੇ਼ ਗ ਮ, ਰੇ਼ ਰੇ਼ ਸਾ, ਨ਼ੀ ਸਾ ਗ ਮ ਪ, ਮ'ਪ, ਗ ਮ ਪ ਗ ਮ, ਰੇ਼ ਰੇ਼ ਸਾ, ਨ਼ੀ ਨ਼ੀ ਰੇ਼ ਸਾ ।

2. ਨ਼ੀਸਾ ਗਮਪ, ਪ਼, ਪ, ਮ'ਪ ਗ ਮ ਰੇ਼, ਗ ਮ ਪ, ਮ'ਪ ਧ ਨ ਪ, ਧਧਪਧ ਮ'ਪ ਮ, ਗ ਮਰੇ਼, ਗ ਮ ਪ, ਮ'ਪ ਧਨ਼ੀ ਧਪ ਮ'ਪ ਮ, ਗਮ ਰੇ਼, ਗ ਮ ਧਧਪ, ਮ'ਧ ਪ ਧ ਧ ਨ਼ੀ ਧਪ, ਮ'ਪ ਸਾਂ, ਧਨ਼ੀ ਧਪ, ਪ ਪ ਮ'ਪ, ਸਾਂਰੇ਼ਂ ਨੀਸਾਂ ਧ ਨ਼ੀ ਧ ਪ, ਮ' ਧ ਧ ਨ਼ੀ ਧਪ, ਪ ਧ ਮ'ਪ ਗ ਮ ਰੇ਼, ਗ ਮ ਰੇ਼ ਗ ਪ ਮ, ਗ ਮ ਰੇ਼ ਰੇ਼ ਸਾ, ਨ਼ੀ ਨ਼ੀ ਰੇ਼ ਸਾ ।

3. ਸਾ ਰੇ਼ ਗ ਮ ਪ, ਮ' ਪ ਸਾਂ, ਸਾਂਰੇ਼ਂ ਨੀ ਸਾਂਧਨ਼ੀ ਧਪ, ਮ'ਪ ਸਾਂ ਮ'ਪ ਸਾਂ ਸਾਂ ਰੇ਼ਂ ਰੇ਼ਂ ਸਾਂ, ਨੀਸਾਂ ਗਂ ਮਂ ਪਂ, ਮ' ਪਂ ਗਂ ਮਂ ਰੇ਼ਂ ਗਂ ਮ'ਂ ਪਂ, ਮ' ਗਂ ਗਂ ਮਂ ਰੇ਼ਂ ਰੇ਼ਂ ਸਾਂ ਨੀਸਾਂ ਗਂ ਮਂ ਪਂ, ਮ' ਪਂ ਗਂ ਮਂ ਰੇ਼ਂ ਗਂ ਪ਼ ਮਂ ਪਂ, ਮਂ ਗਂ ਮਂ, ਰੇ਼ਂ ਰੇ਼ਂ ਸਾਂ, ਨੀਸਾਂ ਗਂ ਮਂ ਰੇ਼ਂ ਰੇ਼ਂ ਸਾਂ,

ਨੀ ਸਾਂਗ ਗਰੇ ਰੇ ਸਾਂ, ਨੀਸਾਂ ਰੇ ਰੇ ਸਾਂ, ਰੇ ਰੇ ਸਾਂਨੀ ਸਾਂ ਰੇ ਨੀਸਾਂ, ਧਨੀ ਧਪ, ਮੰ ਧ ਧਨੀ ਧਪ, ਧਪਮ, ਪ ਗ ਮ, ਰੇ ਰੇ ਸਾਂ, ਨੀ ਨੀ ਰੇ ਸਾਂ।

## ਰਾਮਕਲੀ ਮਹਲਾ ੩ ਅਨੰਦੁ ॥

ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥

(ਗੁ. ਗ੍ਰੰ. ਪੰਨਾ ੯੧੭)

## ਰਾਮਕਲੀ ਆਨੰਦ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| | | | | | | | | ਸਥਾਇ : | | | ਪ | ਮੰਪ | ਧਨ਼ੀ | ਧਪ | ਮੰਪ |
| | | | | | | | | | | | ਅ | ਨੰS | SS | ਦੁS | ਭਇ |
| ਮ | - | ਮ | ਮ | ਗਮ | ਰੇਗ | ਪ | ਮ | ਰੇ | ਰੇ | ਸਾ | - | - | ਨ਼ੀਸਾ | ਗ | ਮ |
| ਆ | S | ਮੇ | ਰੀ | ਮਾS | SS | S | S | ਏ | S | S | S | S | ਸS | ਤਿ | ਗੁ |
| ਪ | ਮੰ | ਪ | - | ਮੰਪ | ਸਾਂਸਾਂ | ਸਾਂਰੇਂ | ਨੀਸਾਂ | ਧਨ਼ੀ | ਪਧ | ਮੰਪ | | | | | |
| ਰੂ | S | ਮੇ | S | ਪਾS | SS | SS | SS | ਇਆ | SS | SS | | | | | |

| | | | |
|---|---|---|---|
| - | ਪਪ | ਮੰਮੰ | ਪ |
| ऽ | ਸਤਿ | ਗੁਰ | ਤਾ |
| - | ਨੀਸਾਂ | ਗਂ | ਮੰ |
| ऽ | ਮਨਿ | ਵ | ਜੀ |
| - | ਸਾਂ | ਨੀ | ਸਾਂ |
| ऽ | ਰਾ | ਗ | ਰ |
| - | ਨੀਸਾ | ਗ | ਮ |
| ऽ | ਸऽ | ਬ | ਦ |

ਅੰਤਰਾ :

| | | | |
|---|---|---|---|
| ਰੇਂ | ਰੇਂ | ਸਾਂ | - |
| ਸੇ | ऽ | ਤੀ | ऽ |
| ਧ | ਧ | ਨੀ | ਪ |
| ਈਆ | ऽ | ऽ | ऽ |
| ਗ | ਰੇ | ਸਾ | - |
| ਪ | ਰੀ | ਆ | ऽ |
| ਧਨੀ | ਪਧ | ਮੰਪ | |
| ਈਆ | ऽऽ | ऽऽ | |

| | | | |
|---|---|---|---|
| - | ਸਾਂ | ਸਾਂ | ਸਾਂ |
| ऽ | ਸ | ਹ | ਜ |
| ਨੀਸਾਂ | ਰੇਂ | ਨੀ | ਸਾਂ |
| ਧਾऽ | ऽ | ऽ | ऽ |
| ਮ | ਗ | ਪ | ਮ |
| ਵਾ | ऽ | ऽ | ਰ |
| ਮੰਪ | ਸਾਂਸਾਂ | ਸਾਂਰੇਂ | ਨੀਸਾਂ |
| ਆऽ | ऽऽ | ऽऽ | ऽऽ |

| | | | |
|---|---|---|---|
| ਸਾਂ | - | ਸਾਂ | - |
| ਪਾ | ऽ | ਇਆ | ऽ |
| ਰੇਂ | ਰੇਂ | ਸਾਂ | ਸਾਂ |
| ਆ | ऽ | ऽ | ਵਾ |
| ਧ | ਨੀ | ਪ | ਪ |
| ਤ | ਨ | ਪ | ਰ |
| ਪ | ਮੰ | ਪ | ਪ |
| ਗਾ | ऽ | ਵ | ਣ |

# ਰਾਗ ਨਟ ਨਾਰਾਇਨ

ਨਟ ਨਾਰਾਇਨ ਰਾਗ ਦੇ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਰਾਗ ਸਰੂਪ ਮਿਲਦਾ ਹੈ, ਨਟ।

ਅਰਥਾਤ : ਇਸ ਰਾਗ ਦਾ ਆਰੰਭ ਨਟ ਨਾਰਾਇਨ ਨਾਲ ਹੈ ਅਤੇ ਇਸ ਤੋਂ ਅਗੇ 'ਨਟ' ਰਾਗ ਅੰਕਿਤ ਹੈ। ਇਨ੍ਹਾਂ ਦੋਹਾਂ ਰਾਗਾਂ ਵਿਚ ਸਮਾਨਤਾ ਅਤੇ ਭਿੰਨਤਾ ਅਗਲੇ ਪੰਨਿਆਂ 'ਤੇ ਦਰਸਾਈ ਗਈ ਹੈ।

ਨਟ ਨਾਰਾਇਨ ਭਾਰਤੀ ਸੰਗੀਤ ਦਾ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਰਾਗ-ਰਾਗਣੀ ਪਧਤੀ ਮੰਨਣ ਵਾਲੇ ਮੱਤਾਂ ਵਿਚੋਂ ਇਕ ਮੱਤ ਨੇ ਇਸ ਨੂੰ 6 ਪ੍ਰਮੁਖ ਰਾਗਾਂ ਵਿਚ ਮੰਨਿਆ ਹੈ ਜੋ ਇਸਦੀ ਪੁਰਾਤਨਤਾ ਅਤੇ ਪ੍ਰਸਿੱਧੀ ਦਾ ਸੂਚਕ ਹੈ।

ਵਿਦਵਾਨਾਂ ਨੇ ਨਟ ਨਾਰਾਇਨ ਰਾਗ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਕੁਝ ਕੀਰਤਨਕਾਰ ਦੋਵੇਂ ਮੱਧਿਅਮ ਵਰਤਦੇ ਹਨ ਪਰੰਤੂ ਸੰਗੀਤ ਵਿਦਵਾਨ ਇਸ ਵਿਚ ਕੇਵਲ ਸ਼ੁੱਧ ਮੱਧਿਅਮ ਦਾ ਹੀ ਪ੍ਰਯੋਗ ਕਰਦੇ ਹਨ। ਇਸ ਰਾਗ ਦੇ ਆਰੋਹ ਵਿਚ ਸੱਤ ਸੁਰ ਅਤੇ ਅਵਰੋਹ ਵਿਚ ਧੈਵਤ ਅਤੇ ਗੰਧਾਰ ਸੁਰ ਵਕਰ ਢੰਗ ਨਾਲ ਲਾਏ ਜਾਂਦੇ ਹਨ ਇਸ ਲਈ ਕਲਾਕਾਰ ਇਸ ਦੀ ਜਾਤੀ ਸੰਪੂਰਣ-ਔਡਵ ਜਾਂ ਵਕਰ ਸੰਪੂਰਣ ਸਵੀਕਾਰਦੇ ਹਨ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਰਿਸ਼ਭ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਪੰਡਿਤ ਵੀ. ਐਨ. ਭਾਤਖੰਡੇ ਜਿਨ੍ਹਾਂ ਨੂੰ ਸੰਗੀਤ ਦੇ ਖੇਤਰ ਵਿਚ ਪ੍ਰਾਅਧਿਕਾਰੀ ਮੰਨਿਆ ਜਾਂਦਾ ਹੈ, ਇਸ ਰਾਗ ਦਾ ਇਸ ਤਰ੍ਹਾਂ ਉਲੇਖ ਕਰਦੇ ਹਨ, "ਨਟ ਨਾਰਾਇਣ ਨਾਵਾਂ 'ਚ ਏਕ ਰਾਗ ਨਟਾਂ ਦਾ ਪ੍ਰਕਾਰ ਆਹੇ ਤਯਾਂਤ ਧੈਵਤ ਅਵਰੋਹਾਂਤ ਸਪਸ਼ਟ ਘੇਤਲਾ ਜਾਤੋ ਵ ਮੱਧਿਆਮਾਵਰ ਨਟਾ ਸਾਰਖਾ ਨਿਯਾਮ ਕੇਲਾ ਜਾਤ ਨ ਹੀ। ਆਰੋਹਾਂਤ ਨਿਸ਼ਾਦ ਦੁਰਬਲ ਆਹੇ। ਬਾਕੀ ਸਾਰਾ ਨਟਚ ਆਹੇ।" (ਕ੍ਰਮਿਕ ਪੁਸਤਕ ਮਾਲਿਕਾ" ਭਾਗ ਪੰਜ ਪੰਨਾ 128)

"ਗੁਰਮਤ ਸੰਗੀਤ" ਪੁਸਤਕ ਦੇ ਸਤਿਕਾਰਯੋਗ ਲੇਖਕ ਨੇ ਇਸ ਰਾਗ ਬਾਰੇ ਸਾਨੂੰ ਇਸ ਪ੍ਰਕਾਰ ਦੀ ਰਹਨੁਮਾਈ ਪ੍ਰਦਾਨ ਕੀਤੀ ਹੈ।

"ਨਟ ਨਾਰਾਇਨ—ਗੁਰਮਤਿ ਸੰਗੀਤ ਵਿਚ ਮੇਘ ਦਾ ਪੁੱਤ੍ਰ ਹੈ", ਜਿਹਾ ਕੁ "ਜਬਲੀਧਰ ਨਟ ਅਉਜਲਧਾਰਾ॥" ਹਮੀਰ ਕਲਯਾਨ ਦੇ ਮੇਲ ਕਰਕੇ ਨਟ ਬਣਦਾ ਹੈ ਪਰੰਤੂ ਹੋਰਨਾਂ ਮੱਤਾਂ ਵਿਚ ਸ਼ਿਵ ਮੱਤ ਅਤੇ ਕਲੀ ਨਾਥ ਮੱਤ ਵਿਚ ਪੂਰਣ ਸ਼ੁੱਧ ਰਾਗ ਮੰਨਿਆ ਹੈ ਅਤੇ

ਰਾਗਾਰਣਵ ਦੇ ਮਤ ਵਿਚ ਨਾਟ ਰਾਗ ਦੀ ਰਾਗਣੀ ਮੰਨੀ ਹੈ ਅਤੇ ਭਗਤ ਮੱਤ ਵਿਚ ਦੀਪਕ ਦਾ ਪੁਤ੍ਰ ਨਟ ਨਾਰਾਇਣ ਹੋਇਆ ਹੈ।"

(ਗੁਰਮਤ ਸੰਗੀਤ, ਪੰਨਾ 27)

ਉਪਰੋਕਤ ਹਵਾਲੇ ਵਿਚ ਡਾ: ਸਾਹਿਬ ਨਟ ਨਾਰਾਇਣ ਰਾਗ ਦੀ ਵਿਆਖਿਆ ਕਰ ਰਹੇ ਹਨ ਅਤੇ ਰਾਗ ਮਾਲਾ ਦਾ ਉਦਾਹਰਣ ਕੇਵਲ "ਨਟ" ਰਾਗ ਵਲ ਸੰਕੇਤ ਕਰਦਾ ਹੈ। ਇਸ ਬਾਰੇ ਦਿਤੇ ਮਤਾਂ ਵਿਚ ਇਕੋ ਰਾਗ ਦੇ ਸੰਬੰਧ ਵਿਚ ਕਿਤਨਾ ਵਿਰੋਧਾਭਾਸ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਕ ਸੰਗੀਤ ਸਾਧਕ ਦਾ ਇਹ ਹਵਾਲੇ ਕਿਤਨਾ ਕੁ ਪੱਖ ਪ੍ਰਦਰਸ਼ਨ ਕਰਦੇ ਹਨ, ਇਹ ਸਹਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

ਆਰੋਹੀ : ਸਾ ਰੇ ਗ ਮ ਰੇ ਸ, ਗ ਮ ਪ, ਧ ਨੀਸਾਂ

ਅਵਰੋਹੀ : ਸਾਂ ਧਪ ਗਮ ਧਪ, ਗਮ ਰੇ ਸਾ।

ਮੁਖ ਅੰਗ : ਸਾ ਰੇ ਸਾ, ਪ, ਧਪ, ਗਮਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ, ਧ਼ਧ਼ਪ਼, ਧ਼ਪ਼, ਧ਼ਪ਼, ਸਾ ਸਾਰੇ ਸਾਸਾ, ਗਮ ਰੇਸਾ। ਸਾਰੇ ਸਾਸਾ, ਪ, ਗਮ ਰੇ ਸਾ, ਧ਼ ਧ਼ ਪ਼ਪ਼ ਸਾਰੇ ਸਾ, ਗ ਮ ਰੇ ਸਾ।

2. ਸਾ ਗ ਗਮ ਰੇਸਾ, ਧ਼ ਪ਼ ਸਾ, ਸਾਰੇ ਗਮਪ, ਗਮ ਧਧਪ, ਗਮ ਪ ਗਮ ਰੇਸਾ ਸਾਰੇ ਰੇ ਗ ਗ ਮ ਮਪ, ਸਾਰੇ ਗ ਮਪ ਗਮ ਧਪ, ਨੀਧਸਾਂ ਧਪ, ਗ ਮਪ, ਧਧ ਪਪ, ਸਾਰੇ ਸਾ, ਧ਼ ਪ਼ ਸਾ, ਸਾਰੇ ਸਾਸਾ ਗਮ ਰੇ ਸਾ, ਪ ਧ ਪਪ, ਗ ਮ ਰੇ ਸਾ, ਸਾਰੇ ਰੇਗ ਗਮ ਸਾਰੇਗਾ।

3. ਪ ਪ ਧਪ ਸਾਂ, ਸਾਂ ਸਾਂ ਧਪ ਸਾਂਰੇਂ ਸਾਂ, ਗਂ ਮਂ ਰੇਂ ਸਾਂ ਧਪਸਾਂ, ਸਾਂਰੇਂ ਸਾਂ ਸਾਂ ਧਪ ਗਮ ਰੇਸਾ ਪ ਪ ਸਾਂ, ਸਾਂਰੇਂ ਗਂਮਂ ਪਂ, ਗਂ ਮਂ ਰੇਂਸਾਂ ਰੇਂਸਾਂ ਧਧ ਪਪ ਸਾਂ, ਧਪ, ਗਮ ਪ ਗਮ ਧਧਪ, ਧਧਪਧ ਪ, ਗਮ ਸਾਰੇਸਾ, ਸਾਰੇਗਮ ਪ ਪ ਸਾਂਸਾਂ ਧ ਪ ਗਮ, ਸਾਰੇ ਸਾ, ਧ਼ ਪ਼ ਸਾ।

## ਨਟ ਨਰਾਇਨ ਮਹਲਾ ੫ ਦੁਪਦੇ ॥

ੴ ਸਤਿਗੁਰ ਪ੍ਰਸਾਦਿ ॥

ਉਲਾਹਨੋ ਮੈ ਕਾਹੂ ਨ ਦੀਓ ॥
ਮਨ ਮੀਠ ਤੁਹਾਰੋ ਕੀਓ ॥ ੧ ॥ ਰਹਾਉ ॥
ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥ ੧ ॥
ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥
ਸਾਧ ਸੰਗਿ ਨਾਨਕ ਪਰਗਾਸਿਓ ਆਨ ਨਹੀ ਰੇ ਬੀਓ ॥ ੨ ॥ ੧ ॥ ੨ ॥

(ਗੁ. ਗ੍ਰੰ. ਪੰਨਾ ੯੭੮)

ਸਥਾਈ :

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | ਪ | ਗ | ਮ | ਧ | ਪ | ਗ | ਮ | ਰੇ | ਸਾ | - | ਸਾਰੇ | ਸਾਂਸਾ | ਸਾ |
| | | | ਉ | ਲਾ | ऽ | ऽ | ਹ | ਨੰ | ऽ | ਮੈ | ऽ | ऽ | ਕਾऽ | ਹੂऽ | ਨ |
| ਪ | - | ਪ | ਸਾਂਸਾ | ਰੇ | - | ਗ | ਗ | ਰੇਗ | ਮਧ | ਪ | ਪ | ਸਾਂਰੇਂ | ਸਾਂਸਾਂ | ਧਪ | ਗਮ |
| ਦੀ | ऽ | ਓ | ਮਨ | ਮੀ | ऽ | ਠ | ਤੁ | ਹਾऽ | ऽऽ | ऽ | ਤੇ | ਕੀऽ | ऽऽ | ऽऽ | ऽऽ |
| ਧਪ | ਗਮ | ਸਾਰੇਂ | ਸਾ | | | | | | | | | | | | |
| ऽऽ | ऽऽ | ਉऽ | ऽ | | | | | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | - | ਪ | - | ਪ | ਸਾਂ | - | ਸਾਂ | ਸਾਂ | - | ਸਾਂ | ਸਾਂ | ਸਾਂ |
| | | | | ऽ | ਆ | ऽ | ਗਿਆ | ਮਾ | ऽ | ਨਿ | ਜਾ | ऽ | ਨਿ | ਸੁ | ਖੁ |
| ਸਾਂ | ਰੇਂ | ਸਾਂ | - | ਧ | ਧ | ਧ | ਧ | ਸਾਂ | - | ਸਾਂ | ਸਾਂ | ਸਾਂ | ਰੇਂ | ਸਾਂ | - |
| ਪਾ | ऽ | ਇਆ | ऽ | ਸੁ | ਨਿ | ਸੁ | ਨਿ | ਨਾ | ऽ | ਮ | ਤੂ | ਹਾ | ऽ | ਰੋ | ऽ |
| ਧ | ਧ | ਪ | - | ਧऽ | ਪ | - | ਰੇ | ਰੇ | ਗ | ਗ | ਮ | ਗਮ | ਧਪ | ਗ | ਮ |
| ਜੀ | ऽ | ਓ | ऽ | ਦੀ | ऽ | ਹਾऽ | ਉ | - | ਹਾ | ਹ | ਰਿ | ਤੁऽ | ਮऽ | ਹੀ | ऽ |
| ਸਾ | ਰੇ | ਸਾ | ਸਾਸਾ | ਰੇ | ਰੇ | ਗ | - | ਰੇਗ | ਮਧ | ਪ | ਪ | ਸਾਂਰੇ | ਸਾਂਸਾਂ | ਧਪ | ਗਮ |
| ਤੁ | ਮ | ਹੀ | ਇਹੁ | ਗੁ | ਰੇ | ਤੇ | ऽ | ਮੰऽ | ऽऽ | ਤ੍ਰ | ਦ੍ਰਿ | ਤੀऽ | ऽऽ | ऽऽ | ऽऽ |
| ਧਪ | ਗਮ | ਸਾਰੇ | | | | | | | | | | | | | |
| ऽऽ | ऽऽ | ਉऽ | | | | | | | | | | | | | |

## ਰਾਗ ਨਟ

ਨਟ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਮਹੱਤਵਪੂਰਣ ਸਥਾਨ ਹੈ। ਸੰਗੀਤਕਾਰ ਇਸ ਨੂੰ ਰਗਾਂਗ ਰਾਗ ਮੰਨਦੇ ਹਨ ਕਿਉਂ ਜੋ ਇਸ ਦੇ ਸੰਜੋਗ ਤੋਂ ਨਟ ਦੇ ਅਨੇਕ ਪ੍ਰਕਾਰ ਪ੍ਰਚਾਰ ਵਿਚ ਆਏ ਹਨ ਜਿਵੇ : ਨਟ ਨਾਰਾਇਣ, ਨਟ ਬਿਲਾਵਲ, ਛਾਇਆ ਨਟ, ਹਮੀਰ ਨਟ, ਕੇਦਾਰ ਨਟ, ਨਟ ਬਿਹਾਗ, ਨਟ ਮਲਾਰ, ਕਾਮੋਦ ਨਟ, ਨਟ ਭੈਰਵ, ਆਦਿ। ਨਟ ਦੇ ਇਹ ਪ੍ਰਕਾਰ ਮੱਧ ਕਾਲ ਤੋਂ ਵਰਤਮਾਨ ਸਮੇਂ ਤਕ ਪ੍ਰਚਲਿਤ ਹਨ ਜੋ ਕਿ ਨਟ ਦੇ ਪ੍ਰਕਾਰ ਹੁੰਦਿਆਂ ਹੋਇਆਂ ਵੀ ਇਕ ਸੁਤੰਤਰ ਅਤੇ ਨਿਵੇਕਲੇ ਰੂਪ ਦੇ ਧਾਰਣੀ ਹਨ।

ਨਟ ਰਾਗ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਨਟ ਨਾਰਾਇਣ ਰਾਗ ਦੇ ਅਧੀਨ ਉਪਲੱਬਧ ਹੁੰਦਾ ਹੈ। ਇਸ ਰਾਗ ਵਿਚ ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਵਿਚ ਅੰਕਿਤ ਹੈ। ਨਟ ਰਾਗ ਨਟ ਨਾਰਾਇਨ ਤੋਂ ਭਿੰਨ ਅਤੇ ਸੁਤੰਤਰ ਰਾਗ ਹੈ। ਜਿਥੇ ਗੁਰੂ ਦੇਵ ਨੇ ਨਟ ਨਾਰਾਇਣ ਰਾਗ ਦੀ ਵਰਤੋਂ ਕੀਤੀ ਹੈ ਉਥੇ ਸਪਸ਼ਟ ਤੌਰ 'ਤੇ ਮੰਗਲਾ ਚਰਣ ਤੋਂ ਉਪਰੰਤ "ਰਾਗੁ ਨਟ ਨਾਰਾਇਣ ਮਹਲਾ ੪॥" ਸਿਰਲੇਖ ਹੈ। ਜਿਥੇ ਇਸ ਰਾਗ ਦੇ ਅਧੀਨ "ਨਟ ਮਹਲਾ ੪॥" ਜਾਂ "ਨਟ ਮਹਲਾ ੫॥" ਤਾਂ ਨਟ ਸੰਕੇਤ ਹੈ। ਜਿਸਤੋਂ ਰਾਗਾਂ ਦੇ ਸੁਤੰਤਰ ਹੋਣ ਬਾਰੇ ਗੁਰੂ ਸਾਹਿਬਾਨ ਦੀ ਸੰਗੀਤਕ ਸੂਝ ਦਾ ਬੋਧ ਹੁੰਦਾ ਹੈ। ਇਨ੍ਹਾਂ ਰਾਗਾਤਮਕ ਸੂਖਮ ਭੇਦਾਂ ਨੂੰ ਕੋਈ ਮਹਾਨ ਆਚਾਰੀਆ ਜਾਂ ਅਨੁਭਵੀ ਕਲਾਕਾਰ ਹੀ ਸਮਝ ਸਕਦਾ ਹੈ, ਸਾਧਾਰਣ ਵਿਅਕਤੀ ਦੀ ਪਹੁੰਚ ਤੋਂ ਇਹ ਬਹੁਤ ਉਚੇਰੀ ਵਸਤੂ ਹੈ।

ਵਰਤਮਾਨ ਸਮੇਂ ਦੀ ਪ੍ਰਚਲਿਤ ਰਾਗ-ਥਾਟ-ਵਰਗੀਕਰਣ ਪੱਧਤੀ ਅਨੁਸਾਰ ਸੰਗੀਤਕਾਰਾਂ ਨੇ ਇਸ ਰਾਗ ਦੀ ਰਚਨਾ ਬਿਲਾਵਲ ਥਾਟ ਦੇ ਅੰਤਰਗਤ ਮੰਨੀ ਹੈ। ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਨਟ ਦੇ ਆਰੋਹ ਵਿਚ ਵਕਰ ਰੀਤ ਨਾਲ ਸੱਤ ਸੁਰ ਪ੍ਰਯੋਗ ਹੁੰਦੇ ਹਨ ਅਤੇ ਅਵਰੋਹ ਵਿਚ ਧੈਵਤ ਅਤੇ ਗੰਧਾਰ ਵਕਰ ਹਨ ਇਸ ਲਈ ਜਾਤੀ ਵਕਰ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸ਼ੜਜ ਸੰਵਾਦੀ ਹੈ। ਨਟ ਨਾਰਾਇਨ ਰਾਗ ਵਿਚ ਪੰਚਮ ਵਾਦੀ ਅਤੇ ਸ਼ੜਜ ਸੰਵਾਦੀ ਹੈ। ਸੰਗੀਤ ਸ਼ਾਸਤਰ ਦਾ ਇਹ ਪ੍ਰਸਿੱਧ ਨਿਯਮ ਹੈ ਕਿ "ਵਾਦੀ ਭੇਦੇ ਰਾਜਾ ਭੇਦ।" ਅਰਥਾਤ ਦੋ ਰਾਗਾਂ ਵਿਚ ਸੁਰ ਸਮਾਨ ਲਗਣ ਤੋਂ ਵੀ ਉਹ ਵਾਦੀ ਸੁਰ ਵਿਚ ਭਿੰਨਤਾ ਹੋਣ ਕਾਰਣ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਗੰਧਾਰ ਸੁਰ ਦੇ ਸੰਜੋਗ ਨਾਲ ਮੱਧਿਅਮ ਸੁਰ ਪ੍ਰਬਲ ਰਹਿੰਦਾ ਹੈ। ਮੱਧਿਅਮ ਤੇ ਵਿਸ਼ੇਸ਼ ਤੌਰ 'ਤੇ ਨਿਆਸ ਕਰਨ ਨਾਲ ਇਸ ਰਾਗ ਦੀ ਸੁੰਦਰਤਾ ਵਿਚ ਇਕ ਅਨੋਖਾ ਨਿਖਾਰ ਆ ਜਾਂਦਾ ਹੈ। ਉਦਾਹਰਣ ਵਜੋ। "ਸਾ, ਗਮ, ਮ ਪ ਮ, ਗ ਮ।" ਅਤੇ ਇਸ ਤੋਂ ਉਪਰੰਤ "ਰੇ ਗ ਮ ਪ, ਸਾ ਰੇ ਸਾ" ਸੁਰਾਵਲੀ ਦੁਆਰਾ ਇਸ ਰਾਗ ਨੂੰ ਸਾਕਾਰ ਕੀਤਾ ਜਾਂਦਾ

ਹੈ। ਨਟ ਰਾਗ, ਛਾਇਆ ਨਟ ਦੇ ਬੜਾ ਨਿਕਟ ਹੈ ਪਰ ਛਾਇਆ ਨਟ ਵਿਚ ਤੀਬਰ ਮੱਧਿਅਮ ਅਤੇ ਕੋਮਲ ਨਿਸ਼ਾਦ ਵੀ ਵੀ ਪਰਯੋਗ ਹੁੰਦਾ ਹੈ ਪਰ ਨਟ ਵਿਚ ਕੇਵਲ ਸੁਧ ਸੁਰ ਹੀ ਵਰਤੇ ਜਾਂਦੇ ਹਨ ਜਿਸ ਕਾਰਣ ਇਹ ਦੋਵੇਂ ਇਕ ਦੂਜੇ ਨਾਲੋਂ ਸੁਰਾਂ ਦੇ ਆਧਾਰ 'ਤੇ ਭਿੰਨ ਹੋ ਜਾਂਦੇ ਹਨ। ਇਸ ਰਾਗ ਵਿਚ ਕਦੇ ਕਦੇ ਕੋਮਲ ਨਿਸ਼ਾਦ ਵਿਵਾਦੀ ਸੁਰ ਦੇ ਰੂਪ ਵਿਚ ਲਿਆ ਜਾਂਦਾ ਹੈ।

ਆਰੋਹ : ਸਾ, ਗ ਮ, ਪ ਗ ਮ, ਰੇ ਗ ਮ ਪ, ਧ ਨੀਸਾਂ।

ਅਵਰੋਹ : ਸਾਂ ਧ, ਨੀਪ, ਮ ਗ, ਰੇਗ, ਮ ਪ, ਸਾਰੇ, ਸਾ।

ਮੁੱਖ ਅੰਗ : ਸਾ, ਗ ਗ ਮ, ਪ ਗ ਮ, ਰੇ ਗ ਮ ਪ ਗ, ਸਾ ਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਗਗਮ, ਮਗ, ਸਾਰੇ, ਸਾ, ਨ਼ੀ ਧ਼ ਨ਼ੀ ਪ਼, ਮ਼ਮ਼ਪ਼, ਮ਼ਗ਼, ਗ਼ ਮ਼, ਗ਼ਗ਼ ਮ਼, ਰੇ ਗ਼ ਮ਼ ਪ਼, ਮ਼ਪ਼, ਨ਼ੀਸਾ, ਸਾਰੇ ਸਾਸਾ ਗ ਗ ਮ, ਮ ਪ ਮ, ਗਗਮ, ਗਮ ਧਪ ਧਗਮ, ਮਪ ਧਨੀ ਨੀ ਪ, ਧਧ ਪਧ ਮਪ ਗਮ, ਰੇਗ ਮਪ, ਮਗ, ਸਾਰੇ, ਸਾ।

2. ਸਾਰੇ ਸਾਸਾ, ਰੇ ਗ ਰੇ ਰੇ, ਗ ਗ ਮ, ਪ਼ ਧ਼ ਪ਼ ਪ਼, ਸਾਰੇ ਸਾਸਾ, ਗਗਮ, ਰੇ ਗ ਗ ਮ ਪ ਮ, ਗ ਮ ਸਾ ਰੇ ਸਾ, ਰੇ ਗ ਮ ਪ ਸਾਂ, ਧਨੀਪ, ਮ ਪ ਮਗਮ, ਸਾਸਾ ਗ ਗ ਮ, ਪ ਮ, ਰੇ ਗ ਮ ਪ, ਗ ਮ ਪ, ਸਾਰੇ, ਸਾ।

3. ਪ ਪ ਸਾਂ, ਸਾਂਰੇਸਾਂ, ਸਾਂਨੀਧਪ ਰੇ ਗ ਮ ਪ ਸਾਂ, ਸਾਂ ਰੇਂ ਸਾਂ। ਮ ਪ ਧਸਾਂ, ਨੀਸਾਂ ਰੇਂ ਰੇਂ ਸਾਂਰੇਂ ਨੀਸਾਂ, ਧ ਨੀਪ, ਪ ਪ ਸਾਂ, ਸਾਂਰੇਂ ਸਾਂਸਾਂ ਗਂਗਂਮਂ, ਰੇਂਸਾਂ, ਸਾਂ ਸਾਂ ਗਂ ਗਂ ਮਂ, ਰੇਂ ਸਾਂ, ਸਾਂ ਸਾਂ ਗਂ ਗਂ ਮਂ, ਮਂ ਪਂ ਮਂ ਗਂ ਮਂ, ਰੇਂ ਗਂ ਮਂ ਪਂ ਮਂ ਗਂ, ਸਾਂ ਰੇਂ ਸਾਂ, ਸਾਂਨੀ ਧਨੀ ਸਾਂਰੇਂ ਨੀਸਾਂ, ਨੀਧਨੀਪ, ਮ ਪ ਮ ਗ ਮ, ਰੇਗ ਮ ਪ ਸਾਂ ਧਨੀ ਸਾਂ, ਧਧ ਪ ਪ, ਰੇਗ ਗਮ ਮਪ, ਮ ਗ ਮ, ਰੇ ਗ ਮ ਪ, ਸਾ ਰੇ ਸਾ।

## ਨਟ ਮਹਲਾ ੫ ॥

ਜਾ ਕਉ ਭਈ ਤੁਮਾਰੀ ਧੀਰ ॥
ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥ ੧ ॥ ਰਹਾਉ ॥
ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ ॥
ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ ॥ ੧ ॥
ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥
ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ ॥ ੨ ॥ ੨ ॥ ੩ ॥

(ਗੁ. ਗ੍ਰੰ. ਪੰਨਾ ੯੭੮-੭੯)

## ਰਾਗ ਨਟ ਤ੍ਰਿਤ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | ਸਥਾਈ : | | ਸਾਰੇ | ਸਾਸਾ | ਗ | ਰੇਗ |
| | | | | | | | | | | | | ਜਾS | SS | ਕਉ | SS |
| ਮ | ਮ | ਮ | ਮ | ਰੇਗ | ਮਪ | ਮ | ਗ | ਮ | ਰੇ | ਸਾ | ਸਾ | ਸਾ | ਸਾ | ਗ | ਰੇਗ |
| ਭ | ਈ | S | ਤੁ | ਮਾS | SS | ਰੀ | S | ਧੀ | S | S | ਰ | ਜ | ਮ | ਕੀ | SS |
| ਮ | ਰੇ | ਸਾ | ਸਾ | ਨ਼ੀਸਾਂ | ਰੇਂਹੇਂ | ਸਾਨ਼ੀ | ਸਾ | ਧ਼ | ਨ਼ੀ | ਪ਼ | | ਸਾ | ਸਾ | ਗ | ਰੇਗ |
| ਤ੍ਰਾ | S | ਸ | ਮਿ | ਟੀS | SS | ਸੁ | ਖੁ | ਪਾ | S | ਇਆ | S | ਨਿ | ਕ | ਸੀS | |
| ਮ | ਧ | ਪ | - | ਸਾਂਸਾਂ | ਧਪ | ਧਪ | ਰੇਗ | ਮਪ | ਮਗ | ਮਰੇ | ਸਾ | | | | |
| ਹਉ | S | ਮੈ | S | ਪੀS | SS | SS | SS | SS | SS | SS | ਰ | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ : | | | | ਪ | ਪ | ਪ | ਪ |
| | | | | | | | | | | | | ਤ | ਪ | ਤਿ | ਬੁ |
| ਸਾਂ | - | ਸਾਂ | - | ਸਾਂ | - | ਸਾਂ | ਸਾਂ | ਸਾਂ | ਰੇਂ | ਸਾਂ | - | ਸਾਂ | ਸਾਂ | ਗਂਰੇਂ | ਗਂ |
| ਬਾ | ऽ | ਨੀ | ऽ | ਅੰ | ऽ | ਮ੍ਰਿ | ਤ | ਬਾ | ऽ | ਨੀ | ऽ | ਤ੍ਰਿ | ਪ | ਤੇ | ਜਿਉ |
| ਮ | ਰੇਂ | ਸਾਂ | ਸਾਂ | ਸਾਂ | ਨੀਸਾਂ | - | - | ਧ | ਧ | ਨੀ | ਪ | ਪ | ਰੇਂ | ਸਾਂ | ਸਾਂ |
| ਬਾ | ऽ | ਕਿ | ਕ | ਖੀऽ | ऽऽ | ऽऽ | | ऽ | ऽ | ऽ | ਰੁ | ਮਾ | ऽ | ਤ | ਪਿ |
| ਧ | ਨੀ | ਪ | - | ਰੇ | ਗ | ਰੇਗ | ਮਪ | ਮੰ | ਗ | ਮ | ਰੇ | ਸਾਰੇ | ਸਾਸਾ | ਗਰੇਗ | |
| ਤਾ | ऽ | ਸਾ | ऽ | ਜ | ਨ | ਸੰऽ | ਤऽ | ਮੰ | ऽ | ਰੇ | ऽ | ਸੰऽ | ऽऽ | ਤ | ਸऽ |
| ਮ | ਧ | ਪ | - | ਸਾਂਸਾਂ | ਧਪ | ਧਪ | ਰੇਗ | ਮਪ | ਮਗ | ਮਰੇ | ਸਾ | | | | |
| ਹਾ | ऽ | ਈ | ऽ | ਬੀऽ | ऽऽ | ऽऽ | ऽऽ | ऽऽ | ऽऽ | ऽऽ | ਰ | | | | |

# ਰਾਗ ਮਾਲੀ ਗਉੜਾ (ਮਾਲੀ ਗੌਰਾ)

ਮਾਲੀ ਗਉੜਾ, ਭਾਰਤੀ ਸੰਗੀਤ ਦੇ ਅਤਿ ਅਲਪ ਪ੍ਰਸਿੱਧ ਜਾਂ ਅਪ੍ਰਚਲਿਤ ਰਾਗਾਂ ਦੇ ਵਰਗ ਦਾ ਇਕ ਕਠਿਨ ਰਾਗ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਵਿਚ ਗੁਰੂ ਰਾਮਦਾਸ ਜੀ ਦੇ 6 ਸ਼ਬਦ, ਗੁਰੂ ਅਰਜਨ ਦੇਵ ਜੀ ਦੇ 8 ਅਤੇ ਭਗਤ ਨਾਮ ਦੇਵ ਜੀ ਦੇ 3 ਸ਼ਬਦ ਉਪਲਬੱਧ ਹੁੰਦੇ ਹਨ।

ਭਾਰਤੀ ਸੰਗੀਤ ਦੇ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿਚ ਇਸ ਰਾਗ ਦਾ ਵਰਨਣ ਨਹੀਂ ਮਿਲਦਾ। ਮੱਧ ਕਾਲੀਨ ਗ੍ਰੰਥ ਜਿਵੇਂ : ਸੰਗੀਤ ਰਤਨਾਕਰ, ਸੰਗੀਤ ਦਰਪਣ, ਰਾਗ ਵਿਬੋਧ, ਸਵਰ ਮੇਲ ਕਲਾਨਿਧੀ, ਸੰਗੀਤ ਸਾਰਾਮ੍ਰਿਤ, ਚਤੁਰਦੰਡੀ ਪ੍ਰਕਾਸ਼ਿਕਾ, ਰਾਗ ਚੰਦ੍ਰਿਕਾ, ਸੰਗੀਤ ਸਮਯਸਾਰ, ਅਨੂਪ ਵਿਲਾਸ ਆਦਿ ਵਿਚ ਗੌਰੀ ਰਾਗ ਦਾ ਤਾਂ ਬਿਉਰਾ ਮਿਲਦਾ ਹੈ ਪਰੰਤੂ ਮਾਲੀ ਗਉੜਾ ਦਾ ਕਿਧਰੇ ਵੀ ਉਲੇਖ ਨਹੀਂ ਕੀਤਾ ਗਿਆ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਮਾਲੀ ਗਉੜਾ ਰਾਗ ਭਾਰਤੀ ਸੰਗੀਤ ਨੂੰ ਮੁਸਲਮਾਨ ਗਾਇਕਾਂ ਦੀ ਦੇਣ ਹੈ, ਕੁਝ ਹੋਰਨਾਂ ਦਾ ਕਥਨ ਹੈ ਕਿ ਮਾਲੀ ਗਉੜਾ ਨਾਮ "ਮਾਲਵ ਗੌੜ" ਦਾ ਅਪ-ਭ੍ਰੰਸ਼ ਰੂਪ ਹੈ।

"ਨਾਦ ਬਿਨੋਦ" ਪੁਸਤਕ ਦੇ ਲੇਖਕ ਪੰਨਾ ਲਾਲ ਗੋਸਾਂਈਂ ਨੇ ਇਸ ਰਾਗ ਦਾ ਜ਼ਿਕਰ ਕੀਤਾ ਹੈ। ਬੰਗਾਲ ਦੇ ਸੁਪ੍ਰਸਿੱਧ ਸੰਗੀਤਕਾਰ ਕ੍ਰਿਸ਼ਨ ਧਨ ਬੈਨਰਜੀ ਨੇ "ਸੰਗੀਤ ਸੂਤਰਸਾਰ" ਪੁਸਤਕ ਵਿਚ ਇਸ ਰਾਗ ਦਾ ਪਰਿਚਯ ਦਿੱਤਾ ਹੈ। ਬੈਨਰਜੀ ਅਨੁਸਾਰ ਇਸ ਰਾਗ ਵਿਚ ਰਿਸ਼ਭ ਕੋਮਲ ਅਤੇ ਮੱਧਿਅਮ ਤੀਬਰ ਦਾ ਪ੍ਰਯੋਗ ਹੁੰਦਾ ਹੈ। "ਸੰਗੀਤਸਾਰ" ਗ੍ਰੰਥ ਦੇ ਲੇਖਕ ਕਸ਼ੇਤਰ ਮੋਹਨ ਗੋਸੁਆਮੀ ਨੇ ਇਸ ਰਾਗ ਦਾ ਥਾਟ ਮਾਰਵਾ ਮੰਨਿਆ ਹੈ, ਇਸੇ ਤਰ੍ਹਾਂ ਹੀ ਪਟਨਾ ਨਿਵਾਸੀ ਮੁਹੰਮਦ ਰਜ਼ਾ, ਜਿਸ ਨੇ ਇਕ ਪੁਸਤਕ "ਨਗਮਾਤੇ ਆਸਫ਼ੀ 1813 ਈ. ਵਿਚ ਲਿਖੀ, ਮਾਲੀ ਗਉੜਾ ਰਾਗ ਵਿਚ ਮੱਧਿਅਮ ਅਤੇ ਧੈਵਤ ਤੀਬਰ ਮੰਨਦਾ ਹੈ। "ਰਾਗ ਚੰਦ੍ਰਿਕਾ ਸਾਰ" ਦੇ ਲੇਖਕ ਨੇ ਇਸ ਰਾਗ ਦੇ ਨਾਦਾਤਮਕ ਸਰੂਪ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ :

"ਗਮਧਨੀ ਤੀਖੇ ਮ੍ਰਿਦੂ ਰਿਖਭ ਪੰਚਮ ਸੁਰ ਹੂੰ ਲਗਾਯ।
ਰਿਪ ਵਾਦੀ ਸੰਵਾਦੀ ਤੇ ਮਾਲੀ ਗੌਰਾ ਗਾਯ ॥"

ਭਾਵ ਅਰਥ : ਜਿਸ ਰਾਗ ਵਿਚ ਗੰਧਾਰ, ਮੱਧਿਅਮ, ਧੈਵਤ ਨਿਸ਼ਾਦ ਤੀਬਰ ਹਨ, ਰਿਸ਼ਭ ਕੋਮਲ ਅਤੇ ਪੰਚਮ ਸੁਰ ਦਾ ਪ੍ਰਯੋਗ ਹੁੰਦਾ ਹੈ ਅਤੇ ਉਸ ਵਿਚ ਰਿਸ਼ਭ ਵਾਦੀ ਅਤੇ

ਪੰਚਮ ਸੰਵਾਦੀ ਕਰਕੇ ਮਾਲੀ ਗਉੜਾ ਗਾਇਆ ਜਾਂਦਾ ਹੈ। ਰਾਗ ਦਾ ਚੰਦ੍ਰਿਕਾ ਸਾਰ ਦਾ ਇਹ ਦੋਹਾ ਵਰਤਮਾਨ ਦੇ ਪ੍ਰਚਲਿਤ ਮਾਲੀ ਗਉੜਾ ਤੇ ਕਾਫ਼ੀ ਹੱਦ ਤਕ ਪ੍ਰਕਾਸ਼ ਪਾਉਂਦਾ ਹੈ।

ਮਾਲੀ ਗਉੜਾ ਰਾਗ ਦੇ ਕਈ ਪ੍ਰਕਾਰ ਪ੍ਰਚਲਿਤ ਰਹੇ ਹਨ ਪਰੰਤੂ ਵਰਤਮਾਨ ਵਿਚ ਵਧੇਰੇ ਪ੍ਰਚਲਿਤ ਸਰੂਪ ਦਾ ਹੀ ਬਿਓਰਾ ਇਥੇ ਦਿੱਤਾ ਜਾ ਰਿਹਾ ਹੈ।

ਮਾਲੀ ਗਉੜਾ ਰਾਗ ਦਾ ਨਿਰਮਾਣ ਦੋ ਰਾਗਾਂ—ਪੂਰੀਆ ਅਤੇ ਸ੍ਰੀ ਦੇ ਮਧੁਰ ਮਿਸ਼ਰਣ ਦੁਆਰਾ ਹੋਇਆ ਹੈ। ਸੰਗੀਤਾਚਾਰੀਆ ਨੇ ਇਸ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਮਾਰਵਾ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮੱਧਿਅਮ ਤੀਬਰ, ਦੋ ਧੈਵਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਵਿਚ ਕੋਮਲ ਧੈਵਤ ਨਾਲੋਂ ਤੀਬਰ ਧੈਵਤ ਦੀ ਵਰਤੋਂ ਵਧੇਰੇ ਹੁੰਦੀ ਹੈ, ਇਸ ਰਾਗ ਵਿਚ ਸ਼ੁੱਧ ਧੈਵਤ ਪੂਰੀਆ ਦਾ ਲਖਾਇਕ ਹੈ ਅਤੇ ਕੋਮਲ ਧੈਵਤ ਸ੍ਰੀ ਰਾਗ ਦਾ ਪਰਚਾਇਕ ਹੈ। ਮਾਲੀ ਗਉੜਾ ਵਿਚ ਪੰਚਮ ਦਾ ਪ੍ਰਯੋਗ ਸ੍ਰੀ ਅੰਗ ਤੋਂ ਕਰਨ ਦੀ ਪ੍ਰਥਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਵਿਚ "ਸਾ ਪ" ਅਤੇ "ਰੇ੍ ਪ" ਸੁਰਾਵਾਲੀਆ ਸ੍ਰੀ ਅੰਗ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਮਾਲੀ ਗਉੜਾ ਦੇ ਗਾਉਣ ਦਾ ਸਮਾਂ ਦਿਨ ਦਾ ਚੋਥਾ ਪਹਿਰ ਹੈ। ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨੀ ਜਾਂਦੀ ਹੈ। ਨਿਆਸ ਦੇ ਸੁਰ ਇਸ ਰਾਗ ਵਿਚ ਸ਼ੜਜ, ਗੰਧਾਰ ਅਤੇ ਪੰਚਮ ਹਨ। ਗੰਧਾਰ ਸੁਰ ਤੇ ਆਲਾਪ, ਤਾਨਾਂ ਦਾ ਨਿਆਸ ਕਰਨ ਤੋਂ ਪੂਰੀਆ, ਪੰਚਮ ਤੇ ਆਲਾਪ ਤਾਨਾਂ ਦੀ ਸਮਾਪਤੀ ਕਰਨ ਨਾਲ ਸ੍ਰੀ, ਸ਼ੜਜ ਤੇ ਆਲਾਪ ਤਾਨਾਂ ਦੀ ਸਮਾਪਤੀ ਕਰਨ ਨਾਲ ਦੋਹਾਂ (ਗੰਧਾਰ ਅਤੇ ਪੰਚਮ) ਨੂੰ ਸੁੰਦਰਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਰਾਗ ਵਿਚ ਧੈਵਤ ਸੁਰ ਦੁਰਬਲ ਰਹਿੰਦਾ ਹੈ।

ਮਾਲੀ ਗਉੜਾ ਦੇ ਸਰੂਪ ਨੂੰ ਸਾਕਾਰ ਕਰਨ ਵਿਚ "ਰੇ੍. ਨੀ਼ ਪ਼, ਰੇ੍ਂ ਨੀ ਪ, ਮ ਧ ਗ, ਨੀ ਧ ਨੀ, ਰੇ੍ ਪ ਪ, ਮ ਰੇ੍ ਗ, ਧ ਮ ਗ" ਸੁਰ ਸੰਗਤੀਆਂ ਬੜਾ ਮਹੱਤਵ ਪੂਰਣ ਕਾਰਜ ਕਰਦੀਆਂ ਹਨ। ਇਸ ਰਾਗ ਦਾ ਵਿਸਥਾਰ ਵਧੇਰੇ ਕਰਕੇ ਮੰਦਰ ਅਤੇ ਮੱਧ ਸਪਤਕ ਵਿਚ ਕੀਤਾ ਜਾਂਦਾ ਹੈ। ਕਦੇ ਕਦੇ ਇਸ ਰਾਗ ਵਿਚ ਜੈਤ ਰਾਗ ਦੀ ਝਲਕ ਵੀ ਦ੍ਰਿਸ਼ਟੀ ਗੋਚਰ ਹੁੰਦੀ ਹੈ ਉਦਾਹਰਣ ਵਜੋਂ ਪ ਧ ਗ ਪ, ਗ ਪ ਧ ਗ, ਪ ਧ ਗ, ਗ ਧ ਪ, ਆਦਿ। ਪਰੰਤੂ ਤੀਬਰ ਮੱਧਿਅਮ ਦਾ ਪ੍ਰਯੋਗ ਫਿਰ ਤੋਂ ਮਾਲੀ ਗਉੜਾ ਦੇ ਸਰੂਪ ਨੂੰ ਜੈਤ ਨਾਲੋਂ ਨਿਖੇੜ ਦਿੰਦਾ ਹੈ। ਪੰਡਿਤ ਵੀ. ਐਨ. ਭਾਤਖੰਡੇ ਦਾ ਕਥਨ ਹੈ ਕਿ "ਧ਼ ਨੀ਼ ਸਾ ਰੇ੍ ਨੀ਼ ਧ਼ ਪ਼, ਮ਼ ਗ਼, ਮ਼ ਧ਼ ਸਾ ਇਤਨੇ ਸੁਰਾਂ ਦੇ ਉਚਾਰਣ ਨਾਲ ਹੀ ਮਾਲੀ ਗਉੜਾ ਸਪਸ਼ਟ ਹੋ ਜਾਂਦਾ ਹੈ।"

ਡਾ. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਕਥਨ ਹੈ "ਮਾਲੀ ਗਉੜਾ ਗੁਰਮਤਿ ਸੰਗੀਤ ਵਿਚ ਭਿੰਨ ਰਾਗ ਹੈ। ਮਾਲਵਾ ਅਤੇ ਗੌੜ ਮਿਲੇ ਤੇ ਮਾਲੀ ਗਉੜਾ ਬਣਦਾ ਹੈ। ਪਰੰਤੂ ਹੋਰਨਾਂ ਮੱਤਾਂ ਵਿਚ ਇਸ ਦੇ ਬਾਹਲੇ ਭੇਦ ਹਨ। ਭਰਤ ਮੱਤ ਵਿਚ

ਮਾਲਕੌਂਸ ਦਾ ਪੁਤ੍ਰ ਮੰਨਿਆ ਜਾਂਦਾ ਹੈ। ਕੋਈ ਸੋਰਠਿ ਤੇ ਗੌੜੀ ਦਾ ਮੇਲ ਮੰਨਦੇ ਹਨ, ਪਰੰਤੂ ਜਿਸ ਨਾਲ ਮਿਲੇ ਉਸੇ ਦੇ ਨਾਉ ਤੇ ਇਸ ਦਾ ਨਾਉ ਬਣਦਾ ਹੈ। ਜੇਹਾ ਕੁ ਰੀਤ ਗੌੜ, ਕਾਨੜਾ ਗੌੜ, ਸਿਰੀ ਗੌੜ, ਆਦਿਕ ਬਾਹਲੇ ਭੇਦ ਹਨ।"

(ਗੁਰਮਤਿ ਸੰਗੀਤ, ਪੰਨਾ 27-28)

ਡਾ. ਚਰਨ ਸਿੰਘ ਜੀ ਦੇ ਵਿਚਾਰ ਵੀ ਸਾਡੀ ਰੁਚੀ ਵਿਚ ਵਿਸ਼ੇਸ਼ ਵਾਧਾ ਕਰਨਗੇ, ਜੋ ਇਥੇ ਦੇਣੇ ਆਵਸ਼ਕ ਸਮਝਦੇ ਹਾਂ। "ਮਾਲੀ ਗਉੜਾ—ਇਸ ਰਾਗ ਨੂੰ ਰਾਗ ਮਾਲਾ ਵਿਚ ਜਗ੍ਹਾ ਨਹੀਂ ਮਿਲੀ ਅਤੇ ਕਿਸੇ ਹੋਰ ਸੰਗੀਤ ਵਾਲੇ ਨੇ ਇਸ ਨੂੰ ਕਿਸੇ ਬੰਸਾਵਲੀ ਵਿਚ ਨਹੀਂ ਲਿਖਿਆ ਹੈ।" (ਗੁਰਮਤ ਸੰਗੀਤ, ਪੰਨਾ 31)

ਡਾ. ਸਾਹਿਬ ਦਾ ਇਹ ਕਥਨ ਕਿ ਇਸ ਰਾਗ ਨੂੰ ਰਾਗ ਮਾਲਾ ਵਿਚ ਸਥਾਨ ਨਹੀਂ ਮਿਲਿਆ ਸਾਡੇ ਲਈ ਇਕ ਗੰਭੀਰ ਚਿੰਤਨ ਦਾ ਵਿਸ਼ਾ ਹੈ। ਨਾ ਕੇਵਲ ਗੁਰੂ ਗ੍ਰੰਥ ਦੇ ਅੰਤ ਵਿਚ ਦਰਜ ਰਾਗ ਮਾਲਾ ਵਿਚ ਹੀ ਸਗੋਂ ਮੱਧ ਕਾਲੀਨ ਰਾਗ-ਰਾਗਣੀ ਪੱਧਤੀ ਅਨੁਸਾਰ ਵਰਗੀਕਰਣ ਕਰਨ ਵਾਲੇ ਕਿਸੇ ਮੱਤ ਨੇ ਵੀ ਮਾਲੀ ਗਉੜਾ ਰਾਗ ਨੂੰ 6 ਰਾਗਾਂ ਵਿਚੋਂ ਕਿਸੇ ਵੀ ਰਾਗ ਦੀ ਬੰਸਾਵਲੀ ਵਿਚ ਸ਼ਾਮਲ ਨਹੀਂ ਕੀਤਾ। ਵਰਤਮਾਨ ਅਤੇ ਭਵਿੱਖ ਵਿਚ ਆਉਣ ਵਾਲੀਆਂ ਸੰਗੀਤ ਪੀੜ੍ਹੀਆਂ ਨੂੰ ਇਸ ਬੰਨੇ ਪੂਰਣ ਧਿਆਨ ਦੇਣਾ ਚਾਹੀਦਾ ਹੈ। ਅਜਿਹੇ ਰਾਗਾਂ ਦੇ ਇਤਿਹਾਸਕ ਪਿਛੋਕੜ ਨੂੰ ਪੂਰਣ ਤੌਰ 'ਤੇ ਘੋਖਣ ਦੀ ਅਤਿਅੰਤ ਲੋੜ ਹੈ, ਤਦ ਹੀ ਕੋਈ ਪ੍ਰਮਾਣੀਕ ਤੱਥ ਪ੍ਰਕਾਸ਼ ਵਿਚ ਆ ਸਕਦੇ ਹਨ, ਨਹੀਂ ਤਾਂ ਨਹੀਂ।

ਪੰਡਿਤ ਵੀ. ਐਨ. ਭਾਤਖੰਡੇ ਇਸ ਦਾ ਉਠਾਵ ਇਸ ਤਰ੍ਹਾਂ ਮੰਨਦੇ ਹਨ : "ਮ ਗ, ਰੇ ਸਾ, ਨੀ, ਰੇ ਨੀ ਪ, ਮ ਗ, ਮ ਧ ਸਾ, ਨੀ ਰੇ ਗ, ਰੇ ਸਾ।"

ਆਰੋਹ : ਸਾ, ਨੀ ਰੇ ਗ, ਨੀ ਰੇ ਗ, ਨੀ ਰੇ ਸਾ, ਸਾ ਪ, ਮ ਧ ਮ ਗ,
ਮ ਧ ਸਾਂ।

ਅਵਰੋਹ : ਸਾਂ, ਨੀ ਰੇਂ ਨੀ ਧ, ਮ ਨੀ ਧ ਮ ਗ, ਮ ਗ, ਗ, ਰੇ ਸਾ।

ਮੁੱਖ ਅੰਗ : ਸਾ, ਨੀ ਰੇ ਸਾ, ਸਾ ਪ, ਮ ਧ ਮ ਗ, ਮ ਗ, ਰੇ ਗ ਪ, ਮ ਧ
ਪ, ਮ ਨੀ ਧ ਮ ਗ, ਰੇ ਸਾ।

## ਸੁਰ ਵਿਸਥਾਰ

1. ਸਾ, ਸਾ ਰੇ ਸਾ ਸਾ ਨੀ, ਰੇ ਨੀ ਪ, ਮ ਗ, ਮ ਧ ਸਾ, ਮ ਧ ਮ ਸਾ, ਮ ਰੇ ਸਾ, ਨੀ ਰੇ /ਗ, ਨੀ ਰੇ ਸਾ, ਰੇ ਰੇ ਪ, ਮ ਧ ਪ, ਮ ਧ ਮ ਗ, ਰੇ ਗ ਰੇ ਪ, ਮ ਧ ਪ ਪ,

ਮ॑ ਧ ਮ॑ ਗ, ਮ॑ ਗ ਰੇ॒ ਗ, ਨੀ਼ ਰੇ॒ ਗ ਰੇ॒ ਸਾ, ਰੇ॒ ਨੀ਼ ਧ਼॒ ਪ਼, ਮ਼॑ ਪ਼ ਮ਼॑ ਗ਼, ਮ਼॑ ਧ਼ ਰੇ॒ ਸਾ,
ਨੀ਼ ਨੀ਼ ਰੇ॒ ਸਾ ।

2. ਸਾ ਰੇ॒ ਸਾ ਸਾ ਪ, ਪ, ਮ॑ ਧ॒ ਪ, ਮ॑ ਧ ਮ॑ ਗ, ਧ ਮ॑ ਗ, ਪ ਪ ਮ॑ ਧ॒ ਮ॑ ਗ,
ਧ ਮ॑ ਗ ਮ॑ ਧ ਮ॑ ਗ, ਪ, ਪ, ਧ ਗ, ਰੇ॒ ਗ, ਮ॑ ਧ, ਮ॑ ਗ, ਮ॑ ਗ ਰੇ॒ ਗ ਮ॑ ਮ॑ ਗ ਰੇ॒,
ਮ॑ ਗ, ਰੇ॒ ਸਾ, ਨੀ਼ ਰੇ॒ ਗ, ਮ॑ ਰੇ॒ ਗ, ਮ॑ ਮ॑ ਗ ਮ॑ ਰੇ॒ ਗ ਮ॑ ਗ, ਰੇ॒ ਸਾ, ਨੀ਼ ਰੇ॒ ਗ,
ਨੀ਼ ਰੇ॒ ਸਾ, ਰੇ॒ ਨੀ਼ ਪ਼, ਮ਼॑ ਗ਼, ਮ਼॑ ਗ਼, ਰੇ਼॒ ਗ਼, ਰੇ਼॒ ਸਾ਼, ਮ਼॑ ਧ਼ ਮ਼॑ ਰੇ॒ ਸਾ, ਨੀ਼ ਨੀ਼
ਰੇ॒ ਸਾ ।

3. ਸਾ ਰੇ॒ ਸਾ ਸਾ, ਮ॑ ਧ ਪ ਪ, ਮ॑ ਪ ਮ॑ ਗ, ਮ॑ ਧ ਸਾਂ, ਨੀ ਰੇ॒ਂ ਸਾਂ । ਨੀ
ਰੇ॒ਂ ਨੀ ਪ, ਧ ਮ॑ਗ, ਮ॑ ਗ ਮ॑ ਧ ਨੀ ਮ॑ ਧ ਮ॑ ਸਾਂ; ਸਾਂ ਰੇ॒ਂ ਨੀ ਸਾਂ ਨੀ ਰੇ॒ਂ ਗਂ ਰੇ॒ਂ ਸ,
ਨੀ ਰੇ॒ਂ ਗਂ ਰੇ॒ਂ ਸਾਂ, ਨੀ ਰੇ॒ਂ ਸਾਂ, ਨੀ ਰੇ॒ ਨੀ ਪ; ਧ ਮ॑ ਗ, ਨੀ ਨੀ ਧ ਨੀ ਮ॑ ਧ ਗ ਮ॑ ਗ, ਨੀ
ਮ॑ ਗ, ਮ॑ ਗ ਰੇ॒ ਗ; ਮ॑ ਗ, ਰੇ॒ ਪ, ਮ॑ ਧ॒ ਪ, ਮ॑ ਧ ਮ॑ ਗ, ਮ॑ ਗ ਰੇ॒ ਗ, ਰੇ॒ਸਾ, ਨੀ਼
ਨੀ਼ ਰੇ॒ ਸਾ ।

## ਮਾਲੀ ਗਉੜਾ ਮਹਲਾ ੫ ॥

ਮਨਿ ਤਨਿ ਬਸਿ ਰਹੇ ਗੋਪਾਲ ॥
ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ ॥ ੧ ॥ ਰਹਾਉ ॥
ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ ॥ ੧ ॥
ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ ॥
ਬਲਿਹਾਰਿ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ ॥੨ ॥ ੩ ॥ ੮ ॥

(ਗੁ. ਗ੍ਰੰ. ਪੰਨਾ ੯੮੮)

## ਰਾਗ ਮਾਲੀ ਗਉੜਾ ਵਿਚ ਤਾਲ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | ਮੰਧ | ਮੰਗ | ਮੰਗ | ਰੇ | ਸਾ | ਸਾ |
| | | | | | | ਮਨਿ | ਤਿਸ | ਨਿਸ | ਬ | ਸਿ | ਰ |
| ਰੇ | ਪ | ਪ | ਮੰ | ਧ | ਪ | ਮੰਗ | ਮੰ | ਗ | ਰੇ | ਸਾ | ਸਾ |
| ਹੇ | ऽ | ਗੋ | ਪਾ | ऽ | ਲ | ਦੀऽ | ऽ | ਨ | ਬਾਂ | ਧ | ਵ |
| ਧਨੀ | ਸਾਰੇ | ਸਾਂਨੀ | ਧ | ਪ | ਪ | ਮੰਗ | ਮੰ | ਗ | ਮੰਧ | ਧਰੇ | ਸਾਸਾ |
| ਭऽ | ਗऽ | ਤਿऽ | ਵ | ਛ | ਲ | ਸऽ | ਦਾ | ਸ | ਦਾ | ऽऽ | ਕ੍ਰਿऽ |
| ਨੀਰੇ | ਗਮੰ | ਰੇਗ | ਰੇਮੰ | ਗਰੇ | ਸਾ | | | | | | |
| ਪਾऽ | ऽऽ | ऽऽ | ऽऽ | ऽऽ | ਲ | | | | | | |

ਅੰਤਰਾ :

| | | | | | | | | | | | |
|---|---|---|---|---|---|---|---|---|---|---|---|
| | | | | | | ਮੰ | ਗ | ਗ | ਮੰ | ਧ | ਮੰ |
| | | | | | | ਆ | ऽ | ਦਿ | ਅੰ | ऽ | ਤੇ |
| ਸਾਂ | - | ਸਾਂ | ਨੀਰੇਂ | ਸਾਂ | - | ਨੀਰੇਂ | ਗਂਰੇਂ | ਮੰ | ਗਂ | ਰੇਂ | ਸਾਂ |
| ਮ | ऽ | ਧਿ | ਤੂऽ | ਹੈ | ऽ | ਪ੍ਰऽ | ਭऽ | ਬਿ | ਨਾ | ਨ | ਹੀ |
| ਨੀਸਾਂ | ਰੇਂ | ਨੀ | ਪ | ਮੰਗ | ਮੰਗ | ਪ | ਪ | ਪ | ਮੰ | ਧ | ਪ |
| ਰੇਂऽ | ऽ | ऽ | ਇ | ऽऽ | ऽऽ | ਪੂ | ਰਿ | ਰਹਿ | ਆ | ऽ | ऽ |
| ਮੰਧ | ਮੰਗ | ਮੰਗ | ਰੇ | ਸਾ | ਸਾ | ਨੀ | ਰੇ | ਗ | ਮੰ | ਰੇ | ਗ |
| ਸऽ | ਗऽ | ਲऽ | ਮੰ | ਝ | ਲ | ਏ | ऽ | ਕੁ | ਸੁਆ | ऽ | ਮੀ |
| ਨੀਰੇ | ਗਮੰ | ਧਨੀ | ਧਮੰ | ਗਰੇ | ਸਾ | | | | | | |
| ਸੰऽ | ऽऽ | ऽऽ | ऽऽ | ਇऽ | ऽ | | | | | | |

# ਰਾਗ ਮਾਰੂ

ਮਾਰੂ ਰਾਗ ਦੇ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਦੋ ਰਾਗ ਪ੍ਰਕਾਰ ਹੋਰ ਉਪਲੱਬਧ ਹੁੰਦੇ ਹਨ।

(ੳ) ਮਾਰੂ ਕਾਫ਼ੀ

(ਅ) ਮਾਰੂ ਦਖਣੀ

ਇਨ੍ਹਾਂ ਉਪਰੋਕਤ ਰਾਗਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਅਗਲੇ ਪੰਨਿਆਂ 'ਤੇ ਪ੍ਰਸਤੁਤ ਹੈ।

ਮਾਰੂ ਬੜਾ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਪੁਰਾਤਨ ਸੰਸਕ੍ਰਿਤ ਗ੍ਰੰਥਕਾਰ ਇਸ ਨੂੰ ਕਈ ਨਾਮਾਂ ਨਾਲ ਸੰਬੋਧਨ ਕਰਦੇ ਹਨ ਜਿਵੇਂ ; ਮਾਲਵ, ਮਾਰੂਵ, ਮਾਰੂਵਾ, ਮਾਰੂਵਿਕਾ, ਆਦਿ। ਪੰਡਿਤ ਭਾਤਖੰਡੇ ਦਾ ਕਥਨ ਹੈ ਕਿ ਦੇਸ਼ੀ ਗ੍ਰੰਥਕਾਰਾਂ ਨੇ ਮਾਲਵ, ਮਾਰੂ, ਮਾਲਵਾ, ਮਾਰਵਿਕਾ, ਮਾਲਵਗੋੜ ਆਦਿ ਨਾਮਾਂ ਵਿਚ ਬੜੀ ਹੀ ਗੜਬੜ ਕੀਤੀ ਹੈ।'' ਇਕ ਵਿਦਵਾਨ ਦਾ ਕਹਿਣਾ ਹੈ ਕਿ ''ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸਨੂੰ ''ਰਾਗ ਮਾਰੂ'' ਅੰਕਿਤ ਕੀਤਾ ਹੈ, ਉਸਨੂੰ ਸੰਗੀਤਕਾਰ ਆਮ ਬੋਲ ਚਾਲ ਵਿਚ ਮਾਰਵਾ, ਮਾਰੂਵਾ, ਜਾਂ ਮਾਰਵਿਕਾ ਕਹਿੰਦੇ ਹਨ।'' ਕਿਉਂ ਜੋ ਸੰਗੀਤਕ ਭਾਸ਼ਾ ਵਿਚ ਅਜਿਹੇ ਪਰਿਵਰਤਨ ਆਮ ਹੀ ਮਿਲਦੇ ਹਨ। ਜਿਵੇਂ ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਵਿਚ ਪ੍ਰਿਅ ਵਰ ਦਾ, ਪੀਅਰਵਾ, ਗਈ ਦਾ ਗਈਅਲਵਾ, ਭਈ ਦਾ ਭਈਲਵਾ, ਟੂਣੇ ਦਾ ਟੁਣਵਾ ਆਦਿ ਆਮ ਹੀ ਗਾਇਕਾਂ ਦੁਆਰਾ ਕੰਨ ਗੋਚਰ ਹੁੰਦਾ ਹੈ। ਅਜਿਹੀ ਹੀ ਪ੍ਰਵ੍ਰਿਤੀ ਦੇ ਫਲ ਸਰੂਪ ਮਾਰੂ ਦਾ ਅਪਭ੍ਰੰਸ਼ ਰੂਪ ਮਾਰਵਿਕਾ, ਮਾਰੂਵ ਜਾਂ ਮਾਰਵਾ ਸ਼ਬਦ ਹੋਂਦ ਵਿਚ ਆਇਆ, ਅਜਿਹਾ ਵਿਦਵਾਨਾਂ ਦਾ ਵਿਚਾਰ ਹੈ।

ਹੈਦਰਾਬਾਦ ਦੱਖਣ ਦੇ ਪ੍ਰਸਿੱਧ ਵਿਦਵਾਨ ਪੰਡਿਤ ਅੱਪਾ ਸ਼ਾਸਤਰੀ ਨੇ 'ਚੰਦ੍ਰਕਾਯਮ' ਗ੍ਰੰਥ ਵਿਚ ਮਾਰੂ ਰਾਗ ਬਾਰੇ ਇਸ ਤਰ੍ਹਾਂ ਉਲੇਖ ਕੀਤਾ ਹੈ :

''ਤੀਬ੍ਰੋ ਗਮੋਧਨੀ ਚੈਵ ਮ੍ਰਿਦਰਿ, ਧੈਵਤ ਰਿਸ਼ਭੌ''
ਸੰਵਾਦੀ ਵਾਦਿਨੌ ਸਤੁ ਸ ਮਾਰੂ : ਸਾਯਮੀਰਿਤ ॥''

ਭਾਵ ਅਰਥ : ਜਿਸ ਰਾਗ ਵਿਚ ਗਮਧਨੀ ਸੁਰ ਤੀਬਰ, ਕੋਮਲ ਰਿਸ਼ਭ, ਧੈਵਤ ਵਾਦੀ, ਰਿਸ਼ਭ ਸੰਵਾਦੀ ਹੈ, ਉਸਨੂੰ ਮਾਰੂ ਰਾਗ ਕਹਿੰਦੇ ਹਨ, ਅਤੇ ਉਹ ਸ਼ਾਮ ਵੇਲੇ ਗਾਇਆ ਜਾਂਦਾ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ, ਮਾਰੂ ਰਾਗ ਦਾ ਮਹਾਨ ਕੋਸ਼ ਵਿਚ ਇਸ ਤਰ੍ਹਾਂ ਬਿਉਰਾ ਦਿੰਦੇ ਹਨ : "ਸ਼ੜਜ, ਰਿਸ਼ਭ ਕੋਮਲ, ਗੰਧਾਰ, ਧੈਵਤ ਅਤੇ ਨਿਸ਼ਾਦ ਸ਼ੁੱਧ, ਮੱਧਮ ਤੀਬਰ ਲਗਦਾ ਹੈ। ਗੰਧਾਰ ਵਾਦੀ ਧੈਵਤ ਸੰਵਾਦੀ। ਇਹ ਰਾਗ ਯੁਧ ਅਤੇ ਚਲਾਣੇ ਸਮੇਂ ਖਾਸ ਕਰਕੇ ਅਤੇਂ ਦਿਨ ਦੇ ਤੀਜੇ ਪਹਿਰ ਵਿਚ ਸਾਧਾਰਣ ਰੀਤਿ ਅਨੁਸਾਰ ਗਾਈਦਾ ਹੈ।"

ਇਨ੍ਹਾਂ ਹਵਾਲਿਆਂ ਤੋਂ ਇਹੋ ਹੀ ਨਤੀਜਾ ਨਿਕਲਦਾ ਹੈ ਕਿ ਮਾਰੂ ਅਤੇ ਮਾਰਵਾ ਇਕ ਹੀ ਰਾਗ ਹੈ ਕਿਉਂ ਜੋ ਇਹ ਲਕਸ਼ਣ ਪ੍ਰਚਲਿਤ ਮਾਰਵਾ ਰਾਗ ਨਾਲ ਪੂਰਣ ਸਮਾਨਤਾ ਰਖਦੇ ਹਨ।

ਮਾਰੂ ਰਾਗ ਦੇ ਸਾਡੇ ਸੰਗ੍ਰਹਿ ਵਿਚ ਤਿੰਨ ਪ੍ਰਕਾਰ ਹਨ ਇਕ ਮਾਰਵਾ ਥਾਟ ਦਾ, ਦੂਜਾ ਖਮਾਜ ਥਾਟ ਦਾ ਅਤੇ ਤੀਜਾ ਬਿਲਾਵਲ ਥਾਟ ਦਾ।

ਪਹਿਲਾ ਪ੍ਰਕਾਰ : ਮਾਰੂ ਰਾਗ ਦੇ ਇਸ ਪ੍ਰਕਾਰ ਨੂੰ ਸੰਸਕ੍ਰਿਤ ਗ੍ਰੰਥਕਾਰਾਂ ਨੇ "ਗਮਨ ਸ੍ਰਮ (ਮਾਰਵਾ) ਮੇਲ ਤੋਂ ਉਤਪੰਨ ਹੋਇਆ ਮੰਨਿਆ ਹੈ। ਪੰਡਿਤ ਅਹੋਬਲ ਲਿਖਤ "ਸੰਗੀਤ ਪਾਰਿਜਾਤ" ਵਿਚ ਵੀ ਇਸ ਰਾਗ ਨੂੰ ਮਾਰਵਾ ਮੇਲ ਦੇ ਅੰਤਰਗਤ ਰਖਿਆ ਹੈ।

ਇਸ ਪ੍ਰਕਾਰ ਦੇ ਨਾਦਾਤਮਕ ਸਰੂਪ ਵਿਚ ਸ਼ੜਜ, ਰਿਸ਼ਭ ਕੋਮਲ, ਮੱਧਿਅਮ ਤੀਬਰ, ਪੰਚਮ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਪੰਚਮ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਸ਼ਾਡਵ-ਸ਼ਾਡਵ ਮੰਨਣ ਦੀ ਪ੍ਰਥਾ ਹੈ ਪਰ ਕੁਝ ਅਨੁਭਵੀ ਕਲਾਕਾਰ ਇਸਦੇ ਆਰੋਹ ਵਿਚ ਸ਼ੜਜ ਸੁਰ ਦਾ ਤਿਆਗ ਸਵੀਕਾਰਦੇ ਹਨ ਅਤੇ ਇਸਦੀ ਜਾਤੀ ਔੜਵ-ਸ਼ਾਡਵ ਮੰਨਣਾ ਵਧੇਰੇ ਉਚਿਤ ਸਮਝਦੇ ਹਨ। ਇਸ ਮੱਤ ਦੇ ਧਾਰਨੀ ਮਾਰੂ ਦਾ ਆਰੋਹ-ਅਵਰੋਹ- "ਨ਼ੀ ਰੇ ਗ ਮੇ ਧਨੀ ਰੇਂ, ਸਾਂ ਰੇਂ ਨੀਧ, ਮੇ ਗ ਰੇ ਸਾ" ਕਰਦੇ ਹਨ। ਪ੍ਰਚਾਰ ਵਿਚ ਇਹ ਰਾਗ ਇਸੇ ਰੀਤ ਨਾਲ ਗਾਇਆ ਜਾਂਦਾ ਹੈ। ਇਸ ਰਾਗ ਵਿਚ ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਮੰਨਿਆ ਜਾਂਦਾ ਹੈ ਪਰੰਤੂ ਕੁਝ ਸੰਗੀਤਕਾਰ ਇਸ ਦੇ ਵਿਪਰੀਤ ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਸਵੀਕਾਰਦੇ ਹਨ। ਸ਼ਾਸਤਰ ਦੇ ਦ੍ਰਿਸ਼ਟੀਕੋਣ ਨਾਲ ਸ਼ੁੱਧ ਧੈਵਤ ਅਤੇ ਕੋਮਲ ਰਿਸ਼ਭ ਵਿਚ ਵਾਦੀ-ਸੰਵਾਦੀ ਵਿਚ ਜਿਹੜਾ ਪ੍ਰਸਪਰ ਸੰਵਾਦ ਹੋਣਾ ਚਾਹੀਦਾ ਹੈ ਉਸ ਦਾ ਅਭਾਵ ਹੈ। ਇਸ ਨਜ਼ਰੀਏ ਤੋਂ ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਮੰਨਣਾ ਸ਼ਾਸਤਰ ਪੱਖੋਂ ਵਧੇਰੇ ਉਚਿੱਤ ਹੈ। ਪਰ ਗੰਧਾਰ ਵਾਦੀ ਸਵੀਕਾਰਨ ਤੋਂ ਉਸਤੇ ਵਾਦੀ ਵਾਲਾ ਨਿਆਸ ਕਰਨਾ ਅਤਿ ਆਵੱਸ਼ਕ ਹੈ। ਇਸ ਤਰ੍ਹਾਂ ਇਹ ਰਾਗ ਪੂਰੀਆ ਦੇ ਵਧੇਰੇ ਨਿਕਟ ਚਲਿਆ ਜਾਵੇਗਾ। ਇਸ ਤੱਥ ਨਾਲ ਸਭ ਵਿਦਵਾਨ ਸਹਿਮਤ ਹਨ ਕਿ ਮਾਰੂ ਵਿਚ ਦੋ ਸੁਰ ਅਧਿਕ ਪ੍ਰਬਲ ਹਨ, ਪੂਰਵਾਂਗ ਵਿਚ ਰਿਸ਼ਭ ਅਤੇ ਉਤ੍ਰਾਂਗ ਵਿਚ ਧੈਵਤ। ਗੰਧਾਰ ਤੇ ਠਹਿਰਾਵ ਕਰਨ ਬਾਰੇ ਉਹ ਚੇਤਾਵਨੀ ਦਿੰਦੇ ਹਨ ਕਿ "ਉਸ ਤੇ ਕਦੇ ਭੁੱਲ ਕੇ ਵੀ ਨਿਆਸ ਨਾ ਕਰੋ।" ਸੋ, ਬਹੁ ਸੰਖਿਆ ਵਿਚ ਗੁਣੀ ਲੋਕ ਇਸਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਧੈਵਤ ਹੀ ਮੰਨਦੇ ਹਨ।

ਕਈ ਸੁਯੋਗ ਕਲਾਕਾਰ ਇਸ ਰਾਗ ਦਾ ਆਰੰਭ ਧੈਵਤ ਤੋਂ ਕਰਦੇ ਹਨ ਜਿਵੇਂ- "ਧ, ਮੰ ਗ ਰੇ ਗ ਮੰ ਧ, ਮੰ ਗ ਰੇ, ਗ ਮੰ ਗ ਰੇ, ਸਾ।" ਬਹੁਤ ਸਾਰੇ ਕਲਾਕਾਰ ਇਸ ਰਾਗ ਦੇ ਆਲਾਪਾਂ ਦੀ ਸਮਾਪਤੀ ਰਿਸ਼ਭ ਸੁਰ ਤੇ ਕਰਨਾ ਵਧੇਰੇ ਪਸੰਦ ਕਰਦੇ ਹਨ। ਇਸ ਰਾਗ ਵਿਚ ਸ਼ੜਜ ਸੁਰ ਦਾ ਪ੍ਰਯੋਗ ਵਕਰ ਗੋਤ ਨਾਲ ਕੀਤਾ ਜਾਂਦਾ ਹੈ। ਇਸ ਦਾ ਆਰੋਹ ਕਰਨ ਵੇਲੇ "ਗਮੰ ਧ ਨੀਸਾਂ" ਅਤੇ ਅਵਰੋਹ ਵਿਚ "ਸਾਂ ਨੀਧ ਮੰ ਗ ਰੇ ਸਾ" ਸੁਰਾਵਲੀਆਂ ਬਿਲਕੁਲ ਨਹੀਂ ਵਰਤੀਆਂ ਜਾਂਦੀਆਂ। ਕਿਉਂ ਜੋ ਅਜਿਹੀ ਸੁਰ ਕ੍ਰਿਆ ਕਰਨ ਨਾਲ ਸੋਹਣੀ ਰਾਗ ਦੀ ਝਲਕ ਆ ਜਾਵੇਗੀ। ਇਸ ਪ੍ਰਕਾਰ ਵਿਚ ਰਿਸ਼ਭ ਸੁਰ ਬਹੁਤ ਮਹੱਤਵ ਪੂਰਣ ਹੈ, ਕਿਉਂ ਜੋ ਉਹ ਇਸਦਾ ਗ੍ਰਹਿ ਸੁਰ ਵੀ ਹੈ ਅਤੇ ਨਿਆਸ ਵੀ। ਇਸ ਰਾਗ ਦਾ ਮੰਦਰ ਸਪਤਕ ਵਿਚ ਵਿਸਤਾਰ ਮੱਧਿਅਮ ਤੋਂ ਹੇਠਾਂ ਘੱਟ ਹੀ ਜਾਂਦਾ ਹੈ। ਇਸ ਰਾਗ ਦੇ ਉਤ੍ਰਾਂਗ ਵਿਚ ਮੰਧ ਸਾਂ, ਮੰਧ ਮੰਸਾਂ ਜਾਂ ਮੰਧ ਨੀਰੇਂ, ਸਾਂ, ਆਦਿ ਢੰਗ ਨਾਲ ਪ੍ਰਵੇਸ਼ ਕੀਤਾ ਜਾਂਦਾ ਹੈ। ਮਾਰੂ ਰਾਗ ਦੇ ਇਸ ਪ੍ਰਕਾਰ ਦੇ ਸਮਪ੍ਰਕ੍ਰਿਤਕ ਰਾਗ ਹਿੰਡੋਲ, ਪੰਚਮ, ਸੋਹਨੀ ਅਤੇ ਪੂਰੀਆ ਹਨ। ਇਹ ਰਾਗ ਸੂਰਜ ਅਸਤ ਹੋਣ ਵੇਲੇ ਗਾਇਆ ਜਾਂਦਾ ਹੈ। ਮਾਰੂ ਰਾਗ ਵਿਚ ਵੈਰਾਗ ਭਾਵਨਾ ਦੀ ਪ੍ਰਧਾਨਤਾ ਹੋਣ ਕਾਰਣ ਇਸ ਨੂੰ ਪ੍ਰਾਣੀ ਦੇ ਚਲਾਣੇ ਸਮੇਂ ਗਾਉਣ ਦੀ ਵੀ ਪ੍ਰਥਾ ਹੈ। ਗੁਰਪ੍ਰਤਾਪ ਦੇ ਕਰਤਾ ਨੇ ਇਸ ਗੱਲ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਹੈ :

"ਆਗੇ ਚਲਤ ਸੁ ਮਾਰੂ ਗਾਵਤ + + + + + ਚੰਦਨ ਚਿਤਾ ਬਿਸਾਲ ਬਣਾਈ।"

## ਮਾਰੂ ਰਾਗ ਦਾ ਦੂਜਾ ਪ੍ਰਕਾਰ

ਸੰਗੀਤਚਾਰੀਆ ਨੇ ਮਾਰੂ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਬਿਲਾਵਲ ਥਾਟ ਤੋਂ ਮੰਨੀ ਹੈ, ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਔੜਵ-ਸੰਪੂਰਣ ਹੈ। ਮਾਰੂ ਦਾ ਇਹ ਪ੍ਰਕਾਰ ਮਾਰੂ ਬਿਹਾਗ ਦੇ ਕਾਫੀ ਨਿਕਟ ਹੈ ਪਰੰਤੂ ਮਾਰੂ ਬਿਹਾਗ ਵਿਚ ਦੋਵੇਂ ਮੱਧਿਅਮ ਲਗਦੇ ਹਨ ਅਤੇ ਇਸ ਵਿਚ ਕੇਵਲ ਸ਼ੁੱਧ ਮੱਧਿਅਮ ਦਾ ਹੀ ਪ੍ਰਯੋਗ ਹੁੰਦਾ ਹੈ ਜਿਸ ਕਾਰਣ ਦੋਹਾਂ ਰਾਗਾਂ ਵਿਚ ਭਿੰਨਤਾ ਸਪਸ਼ਟ ਹੋ ਜਾਂਦੀ ਹੈ।

ਆਰੋਹ : ਸਾਮ, ਮਗ, ਗ ਮ ਪ ਨੀ ਸਾਂ

ਅਵਰੋਹ : ਸਾਂਨੀ ਧਪ, ਧਮ, ਪਗ, ਮਗ, ਸਾਰੇ ਸਾ।

ਮੁਖ ਅੰਗ : ਸਾਰੇ ਸਾਨੀ, ਸਾਮ ਮ ਗ, ਨੀ ਪ, ਧਮ, ਪਗ, ਸਾਰੇ, ਸਾ।

## ਮਾਰੂ ਰਾਗ ਦਾ ਤੀਜਾ ਪ੍ਰਕਾਰ

ਮਾਰੂ ਰਾਗ ਦਾ ਇਹ ਤੀਜਾ ਪ੍ਰਕਾਰ ਸਿੱਖ ਸੰਪਰਦਾ ਦੇ ਕੀਰਤਨਕਾਰਾਂ ਵਿਚ ਵਧੇਰੇ ਪ੍ਰਚਲਿਤ ਹੈ। ਇਸ ਪ੍ਰਕਾਰ ਦੀ ਰਚਨਾ ਖਮਾਜ ਥਾਟ ਤੋਂ ਮੰਨੀ ਜਾਂਦੀ ਹੈ। ਇਸ ਵਿਚ ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ—ਸੁਰ ਗੰਧਾਰ ਅਤੇ

ਸੰਵਾਦੀ ਨਿਸ਼ਾਦ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਕਰਨ ਦੀ ਪ੍ਰਥਾ ਹੈ, ਅਤੇ ਆਰੋਹ ਵਿਚ ਸਤੇ ਸੁਰ ਵਰਤੇ ਜਾਂਦੇ ਹਨ। ਇਸ ਲਈ ਜਾਤੀ ਔੜਵ-ਸੰਪੂਰਣ ਹੈ। ਮਾਰੂ ਦੇ ਇਸ ਪ੍ਰਕਾਰ ਨੂੰ ਦਿਨ ਦੇ ਤੀਜੇ ਪਹਿਰ ਵਿਚ ਗਾਇਆ ਜਾਂਦਾ ਹੈ।

ਮਾਰੂ ਰਾਗ ਨੂੰ ਰਾਗ-ਰਾਗਣੀ ਪੱਧਤੀ ਮੰਨਣ ਵਾਲੇ ਲੇਖਕਾਂ ਨੇ ਹਨੂਮਾਨ ਮੱਤ ਅਨੁਸਾਰ ਮਾਲਕੌਂਸ ਦਾ ਪੁਤਰ, ਭਰਤ ਮਤ ਨੇ ਹਿੰਡੋਲ ਦਾ ਪੁਤਰ, ਸ਼ਿਵ ਮੱਤ ਨੇ ਸ੍ਰੀ ਰਾਗ ਦਾ ਪੁੱਤਰ ਮੰਨਿਆ ਹੈ। ਡਾ. ਚਰਨ ਸਿੰਘ ਜੀ ਨੇ "ਮਾਰੂ ਮਸਤ ਅੰਗ ਮੇਵਾਰਾ।" "ਰਾਮ ਮਾਲਾ" ਦੇ ਉਦਾਹਰਣ ਦੁਆਰਾ ਇਸ ਨੂੰ "ਗੁਰਮਤਿ ਸੰਗੀਤ ਵਿਚ ਮਾਲਕੌਂਸ ਦਾ ਪੁੱਤ੍ਰ ਮਾਰੂ ਮੰਨਿਆ ਹੈ।" ਅਗੇ ਆਪ ਇਸ ਰਾਗ ਦੇ ਸਰੂਪ ਬਾਰੇ ਇਸ ਤਰ੍ਹਾਂ ਪ੍ਰਕਾਸ਼ ਪਾਉਂਦੇ ਹਨ :

"ਟੰਕ, ਇਰਾਕ, ਭੈਰਵੀਨ ਆਸਾ ਇਨ੍ਹਾਂ ਦੇ ਮੇਲ ਤੇ ਬਣਦਾ ਹੈ। ਹੋਰਨਾਂ ਮਤਾਂ ਵਿਚ ਸਿਰੀ ਰਾਗ ਦਾ ਪੁਤ੍ਰ ਮੰਨਿਆ ਗਿਆ ਹੈ।"

(ਗੁਰਮਤ ਸੰਗੀਤ, ਪੰਨਾ 28)

ਸੁਹਿਰਦ ਪਾਠਕ ਅਤੇ ਸੰਗੀਤ ਗਿਆਤਾ ਉਪਰੋਕਤ ਹਵਾਲੇ ਤੋਂ ਇਹ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਇਨ੍ਹਾਂ ਮੱਤਾਂ ਵਿਚ ਕਿਤਨੀ ਕੁ ਸਮਾਨਤਾ ਜਾਂ ਵਿਰੋਧਾਭਾਸ ਦ੍ਰਿਸ਼ਟੀ ਗੋਚਰ ਹੁੰਦਾ ਹੈ। ਮਾਰੂ ਰਾਗ ਦੇ ਉਕਤ ਕਥਿਤ ਤਿੰਨੇ ਰਾਗਾਂ—ਮਾਲਕੋਸ, ਹਿੰਡੋਲ ਅਤੇ ਸਿਰੀ ਰਾਗ ਨਾਲ ਮਾਰੂ ਰਾਗ ਦੇ ਨਾਦਾਤਮਕ ਸਰੂਪ ਵਿਚ ਪਿਤਾ ਪੁਤਰ ਵਾਲਾ ਕੋਈ ਸੰਬੰਧ ਸਥਾਪਿਤ ਨਹੀਂ ਹੁੰਦਾ।

ਗੁਰੂ ਗ੍ਰੰਥ ਸਾਹਿਬ ਦੀ ਸਮਗ੍ਰ ਬਾਣੀ ਵਿਚ ਰਾਗ-ਰਾਗਣੀ ਵਰਗੀਕਰਣ ਨੂੰ ਸਵੀਕਾਰਨ ਬਾਰੇ ਕਿਧਰੇ ਵੀ ਸੰਕੇਤ ਨਹੀਂ ਮਿਲਦਾ। ਜਿਨ੍ਹਾਂ ਰਾਗਾਂ ਨੂੰ ਭਿੰਨ ਭਿੰਨ ਮੱਤਾਂ ਨੇ ਰਾਗਣੀਆਂ, ਪੁੱਤਰ ਜਾਂ ਨੂੰਹਾਂ ਕਲਪਿਆ ਹੈ ਗੁਰੂ ਗ੍ਰੰਥ ਸਾਹਿਬ ਵਿਚ ਸਭ ਨੂੰ ਕੇਵਲ "ਰਾਗੁ" ਨਾਮ ਹੀ ਪ੍ਰਦਾਨ ਕੀਤਾ ਗਿਆ ਹੈ।

## ਸੁਰ ਵਿਸਤਾਰ

1. ਸਾ, ਸਾਰੇ ਸਾ ਸਾ ਨ਼ੀ ਨ਼ੀ ਸਾ, ਨ਼ੀਸਾ ਗ, ਸਾਰੇ, ਸਾਰੇ ਨ਼ੀਸਾ ਨ਼ੀ ਧ਼ ਪ਼ ਪ਼। ਮ਼ਪ਼ਨ਼ੀਸਾ, ਪ਼ ਧ਼ ਪ਼ ਸਾ ਮ਼ ਪ਼ ਨ਼ੀ ਸਾ, ਨ਼ੀ ਧ਼ ਪ਼ ਧ਼ ਮ਼ ਪ਼ ਧ਼ ਮ਼ ਪ਼ ਗ਼, ਮ਼ ਪ਼ ਨ਼ੀ ਧ਼ ਮ਼ ਪ਼ ਨ਼ੀਸਾ, ਪ਼ ਨ਼ੀ ਸਾ ਰੇ ਨ਼ੀਸਾ, ਗ, ਸਾਰੇ, ਸਾ, ਨ਼ੀ ਸਾ ਗ ਗ ਮ ਗ, ਮ, ਸਾਰੇ ਸਾ। ਨ਼ੀਸਾ ਰੇਸਾ ਨ਼ੀ ਨ਼ੀ ਧ਼ ਧ਼ ਪ਼ ਮ਼ ਪ਼ ਸਾ, ਨ਼ੀਸਾ ਗ ਮ ਪ, ਧਮ, ਪ ਗ ਸਾਰੇ, ਸਾ ਨ਼ੀ ਨ਼ੀ ਗ ਸਾ।

2. ਨ਼ੀ ਸਾ ਗ ਮ ਪ, ਸਾਗ ਮਪ ਗਮਪ, ਸਾਪ ਮ ਪ ਗ ਮ ਪ ਗ ਮ ਪ, ਗ ਮ ਪ ਧ ਧ ਪ ਮਪ ਧਮ, ਪਗ, ਮਗ, ਸਾਰੇ, ਸਾ, ਸਾਰੇ ਸਾਸਾ, ਗਮ ਗਗ, ਮਪ ਮਮ, ਪ, ਮਪ ਧਪ ਧਮ, ਪਗ, ਨ਼ੀਸਾ ਗਮਪ, ਗਮਪਨ਼ੀਧ, ਧਧਪਧ ਮਪ ਗਮ ਪਨ਼ੀਧ, ਪ ਪਧ ਮਪ ਧ ਮ, ਪਗ, ਗਮ ਪਧ ਪ ਸਾਨੀਸਾ, ਨ਼ੀ ਧ ਪਧ, ਮ ਪ ਧਮ, ਪਗ, ਮਗ, ਸਾਰੇ, ਸਾ, ਨ਼ੀ ਨ਼ੀ ਗ ਸਾ।

3. ਨ਼ੀਸਾ ਗ ਮ ਪ, ਗ ਮ ਪ ਨ਼ੀ ਸਂ, ਪ ਧ ਮਪ ਗ ਮ ਪ ਨੀ ਨੀ, ਸਾਂ, ਸਾ ਨ਼ੀ ਧ ਪ ਮਪ ਗ ਮ ਪ ਨੀਸਾਂ, ਮ ਪ ਗਮ ਪ ਨੀਸਾਂ ਰੇਂ, ਪ ਨੀਰੇਂ ਸਾਂ, ਪ ਨੀਸਾਂ ਰੇਂ ਨੀਸਾਂ ਗਂ, ਸਾਂਰੇਂ ਸਾਂ, ਸਾਂਨ਼ੀ ਧਪ ਮਪ ਗਮ ਪ ਨੀਸਾਂ ਗਂ, ਸਾਂਰੇਂ, ਸਾਂ, ਨੀਸਾਂ ਗਂ ਗਂ ਮਂ, ਮਂ ਗਂ ਮਂ ਸਾਂਰੇਂ ਸਾਂ, ਨੀਸਾਂ ਗਂ ਮਂ ਪਂ, ਗਂ ਮਂ ਪਂ, ਮਂ ਪਂ ਗਂ ਮਂ ਗਂ, ਸਾਂਰੇਂਸਾਂ, ਗਂ ਰੇਂ ਸਾਂ ਨੀਸਾਂ ਗਂ ਮਂ ਗਂ, ਸਾਂਰੇਂ ਸਾਂ, ਰੇਂ ਰੇਂ ਸਾਂਨੀ ਸਾਂਰੇਂ ਨੀਸਾਂ, ਪ ਧ ਪਸਾਂ ਨੀਸਾਂ, ਨ਼ੀ ਧ, ਪਧ, ਮਪ ਧਪ, ਪਗ, ਮਗ ਸਾਰੇ ਸਾ, ਨ਼ੀ ਨ਼ੀ ਗ ਸਾ।

## ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆਂ ਮੇਰਾ ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ ॥ ੧ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥ ੨ ॥ ੧ ॥

(ਗੁ. ਗ੍ਰੰ. ਪੰਨਾ ੧੧੦੬)

## ਰਾਗ ਮਾਰੂ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | ਸਥਾਈ : | | | | | | | | | | | | | |
| | | | | ਗ | ਮ | ਪ | ਪ | ਪਸਾਂ | ਨੀਸਾਂ | ਨੀਧ | ਪਧ | ਮਪ | ਗਮ | ਸਾ | ਰੇ |
| | | | | ਐ | ਸੀ | ਲਾ | ਲ | ਤੁS | ਝS | ਬਿS | ਨੁS | ਕS | ਵS | ਨ | ਕ |
| ਸਾ | - | - | - | ਪ਼ | - | ਨ਼ੀ | ਨ਼ੀ | ਸਾ | - | ਸਾ | ਸਾ | ਸਾਗ | ਮਪ | ਗ | ਮ |
| ਰੇ | S | S | S | ਗ਼ਰੀ | S | ਬਨਿ | | ਵਾ | S | ਜੁ | ਗੁ | ਸਈ | SS | ਆ | S |
| ਗ | ਸਾਰੇ | ਸਾ | - | ਗ | ਮ | ਪ | ਨੀ | ਸਾਂ | ਨੀ | ਸਾਂ | ਸਾਂ | ਪਨੀ | ਸਾਂਰੇਂ | ਨੀਧ | ਪਧ |
| ਮੇਂ | SS | ਰਾ | S | ਮਾ | S | ਥੈ | S | ਛ | S | ਤ੍ਰ | ਧ | ਰੇS | SS | SS | SS |
| ਮਪ | ਗਮ | ਸਾਰੇਸਾ | | | | | | | | | | | | | |
| SS | SS | SS | S | | | | | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਪ | - | ਗ | ਮ | ਪ | - | ਨੀ | ਨੀ | ਸਾਂ | ਸਾਂ | ਸਾਂ | - |
| | | | | ਜਾ | ऽ | ਕੀ | ऽ | ਛੱ | ऽ | ਤਿ | ਜ | ਗ | ਤ | ਕਉ | ऽ |
| ਨੀਸਾਂ | ਰੇਂਰੇਂ | ਸਾਂਰੇਂ | ਨੀਸਾਂ | ਨੀਸਾਂ | ਗਂ | ਮਂ | | ਗਂ | ਸਾਂਰੇਂ | ਸਾਂ | ਸਾਂ | ਰੇਂਸਾਂ | ਨੀਸਾਂ | ਰੇਂਸਾਂ | |
| ਲਾਂऽ | ऽऽ | ਗੈਂऽ | ऽऽ | ਤਾ | ऽ | ਪ | ਰ | ਤੂ | ऽऽ | ਹੀ | ਢ | ਰੇਂऽ | ऽऽ | ऽऽ | |
| ਨ਼ੀਧ | ਪਧ | ਮਪ | ਗ | ਗਮ | ਪਧ | ਪਸਾਂ | | ਨ਼ੀਧ | ਪਧ | ਮ | ਪ | ਗਮ | ਪਧ | ਗ | ਮ |
| ऽऽ | ऽऽ | ऽऽ | ऽ | ਨੀऽ | ऽऽ | ਚਹੁ | | ਉ਼ऽ | ऽऽ | ਚ | ਕ | ਰੇਂऽ | ऽऽ | ਮੇ | ਰਾ |
| ਗ | ਸਾਰੇ | ਸਾ | ਸਾ | ਪ਼ | ਨ਼ੀ | ਸਾ | - | ਸਾਗ | ਮਪ | ਗ | ਮ | ਪਨੀ | ਸਾਂਰੇਂ | ਨ਼ੀਧ | ਪਧ |
| ਗੇ | ऽ | ਬਿੰ | ਦ | ਕਾ, | ऽ | ਹੂ | ऽ | ਤੇऽ | ऽऽ | ਨ | ਛ | ਰੇਂऽ | ऽऽ | ऽऽ | ऽऽ |
| ਮਪ | ਗਮ | ਸਾਰੇ | ਸਾ | | | | | | | | | | | | |
| ऽऽ | ऽऽ | ऽऽ | ऽ | | | | | | | | | | | | |

## ਰਾਗ ਮਾਰੂ ਕਾਫੀ

ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਰਾਗ ਦੇ ਅਧੀਨ ਇਕ "ਮਾਰੂ ਕਾਫੀ" ਰਾਗ ਵੀ ਉਪਲੱਬਧ ਹੁੰਦਾ ਹੈ। ਇਸ ਰਾਗ ਪ੍ਰਕਾਰ ਦੇ ਆਰੰਭ ਵਿਚ ਪਹਿਲੇ ਮੰਗਲਾਚਰਣ॥ ੧ੴ ਸਤਿਗੁਰ ਪ੍ਰਸਾਦਿ" ਹੈ ਅਤੇ ਅਗੇ ਸਿਰਲੇਖ ਵਿਚ ਸੰਕੇਤ ਹੈ। ਮਾਰੂ ਕਾਫੀ ਮਹਲਾ ੧ ਘਰੁ ੨।"

ਇਸ ਰਾਗ ਦਾ ਨਾਮ ਹੀ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਗੁਰ ਆਸ਼ੇ ਅਨੁਸਾਰ ਇਹ ਮਾਰੂ ਤੋਂ ਭਿੰਨ ਰਾਗ ਹੈ। ਇਸ ਰਾਗ ਦਾ ਨਾਮ ਸੁਭਾਵਿਕ ਹੀ ਇਹ ਸਪਸ਼ਟ ਕਰ ਦਿੰਦਾ ਹੈ ਕਿ ਇਸ ਵਿਚ ਦੋ ਰਾਗਾਂ—ਮਾਰੂ ਅਤੇ ਕਾਫ਼ੀ ਦੀਆਂ ਨਾਦ ਲਹਿਰਾਂ ਦਾ ਮਿਸ਼ਰਣ ਹੈ। ਇਨ੍ਹਾਂ ਦੋਹਾਂ ਰਾਗਾਂ ਦੀਆਂ ਸੁਰਾਵਲੀਆਂ ਅੱਡ ਹੋਣ ਤੋਂ ਵੀ ਪ੍ਰਭਾਵ ਇਕ ਉਤਪੰਨ ਕਰਦੀਆਂ ਹਨ। ਅਜਿਹੇ ਮਿਸ਼ਰਣ ਭਾਰਤੀ ਸੰਗੀਤ ਪਰੰਪਰਾ ਵਿਚ ਅਨੇਕ ਪ੍ਰਾਪਤ ਹੁੰਦੇ ਹਨ। ਰਾਗਾਂ ਦੇ ਮਿਸ਼ਰਣ ਦਾ ਇਹ ਸਿੱਧਾਂਤ ਸਾਧਾਰਣ ਸੰਗੀਤਕਾਰ ਦੀ ਪਹੁੰਚ ਤੋਂ ਕਾਫ਼ੀ ਦੁਰੇਡੇ ਦੀ ਗੱਲ ਹੈ। ਰਾਗਾਂ ਦੇ ਇਨ੍ਹਾਂ ਸੂਖਮ ਭੇਦਾਂ ਨੂੰ ਇਕ ਸਾਹਿਤਕਾਰ ਜਾਂ ਸਾਧਾਰਣ ਪਾਠਕ ਲਈ ਸਮਝਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ।

ਮਾਰੂ ਕਾਫ਼ੀ ਰਾਗ ਦੀ ਰਚਨਾ ਵਿਦਵਾਨਾਂ ਨੇ ਕਾਫ਼ੀ ਥਾਟ ਦੇ ਅੰਤਰਗਤ ਮੰਨੀ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਦੋ ਗੰਧਾਰ ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਵਿਚ ਖਮਾਜ ਅਤੇ ਕਾਫੀ ਰਾਗ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸ਼ੁੱਧ ਅਤੇ ਅਵਰੋਹ ਵਿਚ ਇਹ ਦੋਵੇਂ ਸੁਰ ਕੋਮਲ ਵਰਤੇ ਜਾਂਦੇ ਹਨ। ਇਸ ਦਾ ਵਾਦੀ ਸੁਰ ਸ਼ੁੱਧ ਗੰਧਾਰ ਅਤੇ ਸੰਵਾਦੀ ਸ਼ੁੱਧ ਨਿਸ਼ਾਦ ਹੈ। ਕਈ ਕਲਾਕਾਰ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਮੰਨਦੇ ਹਨ। ਇਸਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਲਏ ਜਾਂਦੇ ਹਨ ਇਸ ਲਈ ਜਾਤੀ ਔੜਵ-ਸੰਪੂਰਣ ਹੈ। ਇਸਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸਨੂੰ ਆਚਾਰੀਆਂ ਨੇ ਪੂਰਵਾਂਗ ਰਾਗਾਂ ਦੇ ਵਰਗ ਵਿਚ ਰੱਖਿਆ ਹੈ।

ਆਰੋਹ : ਸਾ ਨ਼ੀ ਸਾ, ਗ ਮ ਪ, ਨੀਸਾਂ

ਅਵਰੋਹ : ਸਾਂਨ੍ਹੀ ਧਪ, ਧ ਮ ਪ ਗ, ਮਗ੍ਹ, ਸਾਰੇ, ਸਾ।

ਮੁਖ ਅੰਗ : ਸਾਗ ਮਪ, ਗਮਧਪ, ਧਮਪਗ, ਮਗ੍ਹ, ਸਾਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨ਼ੀ ਨ਼ੀ ਸਾ, ਨ਼ੀਸਾ ਗ੍ਹ, ਸਾਗ੍ਹ, ਸਾਰੇ, ਸਾ, ਸਾਰੇ ਸਾਸਾ ਨ਼ੀ ਧ਼ ਪ਼, ਧ਼ ਮ਼ ਪ਼ ਗ਼, ਮ਼ਪ਼ ਨ਼ੀ ਧ਼ ਪ਼, ਮ਼ ਪ਼ ਨ਼ੀ ਨ਼ੀ ਸਾ, ਪ਼ ਨ਼ੀ ਸਾਰੇ ਨ਼ੀਸਾ ਗ,

ਸਾਗ̱, ਸਾਰੇ ਸਾ, ਨ̣ੀ ਸਾ ਗ ਗ ਮਗ, ਮਗ̱, ਸਾਰੇ, ਸਾ ਗ̱ ਗ̱ ਰੇਸਾ; ਰੇਰੇ ਸਾਨ̣ੀ, ਸਾ ਗ ਮਗ, ਨ̣ੀਸਾ ਗ ਮ ਪ, ਮ ਪ ਮਗ ਮ ਗ̱ ਸਾਰੇ, ਸਾ, ਨ̣ੀ ਨ̱̣ੀ ਰੇ ਸਾ ।

2. ਨ̣ੀਸਾ ਗ ਮ ਪ, ਸਾ ਗ ਮ ਪ ਗ ਮ ਪ, ਮ ਪ ਮ ਮ ਗ, ਸਾ ਗ ਮ ਪ ਗ ਮ ਪ ਗ̱, ਸਾਰੇ ਸਾ, ਗ̱ ਗ̱ ਰੇਸਾ ਨ̣ੀ ਸਾ ਗ ਮ ਪ, ਗ ਮ ਧ ਪ, ਧ ਧ ਪ ਧ ਮ ਪ ਗ ਮ ਪ ਗ̱, ਸਾਰੇ, ਸਾ ਨ̣ੀ ਸਾ ਗ ਮ ਪ, ਗ ਮ ਪ ਨ̱ੀ ਧ ਪ, ਧਧਪ ਧ ਮ ਪ ਗ ਮ ਪ ਨ̱ੀ ਧਪ, ਮ ਪ ਸਾਂ, ਨ̱ੀ ਨ̱ੀ ਧਪ, ਧ ਮ, ਪਗ, ਗ ਮ ਪ ਨੀ ਰੇਂ ਨ̱ੀ ਧ ਪ, ਧ ਮ, ਪ ਗ, ਮਗ̱, ਸਾਰੇ, ਸਾ, ਮ̣ ਪ̣ ਨ̣ੀ ਨ̣ੀ ਸਾ, ਨ̣ੀ ਨ̱̣ੀ ਰੇਸਾ ।

3. ਪ ਪ, ਮ ਪ ਗ ਮ ਪ ਨੀਸਾਂ, ਸਾਂਨ̱ੀ ਧਪ ਧਧ ਮਪ ਗ ਮ ਪਨੀ ਸਾਂ, ਪ ਨੀ ਸਾਂਰੇਂ ਨੀਸਾਂ ਰੇਂ ਸਾਂ, ਨੀਸਾਂ ਗ̱ਂ, ਸਾਂਰੇਂ, ਸਾਂ, ਰੇਂ ਰੇਂ ਸਾਂਨ̱ੀ ਧਪ ਮ ਪ ਗਮ ਪਨੀ ਸਾਂ, ਨੀ ਸਾਂ ਗਂ, ਸਾਂਗ̱ਂ, ਸਾਂ ਰੇਂ ਸਾਂ, ਨੀ ਸਾਂਗਂ ਗਂ ਮਂਗਂ, ਮਂਗ̱ਂ, ਸਾਂਰੇਂਸਾਂ, ਨੀਸਾਂ ਗਂ ਮਂ ਪਂ, ਗਂ ਮਂ ਪਂ ਮਂ ਪਂ ਮਂ ਪਂ ਗਂ ਮਂ ਗ̱ਂ, ਸਾਂਰੇਂ, ਸਾਂ, ਨੀਸਾਂ ਗ̱ਂ ਗ̱ਂ, ਸਾਂਰੇਂਸਾਂ, ਮਂ ਗਂ, ਮਂਗ̱ਂ, ਸਾਂਰੇਂ, ਸਾਂ, ਨੀਸਾਂ ਗ̱ਂ, ਸਾਂਰੇਂ, ਸਾਂ, ਨੀਸਾਂ ਰੇਂ ਰੇਂ ਸਾਂ, ਨੀਸਾਂ ਰੇਂਸਾਂ ਨ̱ੀ ਨ̱ੀ ਧਪ, ਮ ਪ ਸਾਂ ਨ̱ੀ ਧ ਪ, ਧਧ ਪ ਧ ਮਪ ਨ̱ੀ ਧਪ, ਮਪ ਧਮ ਪ ਗ, ਮਗ, ਗ̱ਗ̱, ਸਾਰੇ, ਸਾ, ਨੀ ਨ̱̣ੀ ਰੇ ਸਾ ।

ੴ ਸਤਿਗੁਰ ਪ੍ਰਸਾਦਿ ॥

## ਮਾਰੂ ਕਾਫੀ ਮਹਲਾ ੧ ਘਰੁ ੨ ॥

ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥
ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥ ੧ ॥
ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥
ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ ॥ ੧ ॥
ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥
ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥ ੨ ॥
ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥
ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥ ੩ ॥
ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥
ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ ॥ ੪ ॥
ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥
ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਇ ॥ ੫ ॥
ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥
ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥ ੬ ॥
ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥
ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥ ੭ ॥
ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥
ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥ ੮ ॥ ੧ ॥ ੯ ॥

(ਗੁ. ਗ੍ਰੰ. ਪੰਨਾ ੧੦੧੪-੧੦੧੫)

## ਰਾਗ ਮਾਰੂ ਕਾਫੀ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | ਸਥਾਈ : | | | | | | | | | |
| | | ਸਾਗ | ਮਪ | ਗ | ਮ | ਧ | ਪ | - | ਧ | ਮ | ਪ | ਗੁ | ਮਗੁ | ਸਾ | ਰੇ |
| | | ਮੈਂS | ਡਾS | ਮ | ਨ | ਰ | ਤਾ | S | ਆ | ਪੁ | ਨ | ੜੇ | SS | ਪਿ | ਰ |
| ਸਾ | -ਸਾ | ਸਾਗ | ਮਪ | ਗ | ਮ | ਧ | ਪ | - | ਧ | ਮ | ਪ | ਗੁ | ਮਗੁ | ਸਾ | ਰੇ |
| ਨਾ | Sਲਿ | ਮੈਂS | 'ਡਾS | ਮ | ਨ | ਰ | ਤਾ | S | ਆ | ਪ | ਨ | ੜੇ | SS | ਪਿ | ਰ |
| ਸਾ | -ਸਾ | ਸਾ | | ਪ਼ | - | ਨ਼ੀ | ਨ਼ੀ | ਸਾ | - | ਸਾ | - | ਸਾਗ | ਮਪ | ਗ | ਮ |
| ਨਾ | Sਲਿ | ਹਉ | | ਘੋ | S | ਲਿ | ਘੁ | ਮਾ | S | ਈ | S | ਖੰS | ਨੀS | ਐ | S |
| ਨ਼ੀ | ਪ | ਪ | ਪ | ਗ | ਮ | ਪ | ਨੀ | ਸਾਂ | ਨੀ | ਸਾਂ | ਸਾਂ | ਨ਼ੀ | ਨ਼ੀ | ਪਧ | ਗਮ |
| ਕੀ | S | ਤੀ | ਹਿਕ | ਭੋ | S | ਰੀS | | ਨ | ਦ | ਰਿ | ਨਿ | ਹਾS | SS | SS | SS |
| ਗੁਗੁ | ਸਾਰੇ | | | | | | | | | | | | | | |
| SS | ਲਿ | | | | | | | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਗ | ਮ | ਗ | ਮ | ਪ | - | ਨੀ | - | - | ਪਨੀ | ਸਾਂਨੀ | |
| | | | | ਆ | ऽ | ਵਉ | ऽ | ਵੰ | ऽ | ਵਉ | ऽ | ऽ | ਡੂੰऽ | ऽ | ਮ |
| ਸਾਂ | - | - | - | ਨੀਸਾਂ | ਗਾਂ | ਮਂ | | ਪਂ | - | ਗਂ | ਮਂ | ਗ | - | ਸਾਂ | ਰੇਂ |
| ਣੀ | ऽ | ऽ | ऽ | ਕਿ | ऽ | ਤੀ | ऽ | ਮਿ | ऽ | ਤ੍ਰ | ਕ | | | ऽ | ऽ |
| ਸਾਂ | - | - | - | ਨੀ | - | ਸਾਂ | ਸਾਂ | ਪ | ਸਾ | ਨ੍ਹੀ | ਪ | ਧੁਪ | ਮਪ | ਗਮ | ਮ |
| ਉ | ऽ | ऽ | ऽ | ਸਾ | ऽ | ਧ | ਨ | ਢੰ | ऽ | ਈ | ऽ | ਨऽ | ऽऽ | ऽ | ਲ |
| ਨ੍ਹੀ | ਪ | ऽ | | ਗ | ਮ | ਧ | ਨੀ | ਸਾਂ | ਗੁ | ਸਾਂਰੇ | ਸਾਂ | ਨੀਨੀ | ਪਧ | ਮਪ | ਗਮ |
| ਹੈ | ऽ | ऽ | ऽ | ਵਾ | ऽ | ਢੀ | ऽ | ਕਿਉ | ऽ | ਧੀ | ऽ | ਰੇऽ | ऽऽ | ऽऽ | ऽऽ |
| ਗੁਗੁ | ਸਾਂਰੇ | | | | | | | | | | | | | | |
| ਉऽ | ऽऽ | | | | | | | | | | | | | | |

## ਰਾਗ ਮਾਰੂ ਦਖਣੀ

ਮਾਰੂ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ ਜਿਸ ਦਾ ਪ੍ਰਚਾਰ ਉੱਤਰੀ ਅਤੇ ਦੱਖਣੀ ਪਧਤੀ ਵਿਚ ਸਮਾਨ ਰੂਪ ਤੋਂ ਮਿਲਦਾ ਹੈ ਪਰੰਤੂ ਦੋਹਾਂ ਪੱਧਤੀਆਂ ਵਿਚ ਇਸ ਦੇ ਨਾਦਾਤਮਕ ਸਰੂਪ ਵਿਚ ਕਾਫੀ ਭਿੰਨਤਾ ਹੈ। ਮੱਧਕਾਲੀ ਸੰਗੀਤ ਗ੍ਰੰਥਾਂ ਵਿਚ ਇਸ ਨੂੰ ਮਾਰੂਵ, ਮਾਰਵ, ਮਾਰਵਿਕ ਆਦਿ ਨਾਮਾਂ ਨਾਲ ਸੰਬੋਧਨ ਕੀਤਾ ਗਿਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਅਤੇ ਉੱਤਰੀ ਭਾਰਤੀ ਸੰਗੀਤ ਪਰੰਪਰਾ ਵਿਚ ਇਸਨੂੰ ਕੇਵਲ "ਮਾਰੂ" ਹੀ ਲਿਖਿਆ ਉਪਲੱਬਧ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਦਾ ਉੱਤਰ ਭਾਰਤੀ ਰੂਪ ਵੀ ਵਰਤਿਆ ਹੈ ਅਤੇ ਦੱਖਣੀ ਦਾ ਵੀ। ਉੱਤਰ ਪੱਧਤੀ ਦੇ ਮਾਰੂ ਪ੍ਰਕਾਰ ਤੇ ਕੇਵਲ "ਮਾਰੂ" ਸਿਰਲੇਖ ਹੈ ਅਤੇ ਮਾਰੂ ਦਾ ਜਿਥੇ ਦੱਖਣੀ ਰੂਪ ਹੈ ਉਥੇ ਵਿਸ਼ੇਸ਼ ਤੌਰ ਤੇ ਸੰਕੇਤ "ਮਾਰੂ ਮਹਲਾ ੧ ਦਖਣੀ ॥" ਹੈ। ਇਹ ਸਿਰਲੇਖ ਦਾ ਸੰਕੇਤ ਇਸ ਰਾਗ ਦੀ ਭਿੰਨਤਾ ਦਾ ਸੂਚਕ ਹੈ ਜੋ ਸਾਡੇ ਵਿਚਾਰਾਂ ਦੀ ਪੂਰਣ ਤੌਰ 'ਤੇ ਪ੍ਰੋੜ੍ਹਤਾ ਕਰਦਾ ਹੈ।

ਦੱਖਣੀ ਪੱਧਤੀ ਦੇ ਥਾਟ ਵਰਗੀਕਰਣ ਅਨੁਸਾਰ ਇਸ ਰਾਗ ਦੀ ਰਚਨਾ "ਮਾਯਾ ਮਾਲਵਗੌਲ" ਮੇਲ ਤੋਂ ਮੰਨੀ ਜਾਂਦੀ ਹੈ ਜੋ ਉੱਤਰੀ ਪੱਧਤੀ ਦੇ ਭੈਰਵ ਥਾਟ ਦੇ ਸਦ੍ਰਿਸ਼ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਵਰਜਿਤ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਸ਼ਾਡਵ-ਸੰਪੂਰਣ ਹੈ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਮਾਰੂ ਦਖਣੀ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਵਿਦਵਾਨਾਂ ਨੇ ਇਸ ਦਾ ਵਰਗੀਕਰਣ ਉਤ੍ਰਾਂਗ ਵਾਦੀ ਰਾਗਾਂ ਵਿਚ ਕੀਤਾ ਹੈ।

ਆਰੋਹ : ਸਾ ਗ, ਮ ਪ ਧੁਨੀ ਧੁ ਪ ਸਾਂ।

ਅਵਰੋਹ : ਸਾਂਨੀ ਧੁ, ਪ, ਮ ਧੁ ਮ ਪ, ਮ ਗ ਰੇ, ਸਾ।

ਮੁਖ ਅੰਗ : ਨੀ ਧੁ, ਪ ਮ ਧੁ, ਮ ਪ, ਮ ਗਰੇ, ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾ ਸਾ ਨ਼ੀ ਧੁ਼ ਪ਼, ਧੁ਼ ਧੁ਼ ਪ਼ ਮ਼ ਮ਼ ਪ਼, ਨ਼ੀ ਧੁ਼ ਪ਼, ਮ਼ ਧੁ਼ ਪ਼ ਧੁ਼ ਮ਼ ਪ਼ ਮ ਗ, ਗ ਮ਼ ਪ਼, ਮ਼ ਪ਼ ਧੁ਼ ਨ਼ੀ ਧੁ਼ ਪ਼, ਮ਼ ਪ਼ ਨ਼ੀ ਧੁ਼ ਪ਼, ਮ਼ ਪ਼ ਧੁ਼ ਪ਼ ਸਾ, ਨ਼ੀ ਨ਼ੀ ਧੁ਼ ਪ਼, ਮ਼ ਧੁ਼ ਪ਼ ਧੁ਼ ਮ਼ ਪ਼ ਸਾ, ਪ਼ ਸਾ, ਸਾ ਗ, ਗ ਰੇ ਸਾ ਧੁ਼ ਪ਼ ਸਾ, ਸਾ ਸਾ ਗ, ਮ ਗ, ਰੇ ਸਾ, ਨ਼ੀ ਧੁ਼ ਪ਼, ਮ਼ ਪ਼ ਧੁ਼ ਪ਼ ਸਾ।

2. ਸਾ ਸਾ ਗ ਗ ਮ, ਮ ਪ ਮਗ, ਮ ਪ ਧੁ ਪ ਮ ਪ ਮ ਗ, ਮ ਪ ਧੁ ਪ ਮ ਪ ਮ ਗ ਰੇੁ, ਸਾ ਗ ਮ ਪ, ਧੁਪ, ਨੀ ਧੁਪ, ਮ ਧੁ ਪਧੁ ਮਪ ਮਗ, ਮਪ ਧੁ ਪ ਸਾਂ ਰੇੁਂ ਰੇੁਂ ਸਾਂ, ਸਾਂਨੀ ਧੁਪ, ਮ ਪ ਧੁਪ, ਸਾਂ, ਸਾਂ ਸਾਂ ਗੁ, ਗ ਗਂ, ਮਂ ਗਂ ਰੇੁਂ ਸਾਂ, ਸਾਂਨੀ ਨੀਧੁ ਧੁਪ, ਸਾਂ, ਨੀ ਧੁਪ, ਮਧੁ ਪਧੁ ਮ ਪ ਮਗ, ਮ ਗ ਰੇੁ ਸਾਂ।

3. ਗ ਮ ਪ ਪ, ਮ ਧੁ ਪ ਪ ਸਾਂ. ਸਾਂ ਸਾਂ ਰੇੁਂ ਰੇੁਂ ਸਾਂ, ਸਾਂਨੀ ਨੀਧੁ ਧੁਪ, ਮ ਪ ਧੁਪ ਸਾਂ, ਪ ਸਾਂ ਰੇੁਂ ਸਾਂ, ਸਾਂ ਸਾਂ ਗਂ, ਮਂ ਗਂ ਰੇੁਂ ਸਾਂ, ਸਾਂ ਸਾਂ ਗਂ, ਸਾਂ ਰੇੁਂ ਸਾਂ, ਸਾਂਨੀ ਧੁਪ ਨੀ ਧੁਪ, ਮਧੁ ਪਧੁ ਮ ਪ ਮ ਗ, ਪ ਮ ਗ ਰੇੁ, ਮ ਗ, ਰੇੁ ਸਾ।

## ਮਾਰੂ ਮਹਲਾ ੧ ਦਖਣੀ

ਕਾਇਆ ਨਗਰੁ ਨਗਰੁ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥ ੧ ॥
ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ ੨ ॥
ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥ ੩ ॥
ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥ ੪ ॥
ਧਰਤਿ ਉਪਾਇ ਧਰੀ ਧਰਮਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥ ੫ ॥
ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥
ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥ ੬ ॥
ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤੁ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥ ੭ ॥
ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥ ੮ ॥
ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥ ੯ ॥
ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥
ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥ ੧੦ ॥
ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥ ੧੧ ॥

ਅੰਮ੍ਰਿਤ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥ ੧੨ ॥
ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥ ੧੩ ॥
ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥
ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥ ੧੪ ॥
ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪਿ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥ ੧੫ ॥
ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥
ਨਾਨਕ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥ ੧੬ ॥ ੧ ॥ ੧੩ ॥

(ਗੁ. ਗ੍ਰੰ. ਪੰਨਾ ੧੦੩੩-੧੦੩੪)

# ਰਾਗ ਮਾਰੂ ਦਖਣੀ ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | ਸਥਾਈ : | | | | | | | |
| ਨੀਧ਼ | ਧ਼ਪ | ਪਮ | ਧ਼ | ਧ | ਪਮ | ਪਪ | ਮ | ਗ | ਰੇ਼ | ਸਾ | ਸਾ |
| ਕਾS | ਇਆ | ਨS | ਗ | ਰੁ | ਨS | ਗਾਰ | ਗ | ਤ | ਅੰ | ਦ | ਰਿ |
| ਸਾਗ | ਮਪ | ਗਮ | ਧ਼ | ਪ | - | ਨੀਧ਼ | ਧ਼ਪ | ਪਮ | ਪ | ਪ | ਪ |
| ਸਾS | SS | ਚਾS | ਵਾ | ਸਾ | S | ਪੁS | ਰਿਗ | ਗS | ਨੰ | ਦ | ਰਿ |
| ਗਮ | ਧ਼ | ਪਸਾਂ | | ਸਾਂ | ਸਾਂ | ਸਾਨੀ | ਰੇਂਨੀ | ਸਾਂ | ਸਾਂਸਾਂ | ਸਾਂ | - |
| ਅਸ | ਥਿ | ਰੁ | ਥਾ | ਨੁ | ਸ | ਦਾS | ਨਿS | ਰ | ਮਾਇ | ਲੁ | S |
| ਸਾਂਰੇਂ | ਸਾਂਨੀ | ਧ਼ਪ | ਨੀ | ਧ਼ | ਪ | ਧ਼ਪ | ਧ਼ਪ | ਮਪ | ਮਗ | ਮਗ | ਰੇ਼ਸਾ |
| ਆS | SS | ਪੇS | ਆ | ਪੁ | ਉ | ਪਾS | SS | ਇS | ਦਾ | SS | SS |

ਅੰਤਰਾ :

| | | | | | | | | | | | |
|---|---|---|---|---|---|---|---|---|---|---|---|
| ਮ | ਮ | ਮਧੁ | | ਪ | ਪ | ਸਾਂ | ਸਾਂ | ਸਾਂ | ਸਾਂਰੇਂ | ਸਾਂ | - |
| ਅੰਦ | | ਰਿ | ਕੋ | ਟ | ਛ | ਜੇ | ਧ | ਟ | ਨਾS | ਲੈ | S |
| ਸਾਂ | ਗਾਂ | ਮਂ | ਗਾਂ | ਰੇਂ | ਸਾਂ | ਰੇਂਸਾਂ | ਨੀਸਾਂ | ਰੇਂਸਾਂ | ਨੀ | ਧੁ | ਪ |
| ਆ | S | ਪੇ | ਲੇ | ਵੈ | S | ਵਸ | ਤੁS | ਸS | ਮਾ | ਲੇ | S |
| ਨੀ | ਧੁਧੁ | ਪਮ | ਧੁ | ਧੁ | ਧੁ | ਪਮ | ਪ | ਮ | ਗ | ਰੇ | ਸਾ |
| ਬ | ਜਰ | ਕS | ਪਾ | ਟ | ਜ | ਤੇਜੋ | ਜ | ੜਿ | ਜਾ | ਣੇ | S |
| ਗਮ | ਧੁ | ਪ | ਸਾਂ | ਸਾਂ | - | ਸਾਂਰੇਂ | ਸਾਂਨੀ | ਧੁਨੀ | ਧੁਪ | ਮਗ | ਰੇਸਾ |
| ਗੁਰ | ਸ | ਬ ਦੀ S | | ਖੋ | S | ਲਾS | SS | ਇS | SS | ਦਾS | SS |

# ਰਾਗ ਤੁਖਾਰੀ

ਤੁਖਾਰੀ, ਇਕ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ। ਭਾਰਤੀ ਸੰਗੀਤ ਦੇ ਪੁਰਾਤਨ, ਮੱਧ ਕਾਲੀ ਜਾਂ ਆਧੁਨਿਕ ਕਿਸੇ ਗ੍ਰੰਥ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ ਅਤੇ ਨਾ ਹੀ ਕਿਸੇ ਘਰਾਣੇਦਾਰ ਗਾਇਕ-ਵਾਦਕਾਂ ਕੋਲੋਂ ਇਸ ਰਾਗ ਦੀਆਂ ਨਾਦ ਲਹਿਰਾਂ ਕਦੇ ਕੰਨ ਗੋਚਰ ਹੋਈਆਂ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ ਰਚਨਾ ਗੁਰੂ ਨਾਨਕ ਸਾਹਿਬ ਨੇ ਕੀਤੀ। ਮੱਧਕਾਲੀ ਧਾਰਮਿਕ ਗ੍ਰੰਥਾਂ ਵਿਚੋਂ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਵਿਚ ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਰਚਿਤ ਬਾਣੀ ਉਪਲੱਬਧ ਹੁੰਦੀ ਹੈ। ਗੁਰੂ ਸਾਹਿਬਾਨ ਦੀ ਭਾਰਤੀ ਸੰਗੀਤ ਪੱਧਤੀ ਨੂੰ ਇਹ ਰਾਗ ਇਕ ਅਨੁਪਮ ਦੇਣ ਹੈ।

ਸਾਡੇ ਅਧਿਐਨ ਅਨੁਸਾਰ ਤੁਖਾਰੀ ਦੇ ਤਿੰਨ ਸਰੂਪ ਹਨ (ੳ) ਟੋਡੀ ਜਾਂ ਖਮਾਜ ਥਾਟ ਦਾ, (ਅ) 10 ਥਾਟਾਂ ਵਿਚੋਂ ਕਿਸੇ ਥਾਟ ਵਿਚ ਨਹੀਂ ਸਮਾਉਂਦਾ ਅਤੇ (ੲ) ਪੂਰਵੀ ਥਾਟ ਦਾ। ਕਿਉਂ ਜੋ ਇਹ ਰਾਗ ਨਿਰੋਲ ਗੁਰਮਤਿ ਸੰਗੀਤ ਪੱਧਤੀ ਦੀ ਉਪਜ ਹੈ ਇਸ ਲਈ ਇਸ ਦੇ ਸਰੂਪ ਬਾਰੇ ਵਿਸਤ੍ਰਿਤ ਚਰਚਾ ਕਰਨੀ ਅਤਿ ਲੋੜੀਂਦੀ ਹੈ।

## ਤੁਖਾਰੀ (ੳ) ਪ੍ਰਕਾਰ

ਆਧੁਨਿਕ ਵਿਦਵਾਨਾਂ ਨੇ ਤੁਖਾਰੀ ਰਾਗ ਦੇ ਇਸ ਪ੍ਰਕਾਰ ਦੀ ਰਚਨਾ ਟੋਡੀ ਜਾਂ ਖਮਾਜ ਥਾਟ ਤੋਂ ਮੰਨੀ ਹੈ। ਇਸ ਦੇ ਪ੍ਰਚਲਿਤ ਸਰੂਪ ਤੇ ਸਾਧਾਰਣ ਦ੍ਰਿਸ਼ਟੀਪਾਤ ਕੀਤਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਤੁਖਾਰੀ ਵਿਚ ਨਾ ਹੀ ਟੋਡੀ ਦੇ ਸੁਰ ਹਨ ਅਤੇ ਨਾ ਹੀ ਖਮਾਜ ਦੇ। ਸਚਾਈ ਤਾਂ ਇਹ ਹੈ ਕਿ ਪੰਡਿਤ ਵੀ. ਐਨ. ਭਾਤਖੰਡੇ ਦੁਆਰਾ ਹਿੰਦੁਸਤਾਨੀ ਪੱਧਤੀ ਲਈ ਥਾਪੇ 10 ਥਾਟਾਂ ਵਿਚੋਂ ਇਹ ਕਿਸੇ ਵੀ ਥਾਟ ਵਿਚ ਨਹੀਂ ਸਮਾਉਂਦਾ। ਦੱਖਣੀ ਪੱਧਤੀ ਦੇ ਥਾਟ-ਨਿਰਮਾਤਾ ਪੰਡਿਤ ਵਿਅੰਕਟ ਮੁਖੀ ਦੇ 72 ਥਾਟਾਂ ਵਿਚੋਂ "ਧਰਮਵਤੀ ਥਾਟ" ਨਾਲ ਕੁਝ ਨ ਕੁਝ ਨੇੜਤਾ ਰਖਦਾ ਹੈ। ਰਾਗਾਂਗ-ਪੱਧਤੀ ਅਨੁਸਾਰ ਅਸੀਂ ਇਸ ਨੂੰ ਮੁਲਤਾਨੀ ਅੰਗ ਦਾ ਰਾਗ ਮੰਨ ਸਕਦੇ ਹਾਂ।

ਇਸ ਰਾਗ ਦੇ ਪ੍ਰਚਲਿਤ ਸਰੂਪ ਵਿਚ ਦੋ ਮੱਧਿਅਮ, ਦੋ ਨਿਸ਼ਾਦ, ਗੰਧਾਰ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਪੰਚਮ ਅਤੇ ਸ਼ੜਜ ਸੰਵਾਦੀ ਹੈ। ਇਸ ਰਾਗ ਦੇ ਗਾਉਣ ਦਾ ਸਮਾ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਸੁਰ ਵਰਜਿਤ ਕੀਤਾ ਜਾਂਦਾ ਹੈ ਅਤੇ ਪੰਚਮ ਤੋਂ ਅਗੇ "ਪਧਨੀ ਧਪ" ਦੇ

ਰੂਪ ਵਿਚ ਧੈਵਤ ਦਾ ਪ੍ਰਯੋਗ ਹੁੰਦਾ ਹੈ, ਪਰ ਸ਼ੜਜ ਵਿਚ ਪ੍ਰਵੇਸ਼ ਕਰਨ ਵੇਲੇ ਧੈਵਤ ਵਰਜਿਤ ਕਰਨ ਦੀ ਪ੍ਰਥਾ ਹੈ । ਇਸ ਕਾਰਣ ਉਸ ਦੀ ਜਾਤੀ ਔਡਵ-ਸੰਪੂਰਣ ਮੰਨੀ ਜਾਂਦੀ ਹੈ । ਇਹ ਪੂਰਵਾਂਗ ਪ੍ਰਧਾਨ ਰਾਗ ਹੈ । ਇਸ ਦੇ ਵਿਸਤਾਰ ਦਾ ਘੇਰਾ ਬੜਾ ਵਿਸ਼ਾਲ ਹੈ । ਅਰਥਾਤ ਤਿੰਨਾਂ ਸਪਤਕਾਂ ਵਿਚ ਇਸ ਦਾ ਵਿਸਤਾਰ ਸਮਾਨ ਰੂਪ ਤੋਂ ਕੀਤਾ ਜਾਂਦਾ ਹੈ । ਤੁਖਾਰੀ ਦਾ ਨਿਕਟ-ਵਰਤੀ ਜਾਂ ਸਮਪ੍ਰਕ੍ਰਿਤਕ ਰਾਗ ਮਧੂਵੰਤੀ ਹੈ । ਮਧੂਵੰਤੀ ਵਿਚ ਮੱਧਿਅਮ ਤੀਬਰ ਅਤੇ ਸ਼ੁੱਧ ਨਿਸ਼ਾਦ ਦਾ ਪ੍ਰਯੋਗ ਹੁੰਦਾ ਹੈ ਪਰੰਤੂ ਤੁਖਾਰੀ ਵਿਚ ਦੋ ਮੱਧਿਅਮ ਅਤੇ ਦੋ ਨਿਸ਼ਾਦ ਵਰਤੇ ਜਾਂਦੇ ਹਨ । ਸੁਰਾਂ ਦੀ ਦ੍ਰਿਸ਼ਟੀ ਤੋਂ ਹੀ ਇਨ੍ਹਾਂ ਦੋਹਾਂ ਰਾਗਾਂ ਵਿਚ ਭਿੰਨਤਾ ਸਪਸ਼ਟ ਹੋ ਜਾਂਦੀ ਹੈ ।

ਆਰੋਹ : ਸਾ, ਨੀ ਸਾ ਗੁ ਮ ਪ, ਧ ਨੀ ਧਪ, ਮ ਧ ਮ, ਪ ਨੀਸਾਂ ।

ਅਵਰੋਹ : ਸਾਂ ਨੀਧਪ, ਮਪ ਗੁ, ਸਾਰੇ, ਸਾ ।

ਮੁਖ ਅੰਗ : ਨੀਸਾ ਗੁ ਮ ਪ, ਮਪ ਗੁ, ਸਾਰੇ, ਸਾ ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ ਨੀ ਨੀਸਾ, ਨੀਸਾ ਰੇ ਨੀਸਾ ਧ ਨੀ ਧ ਪ, ਧ ਮ ਪ, ਮ ਪ ਗੁ, ਮ ਪ ਨੀ ਨੀ ਸਾ, ਪ ਨੀ ਨੀਸਾ, ਪ ਧ ਮ ਪ ਧ ਨੀ ਧਪ, ਮ ਪ ਨੀ ਨੀਸਾ, ਪਨੀਸਾਰੇ ਨੀਸਾਗੁ, ਨੀਸਾ ਰੇ ਨੀਸਾ ਗੁ, ਸਾ ਗੁ, ਸਾਰੇ, ਸਾ, ਨੀਸਾ ਗੁ ਗੁ ਮ, ਗੁ ਰੇ ਸਾ ਰੇ ਨੀ ਸਾ ਗੁ ਗੁ ਮ, ਮ ਪ ਨੀਸਾ ਰੇ ਨੀਸਾ ਗੁ ਗੁ ਮ, ਸਾਗੁ ਮ, ਸਾਮ ਮਗੁ, ਸਾਰੇ, ਸਾ, ਨੀ ਨੀ ਰੇ ਸਾ ।

2. ਸਾ, ਨੀ ਸਾ ਗੁ ਮ ਪ, ਸਾ ਗੁ ਮ ਪ ਗੁ ਮ ਪ, ਪ ਨੀਸਾਰੇ ਨੀ ਸਾ ਗੁ ਮ ਪ, ਸਾਰੇ ਜਾਸਾਨੀ, ਗੁ ਮ ਗੁਗੁਸਾ, ਗੁ ਮ ਪ ਮਪ, ਸਾ ਮ ਗੁ ਪ, ਮ ਧ ਪ ਧ ਮਪ ਗੁ ਮਪ, ਨੀਸਾ ਗੁ ਮ ਪ ਗੁ ਮ ਧਪ, ਪ ਧ ਪ ਮਪ ਮ ਗੁ ਮ ਧਪ, ਨੀਸਾ ਗੁ ਮ ਪ ਧ ਨੀ ਧ, ਨੀਪ, ਧ ਪ ਮਪ ਗੁ ਮ ਧਪ, ਧਮ ਪ ਨੀ ਧਪ, ਮਪ ਸਾਂ ਨੀ ਧ ਨੀਪ, ਧਪ ਮਪ ਗੁ, ਮ, ਸਾਰੇ, ਸਾ, ਨੀ ਨੀ ਰੇ ਸਾ ।

3. ਧਪ, ਧਪ ਮੰਪ ਗੁ ਮੰ ਪ ਨੀ, ਨ਼ੀ, ਨੀ, ਧਪ, ਮੰ ਪ ਧਪ ਮੰਪ ਗੁ ਮੰ ਪ ਨੀ ਨੀ, ਨੀਸਾਂ ਸਾਂਨ੍ਹੀ ਧਪ ਮੰਪ ਗੁਮੰ ਪਨੀਸਾਂ, ਮੰਪ ਨੀਸਾਂ ਰੇਂ ਰੇਂ ਸਾਂ ਪਨੀ ਸਾਂਰੇਂ ਨੀਸਾਂ ਗੁਂ ਗੁਂ ਰੇਂਸਾਂ, ਗੁਂ ਗੁਂ ਰੇਂਸਾਂ, ਰੇਂਰੇਂ ਸਾਂਨੀ, ਪ ਨੀਸਾਂ ਗੁਂ ਰੇਂ ਸਾਂ, ਨੀਸਾਂ ਮੰਂ ਗੁਂ ਰੇਂਸਾਂ, ਨੀ ਸਾਂ ਗੁਂ ਮੰਂ ਪਂ, ਮੰਂ ਪਂ ਗੁਂ, ਮੰਂ ਗੁਂ ਰੇਂ ਸਾਂ ਰੇਂਰੇਂ ਸਾਂਨੀ ਸਾਂ, ਨ੍ਹੀ ਨ੍ਹੀ ਧਪ, ਧ ਮ ਪ ਸਾਂ ਨ੍ਹੀ ਨ੍ਹੀ ਧਪ, ਪਧ ਨ੍ਹੀ ਧਪ, ਧਪ ਮੰਪ ਗੁ, ਮੰਗੁ, ਰੇ ਸਾ, ਨ਼ੀ ਨ਼ੀ ਰੇ ਸਾ।

## ਰਾਗ ਤੁਖਾਰੀ (ਇਕ ਅਪ੍ਰਸਿੱਧ ਪ੍ਰਕਾਰ)

ਤੁਖਾਰੀ ਦਾ ਇਹ ਦੂਜਾ ਪ੍ਰਕਾਰ ਅਤਿ ਅਲਾਪ ਪ੍ਰਸਿੱਧ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਹੋ ਸਕਦਾ ਹੈ ਕਿ ਇਹ ਪ੍ਰਕਾਰ ਸਿਖ ਕੀਰਤਨਕਾਰਾਂ ਵਿਚ ਕਿਸੇ ਸਮੇਂ ਕਾਫੀ ਪ੍ਰਚਲਿਤ ਰਿਹਾ ਹੋਵੇ ਪਰ ਵਰਤਮਾਨ ਵਿਚ ਇਹ ਰੂਪ ਕਿਸੇ ਰਬਾਬੀ ਜਾਂ ਰਾਗੀ ਕੋਲੋਂ ਕਦੇ ਸੁਣਨ ਨੂੰ ਨਹੀਂ ਮਿਲਿਆ।

ਭਾਈ ਕਾਨ੍ਹ ਸਿੰਘ ਜੀ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਨਾ 446 'ਤੇ ਇਸ ਰਾਗ ਦਾ ਇਸ ਤਰ੍ਹਾਂ ਉਲੇਖ ਕਰਦੇ ਹਨ :

"ਸੰਪੂਰਣ ਜਾਤੀ ਦੀ ਇਕ ਰਾਗਿਣੀ ਜਿਸਦਾ ਗ੍ਰਿਹ ਸੁਰ ਸ਼ੜਜ, ਵਾਦੀ ਰਿਸ਼ਭ, ਪੰਚਮ ਸੰਵਾਦੀ ਅਤੇ ਮੱਧਮ ਅਨੁਵਾਦੀ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮੱਧਮ ਲਗਦੇ ਹਨ। ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ। ਸਾਰੇ

ਗੁ ਗ ਮ ਮੰ ਪ ਧ ਨੀ। ਕਈਆਂ ਨੇ ਪੰਚਮ ਵਰਜਿਤ ਮੰਨ ਕੇ ਤੁਖਾਰੀ ਸ਼ਾੜਵ ਲਿਖੀ ਹੈ। ਸ਼ੜਜ, ਗੰਧਾਰ ਨਿਸ਼ਾਦ ਸ਼ੁੱਧ, ਰਿਸ਼ਭ, ਧੈਵਤ ਕੋਮਲ ਅਤੇ ਮੱਧਮ ਤੀਵਰ ਹੈ। ਇਸ ਰਾਗ ਵਿਚ ਮੱਧਮ ਵਾਦੀ ਸ਼ੜਜ ਸੰਵਾਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ਦਾ ਨੰਬਰ ਬਾਈਵਾਂ ਹੈ।

ਭਾਈ ਸਾਹਿਬ ਨੇ ਉਸ ਸਮੇਂ ਦੇ ਪ੍ਰਸਿੱਧ ਰਾਗੀ, ਰਬਾਬੀਆਂ ਤੋਂ ਪਰਾਪਤ ਜਾਣਕਾਰੀ ਦੇ ਆਧਾਰ 'ਤੇ ਇਸ ਰਾਗ ਦਾ ਸਰੂਪ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਉਪਰੋਕਤ ਹਵਾਲੇ ਅਨੁਸਾਰ ਤੁਖਾਰੀ ਦੇ ਦੋ ਸਰੂਪ ਸਾਡੇ ਸਨਮੁੱਖ ਆਉਂਦੇ ਹਨ। ਅਸੀਂ ਇਥੇ ਇਸ ਦੇ ਪਹਿਲੇ ਸਰੂਪ ਤੇ ਵਿਚਾਰ ਕਰ ਰਹੇ ਹਾਂ।

ਆਧੁਨਿਕ ਨਾਦ-ਸ਼ਾਸਤਰ ਵਿਗਿਆਨੀਆਂ ਅਨੁਸਾਰ ਤੁਖਾਰੀ ਦਾ ਇਕ ਪ੍ਰਕਾਰ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਆਉਂਦਾ। ਇਸ ਪ੍ਰਕਾਰ ਦੇ ਨਾਦਾਤਮਕ ਸਰੂਪ ਵਿਚ ਦੋਵੇਂ ਗੰਧਾਰ, ਦੋਵੇਂ ਮੱਧਿਅਮ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਸ਼ੁੱਧ ਗੰਧਾਰ ਅਤੇ ਅਵਰੋਹ ਵਿਚ ਕੋਮਲ ਗੰਧਾਰ ਪ੍ਰਯੋਗ ਹੁੰਦਾ ਹੈ। ਮੱਧਿਅਮ ਸ਼ੁੱਧ ਸੁਤੰਤਰ

ਚਲਨ ਵਿਚ ਅਤੇ ਤੀਬਰ ਮੱਧਿਅਮ ਪੰਚਮ ਦੇ ਸੰਯੋਗ ਨਾਲ ਵਰਤਿਆ ਜਾਂਦਾ ਹੈ। ਇਸ ਰਾਗ ਦੀ ਜਾਤੀ ਵਕਰ-ਸੰਪੂਰਣ ਹੈ। ਇਸ ਦਾ ਵਾਦੀ ਸੁਰ (ਭਾਈ ਸਾਹਿਬ ਅਨੁਸਾਰ) ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਸ ਮੱਤ ਅਨੁਸਾਰ ਇਹ ਰਾਗ ਪੂਰਵਾਂਗ ਵਾਦੀ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਪੂਰਵਾਂਗ ਵਾਦੀ ਰਾਗਾਂ ਦੇ ਗਾਉਣ ਦਾ ਸਮਾਂ ਬਾਅਦ ਦੁਪਹਿਰ ਹੁੰਦਾ ਹੈ ਪਰੰਤੂ ਭਾਈ ਸਾਹਿਬ ਇਸ ਦੇ ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਮੰਨਦੇ ਹਨ। ਤੁਖਾਰੀ ਦੇ ਇਸ ਪ੍ਰਕਾਰ ਵਿਚ ਗੌੜ ਸਾਰੰਗ, ਕਲਿਆਣ, ਛਾਇਆ ਨਟ, ਮਾਲ ਗੁੰਜੀ ਆਦਿ ਰਾਗਾਂ ਦੀ ਛਾਇਆ ਦ੍ਰਿਸ਼ਟੀ ਗੋਚਰ ਹੁੰਦੀ ਹੈ। ਅਜਿਹੇ ਅਪ੍ਰਚਲਿਤ ਰਾਗਾਂ ਬਾਰੇ ਮੱਤ ਭੇਦ ਹੋਣਾ ਇਕ ਸੁਭਾਵਿਕ ਗੱਲ ਹੈ। ਭਵਿੱਖ ਵਿਚ ਜਦੋਂ ਕੋਈ ਮਹਾਨ ਵਿਦਵਾਨ ਅਜਿਹੇ ਅਛੋਪ ਰਾਗਾਂ ਬਾਰੇ ਠੋਸ ਵਿਚਾਰ ਦੇਵੇਗਾ, ਤੁਰੰਤ ਅਪਣਾ ਲੈਣੇ ਚਾਹੀਦੇ ਹਨ, ਅਜਿਹੀ ਸਨਿਮ੍ਰ ਪ੍ਰਾਰਥਨਾ ਹੈ।

ਆਰੋਹ : ਸਾਰੇ, ਗ ਮ ਪ, ਮੰ ਪ ਧ ਨੀਸਾਂ।

ਅਵਰੋਹ : ਸਾਂ ਨੀ ਧਪ, ਮੰਪ ਮਗ, ਮਗੁ ਰੇ ਸਾ।

ਮੁਖ ਅੰਗ : ਸਾ ਰੇ, ਗਮਪ, ਮਗ, ਮਗੁ ਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ, ਨ਼ੀ ਨ਼ੀ ਸਾ, ਸਾਰੇ ਨ਼ੀ ਸਾ ਧ਼ ਧ਼ ਪ਼, ਧ਼ ਧ਼ ਪ਼ ਮ਼ੰ ਪ਼ ਮ਼ ਗ਼ ਪ਼ ਪ਼ ਮ਼ੰ ਪ਼ ਸਾ ਪ਼ ਧ਼ ਨ਼ੀਸਾ, ਧ਼ ਨ਼ੀਰੇ, ਰੇ ਸਾ, ਸਾਰੇ ਨ਼ੀਸਾ ਰੇ ਗੁ ਰੇ ਸਾ, ਗੁ ਰੇ ਸਾਰੇ ਨ਼ੀਸਾ, ਰੇ ਰੇ ਗ, ਗ ਗੁ ਰੇ ਸਾ, ਨ਼ੀ ਸਾ ਰੇ ਗ ਮਗ ਮਗੁ, ਰੇਸਾ, ਸਾਰੇ ਨ਼ੀ ਸਾ ਧ਼ ਧ਼ ਪ਼ ਸਾ।

2. ਨ਼ੀਸਾ ਰੇ ਰੇ ਗ ਗ ਮ, ਗ ਮ ਪ, ਮ ਗ ਮ ਗੁ ਰੇ ਸਾ, ਰੇ ਗ ਮਪ, ਨ਼ੀਸਾ ਰੇ ਗ ਮ ਧ ਪ, ਸਾਰੇ ਗੁ ਰੇ ਸਾ, ਰੇ ਗ ਮ ਧਪ, ਗ ਮ ਧਪ, ਪਧਮੰਪ ਮਗ, ਗਮ ਧਧ ਪਧ ਮੰਪ ਮਗ, ਗਮ ਪਧਨੀ, ਧਨੀ ਪਧ ਮੰਪ ਮ ਗ, ਮ ਗੁ ਰੇ ਸਾ, ਨ਼ੀ ਸਾ ਧ਼ ਨ਼ੀ ਰੇ, ਰੇ ਸਾ।

3. ਪ ਪ ਮੰ ਪ ਸਾਂ, ਸਾਂਨੀ ਧਪ ਮੰ ਪ ਧ ਨੀ ਰੇਂ ਰੇਂ ਸਾਂ, ਨੀ ਸਾਂ ਰੇਂ ਗੁਂ ਰੇਂ ਸਾਂ, ਰੇਂ ਰੇਂ ਸਾਂਨੀ ਸਾਂ, ਧਪ ਮੰ ਪ ਸਾਂ, ਨੀਸਾਂ ਰੇਂ ਰੇਂ ਗਂ ਮਂ ਮਂ ਗੁਂ ਰੇਂ ਸਾਂ, ਨੀਸਾਂ ਰੇਂ ਗਂ ਮਂ ਪਂ ਮਂ ਗੁਂ ਰੇਂ ਸਾਂ, ਰੇਂ ਰੇਂ ਸਾਂ ਨੀਸਾਂ, ਧਪ ਮੰਪ ਰੇਂ ਸਾਂ, ਧਧ ਮੰਪ ਪਸਾਂ, ਧਪ ਮੰਪ ਨੀ, ਧਪ ਮੰਪ ਧ, ਮੰਪ ਮਗ, ਮਗੁ ਰੇਸਾ, ਨੀ ਸਾ ਧ਼ ਨ਼ੀ ਰੇ, ਰੇ ਸਾ।

## ਰਾਗ ਤੁਖਾਰੀ (ਤੀਜਾ ਅਪ੍ਰਸਿੱਧ ਪ੍ਰਕਾਰ)

ਤੁਖਾਰੀ ਦੇ ਇਸ ਤੀਜੇ ਪ੍ਰਕਾਰ ਨੂੰ ਨਾਦ-ਸ਼ਾਸਤਰ ਵੇਤਾ ਪੂਰਬੀ ਥਾਟ ਦੇ ਅੰਤਰਗਤ ਰਖਦੇ ਹਨ। ਰਾਗਾਂਗ ਪੱਧਤੀ ਦੇ ਪਗ ਚਿੰਨ੍ਹਾਂ ਤੇ ਚਲਣ ਵਾਲੇ ਸੰਗੀਤਕਾਰ ਵੀ ਇਸ ਨੂੰ ਪੂਰਵੀ ਅੰਗ ਦਾ ਰਾਗ ਮੰਨਦੇ ਹਨ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਤੀਬਰ ਪੰਚਮ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਹ ਸ਼ਾੜਵ-ਸ਼ਾੜਵ ਜਾਤੀ ਦਾ ਰਾਗ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਇਸ ਦਾ ਵਾਦੀ ਸੁਰ ਤੀਬਰ ਮੱਧਿਅਮ ਅਤੇ ਸ਼ੜਜ ਸੰਵਾਦੀ ਮੰਨਦੇ ਹਨ । ਭਾਰਤੀ ਸੰਗੀਤ ਵਿਚ ਕੋਈ ਵੀ ਅਜਿਹਾ ਰਾਗ ਪ੍ਰਚਲਿਤ ਨਹੀਂ ਰਿਹਾ ਜਿਸ ਵਿਚ ਵਾਦੀ ਤੀਬਰ ਮੱਧਿਅਮ ਹੋਵੇ। ਇਹੋ ਹੀ ਨਹੀਂ ਸਗੋਂ ਤੀਬਰ ਮੱਧਿਅਮ ਕਿਸੇ ਰਾਗ ਵਿਚ ਸੰਵਾਦੀ ਵੀ ਨਹੀਂ ਹੈ। ਸ਼ਾਸਤਰ ਦ੍ਰਿਸ਼ਟੀਕੋਣ ਤੋਂ ਤੀਬਰ ਮੱਧਿਅਮ ਦਾ ਸ਼ੜਜ ਨਾਲ ਸੰਵਾਦ ਨਹੀਂ ਹੁੰਦਾ। ਸਾਡੇ ਵਿਚਾਰ ਅਨੁਸਾਰ ਇਸਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਮੰਨਣਾ ਵਧੇਰੇ ਉਚਿੱਤ ਹੈ। ਇਹ ਸਵੇਰ ਸਮੇਂ ਦਾ ਸੰਧੀ-ਪ੍ਰਕਾਸ਼-ਰਾਗ ਹੈ ਅਤੇ ਉਤ੍ਰਾਂਗ ਵਾਦੀ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਇਸ ਰਾਗ ਦਾ ਮੁਹਾਂਦਰਾ ਕਦੇ ਕਦੇ ਮਾਰਵਾ ਜਾਂ ਗੂਜਰੀ ਰਾਗ ਨਾਲ ਮਿਲਦਾ-ਜੁਲਦਾ ਦਿਖਾਈ ਦਿੰਦਾ ਹੈ ਪਰੰਤੂ ਮਾਰਵਾ ਵਿਚ ਧੈਵਤ ਸ਼ੁੱਧ ਹੈ ਅਤੇ ਗੂਜਰੀ ਵਿਚ ਗੰਧਾਰ ਅਤਿਕੋਮਲ ਹੈ, ਇਸ ਕਾਰਣ ਇਹ ਦੋਹਾਂ ਰਾਗਾਂ ਨਾਲੋਂ ਭਿੰਨ ਹੋ ਜਾਂਦਾ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੁਖਾਰੀ ਰਾਗ ਦੇ ਸੰਬੰਧ ਵਿਚ ਆਪਣੇ ਵਿਦਵਤਾ ਭਰਪੂਰ ਵਿਚਾਰਾਂ ਦਾ ਇਸ ਤਰ੍ਹਾਂ ਪ੍ਰਗਟਾਵਾ ਕਰਦੇ ਹਨ: ਤੁਖਾਰੀ—ਇਹ ਰਾਗਣੀ ਗੁਰਮਤਿ ਸੰਗੀਤ ਵਲੋਂ ਪ੍ਰਚਾਰ ਹੋਈ ਹੈ। ਦੇਸੀ ਭਿੰਨ ਰਾਗ ਹੈ ਭੈਰੋਂ, ਰਾਮਕਲੀ, ਟੋਡੀ ਤੋਂ ਬਣੀ ਹੈ, ਸੰਪੂਰਣ ਹੈ। ਸਾ ਰੇ ਗ ਮ ਪ ਧ ਨੀ।" ਇਸੇ ਤਰ੍ਹਾਂ ਹੀ ਗੁਰਮਤਿ ਸੰਗੀਤ ਦੇ ਮਹਾਨ ਖੋਜੀ ਡਾ. ਚਰਨ ਸਿੰਘ ਜੀ ਤੁਖਾਰੀ ਦੇ ਸੰਬੰਧ ਵਿਚ ਲਿਖਦੇ ਹਨ "ਤੁਖਾਰੀ ਇਸ ਰਾਗ ਨੂੰ ਵੀ ਰਾਗ ਮਾਲਾ ਵਿਚ ਜਗ੍ਹਾ ਨਹੀਂ ਮਿਲੀ ਇਕੁਰ ਹੀ ਸੰਗੀਤ ਵਿਚ ਵੀ ਇਸਨੂੰ ਰਾਗ ਦੀ ਕਿਸੇ ਬੰਸਾਵਲੀ ਵਿਚ ਨਹੀਂ ਲਿਖਿਆ। ਤੁਖਾਰੀ ਨਾਮ ਕਰਕੇ ਇਕ ਰਾਗ ਲਿਖਿਆ ਹੈ, ਪ੍ਰੰਤੂ ਵਰਤਿਆ ਨਹੀਂ ਹੋਇਆ। ਬਹੁਤ ਭਾਲ਼ ਕਰਨ ਤੋਂ ਮਲੂਮ ਹੋਇਆ ਹੈ।" (ਗੁਰਮਤ ਸੰਗੀਤ ਪੰਨਾ 32)

ਡਾ. ਸਾਹਿਬ ਦੇ ਇਸ ਕਥਨ ਤੋਂ ਇਕ ਬਹੁਤ ਗੰਭੀਰ ਪ੍ਰਸ਼ਨ ਖੋਜਕਾਰਾਂ ਦੇ ਸਨਮੁਖ ਆਉਂਦਾ ਹੈ। ਉਹ ਇਹ ਹੈ ਕਿ ਜੇ ਇਹ ਰਾਗ ਜਾਂ ਰਾਗਣੀ (ਭਾਈ ਵੀਰ ਸਿੰਘ ਅਨੁਸਾਰ) ਗੁਰਮਤਿ ਸੰਗੀਤ ਵਲੋਂ ਪ੍ਰਚਾਰ ਵਿਚ ਆਈ ਹੈ ਤਾਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਰਾਗ ਮਾਲਾ ਵਿਚ ਸਥਾਨ ਕਿਉਂ ਨਹੀਂ ਮਿਲਿਆ? ਇਥੇ ਹੀ ਬਸ ਨਹੀਂ ਡਾ. ਸਾਹਿਬ ਨੇ ਇਸ ਗਲ ਤੇ ਵੀ ਪ੍ਰਕਾਸ਼ ਪਾਇਆ ਹੈ ਕਿ ਉਨ੍ਹਾਂ ਨੂੰ ਬਹੁਤ ਖੋਜ ਕਰਨ ਉਪਰੰਤ ਵੀ ਕਿਸੇ ਰਾਗ ਦੀ ਬੰਸਾਵਲੀ ਵਿਚ ਇਸ ਦਾ ਬਿਉਰਾ ਨਹੀਂ ਮਿਲਿਆ।

ਅਸਚਰਜ ਦੀ ਗੱਲ ਇਹ ਹੈ ਕਿ ਜੋ ਰਾਗ ਗੁਰਮਤਿ ਸੰਗੀਤ ਦੀ ਉਪਜ ਹਨ ਉਨ੍ਹਾਂ ਦਾ ਵੇਰਵਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਵਿਚ ਵੀ ਪ੍ਰਾਪਤ ਨਾ ਹੋਵੇ। ਇਹ ਵਿਸ਼ਾ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ।

ਆਰੋਹ : ਸਾ, ਨ਼ੀ ਰੇ ਗ ਮੰ ਧੁ, ਨੀਸਾਂ।

ਅਵਰੋਹ : ਸਾਂ, ਰੇਂ ਨੀਧੁ, ਮੰਧੁ, ਮੰ ਗ ਰੇ, ਸਾ।

ਮੁਖ ਅੰਗ : ਸਾ, ਨ਼ੀ ਰੇ ਗ ਮੰ ਧੁ, ਮੰਧੁ, ਮੰ ਗ ਰੇ, ਸਾ।

## ਸੁਰ ਵਿਸਤਾਰ

1. ਸਾ, ਸਾਰੇ ਮਾਸਾ, ਨ਼ੀ ਨ਼ੀ ਰੇ ਸਾ, ਨ਼ੀਸਾ ਰੇ ਸਾਨ਼ੀ ਰੇ ਨ਼ੀਸ, ਮ਼ੰ ਧ਼ੁ ਮ਼ੰ ਧ਼ੁ ਨ਼ੀ ਮ਼ੰ ਧ਼ੁ ਸਾ, ਮ਼ੰ ਧ਼ੁ ਨ਼ੀਸਾ ਧ਼ੁ ਨ਼ੀਰੇ ਰੇ, ਸਾ, ਨ਼ੀਸਾ ਧ਼ੁ ਨ਼ੀ ਮ਼ੰ ਧ਼ੁ ਨ਼ੀ ਰੇ ਸਾ, ਨ਼ੀ ਰੇ ਨ਼ੀਗ, ਗ ਗ ਰੇ ਸਾਨ਼ੀ ਰੇ ਸਾਨ਼ੀ ਧ਼ੁ ਨ਼ੀ ਰੇ ਗ, ਗ, ਗ, ਰੇ ਸਾ ਨ਼ੀ ਨ਼ੀ ਰੇ ਸਾ।

2. ਨ਼ੀਰੇ ਗ, ਨ਼ੀਰੇ ਮੰ ਮੰ ਗ, ਮੰ ਮੰਗ ਮੰ ਰੇਗ, ਨ਼ੀਰੇ ਮੰ ਮੰ ਗ, ਨ਼ੀਰੇ ਗਮੰਧੁ, ਮੰਧੁ, ਮੰਗ ਰੇ, ਗਮੰਧੁ, ਧੁਧੁ ਮੰ ਧੁ ਗ ਮੰ ਰੇਗ, ਨ਼ੀ ਰੇ ਗ ਮੰਧੁ, ਗ ਮੰ ਧੁਗ ਮੰਨੀਧੁ, ਮੰਧੁ, ਮੰਗ ਰੇ, ਗਮੰ ਨੀਧੁ, ਨ਼ੀਰੇ ਗਮੰ ਧੁਨੀ ਮੰਧੁ ਨੀਧੁ, ਮੰ ਮੰ ਗਮੰ ਧੁਨੀ ਮੰਧੁ ਸਾਂ, ਰੇਂ ਨੀਧੁ, ਮੰਧੁ, ਮੰਗ ਰੇ, ਨ਼ੀਰੇ ਸਾ।

3. ਮੰਗ, ਮੰਧੁ ਨੀਨੀ, ਧੁਨੀ ਮੰਧੁ ਸਾਂ, ਮੰਧੁ ਨੀਸਾਂ ਰੇਂ ਰੇਂ ਸਾਂ, ਮੰਧੁ ਨੀਸਾਂ ਰੇਂਸਾਂ ਨੀਰੇਂ ਗਾਂ ਰੇਂ ਸਾਂ, ਸਾਂਰੇਂ ਨੀਸਾਂ ਧੁਨੀ ਮੰਧ ਨੀਰੇਂ ਸਾਂ, ਨੀਰੇਂ ਗਾਂ ਮੰਂ ਗਾਂਰੇਂ, ਮੰਂ ਗਾਂ ਰੇਂ ਸਾਂ, ਨੀਰੇਂ ਗਾਂ ਮੰਂ ਧਂ, ਮੰ ਧੁਂ, ਮੰਂ ਗਾਂ ਰੇਂ, ਨੀਰੇਂ ਸਾਂ, ਗਾਂ ਗਾਂ ਰੇਂਸਾਂ ਨੀਰੇਂ ਸਾਂਨੀਧੁਨੀ ਮੰ ਧੁ ਨੀਰੇਂਸਾਂ, ਰੇਂ ਸਾਂਨੀ ਸਾਂਰੇਂ ਨੀਧੁ, ਮੰਧੁ ਮੰਗ, ਮੰਗ ਰੇ ਸਾ, ਨ਼ੀ ਰੇ ਸਾ।

## ਤੁਖਾਰੀ ਛੰਤ ਮਹਲਾ ੫ ॥

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥
ਸਤਿਗੁਰ ਢਾਕਿ ਲੀਆ ਮੋਹਿ ਪਾਪੀ ਪੜਦਾ ॥
ਢਾਕਨ ਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ ॥
ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ ॥
ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥
ਨਾਨਕ ਦਾਸੁ ਤਾਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥ ੪ ॥ ੭ ॥ ੧੧ ॥

(ਗੁ ਗ੍ਰੰ. ਪੰਨਾ ੧੧੧੭)

## ਰਾਗ ਤੁਖਾਰੀ (ਪਹਿਲਾ ਪ੍ਰਕਾਰ) ਤਿੰਨਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | | | ਪਮੰ | ਗੁਮੰ | ਪਧ | ਮੰਪ | ਗੁ | ਰੇ | ਸਾ | ਰੁ |
| | | | | | | | | ਨਿs | ਰs | ਗੁs | ਣੁs | ਰਾ | s | ਖਿ | ਲੀ |
| ਰੇ | - | - | - | - | - | - | - | ਸਾ | ਰੇ | ਨ਼ੀ | ਸਾ | ਮੰ | ਗੁ | ਪ | ਮੰ |
| ਆ | s | s | s | s | s | s | s | ਸੰ | s | ਤ | ਨ | ਕਾ | s | ਸ | ਦ |
| ਪਮੰ | ਗੁਮੰ | ਪਧ | ਨ਼ੀਧ਼ | ਪਧ | ਮੰਪ | ਗੁਮੰ | ਪ | ਮੰਪ | ਧਪ | ਗੁ | ਮੰ | ਪ | - | ਨੀ | ਨੀ |
| ਕਾs | ss | ss | ss | ss | ss | ss | s | ਸs | ਤਿs | ਗੁ | ਰ | ਢਾ | s | ਕਿ | ਲੀ |
| ਸਾਂ | - | - | - | - | - | - | - | ਪਨੀ | ਸਾਂਗੁੰ | ਰੇਂ | ਸਾਂ | ਨੀਸਾਂ | ਰੇਂਸਾਂ | ਧਨ਼ੀ | ਪ |
| ਆ | s | s | s | s | s | s | s | ਮੋਹਿ | ss | ਹਿ | s | ਪਾs | ss | ਪੀs | s |
| ਪਮੰ | ਗਮੰ | ਪਧ | ਨ਼ੀਧ | ਪਮੰ | ਗੁਮੰ | ਗੁਰੇ | ਸਾ | | | | | | | | |
| ਪs | ੜs | ਦਾs | ss | s | s | s | s | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | - | ਖ | ਖ | ਮੰਪ | ਧਪ | ਗੁ | ਮ |
| | | | | | | | | ਢਾ | ऽ | ਕ | ਨ | ਹਾऽ | ऽऽ | ਰੇ | ऽ |
| ਪ | ਪ | ਨੀ | ਨੀ | ਸਾਂ | - | ਸਾਂ | - | ਪ | ਨੀ | ਸਾਂ | ਗੁੰ | ਰੇਂ | ਰੇਂ | ਸਾਂ | ਸਾਂ |
| ਪ੍ਰ | ਭੂ | ऽ | ਹ | ਮਾ | ऽ | ਰੇ | ऽ | ਜੀ | ऽ | ਅ | ਪ੍ਰਾ | ऽ | ਨ | ਸੁ | ਖ |
| ਨੀ | ਸਾਂ | ਨੀਸਾਂ | ਰੇਂਸਾਂ | ਧ | ਧ | ਨੀ | ਪ | ਧ | ਧ | ਧ | ਧ | ਨੀ | ਧ | ਨੀ | ਪ |
| ਦਾ | ऽ | ऽऽ | ऽऽ | ਤੇ | ऽ | ऽ | ऽ | ਅ | ਬਿ | ਨਾ | ऽ | ਸੀ | ऽ | ऽ | ऽ |
| ਪੰਮ | ਗੁਮ | ਪਧ | ਮੰਪ | ਗੁ | ਰੇ | ਨੀ | ਸਾ | ਨੀ | ਸਾ | ਗੁ | ਮੰ | ਪ | ਨੀ | ਸਾਂ | ਗੁੰ |
| ਅऽ | ਬਿऽ | ਗऽ | ਤऽ | ਸੁਆ | ऽ | ਮੀ | ऽ | ਪੂ | ऽ | ਰ | ਨ | ਪੂ | ਰ | ਖ | ਬਿ |
| ਰੇਂਸਾਂ | ਨੀਸਾਂ | ਪਨੀ | ਸਾਂਰੇਂ | ਸਾਂਸਾਂ | ਧਨੀ | ਪਧ | ਮੰਪ | | | | | | | | |
| ਧਾऽ | ऽऽ | ऽऽ | ऽऽ | ਤੇऽ | ऽऽ | ऽऽ | ऽऽ | | | | | | | | |

# ਰਾਗ ਕੇਦਾਰਾ

ਕੇਦਾਰਾ ਭਾਰਤੀ ਸੰਗੀਤ ਦਾ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਸ ਰਾਗ ਦੇ ਸੰਬੰਧ ਵਿਚ ਗੁਰ ਵਾਕ ਹੈ ॥ "ਕੇਦਾਰਾ ਰਾਗਾਂ ਵਿਚ ਜਾਣੀਐ ਭਾਈ ਸਬਦੇ ਕਰੇ ਪਿਆਰ ॥" ਇਸ ਹਵਾਲੇ ਤੋਂ ਇਹ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਵਿਚ ਇਸ ਦਾ ਕਿਤਨਾ ਮਹੱਤਵਪੂਰਣ ਸਥਾਨ ਰਿਹਾ ਹੈ। ਮੱਧ ਕਾਲ ਤੋਂ ਵਰਤਮਾਨ ਤਕ ਕੇਦਾਰਾ ਰਾਗ ਭਾਰਤੀ ਸੰਗੀਤ ਦਾ ਅਭਿੰਨ ਅੰਗ ਬਣਿਆ ਚਲਿਆ ਆ ਰਿਹਾ ਹੈ। ਇਸ ਰਾਗ ਦੀ ਗਣਨਾ ਕੋਈ ਬਹੁਤੇ ਕਠਿਨ ਜਾਂ ਜਟਿਲ ਰਾਗਾਂ ਵਿਚ ਨਹੀਂ ਕੀਤੀ ਜਾਂਦੀ ਸਗੋਂ ਸਰਬ ਸਾਧਾਰਣ ਜਾਂ ਸੁਗਮ ਰਾਗਾਂ ਦੇ ਵਰਗ ਵਿਚ ਇਸ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਕੇਦਾਰ ਰਾਗ ਦੇ ਥਾਟ ਬਾਰੇ ਸੰਗੀਤਕਾਰਾਂ ਵਿਚ ਕੁਝ ਵਿਤਕਰਾ ਹੈ। ਵਿਦਵਾਨਾਂ ਦਾ ਇਕ ਵਰਗ ਇਸ ਨੂੰ ਕਲਿਆਣ ਥਾਟ ਦਾ ਰਾਗ ਮੰਨਦਾ ਹੈ ਅਤੇ ਦੂਜਾ ਬਿਲਾਵਲ ਥਾਟ ਦਾ ਪਰੰਤੂ ਪ੍ਰਚਾਰ ਵਿਚ ਬਹੁ ਸੰਖਿਆ ਵਿਚ ਕਲਾਕਾਰ ਇਸ ਨੂੰ ਕਲਿਆਣ ਥਾਟ ਦਾ ਹੀ ਰਾਗ ਮੰਨਦੇ ਹਨ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਦੋ ਮੱਧਿਅਮ ਗੰਧਾਰ ਵਰਜਿਤ ਜਾਂ ਗੁਪਤ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਕਈ ਸੰਗੀਤ ਵੇਤਾ ਇਸ ਰਾਗ ਵਿਚ ਕੋਮਲ ਨਿਸ਼ਾਦ ਅਨੁਵਾਦੀ ਸੁਰ ਵਜੋਂ ਪ੍ਰਵਾਣ ਕਰਦੇ ਹਨ ਅਤੇ ਕੁਝ ਵਿਵਾਦ ਵਜੋਂ। ਇਸ ਵਿਚ ਸੰਦੇਹ ਨਹੀਂ ਕਿ ਕੁਝ ਦਹਾਕੇ ਪਹਿਲਾ ਕੋਮਲ ਨਿਸ਼ਾਦ ਨੇ ਇਸ ਰਾਗ ਵਿਚ ਵਿਵਾਦੀ ਸੁਰ ਵਜੋਂ ਪ੍ਰਵੇਸ਼ ਕੀਤਾ ਸੀ ਪਰ ਵਰਤਮਾਨ ਵਿਚ ਇਹ ਸੁਰ ਇਸ ਰਾਗ ਵਿਚ ਅਨੁਵਾਦੀ ਸੁਰ ਦਾ ਸਥਾਨ ਗ੍ਰਹਿਣ ਕਰ ਚੁੱਕਾ ਹੈ। ਇਸ ਰਾਗ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਅਲਪ ਰੂਪ ਵਿਚ ਧੈਵਤ ਦੇ ਸੰਜੋਗ ਨਾਲ ਕੀਤੀ ਜਾਂਦੀ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਗੰਧਾਰ ਸੁਰਾਂ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ 6 ਸੁਰ ਵਰਤੇ ਜਾਂਦੇ ਹਨ, ਇਸ ਲਈ ਜਾਤੀ ਔੜਵ-ਸ਼ਾੜਵ ਮੰਨੀ ਜਾਂਦੀ ਹੈ। ਕੁਝ ਵਿਦਵਾਨ ਇਸ ਰਾਗ ਦੇ ਅਵਰੋਹ ਵਿਚ ਗੰਧਾਰ ਸੁਰ ਦਾ ਪ੍ਰਯੋਗ ਵਕਰ ਢੰਗ ਨਾਲ ਕਰਦੇ ਹਨ ਅਤੇ ਜਾਤੀ ਔੜਵ-ਸੰਪੂਰਣ ਮੰਨਦੇ ਹਨ ਪਰੰਤੂ ਪਹਿਲੀ ਧਾਰਣਾ ਨੂੰ ਵਧੇਰੇ ਮਾਨਤਾ ਪ੍ਰਾਪਤ ਹੈ।

ਰਾਗਾਤਮਕ ਪੱਖ ਤੋਂ ਕੇਦਾਰਾ ਰਾਗ ਵਿਚ ਗੰਧਾਰ ਸੁਰ ਪੂਰਣ ਤੌਰ 'ਤੇ ਵਰਜਿਤ ਹੈ ਪਰ ਫੇਰ ਵੀ ਕੁਝ ਮਰਮੱਗ ਕਲਾਕਾਰ ਇਸ ਸੁਰ ਦੀ ਵਰਤੋਂ ਇਤਨੇ ਕਲਾਤਮਕ ਢੰਗ ਤੋਂ ਕਰਦੇ ਹਨ ਕਿ ਉਹ ਇਸ ਦੀ ਸੁੰਦਰਤਾ ਵਿਚ ਵਿਸ਼ੇਸ਼ ਵਾਧਾ ਵੀ ਕਰੇ ਤੇ ਰਹੇ ਵੀ ਗੁਪਤ। ਗੰਧਾਰ ਦੇ ਇਸ ਪ੍ਰਯੋਗ ਤੋਂ ਸੂਝਵਾਨ ਸ੍ਰੋਤੇ ਗਾਇਕ ਦੀ ਕਲਾ ਕੌਸ਼ਲਤਾ ਦਾ

ਅਨੁਮਾਨ ਸਹਿਜੇ ਹੀ ਲਗਾ ਲੈਂਦੇ ਹਨ ਕਿ ਉਸਨੇ ਗੰਧਾਰ ਦਾ ਪ੍ਰਯੋਗ ਕਿਸ ਅੰਸ਼ ਵਿਚ ਅਤੇ ਕਿੰਨੇ ਪ੍ਰਮਾਣ ਵਿਚ ਕੀਤਾ ਹੈ। ਕਲਾਵੰਤ ਨੂੰ ਇਹ ਕ੍ਰਿਆ ਅਤਿਅੰਤ ਚੌਕਸੀ ਨਾਲ ਜਾਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ ਕਿਉਂਕਿ ਜੇ "ਗ ਮ ਪ ਗ ਮ ਰੇ ਸਾ" ਦੇ ਪ੍ਰਯੋਗ ਦੁਆਰਾ ਕਾਮੋਦ ਅਤੇ "ਗ ਮ ਰੇ ਸ" ਤੋਂ ਬਿਲਾਵਲ ਰਾਗ ਸਿਰ ਉਚਾ ਕਰਨ ਲੱਗ ਪੈਂਦਾ ਹੈ।

ਇਸ ਰਾਗ ਦਾ ਵਾਦੀ ਸੁਰ ਮੱਧਿਅਮ (ਸ਼ੁੱਧ) ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਨੂੰ ਰਾਤ ਦੇ ਦੂਜੇ ਪਹਿਰ ਦੇ ਅੰਤ ਵਿਚ ਗਾਉਣ ਦੀ ਪ੍ਰਥਾ ਹੈ। ਇਸ ਦਾ ਗ੍ਰਹ ਸੁਰ ਸ਼ੜਜ, ਅੰਸ਼ ਮੱਧਿਅਮ ਅਤੇ ਨਿਆਸ ਪੰਚਮ ਮੰਨਿਆ ਜਾਂਦਾ ਹੈ। ਇਸ ਰਾਗ ਦਾ ਸਰੂਪ ਸਾਕਾਰ ਕਰਨ ਲਈ ਸ਼ੜਜ ਮੱਧਿਅਮ ਦੀ ਜੋੜੀ ਕਲਾਕਾਰ ਦੀ ਬਹੁਤ ਸਹਾਇਤਾ ਕਰਦੀ ਹੈ। ਵਿਦਵਾਨਾਂ ਨੇ ਇਸ ਨੂੰ ਪੂਰਵਾਂਗ ਪ੍ਰਧਾਨ ਰਾਗ ਸਵੀਕਾਰਿਆ ਹੈ। ਇਸ ਨੂੰ ਗੰਭੀਰ ਅਤੇ ਸ਼ਾਂਤ ਪ੍ਰਕ੍ਰਿਤੀ ਦਾ ਰਾਗ ਮੰਨਿਆ ਜਾਂਦਾ ਹੈ। ਕੇਦਾਰਾ ਦੇ ਨਿਕਟ ਸੰਬੰਧੀ ਰਾਗ ਕਾਮੋਦ, ਹਮੀਰ, ਛਾਇਆ ਨਟ ਆਦਿ ਹਨ ਪਰ ਇਹ ਆਪਣੇ ਸੁਤੰਤਰ ਨਿਯਮਾਂ ਅਤੇ ਵਖਰੀ ਚਲਨ ਕਾਰਣ ਉਨ੍ਹਾਂ ਤੋਂ ਅੱਡਰੀ ਨੁਹਾਰ ਰਖਦਾ ਹੈ।

ਇਸ ਰਾਗ ਦੇ ਅਵਰੋਹ ਵਿਚ ਧੈਵਤ ਅਤੇ ਰਿਸ਼ਭ ਸੁਰਾਂ ਤੇ ਵਿਸ਼ੇਸ਼ ਤੌਰ 'ਤੇ ਠਹਿਰਾਉ ਕਰਨ ਨਾਲ ਇਸ ਦੀ ਆਕ੍ਰਿਤੀ ਹੋਰ ਵੀ ਸੁੰਦਰ ਜਾਪਣ ਲਗ ਜਾਂਦੀ ਹੈ। ਇਸ ਰਾਗ ਵਿਚ ਆਧੁਨਿਕ ਸਮੇਂ ਨਿਸ਼ਾਦ ਕੋਮਲ ਨੂੰ ਕਲਾਕਾਰਾਂ ਨੇ ਅਨੁਵਾਦੀ ਸੁਰ ਦਾ ਦਰਜਾ ਦੇ ਦਿਤਾ ਹੈ ਪਰ ਉਸਦੀ ਵਰਤੋਂ ਅਲਪ ਰੂਪ ਵਿਚ ਹੀ ਕਰਨੀ ਉਚਿੱਤ ਹੈ। ਮਾਹਿਰਾਂ ਦਾ ਕਥਨ ਹੈ ਕਿ ਇਸ ਰਾਗ ਦਾ ਵਿਸਤਾਰ ਕਰਨ ਸਮੇਂ ਨਿਸ਼ਾਦ (ਸ਼ੁੱਧ) ਸੁਰ ਤੇ ਭੁੱਲ ਕੇ ਵੀ ਨਿਆਸ ਨਾ ਕਰੋ। ਇਸੇ ਤਰ੍ਹਾਂ ਹੀ ਕੋਮਲ ਨਿਸ਼ਾਦ ਦਾ ਜਿਥੇ ਤਕ ਵਸ ਚੱਲੇ, ਪ੍ਰਯੋਗ ਵੀ ਘੱਟ ਹੀ ਕਰਨਾ ਚਾਹੀਦਾ ਹੈ। ਮਹਾਨ ਕਲਾਕਾਰ ਇਸ ਰਾਗ ਵਿਚ ਦੋਵੇਂ ਮੱਧਿਅਮ ਇਕੱਠੇ ਬੜੀ ਕੁਸ਼ਲਤਾ ਨਾਲ ਪ੍ਰਯੋਗ ਕਰਦੇ ਕੰਨ ਗੋਚਰ ਹੁੰਦੇ ਹਨ। ਇਸ ਕ੍ਰਿਆ ਦੁਆਰਾ ਇਹ ਰਾਗ ਅਤਿਅੰਤ ਮਨੋਰੰਜਕ ਬਣ ਜਾਂਦਾ ਹੈ। ਪਰ ਸਾਧਾਰਣ ਗਾਇਕਾਂ ਨੂੰ ਇਹ ਕ੍ਰਿਆ ਬੜੀ ਸਾਵਧਾਨੀ ਨਾਲ ਕਰਨੀ ਲੋੜੀਂਦੀ ਹੈ। "ਮੰ ਪ ਧ ਮ" ਸੁਰਾਵਲੀ ਨੂੰ ਮਹਾਨ ਕਲਾਕਾਰ ਕੇਦਾਰ ਰਾਗਾਂ ਦੇ ਸਰੀਰ ਵਿਚ ਆਤਮਾ ਦਾ ਸਥਾਨ ਸਮਝਦੇ ਹਨ। ਇਸ ਰਾਗ ਦੇ ਤਾਰ ਸ਼ੜਜ ਵਿਚ ਪ੍ਰਵੇਸ਼ ਕਰਨ ਸਮੇਂ "ਪ, ਮੰ ਪ ਸਾਂ" ਸੁਰਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਦ੍ਰੁਤ ਤਾਨਾਂ ਵਿਚ ਅੜਚਣ ਨਾ ਆਵੇ, ਇਸ ਸੇਧ ਨੂੰ ਮੁਖ ਰਖਕੇ ਕਲਾਕਾਰ "ਮੰ ਪ ਧਨੀ ਸਾਂਰੇਂ ਸਾਂਨੀ ਧਪ ਮੰਪ ਮਮ ਰੇਸਾ" ਵੀ ਵਰਤ ਲੈਂਦੇ ਹਨ।

ਕੇਦਾਰ ਰਾਗ ਦੇ ਸੰਬੰਧ ਵਿਚ ਸੁਰਗਵਾਸੀ ਡਾ. ਚਰਨ ਸਿੰਘ ਜੀ, ਜਿਨ੍ਹਾਂ ਨੂੰ

ਗੁਰਮਤਿ ਸੰਗੀਤ ਦਾ ਬੜਾ ਗਹਿਰਾ ਅਧਿਐਨ ਸੀ, ਨੇ ਆਪਣੀ ਖੋਜ ਦੇ ਆਧਾਰ 'ਤੇ ਇਸ ਰਾਗ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ ।

"ਕੇਦਾਰ-ਗੁਰਮਤਿ ਸੰਗੀਤ ਵਿਚ ਮੰਘ ਰਾਗ ਦਾ ਪੁਤ੍ਰ ਹੈ, ਜਿਹਾ ਕੁ "ਬੈਰਾਧਰ ਗਜਧਰ ਕੇਦਾਰਾ" । ਪਾਵਸ ਅਤੇ ਮਲਾਰ ਮਿਲਕੇ ਕੇਦਾਰਾ ਬਣਦਾ ਹੈ, ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਰਾਗਾਰਣਵ ਵਿਚ ਨਾਟ ਦੀ ਰਾਗਣੀ ਮੰਨੀ ਹੈ, ਭਾਰਤ ਵਿਚ ਦੀਪਕ ਦੀ ਰਾਗਣੀ ਹੈ । ਏਹੋ ਸ਼ਿਵਮਤ ਵਿਚ ਕੇਦਾਰ ਗੌੜ ਸਿਰੀ ਰਾਗਦੀ ਰਾਗਣੀ ਹੈ ।"

(ਗੁਰਮਤ ਸੰਗੀਤ, ਪੰਨਾ 28)

ਡਾ. ਸਾਹਿਬ ਵਰਗੇ ਮਹਾਨ ਖੋਜਕਾਰਾਂ ਪਾਸੋਂ ਮੰਗ ਤਾਂ ਅਸੀਂ ਕੇਦਾਰਾ ਰਾਗ ਦੇ ਨਾਦਾਤਮਕ ਸਰੂਪ ਬਾਰੇ ਪ੍ਰਕਾਸ਼ ਪਾਉਣ ਦੀ ਕਰਦੇ ਹਾਂ ਪਰ ਉਹ ਮੇਘ ਰਾਗ ਦਾ ਪੁਤ੍ਰ ਦਸ ਕੇ ਹੀ ਸਾਡੀ ਜਗਿਆਸਾ ਨੂੰ ਤ੍ਰਿਪਤ ਕਰ ਦਿੰਦੇ ਹਨ ।

ਉਪਰੋਕਤ ਮੱਤਾਂ ਵਿਚ ਕਿੰਨੀ ਕੁ ਸਚਾਈ ਹੈ, ਇਥੇ ਬਹੁਤੀ ਟੀਕਾ ਟਿੱਪਣੀ ਦੀ ਲੋੜ ਨਹੀਂ ਪ੍ਰਤੀਤ ਹੁੰਦੀ, ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਇਕ ਮੱਤ ਵਿਚ ਕੇਦਾਰਾ ਪੁੱਤਰ, ਦੂਜੇ ਵਿਚ ਕਿਸੇ ਦੀ ਰਾਗਣੀ, ਤੀਜੇ ਵਿਚ ਕਿਸੇ ਹੋਰ ਰਾਗ ਦੀ ਰਾਗਣੀ ਅਤੇ ਚੌਥੇ ਵਿਚ ਕਿਸੇ ਹੋਰ ਰਾਗ ਦਾ ਪੁੱਤਰ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੇਘ ਰਾਗ ਨੂੰ ਨਹੀਂ ਨਿਵਾਜਿਆ ਗਿਆ । ਇਸ ਰਾਗ ਵਿਚ ਅੰਕਿਤ ਬਾਣੀ ਵਿਚ ਸਭ ਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਵਿਚ "ਰਾਗੁ ਕੇਦਾਰਾ" ਨਾਮ ਹੀ ਉਪਲੱਬਧ ਹੁੰਦਾ ਹੈ । ਜਿਸ ਦਾ ਸਪਸ਼ਟ ਅਰਥ ਹੈ ਕਿ ਕੇਦਾਰਾ ਇਕ ਸੁਤੰਤਰ ਰਾਗ ਹੈ ਨਾ ਕਿਸੇ ਦਾ ਪੁੱਤਰ ਅਤੇ ਨਾ ਹੀ ਕਿਸੇ ਦੀ ਰਾਗਣੀ ।

ਸ਼ਬਦ ਕੋਸ਼ ਦੇ ਇਤਿਹਾਸ ਵਿਚ ਵਿਸ਼ਵ ਦੇ ਕਿਸੇ ਕੋਸ਼ ਨੇ "ਰਾਗੁ" ਦੇ ਅਰਥ "ਰਾਗਣੀ" ਕਦੇ ਵੀ ਨਹੀਂ ਸਵੀਕਾਰੇ ।

ਆਰੋਹ : ਸਾ, ਮ, ਗ ਮ ਪ, ਮ̍ ਪ ਧ ਪ ਮ, ਮ̍ ਪ ਨੀ ਧ ਸਾਂ ।

ਅਵਰੋਹ : ਸਾਂ ਨੀ ਧ, ਪ, ਮ̍ ਪ ਧਪ ਮ, ਰੇ, ਸਾ ।

ਮੁਖ ਅੰਗ : ਸਾਮ, ਮ ਗ ਪ, ਮ̍ ਪ ਧਪ ਮ, ਮ, ਰੇ, ਸਾ ।

## ਸੁਰ ਵਿਸਤਾਰ

1. (ਸਾ), ਸਾ ਰੇ ਸਾ ਸਾ ਮ, (ਮ), ਰੇ, ਸਾ, ਸਾਰੇ ਨ਼ੀਸਾ, ਧ਼ ਧ਼ ਪ਼ ਸਾ, ਮ਼̍

ਪ਼ ਧ਼ ਧ਼ ਪ਼, ਮ਼̍ ਪ਼ ਧ਼ ਮ̍ ਮ̍ ਮ̍ ਪ਼, ਮ਼̍ ਪ਼ ਧ਼ ਪ਼ ਮ਼̍, ਮ̍ ਮ̍ ਪ਼, ਧ ਮ̍ ਪ਼ ਧਧਪ਼, ਮ̍ ਪ਼

ਮ਼̍ ਪ਼ ਧ਼ ਮ̍ ਪ਼, ਧ਼ ਮ਼, ਪ਼ ਪ਼ ਮ̍ ਪ਼ ਧ਼ਨ਼ੀ ਧ਼ ਪ਼ ਮ਼, ਮ̍ ਪ਼ ਧਧ਼ਪ਼, ਮ਼, ਪ਼ ਪ਼ ਮ̍ ਪ਼ ਸ

ਸਾਰੇ ਨੀਸਾ ਮ, ਮਂਪ ਪਸਾ, ਸਾਰੇ ਸਾਸਾ ਮ, ਰੇ ਰੇ ਸਾਨੀ ਸਾ ਧ ਧ ਪ ਮ, ਪ ਪ ਸਾਸਾ

ਰੇ ਰੇ ਸਾ, ਸਾਸਾ ਮ, ਮ ਗ ਪ, ਮਂਪ ਮਂਪ ਧਪ ਮ ਪਸਾ ਮਪ ਮ, ਧਪ ਮਂ, ਪ ਮ, ਰੇ, ਸਾ,
ਸਾ ਸਾ ਮ।

2. ਮ ਮ ਰੇਸਾ ਰੇ ਰੇ ਸਾ ਨੀਸਾਰੇ ਨੀਸਾ ਮਂ, ਮਪ, ਸਾ ਮ ਮ ਪ, ਮਂ ਮਂ ਪ, ਮਂਪ

ਧਧਪ, ਮਂਪਸਂਨੀਮਂਪ, ਮਂਪ ਮਂਪ ਧਪ ਮ, ਮਂ ਪ ਸਂ ਨੀਸਪ ਮਂ ਪ ਧਪਮ, ਮਂ ਪ ਪਮ, ਨੀਧਪ,

ਮਂਪ ਧਪ ਮਂ, ਮਂ ਮਂ ਪਪ ਸਾਂ ਸਾਂ ਧਪ ਮਂਪ ਧਪ ਮ, ਪ ਧ ਮਂਪ, ਸਾਂਰੇਂ ਨੀਸਾਂ, ਰੇਂ ਨੀਸਾਂ

ਧਪ ਮਂ, ਧ ਮਂ, ਪ ਮਂ, ਪ ਧ ਮਂ, ਪ ਧ ਮਂ ਪ ਧ ਪ ਮ, ਮਂ ਪ ਨੀਸਂ ਸਾਂਰੇਂ ਸਾਂ ਸਾਂ ਸਂ ਧ ਮ,

ਸਾਂ ਪ ਪ ਮ, ਧਧਪਮਂ, ਮਂ ਪ ਧ ਨੀ ਧਪ ਮਂ ਮਂ ਪਧਮ ਮਂ, ਪ ਧ ਮਂ ਧ ਮ, ਧਪਮ ਪਮ,
ਮ, ਰੇ ਸਾ ਸਾ ਰੇ ਸਾ ਮ।

3. ਸਾਸਾ ਮ ਮ ਧਪ ਮਂ ਪ ਸਾਂ, ਨੀਸਾਂ, ਸਾਂਨੀ ਧਪ ਮਂਪ ਧਪਮਂਪ, ਪਧਮਂਪ ਸਾਂ,

ਮਂਪ ਸਾਂ ਸਾਂ ਰੇਂ ਰੇਂ, ਸਾਂ, ਮਂ ਪ ਸਾਂ ਰੇਂ, ਸਾਂ ਰੇਂ, ਸਾਂਰੇ ਨੀਸਾਂ ਧਧ, ਮਂ ਪ ਸਾਂ, ਮਂਧ ਸਾਂ,

ਮਂਧ ਰੇਂਸਾਂ, ਮ ਮ ਪ ਪ ਸਾਂ ਸਾਂ ਨੀਸਾਂ, ਮਂਪ ਸਮਂਪ, ਸਾਂ, ਨੀਸਾਂ ਸਾਂਰੇ ਸਾਂ ਸਾਂ ਪ,

ਰੇਂ ਸਾਂ, ਮਂ ਮਂ ਰੇਂ ਸਾਂ, ਰੇਂ ਰੇਂ ਸਾਂਨੀ ਧਪ ਮਂਪ ਸਾਂ, ਰੇਂ ਸਾਂ, ਸਾਂ ਸਂ ਸਂ ਮਂ ਮਂ ਪਂ, ਮਂ

ਪਂ ਮਂ ਪਂ ਪਂ ਮਂ, ਧਂ ਮਂ ਪਂ ਮਂ, ਧਧ ਪਂਪਂ ਮਂ ਮਂ, ਪ ਮ, ਰੇਂ ਸਾਂ, ਸਾਂਰੇਂ ਨੀਸਾਂ ਧਧਪ, ਮਂਪ

ਧਪਮ, ਮਂ ਪਧ ਨੀ ਧਪ ਮ, ਪ ਮਂ ਪ ਧਪਮ, ਪ, (ਮ) ਸਾਰੇ, ਸਾ, ਸਾ ਰੇ ਸਾ ਮ।

## ਕੇਦਾਰਾ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਮਾਈ ਸੰਤ ਸੰਗਿ ਜਾਗੀ ॥
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥
ਦਰਸਨ ਪਿਆਸ ਲੋਚਨ ਤਾਰ ਲਾਗੀ ਬਿਸਰੀ ਤਿਆਸ ਬਿਡਾਨੀ ॥ ੧ ॥
ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥
ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥ ੨ ॥ ੧ ॥

## ਰਾਗ ਕੇਦਾਰਾ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | ਸਥਾਈ : | | ਮੰਪ | ਧਪ | ਮ | - | ਰੇ | ਸਾ | - | ਰੇ | ਨੀ | ਸਾ |
| | | | | | | ਮਾS | ਈS | ਸੰ | S | ਤ | ਸੰ | S | ਗਿ | ਜਾ | S |
| ਮ | - | - | - | ਮੰਪ | ਮੰਪ | ਧਪ | | ਮ | - | ਰੇ | ਸਾ | - | ਰੇ | ਸਾ | ਸਾ |
| ਗੀ | S | S | S | SS | ਮਾS | ਈS | | ਸੰ | S | ਤ | ਸੰ | S | ਗਿ | ਜਾ | ਗੀ |
| ਮ | ਮ | ਰੇ | ਸਾ | ਰੇ | - | ਸਾ | - | - | ਸਾਮ | ਮ | ਮਗ | ਮੰ | ਪ | ਪ | ਪ |
| ਪ੍ਰਿਅ | ਰੰ | ਗ | | ਦੇ | S | ਖੇ | S | S | ਜS | ਪ | ਤੀ | ਨਾ | S | ਮੁ | ਨਿ |
| ਮੰਪ | ਧਨੀ | ਸਾਂਰੇਂ | ਸਾਂਨੀ | ਧਨੀ | ਧਪ | | | | | | | | | | |
| ਧਾS | SS | SS | SS | ਨੀS | SS | | | | | | | | | | |

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| | | | | | ਮਾਝਾ : | | | | | ਸਾਂ | ਸਾਂ | ਸਾਂ | ਸਾਂ | | ਪ | ਨ੍ਹੀ | ਧ | ਪ | ਪ |
| | | | | | | | | | | ਦ | ਰ | ਸ | ਨ | | ਪ੍ਰਿਆ | S | ਸ | | ਲੰ |
| ਮੰ | ਪ | ਮੰ | ਪ | | ਮੰਪ | ਧਪ | ਮ | - | | ਮ | ਮ | ਮ | - | | ਰੇ | - | ਸਾ | | ਪ |
| ਚ | ਨ | ਤਾ | ਰ | | ਲਾS | SS | ਗੀ | S | | ਬਿ | ਸਰੀ | S | S | | ਤ੍ਰਿਆ | S | ਸਿ | | ਬਿ |
| ਮੰਪ | ਧਨੀ | ਸਾਂਰੇਂ | ਸਾਂਨੀ | | ਧਨ੍ਹੀ | ਧਪ | | | | | | | | | | | | | |
| ਡਾS | SS | SS | SS | | ਨੀS | SS | | | | | | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਪ | ਪ | ਸਾਂ | ਸਾਂ | ਸਾਂ | ਸਾਂ |
| | | | | | | | | ਅ | ਬ | ਗੁ | ਰੂ | ਪਾ | ਇਓ | ਹੈ | ਸ |
| ਸਾਂ | ਸਾਂ | ਸਾਂ | ਸਾਂ | ਸਾਂਨੀ | ਧਰੇਂ | ਸਾਂ | ਸਾਂ | ਨੀ ਧ | ਨੀ ਧ | ਨੀ ਧ | ਨੀ ਧ | ਸਾਂ | - | ਸਾਂ | ਸਾਂ |
| ਹ | ਜ | ਸੁ | ਖ | ਦਾs | ss | ਇ | ਕ | ਦ | ੲ | ਸ | ਨੁ | ਪੇ | s | ਖ | ਤ |
| ਸਾਂ | ਰੇਂ | ਨੀ | ਸਾਂ | ਧਪ | ਮੰਪ | ਮ | - | ਮ | - | ਮਗ | ਮੰ | ਪ | ਪਪ | ਮੰ ਮੰ | ਪ |
| ਮ | ਨ | ਲ | ਪ | ਟਾs | ss | ਨੀ | s | ਦੇ | s | ਖਿs | ਦ | ਮੋ | s | ਦਰ | ਰ |
| ਧ | ਨੀ | ਧ | ਪ | ਮੰਧ | ਧਪ | ਮ | - | ਮ | ਮ | ਮ ਮੰ | ਮੰ | ਰੇਂ | - | ਸਾਂ | ਸਾਂ |
| ਹ | ਸੁ | ਮ | ਨੁ | ਉਂs | ਪs | ਜਿਓ | s | ਨਾ | ਨਕ | ਪ੍ਰਿ | ਅ | ਅੰ | s | ਮ੍ਰਿ | ਤ |
| ਸਾਂਨੀ | ਧਪ | ਮੰਪ | ਧਨੀ | ਧਪ | ਮੰਪ | | | | | | | | | | |
| ਬਾs | ss | ss | ss | ਨੀs | ss | | | | | | | | | | |

# ਰਾਗ ਭੈਰਉ

ਭੈਰਉ (ਭੈਰਵ) ਭਾਰਤੀ ਸੰਗੀਤ ਦਾ ਇਕ ਪੁਰਾਤਨ ਪ੍ਰਮੁੱਖ ਅਤੇ ਮਧੁਰ ਰਾਗ ਹੈ। ਥਾਟ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਨੂੰ ਭੈਰਵ ਥਾਟ ਦਾ ਜਨਕ (ਉਤਪੰਨ ਕਰਨ ਵਾਲਾ) ਰਾਗ ਸਵੀਕਾਰਿਆ ਹੈ। ਰਾਗਾਂਗ ਪੱਧਤੀ ਦੇ ਪਗ ਚਿੰਨ੍ਹਾਂ 'ਤੇ ਚਲਣ ਵਾਲੇ ਸੰਗੀਤਕਾਰ ਵੀ ਉਸ ਨੂੰ ਭੈਰਵ ਅੰਗ ਦਾ ਰਾਗ ਮੰਨਦੇ ਹਨ। ਇਹ ਰਾਗਾਂਗ ਰਾਗ ਹੈ। ਇਸ ਰਾਗ ਦੇ ਸੰਯੋਗ ਤੋਂ ਭੈਰਵ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ ਜਿਵੇਂ : ਅਹੀਰ ਭੈਰਵ, ਆਨੰਦ ਭੈਰਵ, ਸ਼ਿਵਮਤ ਭੈਰਵ, ਬੰਗਾਲ ਭੈਰਵ, ਨਟ ਭੈਰਵ ਆਦਿ ਭੈਰਵ ਦੇ ਇਨ੍ਹਾਂ ਪ੍ਰਕਾਰਾਂ ਵਿਚ ਇਸ ਪ੍ਰਮੁੱਖ ਰਾਗ ਦਾ ਅੰਸ਼ ਆਵੱਸ਼ਕ ਤੌਰ 'ਤੇ ਆਉਂਦਾ ਹੈ ਜਿਸ ਕਾਰਣ ਇਸ ਦੇ ਮਿਸ਼ਰਣ ਦੁਆਰਾ ਸਿਰਜੇ ਰਾਗਾਂ ਨੂੰ ਵਿਦਵਾਨਾਂ ਨੇ ਭੈਰਵ ਦੇ ਪ੍ਰਕਾਰ ਸਵੀ-ਕਾਰਿਆ ਹੈ।

ਭੈਰਉ ਰਾਗ ਵਿਚ ਰਿਸ਼ਭ ਧੈਵਤ ਅਤਿ ਕੋਮਲ ਜਾਂ ਸਕਾਰੀ ਅਤੇ ਹੋਰ ਸੁਰ ਸ਼ੁਧ ਲਗਦੇ ਹਨ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਭੈਰਉ ਦੇ ਆਰੋਹ-ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਕਾਰਣ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨੀ ਜਾਂਦੀ ਹੈ। ਕੁਝ ਵਿਦਵਾਨ ਇਸ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਵਰਜਿਤ ਕਰਕੇ ਜਾਤੀ ਔਡਵ-ਸੰਪੂਰਣ ਮੰਨਦੇ ਹਨ ਪਰੰਤੂ ਪਹਿਲਾ ਮੱਤ ਪ੍ਰਚਾਰ ਵਿਚ ਵਧੇਰੇ ਹੈ। ਇਹ ਪ੍ਰਭਾਤ ਕਾਲ ਦਾ ਰਾਗ ਹੈ। ਅਰਥਾਤ - ਅੰਮ੍ਰਿਤ ਵੇਲੇ ਚਾਰ ਵਜੇ ਤੋਂ ਸੱਤ ਵਜੇ ਦੇ ਦਰਮਿਆਨ ਗਾਇਆ ਜਾਂਦਾ ਹੈ ਕੁਝ ਕਲਾਕਾਰ ਇਸ ਰਾਗ ਵਿਚ ਕੋਮਲ ਨਿਸ਼ਾਦ ਵਿਵਾਦੀ ਸੁਰ ਦੇ ਤੌਰ 'ਤੇ ਵਰਤਣ ਦੀ ਖੁਲ੍ਹ ਮਾਣ ਲੈਂਦੇ ਹਨ। ਇਸ ਰਾਗ ਦੀ ਸਾਰੀ ਸੁੰਦਰਤਾ ਰਿਸ਼ਭ ਅਤੇ ਧੈਵਤ ਦੇ ਉਚਿੱਤ ਪ੍ਰਯੋਗ ਤੇ ਨਿਰਭਰ ਹੈ। ਰਿਸ਼ਭ ਦੇ ਪ੍ਰਯੋਗ ਸਮੇਂ ਮੱਧਿਅਮ ਤੋਂ ਮੀਂਡ ਦੁਆਰਾ ਗੰਧਾਰ ਦਾ ਸਪਰਸ਼ ਕਰਕੇ ਰਿਸ਼ਭ ਨੂੰ ਅੰਦੋਲਿਤ ਕੀਤਾ ਜਾਂਦਾ ਹੈ। ਇਜੇ ਤਰ੍ਹਾਂ ਧੈਵਤ ਨੂੰ ਨਿਸ਼ਾਦ ਦਾ ਸਪਰਸ਼ ਦੇ ਕੇ ਅੰਦੋਲਿਤ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਕ੍ਰਿਆਵਾਂ ਵਿਚ ਇਸ ਰਾਗ ਦੀ ਸੁੰਦਰਤਾ ਦਾ ਪੂਰਣ ਰਹੱਸ ਛੁਪਿਆ ਹੋਇਆ ਹੈ। ਇਸ ਵਿਚ ਨਿਆਸ ਦੇ ਸੁਰ ਸ਼ਡਜ, ਰਿਸ਼ਭ, ਮੱਧਿਅਮ ਅਤੇ ਧੈਵਤ ਹਨ। ਇਸ ਦੇ ਆਰੋਹ ਵਿਚ ਰਿਸ਼ਭ ਸੁਰ ਦਾ ਅਕਸਰ ਤਿਆਗ ਕੀਤਾ ਜਾਂਦਾ ਹੈ। ਵਿਦਵਾਨਾਂ ਨੇ ਇਸ ਰਾਗ ਨੂੰ ਉਤ੍ਰਾਂਗ ਵਾਦੀ ਰਾਗਾਂ ਦੇ ਵਰਗ ਵਿਚ ਰੱਖਿਆ ਹੈ। ਇਹ ਇਕ ਆਲਾਪ ਯੋਗ ਰਾਗ ਹੈ ਇਸ ਲਈ ਇਸਦਾ ਵਿਸਤਾਰ ਤਿੰਨ ਸਪਤਕਾਂ ਵਿਚ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਰਾਗ ਦੇ ਸੰਬੰਧ ਵਿਚ ਸਾਡਾ ਇਸ ਤਰ੍ਹਾਂ ਪੱਥ-ਪ੍ਰਦਰਸ਼ਨ ਕਰਦੇ ਹਨ। "ਭੈਰਉ—ਗੁਰਮਤਿ ਸੰਗੀਤ ਵਿਚ ਇਹ ਗਿਣਤੀ ਲਈ ਪਹਿਲਾ ਰਾਗ ਹੈ। ਸ਼ੁੱਧ (ਖਾਲਸ) ਹੈ, ਜੇਹਾ ਕੁ 'ਪ੍ਰਥਮ ਰਾਗ ਭੈਰਉ ਵੈ ਕਰਹੀ।" (ਗੁਰਮਤ ਸੰਗੀਤ, ਪੰਨਾ 28)

ਇਸੇ ਤਰ੍ਹਾਂ ਹੀ ਡਾ. ਚਰਨ ਸਿੰਘ ਜੀ ਆਪਣੀ ਵਿਦਵਤਾ ਭਰਪੂਰ ਜਾਣਕਾਰੀ ਦਾ ਪਰਿਚਯ ਇਸ ਰਾਗ ਬਾਰੇ ਇਸ ਪ੍ਰਕਾਰ ਦਿੰਦੇ ਹਨ :

"ਇਹ ਰਾਗ ਹਨੂਮਾਨ ਮੱਤ ਵਿਚ ਪਹਿਲਾ ਰਾਗ ਹੈ। ਰਾਗ ਮਾਲਾ ਵਿਚ ਵੀ "ਪ੍ਰਥਮ ਰਾਗ ਭੈਰਉ ਵੈ ਕਰਹੀ" (ਗੁਰਮਤ ਸੰਗੀਤ, ਪੰਨਾ 33)

ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਜਾਂ ਰਾਗ ਵਿਧਾਨ ਦਾ ਜਿਥੋਂ ਤਰਤੀਬ ਵਾਰ ਆਰੰਭ ਹੁੰਦਾ ਹੈ ਉਥੇ ਸਭ ਤੋਂ ਪ੍ਰਥਮ ਸਥਾਨ ਸਿਰੀ ਰਾਗ ਦਾ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਇਸ ਰਾਗ ਬਾਰੇ ਫੁਰਮਾਉਂਦੇ ਹਨ

"ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥"

(ਵਾਰ ਸਿਰੀ ਰਾਗੁ ਮ: ੩ ॥)

ਭਾਈ ਗੁਰਦਾਸ ਜੀ ਰਾਗਾਂ ਵਿਚੋਂ ਸ੍ਰੀ ਰਾਗ ਨੂੰ ਹੀ ਸਰਬੋਤਮ ਮੰਨਦੇ ਹਨ :

"ਰਾਗਨ ਮੇਂ ਸਿਰੀ ਰਾਗੁ ਪਾਰਸ ਪਯਖਾਨ ਹੈ ॥"

ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ। ਭੈਰਵ ਰਾਗ ਨੂੰ ਪ੍ਰਾਥਮਿਕਤਾ ਦੇਣ ਬਾਰੇ ਜਾਂ ਇਸਨੂੰ ਪ੍ਰਥਮ ਰਾਗ ਮੰਨਣ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਸੰਕੇਤ ਨਹੀਂ ਮਿਲਦਾ। ਸੋ ਗੁਰਮਤਿ ਸੰਗੀਤ ਵਿਚ ਪਹਿਲਾ ਰਾਗ ਸਿਰੀ ਹੈ ਭੈਰਵ ਨਹੀਂ।

ਆਰੋਹ : ਸਾ ਰੇ ਗ ਮ ਪ ਧੁ, ਨੀ ਸਾਂ
ਜਾਂ
ਨੀ ਸਾ ਗ ਮ, ਧੁ ਨੀਸਾਂ

ਅਵਰੋਹ : ਸਾਂ ਨੀਧੁ, ਪ, ਮ ਗ ਰੇ, ਸਾ।

ਮੁਖ ਅੰਗ : ਗ ਮ ਨੀ ਨੀ ਧੁਪ ਧੁਪ, ਗਮ ਗ ਰੇ ਰੇ ਸਾ।

## ਸੁਰ ਵਿਸਤਾਰ

1. (ਸਾ), ਗ ਮ ਰੇ ਰੇ, ਸਾ, (ਸਾ), ਨੀਸਾ ਰੇ ਰੇ ਸਾ, ਰੇ ਰੇ ਸਾਨੀ ਸਾ, ਨੀਸਾ ਧੁ ਧੁ ਸਾ, ਸਾਰੇ ਨੀਸਾ ਧੁ ਧੁ ਪ, ਮ ਪ ਗ ਮ ਧੁ ਧੁ ਪ, ਮ ਪਗ ਮ ਧੁ ਧੁ ਸਾ, ਨੀਸਾ, ਧੁ ਨੀਸਾਰੇ ਨੀਸਾ. ਗ ਮ ਰੇ ਰੇ ਸਾ, ਸਾਰੇ ਸਾਸਾ, ਨੀਸਾ ਗ ਗ ਮ, ਗ ਮ ਰੇ ਰੇ ਸਾ,

ਧ੍ਨ਼ੀਸਾਰੇ੍ ਨ਼ੀਸਾ ਗ ਗ ਮ', ਗਮਰੇ੍, ਗਮਪ ਮ ਗ ਮਰੇ੍, ਰੇ੍ ਗ ਮ ਪ ਗ ਮਰੇ੍, ਰੇ੍ ਗ ਗ ਮ ਗਮ, ਪਗਮ, ਧਮ ਗਰੇ੍, ਗਮਰੇ, ਰੇ੍ ਰੇ੍, ਸਾ, ਨ਼ੀਸਾ ਗਮ ਪ ਮ ਗ, ਮਗ ਰੇ੍ ਰੇ੍ ਸਾ, ਨ਼ੀਸਾ, ਧ਼੍ ਧ਼੍, ਗ਼ ਮ਼ ਧ਼੍ ਧ਼੍ ਸਾ, ਨ਼ੀ ਨ਼ੀ ਰੇ੍ ਸਾ ।

2. ਰੇ੍ ਰੇ੍ ਸਾ ਨ਼ੀ ਸਾ, ਨ਼ੀਸਾ ਗ ਗ ਮ, ਗ ਮ ਰੇ੍ ਸਾ, ਗ ਗ ਮ, ਨ਼ੀਸਾ ਗਮ ਰੇ੍ ਰੇ੍, ਪ ਮ ਗਮ ਰੇ੍ ਰੇ੍, ਸਾ, ਨ਼ੀ ਸਾ ਗ ਮ ਪ ਗਮ ਧ੍ ਧ੍ਪ, ਧ੍ ਧ੍ ਪ ਮ ਗ ਮ, ਧ੍ ਧ੍ ਪ, ਗਮ ਧ੍ ਧ੍ ਨੀ ਧ੍ਪ ਮ ਗ ਪ, ਗ ਮ ਧ੍ ਧ੍ ਪ, ਗ ਮਪ ਗਮ ਧ੍ ਧ੍ ਨੀ, ਨ਼ੀ, ਨ਼ੀ, ਧ੍ ਧ੍ ਪ, ਨੀ ਨੀ ਧ੍ ਧ੍ ਮ ਗ ਪ, ਗ ਮ ਧ੍ ਧ੍ ਪ, ਗ ਮ ਧ੍ ਧ੍, ਨੀ ਨੀਸਾਂ, ਨੀਸਾਂ, ਨੀਸਾਂ ਰੇ੍ਂ ਸਾਂ ਨੀਸਾਂ, ਧ੍ ਧ੍ ਪ, ਮ ਪ ਗ ਮ ਧ੍ ਧ੍, ਨੀ ਪ, ਮ ਪ ਮ ਗ, ਪ ਗ ਮ, ਰੇ੍ ਰੇ੍, ਸਾ, ਧ਼੍ ਧ਼੍ ਰੇ੍ ਸਾ ।

3. ਨ਼ੀ ਸਾ ਗ ਮ ਪ, ਗ ਮ ਧ੍ ਧ੍ ਨੀ, ਧ੍ ਪ ਮ ਪ ਗ ਮ ਧ੍ ਧ੍ ਸਾਂ ਨੀਸਾਂ, ਸਾਂਨੀ ਧ੍ਪ ਮਪ ਗਮ ਧ੍ ਨੀਸਾਂ, ਧ੍ ਨੀਸਾ ਰੇ੍ਂ ਨੀਸਾਂ ਰੇ੍ਂ ਰੇ੍ਂਸਾਂ, ਨੀਸਾਂ ਗਂ, ਰੇ੍ਂ ਰੇ੍ਂ ਸਾਂ, ਗਮ ਧ੍ ਸੀ ਸਾਂਰੇ੍ਂ ਨੀਸਾਂ ਗਂ ਮਂ ਰੇ੍ਂ ਰੇ੍ਂ ਸਾਂ, ਰੇ੍ਂ ਸਾਂ ਨੀ ਸਾਂ, ਨੀਸਾਂ ਧ੍ ਨੀ ਪ ਧ੍ ਮਪ ਗਮ ਧ੍ ਨੀਸਾਂ, ਧ੍ਨੀ ਸਾਂਰੇ੍ਂ ਨੀਸਾਂ ਗਂ ਗਂ ਮਂ, ਨੀਸਾਂ ਗਂ ਮਂ ਪਂ ਗਂ ਮਂ ਰੇ੍ਂ ਰੇ੍ਂ ਸਾਂ, ਮਂ ਗਂ ਰੇ੍ਂ ਰੇ੍ਂ ਸਾਂ ਨੀਸਾਂ ਰੇ੍ਂ ਰੇ੍ਂ ਸਾਂ, ਧ੍ਨੀ ਸਾਂਰੇ੍ਂ ਨੀਸਾਂ ਧ੍ ਧ੍ ਪ, ਮਪ ਗਮ ਧ੍ ਧ੍ ਪ, ਨੀਧ੍ ਮ ਗ ਪ, ਗ ਮਰੇ੍, ਪਰੇ੍, ਰੇ੍ ਸਾਂ, ਧ੍ ਨ਼ੀਸਾ, ਨ਼ੀ ਨ਼ੀ ਰੇ੍ ਸਾ ।

## ਰਾਗ ਭੈਰਉ ਮਹਲਾ ੧ ॥

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥ ੧ ॥
ਸੋ ਜਨੁ ਐਸਾ ਮੈ ਮਨਿ ਭਾਵੈ ॥
ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥ ੧ ॥ ਰਹਾਉ ॥
ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥ ੨ ॥
ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥ ੩ ॥
ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥ ੪ ॥ ੫ ॥ ੬ ॥

(ਗੁ. ਗ੍ਰੰ. ਪੰਨਾ ੧੧੨੬-੨੭)

## ਰਾਗ ਭੈਰਉ ਤ੍ਰਿਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਸਥਾਈ : | | | ਗਮ | ਪਮ | ਰੇ | - | ਸਾ |
| | | | | | | | | | | | ਮੇਂS | SS | ਜ | S | ਨੁ |
| ਰੇ | - | ਸਾ | - | ਸਾਗ | ਮਪ | ਗ | ਮ | ਧੁ | ਧੁ | ਪ | - | ਪਗ | ਮ | ਮ | ਰੇ |
| ਐ | S | ਸਾ | .S | ਮੇਂS | SS | ਮ | ਨਿ | ਭਾ | S | ਵੇ | S | ਆS | SS | ਪੁ | ਮਾ |
| - | ਰੇ | ਸਾ | ਸਾ | ਧੁ | ਨੀ | ਧੁ | ਸਾ | ਰੇ | - | ਸਾ | - | ਨੀ | ਸਾ | ਗ | ਮ |
| S | ਰਿ | ਅ | ਪ | ਰੰ | S | ਪ | ਰਿ | ਰਾ | S | ਤਾ | S | ਗੁ | ਰ | ਕੀ | S |
| ਧੁ | ਨੀ | ਸਾਂ | ਸਾਂ | ਸਾਂਨੀ | ਧੁਨੀ | ਸਾਂਰੇਂ | ਸਾਂਨੀ | ਧੁਪ | ਮਗ | ਰੇਸਾ | | | | | |
| ਕਾ | S | ਰ | ਕ | ਮਾS | SS | SS | SS | ਵੇਂS | SS | SS | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ : | | | | ਗ | ਮ | ਮ | - |
| | | | | | | | | | | | | ਗੁ | ਰ | ਕੇ | ऽ |
| ਧੁ | - | ਨੀ | ਨੀ | ਸਾਂ | - | ਸਾਂ | ਸਾਂ | ਰੇਂ | ਰੇਂ | ਸਾਂ | - | ਨੀ | ਸਾਂ | ਗਂ | ਮਂ |
| ਸੰ | ऽ | ਗਿ | ਰ | ਹੈ | ऽ | ਦਿ | ਨੁ | ਰਾ | ऽ | ਤੀ | ऽ | ਰਾ | ऽ | ਮ | ਰ |
| ਰੇਂ | ਰੇਂ | ਸਾਂ | ਸਾਂ | ਨੀ | ਸਾਂ | ਨੀਸਾਂ | ਰੇਂਸਾਂ | ਧੁ | ਧੁ | ਪ | - | ਨੀ | ਧੁ | ਮ | ਗ |
| ਸ | ਨਿ | ਰੰ | ਗਿ | ਰਾ | ऽ | ऽऽ | ऽऽ | ਤਾ | ऽ | ऽ | ऽ | ਅ | ਵ | ਰੁ | ਨ |
| ਪ | - | ਪ | ਪ | ਗ | ਮ | ਗਮ | ਪਮ | ਰੇ | ਰੇ | ਸਾ | ਸਾ | ਨ਼ੀ | ਸਾ | ਗ | ਮ |
| ਜਾ | ऽ | ਣ | ਸਿ | ਸ | ਬ | ਦੁऽ | ਪऽ | ਛਾ | ऽ | ਣ | ਸਿ | ਅੰ | ऽ | ਰਿ | ਜਾ |
| ਧੁ | ਨੀ | ਸਾਂ | ਸਾਂ | ਧੁਨੀ | ਸਾਂਰੇਂ | ਸਾਂਨੀ | ਧੁਨੀ | ਧੁਪ | ਮਗ | ਰੇਸਾ | | | | | |
| ਝਾ | ऽ | ਣਿ | ਪ | ਛਾऽ | ऽऽ | ऽऽ | ऽऽ | ਤਾऽ | ऽऽ | ऽऽ | | | | | |

# ਰਾਗ ਬਸੰਤ

ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਵਿਚ ਬਸੰਤੁ ਰਾਗ ਦੇ ਅਧੀਨ ਦੋ ਰਾਗ ਪ੍ਰਕਾਰ ਹੋਰ ਮਿਲਦੇ ਹਨ ।

(ੳ) ਬਸੰਤ ਹਿੰਡੋਲ

(ਅ) ਹਿੰਡੋਲ

ਉਪਰੋਕਤ ਤਿੰਨਾ ਰਾਗਾਂ ਦਾ ਪੂਰਣ ਪਰਿਚਯ ਅਗਲੇ ਪੰਨਿਆਂ 'ਤੇ ਅੰਕਿਤ ਹੈ ।

ਆਦਿ ਕਾਲ ਤੋਂ ਹੀ ਮਾਨਵ ਦਾ ਪ੍ਰਕਿਤੀ ਨਾਲ ਇਕ ਅਟੁੱਟ ਸੰਬੰਧ ਚਲਿਆ ਆ ਰਿਹਾ ਹੈ ਅਤੇ ਕੁਦਰਤ ਦੀਆਂ ਰੰਗੀਨੀਆਂ ਮਾਨਵ ਨੂੰ ਖੇੜਾ ਪ੍ਰਦਾਨ ਕਰਨ ਲਈ ਸਦਾ ਪ੍ਰੇਰਣਾ ਸਰੋਤ ਰਹੀਆਂ ਹਨ । ਦ੍ਰਿਸ਼ਟਮਾਨ ਜਗਤ ਵਿਚ ਕੁਦਰਤ ਦੀਆਂ ਭਾਂਤ ਭਾਂਤ ਦੀਆਂ ਰਚਨਾਵਾਂ-ਆਕਾਸ਼, ਪਾਤਾਲ, ਪੌਣ, ਪਾਣੀ, ਬਨਸਪਤੀ, ਬੈਸੰਤਰ, ਖੰਡ, ਬ੍ਰਹਮੰਡ ਆਦਿ ਮਾਨਵ ਮਨ ਨੂੰ ਆਨੰਦ ਵਿਭੋਰ ਕਰਨ ਲਈ ਸਦਾ ਹੀ ਸਹਾਈ ਹੁੰਦੀਆਂ ਰਹੀਆਂ ਹਨ । ਇਸ ਭਾਵ ਨੂੰ ਗੁਰੂ ਨਾਨਕ ਦੇਵ "ਆਸਾ ਦੀ ਵਾਰ" ਵਿਚ ਇਸ ਤਰ੍ਹਾਂ ਚਿੱਤਰਦੇ ਹਨ

"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰ ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥"

ਇਸੇ ਭਾਵ ਨੂੰ ਭਾਈ ਨੰਦ ਲਾਲ ਜੀ "ਗੋਯਾ" ਇਕ ਗਜ਼ਲ ਵਿਚ ਇਸ ਤਰ੍ਹਾਂ ਪ੍ਰਗਟਾਉਂਦੇ ਹਨ :

"ਕ਼ਾਦਿਰਿ ਮੁਤਲਕ਼ ਬ ਕ਼ੁਦਰਤ ਜ਼ਾਹਿਰ ਅਸਤ ॥
ਦਰਮਿਆਨੇ ਕ਼ੁਦਰਤੇ ਖ਼ੁਦ ਕ਼ਾਦਿਰ ਅਸਤ ॥
ਕ਼ਾਦਿਰ ਕ਼ੁਦਰਤ ਬ ਹਮ ਐ ਮੌਖ਼ਤੰਦ ॥
ਆਂ ਮਤਾ ਏ ਗ਼ੈਰਿ ਹਕ ਰਾ ਰੇਖ਼ਤੰਦ ॥

ਭਾਵ ਅਰਥ : ਅਕਾਲ ਪੁਰਖ ਕੁਦਰਤ ਦੁਆਰਾ ਪ੍ਰਗਟ ਹੁੰਦਾ ਹੈ । ਕਰਤਾਰ ਆਪ ਕੁਦਰਤ ਵਿਚ ਵਸਦਾ ਹੈ । ਕੁਦਰਤ ਅਤੇ ਕਾਦਰ ਆਪਸ ਵਿਚ ਅਭੇਦ ਹਨ । ਮੇਰੇ ਮੁਰਸ਼ਦ ਨੇ ਦਵੈਤ ਦਾ ਪਾਠ ਸੁਟਿਆ ਹੈ ।

ਇਸੇ ਤਰ੍ਹਾਂ ਹੀ ਮਾਨਵ ਸੰਸਕ੍ਰਿਤੀ ਦੇ ਵਿਕਾਸ ਵਿਚ ਮਾਹ, ਰੁੱਤ, ਥਿੱਥ ਅਤੇ ਵਾਰ ਦਾ ਬੜਾ ਮਹੱਤਵਪੂਰਣ ਸਥਾਨ ਰਿਹਾ ਹੈ । ਭਾਰਤ ਦੀ ਪ੍ਰਾਕ੍ਰਿਤਕ ਸਥਿਤੀ ਅਨੁਸਾਰ

ਜੇਠ-ਹਾੜ ਵਿਚ ਥਲ ਅਤੇ ਆਕਾਸ਼ ਦਾ ਤਪਣਾ, ਸਾਵਣ-ਭਾਦੋਂ ਵਿਚ ਬਦਲਾਂ ਦਾ ਗਰਜਣਾ, ਕਾਲੀਆਂ ਰਾਤਾਂ ਵਿਚ ਬਿਜਲੀਆਂ ਦਾ ਚਮਕਣਾ, ਰਿਮ-ਝਿਮ ਕਰਕੇ ਮੀਂਹ ਦਾ ਵਸਣਾ, ਦਾਦਰ, ਮੋਰ, ਪਪੀਹੇ ਦਾ ਬੋਲਣਾ, ਚੇਤ-ਵੈਸਾਖ ਵਿਚ ਬਸੰਤ ਰੁਤੇ ਧਰਤੀ ਅਤੇ ਆਕਾਸ਼ ਦਾ ਮਉਲਣਾ, ਫੁੱਲਾਂ ਉਤੇ ਭੰਵਰਿਆਂ ਦਾ ਮੰਡਲਾਉਣਾ ਮਾਨਵ ਮਨ ਨੂੰ ਕਾਦਰ ਦੀ ਯਾਦ ਹੀ ਤਾਂ ਕਰਵਾਉਂਦੇ ਹਨ। ਭਾਰਤੀ ਸਾਹਿਤਕਾਰਾਂ ਨੇ ਬਸੰਤ ਰੁੱਤ ਨੂੰ "ਰਿਤੂ ਰਾਜ" ਭਾਵ ਸਭ ਤੋਂ ਸ੍ਰੇਸ਼ਟ ਰੁੱਤ ਸਵੀਕਾਰਿਆ ਹੈ। ਗੁਰੂ ਅਮਰਦਾਸ ਦੀ ਦਾ ਬਸੰਤ ਰਾਗ ਦੇ ਪ੍ਰਭਾਵ ਨੂੰ ਦਰਸਾਉਣ ਲਈ ਫੁਰਮਾਨ ਹੈ "ਬਨਸਪਤਿ ਮਉਲੀ-ਚੜ੍ਹਿਆ ਬਸੰਤ" ਇਸੇ ਤਰ੍ਹਾਂ ਹੀ ਕਬੀਰ ਜੀ ਦੀ ਦ੍ਰਿਸ਼ਟੀ ਵਿਚ ਉਸ ਰੁਤ ਦਾ ਵਰਣਨ ਹੈ "ਮਉਲੀ ਧਰਤੀ ਮਉਲਿਆ ਅਕਾਸੁ" (ਬਸੰਤੁ ਕਬੀਰ ਜੀ ਪੰਨਾ 1193) ਅਰਥਾਤ ਬਸੰਤ ਰੁੱਤ ਦੇ ਆਗਮਨ ਤੋਂ ਬਨਸਪਤੀ, ਧਰਤੀ ਅਤੇ ਆਕਾਸ਼ ਮਉਲ ਉਠੇ ਹਨ। ਬਸੰਤ ਰੁੱਤ ਦਾ ਭਾਈ ਨੰਦ ਲਾਲ ਜੀ "ਦੀਵਾਨੇ ਗੋਯਾ" ਵਿਚ ਇਸ ਤਰ੍ਹਾਂ ਜ਼ਿਕਰ ਕਰਦੇ ਹਨ

"ਬਹੋਸ਼ ਬਾਸ਼ ਕਿ ਹੰਗਾਮਿ ਨੌ ਬਹਾਰ ਆਮਦ ॥
ਬਹਾਰ ਆਮਦੋ ਯਾਰ ਆਮਦੋ ਕਿਰਾਰ ਆਮਦ।"

ਭਾਵ ਅਰਥ : ਐ ਇਨਸਾਨ ਹੋਸ਼ ਸੰਭਾਲ, ਬਸੰਤ ਦੀ ਰੁੱਤ ਆਈ ਹੈ। ਬਸੰਤ ਰੁੱਤ ਆਈ ਤੇ ਮਿੱਤਰ ਆਇਆ ਸਾਡੇ ਮਨ ਨੂੰ ਚੈਨ ਆਈ।

ਸੰਗੀਤਕਾਰਾਂ ਨੇ ਬਸੰਤ ਨੂੰ ਰਿਤੂ ਕਾਲੀਨ ਰਾਗ ਮੰਨਿਆ ਹੈ। ਭਾਰਤੀ ਸੰਗੀਤ ਪਰੰਪਰਾ ਅਨੁਸਾਰ ਬਸੰਤ ਰੁੱਤ ਦੇ ਉਮਾਹ ਅਤੇ ਉਤਸ਼ਾਹ ਜਾਂ ਹੁਲਾਸ ਨੂੰ ਪ੍ਰਗਟਾਉਣ ਲਈ ਇਸ ਰਾਗ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਇਹੋ ਹੀ ਕਾਰਣ ਹੈ ਕਿ ਇਸ ਰਾਗ ਵਿਚ ਗਾਇਨ ਕੀਤੀਆਂ ਰਚਨਾਵਾਂ ਵਿਚ ਬਸੰਤ ਰੁੱਤ ਦਾ ਚਿਤਰਣ ਵਧੇਰੇ ਉਪਲੱਬਧ ਹੁੰਦਾ ਹੈ।

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ, ਮੱਧ ਕਾਲੀਨ ਅਤੇ ਵਰਤਮਾਨ ਦੇ ਲਗਭਗ ਹਰੇਕ ਗ੍ਰੰਥਕਾਰ ਨੇ ਇਸ ਰਾਗ ਦਾ ਉਲੇਖ ਕੀਤਾ ਹੈ। ਬਸੰਤ ਰਾਗ ਦੇ ਸਰੂਪ ਬਾਰੇ ਭਿੰਨ ਭਿੰਨ ਮਤ ਪ੍ਰਚਲਿਤ ਰਹੇ ਹਨ। ਇਕ ਮਤ ਨੇ ਬਸੰਤ ਨੂੰ ਮਾਰਵਾ ਮੇਲ ਦਾ ਸੰਪੂਰਣ ਰਾਗ ਮੰਨਿਆ ਹੈ। ਦੂਜੇ ਨੇ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਨੇ ਪੂਰਵੀ ਥਾਟ ਕੇਵਲ ਤੀਬਰ ਮੱਧਿਅਮ ਅਤੇ ਚੌਥੇ ਨੇ ਥਾਟ ਪੂਰਵੀ ਅਤੇ ਮੱਧਿਅਮ ਦੋਵੇਂ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਗੰਧਾਰ ਕੋਮਲ ਅਤੇ ਥਾਟ ਤੋੜੀ ਮੰਨਦੇ ਹਨ ਪਰੰਤੂ ਵਰਤਮਾਨ ਸਮੇਂ ਪੂਰਵੀ ਥਾਟ ਦੇ ਬਸੰਤ ਵਿਚ ਦੋ ਮੱਧਿਅਮ ਪ੍ਰਯੋਗ ਵਾਲਾ ਪ੍ਰਕਾਰ ਵਧੇਰੇ ਰੰਜਕ ਅਤੇ ਪ੍ਰਚਾਰ ਆਰੂੜ੍ਹ ਹੈ।

ਪੂਰਵੀ ਮੇਲ (ਥਾਟ) ਦੇ ਬਸੰਤ ਰਾਗ ਵਿਚ ਰਿਸ਼ਭ ਧੈਵਤ ਕੋਮਲ, ਦੋ ਮੱਧਿਅਮ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਦਾ ਤਿਆਗ ਕਰਨ ਦੀ ਪ੍ਰਥਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਲਏ ਜਾਂਦੇ ਹਨ ਇਸ ਕਾਰਣ ਇਸ ਦੀ ਜਾਤੀ ਔਡਵ-ਵਕਰ ਸੰਪੂਰਣ ਹੈ। ਇਸਦਾ ਵਾਦੀ ਸੁਰ ਤਾਰ ਸ਼ੜਜ ਅਤੇ ਸੰਵਾਦੀ

ਪੰਚਮ ਹੈ। ਕੁਝ ਕਲਾਕਾਰ ਇਸ ਦਾ ਵਾਦੀ ਸ਼ੜਜ ਅਤੇ ਸੰਵਾਦੀ ਮੱਧਿਅਮ ਮੰਨਦੇ ਹਨ ਪਰੰਤੂ ਪਹਿਲਾ ਮੱਤ ਵਧੇਰੇ ਉਚਿੱਤ ਹੈ। ਇਸ ਰਾਗ ਦਾ ਚਲਨ ਉਤ੍ਰਾਂਗ ਵਧੇਰੇ ਹੋਣ ਕਾਰਣ ਵਿਦਵਾਨਾਂ ਨੇ ਇਸ ਨੂੰ ਉਤ੍ਰਾਂਗ ਪ੍ਰਧਾਨ ਸੰਧੀ-ਪ੍ਰਕਾਸ਼ ਰਾਗਾਂ ਦੇ ਵਰਗ ਵਿਚ ਰਖਿਆ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਬਸੰਤ ਰੁੱਤ ਵਿਚ ਹਰ ਵੇਲੇ ਅਤੇ ਹੋਰ ਰੁੱਤਾਂ ਵਿਚ ਮੱਧ ਰਾਤ ਤੋਂ ਉਪਰੰਤ ਹੈ। ਅਰਥਾਤ ਰਾਤ ਦੇ ਤੀਜੇ ਪਹਿਰ ਵਿਚ ਗਾਇਆ ਜਾਂਦਾ ਹੈ। ਇਸ ਦਾ ਅਤਿ ਨਿਕਟਵਰਤੀ ਰਾਗ ਪਰਜ ਹੈ। ਵਿਦਵਾਨਾਂ ਨੇ ਬਸੰਤ ਨੂੰ ਗੰਭੀਰ ਪ੍ਰਕ੍ਰਿਤੀ ਅਤੇ ਪਰਜ ਨੂੰ ਚੰਚਲ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ। ਪਰਜ ਰਾਗ ਵਿਚ ਨਿਸ਼ਾਦ ਸੁਰ ਉਤੇ ਵਿਸ਼ੇਸ਼ ਤੌਰ 'ਤੇ ਨਿਆਸ ਕੀਤਾ ਜਾਂਦਾ ਹੈ ਜਿਵੇਂ :

"ਸਾਂ ਰੇ ਸਾਂ ਰੇ ਨੀ ਸਾਂ, ਨੀ ਧੁ ਨੀ, ਮੰ ਧੁ ਨੀ, ਗ ਮੰ ਧੁ ਨੀ, ਅਤੇ "ਧੁ ਪ ਧੁ ਮੰ ਪ ਗ ਮ ਗ" ਸੁਰ ਸੰਗਤੀਆਂ ਦੇ ਪ੍ਰਯੋਗ ਦੁਆਰਾ ਪਰਜ ਨੂੰ ਬਸੰਤ ਨਾਲੋਂ ਨਿਖੇੜਿਆ ਜਾਂਦਾ ਹੈ। ਬਸੰਤ ਵਿਚ "ਮੰ ਧੁ ਸਾਂ, ਮੰ ਧੁ ਰੇਂ ਸਾ, ਰੇਂ ਨੀ ਧੁ, ਪ, ਪ ਧੁ ਮੰ ਪ, ਮੰ ਗ ਮੰ ਗ," ਸੁਰਾਵਲੀਆਂ ਬਹੁਤ ਮਹੱਤਵ ਪੂਰਣ ਹਨ। ਬਸੰਤ ਰਾਗ ਦਾ ਮੱਧ ਸ਼ੜਜ ਤੋਂ ਆਰੰਭ ਕਰਨ ਵੇਲੇ ਲਲਿਤ ਅੰਗ ਵੀ ਦਰਸਾਇਆ ਜਾਂਦਾ ਹੈ। ਜਿਵੇਂ "ਸਾ ਮ, ਮੰ ਮ ਮ ਗ, ਮੰ ਧੁ ਸਾਂ, ਆਦਿ। ਇਸ ਰਾਗ ਵਿਚ ਸ਼ੜਜ, ਗੰਧਾਰ, ਪੰਚਮ ਅਤੇ ਧੈਵਤ ਨਿਆਸ ਦੇ ਸੁਰ ਹਨ।

ਰਾਗ-ਰਾਗਣੀ ਪੱਧਤੀ ਨੂੰ ਮਾਨਤਾ ਦੇਣ ਵਾਲੇ ਵਿਦਵਾਨਾਂ ਨੇ ਬਸੰਤ ਬਾਰੇ ਭਿੰਨ ਭਿੰਨ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਵਿਚੋਂ ਇਕ ਮੱਤ ਨੇ ਬਸੰਤ ਨੂੰ ਪੁਰਖ ਰਾਗ ਮੰਨਿਆ ਹੈ। ਗੁਰਮਤਿ ਸੰਗੀਤ ਦੇ ਮਹਾਨ ਖੋਜੀ ਡਾ. ਭਾਈ ਵੀਰ ਸਿੰਘ ਜੀ ਬਸੰਤ ਦੇ ਸੰਬੰਧ ਵਿਚ ਇਸ ਤਰ੍ਹਾਂ ਪ੍ਰਕਾਸ਼ ਪਾਉਂਦੇ ਹਨ : "ਬਸੰਤ ਗੁਰਮਤਿ ਸੰਗੀਤ ਵਿਚ ਹਿੰਡੋਲ ਰਾਗ ਦਾ ਪੁਤ੍ਰ ਹੈ ਜੇਹਾ ਕੁ "ਗਾਵਹਿ ਸਰਸ ਬਸੰਤ ਕਮੋਦਾ।" ਹਿੰਡੋਲ ਤੇ ਮਾਲਕੌਂਸ ਦੇ ਮੇਲ ਤੋਂ ਬਣਦਾ ਹੈ। ਪ੍ਰੰਤੂ ਹੋਰਨਾਂ ਮਤਾਂ ਜੇਹਾ ਕੁ ਸਮੇਸਰ ਮਤ, ਕਾਲੀਨਾਥ ਮਤ, ਸਿਧ ਸਾਰਸੁਤ ਮਤ ਵਿਚ ਇਸ ਨੂੰ ਖਾਲਸ ਰਾਗ ਮੰਨਿਆ ਹੈ।"

ਆਪਣੇ ਸਮੇ ਦੇ ਮਹਾਨ ਖੋਜੀ ਡਾ. ਚਰਨ ਸਿੰਘ ਜੀ ਦੇ ਬਸੰਤ ਰਾਗ ਬਾਰੇ ਵਿਚਾਰ ਸਾਡੇ ਗਿਆਨ ਵਿਚ ਵਿਸ਼ੇਸ਼ ਵਾਧਾ ਕਰਨਗੇ। ਆਪਨੇ ਪੁਰਾਤਨ ਗ੍ਰੰਥਾਂ ਦੇ ਹਵਾਲੇ ਦੇ ਕੇ ਇਸ ਰਾਗ ਦਾ ਨਾਦਾਤਮਕ ਸਰੂਪ ਇਸ ਤਰਾਂ ਪ੍ਰਗਟਾਇਆ ਹੈ "ਰਾਧਾ ਗੋਬਿੰਦ ਸੰਗੀਤਸਾਰ, ਰਾਗ ਦੀਪਿਕਾ ਵਿਚ ਹਿੰਡੋਲ ਰਾਗ ਪੁਤ੍ਰ ਬਸੰਤ ਲਿਖਿਆ ਹੈ। ਇਕਸੁਰ ਹੀ ਰਾਗਮਾਲਾ ਵਿਚ ਭੀ "ਗਾਵਹਿ ਸਰਸ ਬਸੰਤ ਕਮੋਦਾ" ਲਿਖਿਆ ਹੈ। ਇਸ ਤੋਂ ਅਗੇ ਆਪ ਇਸਦਾ ਆਰੋਹ "ਸਾ ਰ ਗ ਮ ਪ ਧ ਨੀ ਦਸਦੇ ਹਨ"। ਇਸ ਨੂੰ ਬਸੰਤ ਰਿਤੂ ਵਿਚ ਬਸੰਤ ਪੰਚਮੀ ਦੇ ਦਿਨ ਗਾਉਂਦੇ ਹਨ। ਇਹ ਰਾਗ ਮੰਗਲੀਕ ਹੈ। ਹਰ ਵੇਲੇ ਗਾਵੀਂਦਾ ਹੈ। ਹਿੰਡੋਲ ਮਾਲਕੌਂਸ ਮਿਲਕੇ ਬਸੰਤ ਬਣਦਾ ਹੈ। ਸਿੱਧ ਸਾਰਸੁਤ ਦੇ ਮਤ ਵਿਚ ਲਿਖਿਆ ਹੈ ਕਿ ਬਸੰਤ

ਰਾਗ ਦਹੀਂ ਦੇ ਸਮੁੰਦਰ ਤੋਂ ਉਪਜਿਆ ਹੈ, ਪੁੱਤਰ ਇਸ ਦਾ "ਦੇਸ਼" ਹੈ ਛੇ ਇਸ ਦੀਆਂ ਰਾਗਣੀਆਂ ਹਨ, ਪ੍ਰੰਤੂ ਮਤੰਗ ਮੁਨੀ ਦੇ ਮਤ ਵਿਚ ਸ਼ਿਵ ਜੀ ਦੇ ਬਾਮ ਦੇਵ ਨਾਮੇ ਮੁੱਖ ਤੋਂ ਪੈਦਾ ਹੋਇਆ ਹੈ। ਦਿਨ ਦੇ ਪਹਿਲੇ ਪਹਿਰ ਵਿਚ ਗਾਵੀਂਦਾ ਹੈ।"

× × × × "ਸਾਰੰਗ ਨਟ, ਬਿਲਾਵਲ ਦੇਵਗਿਰੀ ਮਿਲਕੇ ਬਸੰਤ ਬਣਦਾ ਹੈ।"

ਸੁਰ ਤਾਲ ਸਮੂਹ ਵਿਚ ਸ੍ਰੀ ਰਾਗ ਦੀ ਰਾਗਣੀ ਕਰਕੇ ਇਸ ਨੂੰ ਲਿਖਿਆ ਹੈ। ਸੁਰ ਇਸਦਾ ਪੰਚਮ ਹੈ, ਬਾਦ ਮੱਧਮ, ਸਮਬਾਦੀ ਪੰਚਮ, ਅਮਬਾਦੀ ਧੈਵਤ। ਸੰਪੂਰਨ ਹੈ ॥ ਮ.ਪ. ਧ.ਗ. ਸਾਰੇ ਨੀ. ਸੁਰ ਇਹ ਲਗਦੇ ਹਨ। ਖਰਜ ਪੰਚਮ ਸ਼ੁਧ। ਰਿਖਭ ਕੋਮਲ, ਗੰਧਾਰ ਤੀਬਰ, ਧੈਵਤ ਨਿਖਾਧ ਤੀਬਰ।"

ਮੱਧਕਾਲ ਦੇ ਇਨ੍ਹਾਂ ਗ੍ਰੰਥਕਾਰਾਂ ਵਿਚ ਇਕ ਰਾਗ ਬਾਰੇ ਕਿੰਨਾ ਵਿਰੋਧਭਾਸ ਹੈ, ਇਹ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ। ਡਾ. ਸਾਹਿਬ ਦੇ ਇਨ੍ਹਾਂ ਹਵਾਲਿਆਂ ਦੁਆਰਾ ਇਕ ਸੰਗੀਤ ਜਗਿਆਸੂ ਦੇ ਵਿਚਾਰਾਂ ਨੂੰ ਸੰਤੁਸ਼ਟਤਾ ਨਹੀਂ ਪ੍ਰਾਪਤ ਹੁੰਦੀ। ਕਿਉਂ ਜੋ ਉਹ ਆਪਣੇ ਨਿਜੀ ਮੱਤ ਅਨੁਸਾਰ ਸਾਨੂੰ ਬਸੰਤ ਰਾਗ ਦਾ ਪੱਲਾ ਨਹੀਂ ਫੜਾਉਂਦੇ। ਜਦੋਂ ਕੋਈ ਵਿਅਕਤੀ ਕਿਸੇ ਵਿਸ਼ੇ ਦਾ ਵਿਸ਼ੇਸ਼ਗ ਨਾ ਹੋਵੇ ਤਾਂ ਉਹ ਅਜਿਹੀਆਂ ਉਦਾਹਰਣਾਂ ਦੁਆਰਾ ਅਕਸਰ ਪਾਠਕਾਂ ਨੂੰ ਪਰਚਾਉਣ ਦਾ ਯਤਨ ਕਰਦਾ ਹੀ ਹੁੰਦਾ ਹੈ।

ਗੁਰਮਤਿ ਸੰਗੀਤ ਦੇ ਆਧਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੇ ਸਿਰਲੇਖ ਦੇ ਰੂਪ ਵਿਚ ਸਭ ਸਥਾਨਾਂ ਤੇ "ਰਾਗੁ ਬਸੰਤੁ" ਹੀ ਉਪਲੱਬਧ ਹੁੰਦਾ ਹੈ। ਸੰਗੀਤ ਵੇਤਾ ਇਸ ਤੱਥ ਤੋਂ ਭਲੀ ਭਾਂਤ ਪਰਿਚਿਤ ਹਨ ਕਿ "ਰਾਗ" ਦੇ ਅਰਥ "ਰਾਗਣੀ" ਵਿਸ਼ਵ ਕਿਸੇ ਕੋਸ਼ ਨੇ ਕਦੇ ਵੀ ਨਹੀਂ ਸਵੀਕਾਰੇ।

## ਰਾਗ ਬਸੰਤ

ਆਰੋਹ : ਸਾ, ਗ ਮ̍ ਧ̱, ਰੇ̱ਂ ਸਾਂ।

ਅਵਰੋਹ : ਸਾਂ, ਰੇ̱ਂ ਨੀ ਧ̱, ਪ, ਮ̍ਗ ਮ̍ਗ, ਮ̍ਗ, ਰੇ̱ ਸਾ।

ਮੁੱਖ ਅੰਗ : ਮ̍ ਧ̱ ਰੇ̱ਂ ਸਾਂ, ਰੇ̱ਂ ਨੀ ਧ̱ ਪ, ਮ̍ਗ ਮ̍ਗ।

## ਸੁਰ ਵਿਸਤਾਰ

1. ਸਾ, ਸਾ ਰੇ̱ ਨ਼ੀ ਸਾ ਮ, ਮ̍ ਮ ਗ, ਨੀ ਧ̱ ਪ, ਮ̍ ਗ ਮ̍ ਗ, ਮ̍ ਗ, ਰੇ̱ ਸਾ, ਮ̍ਧ̱ ਸਾਂ, ਨੀ ਧ̱ ਪ, ਮ̍ ਗ ਮ̍ ਗ, ਮ̍ ਧ̱ ਨੀ ਧ̱ ਪ, ਧ̱ ਮ̍ ਪ, ਮ̍ ਗ ਮ̍ ਗ, ਗ ਮ̍ ਧ̱ ਗ ਮ̍ ਗ, ਮ̍ ਗ, ਮ̍ ਗ, ਰੇ̱ ਸਾ, ਨ਼ੀ ਸਾ ਗ ਮ̍ ਧ̱ ਰੇ̱ਂ ਸਾਂ, ਮ̍ ਧ̱ ਸਾਂ ਸਾਂ, ਮ̍ ਧ̱ ਰੇ̱ਂ, ਨੀ ਧ̱ ਪ, ਧ ਧ̱ ਮ̍ ਧ ਮ̍ ਗ ਮ̍ ਗ ਮ̍ ਗ ਮ̍ ਨੀ ਧ̱ ਪ ਪ ਧ̱ ਮ̍ ਪ, ਮ̍ ਗ, ਮ̍ ਗ, ਨੀ ਨੀ ਧ̱ ਮ̍ ਗ, ਮ̍ ਗ, ਮ̍ ਗ, ਰੇ̱ ਸਾ।

2. ਸਾ ਰੇ ਨੀ ਸਾ ਨੀ ਧ, ਨੀ ਧ ਪ, ਪ ਧ ਮ ਪ ਮ ਗ, ਮ ਧ ਸਾਂ, ਸਾ ਸਾ ਮ, ਮ ਮ ਗ, ਮ ਨੀ ਨੀ ਧ ਪ, ਮ ਗ ਮ ਗ, ਮ ਧ ਸਾਂ, ਨੀ ਧ ਰੇਂ ਨੀ ਧ ਪ, ਮ ਗ, ਮ ਧ ਰੇਂ ਨੀ ਰੇਂ ਨੀ ਧ ਪ, ਮ ਗ, ਮ ਗ, ਮ ਮ ਗ ਮ ਧ ਨੀ ਮ ਧ ਸਾਂ, ਮ ਧ ਸਾਂ ਸਾਂ ਰੇਂ ਰੇਂ ਸਾਂ, ਸਾ ਰੇਂ ਨੀ ਸਾ, ਮ ਮ ਮ ਗ, ਨੀ ਨੀ ਧ ਪ, ਮ ਗ ਮ ਗ, ਮ ਗ, ਧ ਮ ਨੀ ਧ ਸਾਂ, ਨੀ ਧ ਰੇਂ ਨੀ ਰੇਂ ਨੀ ਧ ਪ, ਮ ਧ ਸਾਂ ਸਾਂ ਰੇਂ ਸਾਂ ਰੇਂ ਨੀ ਧ ਪ, ਮ ਧ ਸਾਂ ਸਾਂ ਰੇਂ ਸਾਂ ਗਂ ਰੇਂ ਸਾਂ, ਸਾਂ ਰੇਂ ਨੀ ਸਾਂ, ਨੀ ਸਾਂ ਰੇਂ ਨੀ ਧ, ਮ ਧ ਸਾਂ ਸਾਂ ਨੀ ਧ, ਮ ਧ ਨੀ ਧ ਪ, ਪ ਧ ਮ ਪ ਧ ਮ ਪ, ਮ ਗ ਮ ਗ, ਨੀ ਮ ਗ, ਮ ਗ, ਰੇ ਸਾ।

3. ਮ ਗ, ਮ ਧ ਸਾਂ, ਨੀ ਧ ਸਾਂ, ਨੀ ਧ ਨੀ ਰੇਂ ਨੀ ਧ ਪ, ਮ ਗ, ਧ ਮ ਨੀ ਧ ਸਾਂ, ਸਾਂ ਨੀ ਰੇਂ ਨੀ ਧ ਪ, ਮ ਗ, ਮ ਧ ਸਾਂ, ਮ ਧ ਸਾਂ ਸਾਂ ਨੀ ਰੇਂ ਗਂ ਰੇਂ ਸਾਂ, ਨੀ ਧ ਸਾਂ, ਨੀ ਰੇਂ ਸਾਂ, ਮਂ ਗਂ ਮਂ ਗਂ ਮਂ ਗਂ ਰੇਂ ਸਾਂ, ਨੀ ਰੇਂ ਗਂ ਰੇਂ ਸਾਂ, ਨੀ ਸਾਂ ਰੇਂ ਨੀ ਧ ਪ, ਮ ਗ ਮ ਗ ਮ ਮ ਗ ਮ ਨੀ ਨੀ ਧ ਨੀ, ਮ ਧ ਸਾਂ ਨੀ ਧ ਪ, ਮ ਧ ਸਾਂ ਸਾਂ, ਰੇਂ ਰੇਂ ਸਾਂ, ਨੀ ਸਾਂ, ਨੀ ਧ ਰੇਂ ਨੀ ਧ ਪ, ਮ ਧ ਸਾਂ ਨੀ ਧ ਪ, ਮ ਧ ਨੀ ਰੇਂ ਧ ਰੇਂ ਰੇਂ ਨੀ ਧ ਪ, ਮ ਨੀ ਨੀ ਧ ਪ, ਮ ਧ ਮ ਪ, ਮ ਗ ਮ ਗ, ਮ ਨੀ ਧ ਪ ਮ ਗ, ਮ ਗ, ਮ ਗ, ਰੇ ਸਾ।

## ਬਸੰਤ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ ॥

ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥
ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ।
ਹਰਿ ਚੇਤਿ ਮਨ ਮੇਰੇ ॥ ਰਹਾਉ ॥
ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥ ੧ ॥
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੈ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥ ਗੁਣ ਕਹੇ ਨਾਨਕ ਹਰਿ ਹਰੇ ਹਰਿ ਹਰੇ ॥ ੨ ॥ ੧੮ ॥

(ਗੁ. ਗ੍ਰੰ. ਪੰਨਾ ੧੧੮੫)

## ਰਾਗ ਬਸੰਤ ਇਕ ਤਾਲ

| X | | 5 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | | ਸਥਾਈ : | | | ਮੰ | ਧੁ |
| | | | | | | | | | | ਦੇ | ਖੁ |
| ਮੰਧੁ | ਨੀਸਾਂ | ਨੀ | ਧੁਪ | ਮੰਪ | ਪ | ਮੰਗ | ਮੰ | ਗ | - | ਮੰ | ਧੁ |
| ਛੂS | SS | ਲ | ਛੂS | SS | ਲ | ਛੂS | S | ਲੇ | S | ਅ | ਹੋ |
| ਰੇਂ | ਸਾਂ | - | ਸਾਂ | ਨੀ | ਧੁ | ਰੇਂ | ਨੀ | ਧੁ | ਪ | ਗ | ਮੰ |
| S | ਤਿਆ | S | ਗਿ | ਤਿਆ | S | S | S | ਗੇ | S | ਚ | ਰ |
| ਧੁ | ਗ | ਮੰ | ਗ | ਰੇ | - | ਸਾ | - | ਸਾਰੇ | ਨੀਸਾ | ਸ' | ਮ |
| ਨ | ਕ | ਮ | ਲ | ਪਾ | S | ਗੋ | S | ਤੁS | ਮS | ਮਿ | ਲਹੂ |
| - | ਮਮੰ | ਮਗ | ਗ | ਗਮੰ | ਧੁਨੀ | ਮੰਧੁ | ਨੀਰੇਂ | ਸਾਂ | - | ਨੀ | ਰੇਂ |
| S | ਪੂS | ਭੁS | ਸ | ਭਾS | SS | SS | SS | ਗੋਂ | S | ਹ | ਰਿ |
| ਗਾਂ | - | ਮੰ | ਗਾਂ | ਰੇਂ | ਸਾਂ | ਨੀਰੇਂ | ਨੀਧੁ | ਮੰਧੁ | ਮੰਗ | | |
| ਚੇ | S | ਤਿ | ਮ | ਨ | ਮੰ | ਰੇS | SS | SS | SS | | |

ਅੰਤਰਾ :

| | | | | | | | | | | | |
|---|---|---|---|---|---|---|---|---|---|---|---|
| ਮੰ | ਗ | ਗ | ਮੰਧੁ | ਨੀ | ਮੰਧੁ | ਸਾਂ | - | ਨੀ | ਰੇਂ | ਸਾਂ | ਸਾਂਸਾਂ |
| ਸ | ਘ | ਨ | ਬਾS | S | ਸੁS | ਕੂ | S | S | S | ਲੇ | ਦਿਕਿ |
| ਗਂ | ਗਂ | ਮੰ | ਗਂ | ਰੇਂ | ਸਾਂ | ਨੀ | ਧੁ | ਰੇਂ | ਨੀ | ਧੁ | ਪ |
| ਰ | ਹੇ | S | ਸੂ | ਕ | ਕ | ਠੂ | S | S | S | ਲੇ | ਬ |
| ਮੰਧੁ | ਨੀਸਾਂ | ਨੀ | ਧੁਪ | ਮੰਪ | ਪ | ਮੰਗ | ਮੰਗ | ਰੇ | ਸਾ | ਸਾਰੇ | ਨੀਸਾ |
| ਸੰ | SS | ਤ | ਕੁS | SS | ਤਿ | ਆS | SS | ਦੀ | S | SS | SS |
| ਸਾ | ਮ | ਮ | ਮਮੰ | ਮਗ | ਗ | ਗਮੰ | ਧੁਨੀ | ਮੰਧੁ | ਨੀਸਾਂ | ਪS | ਰS |
| ਵੂ | S | ਲ | ਤਾS | ਲ | ਰ | ਹੇS | SS | SS | SS | ਨੀ | ਰੇਂ |
| ਗਾ | - | ਮੰ | ਗ | ਰੇਂ | ਸਾਂ | ਨੀਰੇਂ | ਨੀਧੁ | ਮੰਧੁ | ਮੰਗ | ਹ | ਰਿ |
| ਚੇ | S | ਤਿ | ਮ | ਨ | ਮੰ | ਰੇS | SS | SS | SS | | |

## ਰਾਗੁ ਬਸੰਤੁ ਹਿੰਡੋਲ

ਬਸੰਤ ਹਿੰਡੋਲ ਇਕ ਅਤਿ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਇਸ ਰਾਗ ਦਾ ਵਰਨਣ ਬਹੁਤ ਘੱਟ ਮਿਲਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਗੁਰੂ ਕਾਲ ਤੋਂ ਪੂਰਵ ਭਾਰਤੀ ਸੰਗੀਤ ਵਿਚ ਮਿਸ਼ਰਤ ਰਾਗਾਂ ਦੀ ਪ੍ਰਪਾਟੀ ਪ੍ਰਚਲਿਤ ਸੀ ਪਰ ਜਿੰਨੇ ਮਿਸ਼ਰਤ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੁੰਦੇ ਹਨ ਉਤਨੇ ਸ਼ਾਇਦ ਹੀ ਕਿਸੇ ਹੋਰ ਗ੍ਰੰਥ ਵਿਚ ਹੋਣ। ਉਦਾਹਰਣ ਵਜੋਂ : ਆਸਾ ਕਾਫ਼ੀ, ਤਿਲੰਗ ਕਾਫ਼ੀ, ਸੂਹੀ ਕਾਫ਼ੀ, ਸੂਹੀ ਲਲਿਤ, ਮਾਰੂ ਕਾਫ਼ੀ, ਬਿਭਾਸ ਪ੍ਰਭਾਤੀ, ਕਲਿਆਨ ਭੋਪਾਲੀ ਆਦਿ। ਇਸੇ ਪ੍ਰਥਾ ਅਨੁਸਾਰ ਬਸੰਤ ਹਿੰਡੋਲ ਰਾਗ ਹੋਂਦ ਵਿਚ ਆਇਆ। ਰਾਗ ਮਿਸ਼ਰਣ ਦੇ ਆਧਾਰ 'ਤੇ ਵਰਤਮਾਨ ਤਕ ਅਨੇਕ ਰਾਗ ਪ੍ਰਚਾਰ ਵਿਚ ਆਏ। ਜਿਵੇਂ : ਬਸੰਤ ਬਹਾਰ, ਭੈਰਵ ਬਹਾਰ, ਮਾਲਕੌਂਸ ਬਹਾਰ, ਕੇਦਾਰਾ ਬਹਾਰ, ਕਾਮੋਦ ਨਟ, ਨਟ ਬਿਹਾਗ, ਦੁਰਗਾ ਕਲਿਆਨ, ਯਮਨੀ ਬਿਲਾਵਲ, ਤਿਲਕ ਸ਼ਾਮ, ਮਾਂਝ ਖਮਾਜ ਆਦਿ। ਅਜਿਹੇ ਰਾਗਾਂ ਦੇ ਸਰੂਪ ਦਾ ਨਿਰਮਾਣ ਦੋ ਰਾਗਾਂ ਦੇ ਮਿਸ਼ਰਣ ਦੁਆਰਾ ਸਥਾਪਤ ਹੁੰਦਾ ਹੈ।

ਗੁਰੂ ਕਾਲ ਵਿਚ ਅਜਿਹੇ ਮਿਸ਼ਰਤ ਪ੍ਰਕਾਰਾਂ ਨੂੰ "ਛਾਇਆ ਲਗ" ਰਾਗਾਂ ਦੀ ਸੰਗਿਆ ਦਿੱਤੀ ਜਾਂਦੀ ਸੀ। ਇਨ੍ਹਾਂ ਵਿਚ ਦੋ ਰਾਗਾਂ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਸੀ। ਅਜਿਹੇ ਦੋ ਰਾਗਾਂ ਦੇ ਸੰਜੋਗ ਤੋਂ ਉਤਪੰਨ ਹੋਏ ਰਾਗ ਦਾ ਨਾਮ ਹੀ ਇਸ ਤੱਥ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਹ ਕੋਈ ਭਿੰਨ ਜਾਂ ਵਖਰਾ ਰਾਗ ਹੈ। ਉਦਾਹਰਣ ਵਜੋਂ "ਰਾਗੁ ਬਸੰਤੁ ਮਹਲਾ ੪ ॥" ਅਤੇ "ਰਾਗੁ ਬਸੰਤੁ ਹਿੰਡੋਲ ਮਹਲਾ ੫ ॥" ਆਦਿ। ਇਨ੍ਹਾਂ ਰਾਗਾਂ ਦੇ ਵਖਰੇ ਜਾਂ ਸੁਤੰਤਰ ਸਰੂਪਾਂ ਦਾ ਬੋਧ ਹੀ ਨਹੀਂ ਕਰਵਾਉਂਦਾ ਸਗੋਂ ਇਨ੍ਹਾਂ ਦੀ ਵਖਰੀ ਹੋਂਦ ਨੂੰ ਵੀ ਸਿੱਧ ਕਰਦਾ ਹੈ।

ਬਸੰਤ ਹਿੰਡੋਲ ਰਾਗ ਦੀ ਸਿਰਜਣਾ ਥਾਟ-ਉਪ੍ਰ ਥਾਟ ਪੱਧਤੀ ਅਨੁਸਾਰ ਪੂਰਵੀ ਅਤੇ ਮਾਰਵਾ ਥਾਟ ਤੋਂ ਹੋਈ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਦੋ ਮੱਧਿਅਮ, ਦੋ ਧੈਵਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਰਾਗ ਦੇ ਸਮੁਚੇ ਚਲਨ ਵਿਚ ਬਸੰਤ ਅਤੇ ਹਿੰਡੋਲ ਰਾਗ ਦੀਆਂ ਸੁਰਾਵਲੀਆਂ ਕ੍ਰਿਆਵਾਂ ਕਰਦੀਆਂ ਹਨ। ਇਸ ਮਿਸ਼ਰਣ ਦੁਆਰਾ ਇਹ ਆਪਣੇ ਨਿਕਟ ਵਰਤੀ ਰਾਗਾਂ (ਬਸੰਤ ਅਤੇ ਹਿੰਡੋਲ) ਨਾਲੋਂ ਸਹਿਜੇ ਹੀ ਨਿਰਾਲਾ ਹੋ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਬਸੰਤ ਅਤੇ ਅਵਰੋਹ ਵਿਚ ਹਿੰਡੋਲ ਦੀਆਂ ਸੁਰਾਵਲੀਆਂ ਦਾ ਅਜਿਹੀ ਵਿਸ਼ੇਸ਼ਤਾ ਨਾਲ ਮਿਸ਼ਰਣ ਕੀਤਾ ਗਿਆ ਹੈ ਜੋ ਕਿ ਭਿੰਨ ਹੁੰਦਿਆਂ ਵੀ ਇਕਸਾਰਤਾ ਦਾ ਪ੍ਰਭਾਵ ਉਘਾੜਦੀਆਂ ਹਨ। ਇਸ ਰਾਗ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ ਪੰਚਮ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਤੀਜਾ ਪਹਿਰ ਹੈ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਸੁਰ ਵਰਜਿਤ ਹਨ ਅਤੇ ਅਵਰੋਹ ਵਕਰ ਹੋਕੇ ਸੰਪੂਰਣ ਹੈ। ਇਸ ਕਰਕੇ ਵਿਦਵਾਂਨਾਂ ਨੇ ਇਸ ਦੀ ਜਾਤੀ ਔੜਵ-ਵਕਰ ਸੰਪੂਰਣ ਮੰਨੀ ਹੈ।

ਆਰੋਹ : ਸਾ ਮ, ਮ ਗ, ਮੰ ਧ ਨੀ ਧ ਸਾਂ।

ਅਵਰੋਹ : ਸਾਂ, ਰੇਂ ਨੀ ਧ, ਪ, ਮੰਗ, ਮੰਗ, ਮੰਗ, ਰੇ ਸਾ।

ਮੁੱਖ ਅੰਗ : ਮੰ ਧ ਨੀ ਧ ਸਾਂ, ਰੇਂ ਨੀ ਧ ਪ, ਮੰ ਗ, ਮੰ ਗ।

## ਰਾਗ ਬਸੰਤ ਹਿੰਡੋਲ

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ ਮ, ਮੰ ਮ ਗ, ਮੰ ਗ, ਰੇ ਸਾ, ਨੀ ਧ ਧ ਸਾ, ਸਾ ਨੀ ਧ ਪ ਮੰ ਗ, ਮੰ ਧ ਨੀ ਧ ਮੰ ਧ ਸਾ, ਮੰ ਮੰ ਧ ਧ ਸਾ, ਨੀ ਧ ਨੀ ਮੰ ਧ ਮੰ ਸਾ, ਸਾ ਰੇ ਨੀ ਸਾ ਮ ਮ ਗ, ਮੰ ਗ, ਰੇ ਸਾ, ਸਾ ਮ ਮ, ਮ ਮੰ ਗ, ਮੰ ਗ, ਰੇ ਸਾ, ਨੀ ਧ ਸਾ, ਸਾ ਸਾ ਗ ਗ ਮੰ ਮੰ ਧ, ਧ ਮੰ ਗ, ਮੰ ਗ, ਰੇ ਸਾ।

2. ਸਾ ਸਾ ਮ, ਮ ਮ ਗ, ਮੰ ਧ ਸਾਂ, ਨੀ ਧ ਸਾਂ, ਸਾਂ ਰੇਂ ਨੀ ਸਾਂ ਨੀ ਧ ਰੇਂ ਨੀ ਧ ਪ, ਨੀ ਨੀ ਧ ਪ, ਪ ਧ ਮੰ ਪ, ਧ ਮੰ ਪ, ਮੰਗ, ਗ ਮੰ ਧ ਗ ਮੰ ਗ ਮੰ ਧ ਨੀ ਧ ਸਾਂ, ਗ ਮੰ ਧ ਨੀ ਮੰ ਧ ਸਾਂ, ਨੀ ਰੇਂ ਸਾਂ ਨੀ ਰੇਂ ਗਂ ਰੇਂ ਸਾਂ, ਸਾਂ ਰੇਂ ਨੀ ਸਾਂ ਨੀ ਧ ਰੇਂ ਨੀ ਧ ਪ, ਮੰ ਧ ਸਾਂ ਨੀ ਧ ਪ, ਮੰ ਧ ਨੀ ਧ ਪ, ਪ ਧ ਮੰ ਪ ਮੰ ਗ ਮੰ ਗ, ਮੰਗ, ਰੇਂ ਸਾ।

3. ਮੰ ਗ, ਮੰ ਧ ਸਾਂ, ਨੀ ਧ ਸਾਂ, ਗ ਮੰ ਧ ਸਾਂ ਮੰ ਧ ਸਾਂ, ਧ ਧ ਸਾਂ ਸਾਂ ਗਂ ਗਂ ਸਾਂ, ਨੀ ਰੇਂ ਸਾਂ, ਸਾਂ ਸਾਂ ਗਂ ਗਂ ਮੰ ਮੰ ਗਂ, ਰੇਂ ਸਾਂ, ਨੀ ਸਾਂ ਗਂ ਰੇਂ ਸਾਂ, ਨੀ ਰੇਂ ਸਾਂ, ਨੀ ਧ ਰੇਂ ਨੀ ਧ ਪ, ਮੰ ਧ ਸਾਂ, ਨੀ ਧ ਪ, ਧ ਮੰ ਪ, ਮੰ ਗ ਮੰਗ, ਨੀ ਮੰ ਗ, ਮੰਗ, ਰੇ ਸਾ, ਨੀ ਧ ਮੰ ਧ ਸਾ, ਨੀ ਰੇ ਸਾ।

## ਬਸੰਤ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥ ੧ ॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥ ੧ ॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥ ੨ ॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥ ੩ ॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥ ੪ ॥ ੧ ॥ ੩ ॥

(ਗੁ. ਗ੍ਰੰ. ਪੰਨਾ ੧੧੭੮)

## ਰਾਗ ਬਸੰਤ ਹਿੰਡੋਲ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਸਥਾਈ : | ਮੰਧੁ | ਸਾਂ | ਨੀ | ਧੁ | ਪਧੁ | ਮੰਪ | ਮੰ | ਗ |
| | | | | | | | | ਮਾs | s | ਧੋ | ਸਾ | ਧੂs | ss | ਜ | ਨ |
| ਮੰ | ਧੁ | ਸਾਂ | ਸਾਂ | ਰੇਂ | ਰੇਂ | ਸਾਂ | - | ਨੀ | ਨੀਰੇਂ | ਨੀ | ਧੁ | ਨੀ | ਧੁ | ਪ | ਮੰ |
| ਦੇ | s | ਹੁ | ਮਿ | ਲਾ | s | ਇ | s | ਦੇ | ss | ਖ | ਤ | ਦ | ਰ | ਸੁ | ਪਾ |
| - | ਧੁ | ਮੰ | ਗ | ਮੰ | ਗ | ਰੇ | ਸਾ | ਸਾ | ਸਾ | ਮ | ਮ | ਮਮੰ | ਮਮ | ਮ | ਗ |
| s | ਪ | ਸ | ਭਿ | ਨਾ | s | ਸਹਿ | s | ਪ | ਵਿ | ਤ੍ਰ | ਪ | ਰs | ਮs | ਪ | ਦਾ |
| ਗਮੰ | ਧੁਨੀ | ਮੰਧੁ | ਸਾਂਸਾਂ | ਰੇਂਨੀ | ਧੁਪ | ਮੰਗ | ਮੰਗ | | | | | | | | |
| ਪਾs | ss | ss | ss | ਇs | ss | ss | ss | | | | | | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਨੀਧ | ਮੰਧ | ਮੰ | ਗ | ਮੰ | - | ਮੰ | ਮੰਧ |
| | | | | | | | | ਰਾS | SS | S | ਮ | ਨਾ | S | S | ਮS |
| ਸਾਂ | ਸਾਂ | ਸਾਂ | ਸਾਂ | - | ਸਾਂ | ਸਾਂ | ਸਾਂਸਾਂ | ਸਾਂ | - | ਗਂ | ਮੰ | ਗਂ | - | ਸਾਂ | ਸਾਂ |
| ਰ | ਤ | ਨ | ਕੋ | S | ਠ | ੜੀ | ਗੜ | ਮੰ | S | ਦ | ਰਿ | ਝੇ | S | ਕ | ਲੁ |
| ਗਂਸਾਂ | ਧਸਾਂ | ਗਂ | ਸਾਂ | ਨੀ | ਧ | ਮੰ | ਗ | ਸਾਂ | ਸਾਂ | ਧ | ਨੀ | ਧ | ਮੰ | ਗ | ਗ |
| ਕਾS | SS | S | S | ਨੀ | S | S | S | ਸ | ਤਿ | ਗੁ | ਰੂ | ਮਿ | ਲੈ | S | ਤ |
| ਗਮੰ | ਧ | ਗ | ਮੰ | ਗ | - | ਸਾ | ਸਾ | ਸਾ | ਮ | ਮ | - | ਮਮੰ | ਮਮੰ | ਗ | ਗ |
| ਖੇS | S | S | ਜੀ | ਐ | S | ਮਿ | ਲਿ | ਜੇ | S | ੜੀ | S | ਜੰS | SS | ਤਿ | ਸ |
| ਮੰਧੁ | ਸਾਂਸਾਂ | ਧੁਰੇਂ | ਰੇਂਸਾਂ | ਨੀਨੀ | ਪੁਪ | ਮੰਗ | ਮੰਗ | | | | | | | | |
| ਮਾS | SS | SS | SS | ਨੀS | SS | SS | SS | | | | | | | | |

## ਰਾਗ ਹਿੰਡੋਲ

ਸ੍ਰੀ ਗੁਰ ਗ੍ਰੰਥ ਸਾਹਿਬ ਵਿਚ ਕਈ ਸਥਾਨਾਂ 'ਤੇ ਸਿਰਲੇਖ ਦੇ ਰੂਪ ਵਿਚ ਸੰਕੇਤ ਮਿਲਦੇ ਹਨ "ਭੈਰਉ ਬਾਣੀ ਭਗਤਾਂ ਕੀ" ਕਬੀਰ ਜੀਉ" (ਗੁਰੂ ਗ੍ਰੰਥ, ਪੰਨਾ ੧੧੫੭)

ਜਾਂ

"ਰਾਗੁ ਸਾਰੰਗ ਬਾਣੀ ਭਗਤਾਂ ਕੀ

ਕਬੀਰ ਜੀ

(ਗੁਰ ਗ੍ਰੰਥ, ਪੰਨਾ ੧੨੫੧)

ਉਪਰੋਕਤ ਹਵਾਲਿਆਂ ਤੋਂ ਭਾਵ ਇਹ ਹੈ ਕਿ ਇਥੋਂ ਭਗਤ ਬਾਣੀ ਦਾ ਆਰੰਭ ਹੈ। ਕਿਸ ਭਗਤ ਦੀ ਰਚਨਾ ਹੈ, ਵਿਸ਼ੇਸ਼ ਸਿਰਲੇਖ ਦੁਆਰਾ ਸਪੱਸ਼ਟ ਕੀਤਾ ਗਿਆ ਹੈ "ਕਬੀਰ ਜੀਉ।"

ਇਸੇ ਸੰਦਰਭ ਵਿਚ ਸ੍ਰੀ ਗੁਰ ਗ੍ਰੰਥ ਸਾਹਿਬ ਵਿਚ ਕਈ ਸਥਾਨਾਂ 'ਤੇ ਰਾਗਾਂ ਦੇ ਆਰੰਭ ਵਿਚ ਸੰਕੇਤ ਮਿਲਦੇ ਹਨ। ਉਦਾਹਰਣ ਵਜੋਂ "ਰਾਗੁ ਬਸੰਤੁ ਮਹਲਾ ੧ "ਅਤੇ ਕਈ ਸਥਾਨਾਂ ਤੇ" ਬਸੰਤੁ ਹਿੰਡੋਲ ਘਰੁ ੨ ਮਹਲਾ ੫ ॥ ਵੀ ਉਪਲੱਬਧ ਹੁੰਦਾ ਹੈ, ਜਿਸ ਦਾ ਭਾਵ ਹੈ ਕਿ ਪਹਿਲਾ ਸ਼ਬਦ ਕੇਵਲ ਬਸੰਤ ਰਾਗ ਵਿਚ ਗਾਇਨ ਕਰਨਾ ਹੈ ਅਤੇ ਦੂਜਾ ਸ਼ਬਦ ਬਸੰਤ-ਹਿੰਡੋਲ ਵਿਚ। ਦੂਜੇ ਸ਼ਬਦਾਂ ਵਿਚ "ਮਹਲਾ ੧" ਦਾ ਸ਼ਬਦ ਬਸੰਤ ਰਾਗ ਵਿਚ ਹੈ ਅਤੇ ਮਹਲਾ ੫ ਦੂਜੇ ਦਾ ਗਾਇਨ ਬਸੰਤ-ਹਿੰਡੋਲ ਦੇ ਰਾਗਾਂ ਦੇ ਸੁਮੇਲ (ਮਿਸ਼ਰਣ) ਦੁਆਰਾ ਕਰਨਾ ਹੈ। ਇਨ੍ਹਾਂ ਤੋਂ ਬਿਨਾਂ, ਬਸੰਤ ਰਾਗ ਦੇ ਪ੍ਰਵਾਹ ਵਿਚ ਇਕ ਸਥਾਨ ਤੇ "ਬਸੰਤ ਮਹਲਾ ੫ ਘਰ ੨ ਹਿੰਡੋਲ" ਸਿਰਲੇਖ ਵੀ ਪ੍ਰਾਪਤ ਹੁੰਦਾ ਹੈ। ਸਾਡੇ ਵਿਚਾਰ ਅਨੁਸਾਰ ਇਸ ਅੰਤਮ, ਅਰਥਾਤ "ਬਸੰਤੁ ਮਹਲਾ ੫ ਹਿੰਡੋਲ" ਦਾ ਭਾਵ ਹੈ ਕਿ ਇਹ ਵਿਸ਼ੇਸ਼ ਸ਼ਬਦ ਹਿੰਡੋਲ ਰਾਗ ਵਿਚ ਗਾਇਨ ਕਰਨਾ ਹੈ।

ਹਿੰਡੋਲ, ਭਾਰਤੀ ਸੰਗੀਤ ਦਾ ਬੜਾ ਪੁਰਾਤਨ ਰਾਗ ਹੈ। ਵਰਤਮਾਨ ਆਲੋਚਕਾਂ ਨੇ ਭਾਵੇਂ ਰਾਗ-ਰਾਗਣੀ ਪੱਧਤੀ ਨੂੰ ਇਕ ਕਪੋਲ ਕਲਪਨਾ ਜਾਂ ਅਵਿਗਿਆਨਿਕ ਸਮਝ ਕੇ ਤਿਲਾਂਜਲੀ ਦੇ ਦਿੱਤੀ ਹੈ ਪਰੰਤੂ ਮੱਧਕਾਲੀਨ ਮੱਤਾਂ ਨੇ ਇਸ ਰਾਗ ਨੂੰ ਪ੍ਰਮੁਖ ਪੁਰਖ ਰਾਗ ਦੇ ਤੌਰ 'ਤੇ ਸਵੀਕਾਰਿਆ ਹੈ। ਸਾਡਾ ਤਾਤਪਰਜ ਕੇਵਲ ਇਥੇ ਇਸ ਰਾਗ ਦੀ ਪੁਰਾਤਨਤਾ ਵੱਲ ਸੰਕੇਤ ਕਰਨ ਤੋਂ ਹੀ ਹੈ।

ਆਧੁਨਿਕ ਥਾਟ ਪੱਧਤੀ ਦੇ ਪਗ-ਚਿੰਨ੍ਹਾਂ ਤੇ ਚਲਣ ਵਾਲੇ ਸੰਗੀਤ ਵਿਦਵਾਨਾਂ ਨੇ ਹਿੰਡੋਲ ਨੂੰ ਕਲਿਆਣ ਥਾਟ ਦਾ ਰਾਗ ਮੰਨਿਆ ਹੈ। ਇਸ ਰਾਗ ਵਿਚ ਮੱਧਿਅਮ ਤੀਬਰ, ਰਿਸ਼ਭ ਅਤੇ ਪੰਚਮ ਵਰਜਿਤ, ਸ਼ੜਜ, ਗੰਧਾਰ, ਧੈਵਤ ਅਤੇ ਨਿਸ਼ਾਧ ਸ਼ੁੱਧ ਲਗਦੇ ਹਨ। ਇਸ ਵਿਚ ਦੋ ਸੁਰ (ਰੇ,ਪਾ) ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔਡਵ-ਔਡਵ ਹੈ। ਇਸਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਹੈ। ਇਹ ਉਤ੍ਰਾਂਗ ਵਾਦੀ ਰਾਗ ਹੈ। ਹਿੰਡੋਲ ਦੇ ਗਾਉਣ ਦਾ ਸਮਾਂ ਪ੍ਰਾਤਾਕਾਲ ਦਾ ਪਹਿਲਾ ਪਹਿਰ ਹੈ। ਇਸ ਰਾਗ ਵਿਚ ਨਿਸ਼ਾਦ ਸੁਰ ਦਾ ਅਲਪ ਪ੍ਰਯੋਗ ਹੁੰਦਾ ਹੈ। ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਸਵਰਗਵਾਸੀ ਡਾ. ਚਰਨ ਸਿੰਘ ਜੀ

ਗ੍ਰੰਥਾਂ ਦੇ ਹਵਾਲਿਆਂ ਅਨੁਸਾਰ ਇਸ ਰਾਗ ਬਾਰੇ ਆਪਣੀ ਬਰਸਾਂ ਦੀ ਖੋਜ ਦਾ ਇਸ ਤਰ੍ਹਾਂ ਪ੍ਰਗਟਾਵਾ ਕਰਦੇ ਹਨ "ਜਿਸ ਰਾਗ ਨੂੰ ਸੁਣਕੇ ਦੇਵਤਿਆਂ ਦਾ ਚਿੱਤ ਸੁਖ ਰੂਪੀ ਹਿੰਡੋਲੇ ਵਿਚ ਝੂਲੇ ਉਸ ਦਾ ਨਾਉਂ ਹਿੰਡੋਲ ਹੈ। ਅੰਸ ਨਯਾਸ ਗ੍ਰਿਹ ਖੜਜ ਕਾਹਲੀ ਨਾਲ ਕਹਿੰਦੇ ਹਨ - ਸਾਂ ਨੀ. ਪ.ਮ ਗ ਸ । ਦੋ ਘੜੀ ਦਿਨ ਚੜ੍ਹੇ ਤੋਂ ਚਾਰ ਘੜੀ ਦਿਨ ਚੜ੍ਹੇ ਤਕ ਗਾਂਵੀਦਾ ਹੈ" ਅਗੇ ਆਪ ਇਸ ਰਾਗ ਦੀ ਉਪਜ ਦੇ ਸਥਾਨ ਦਾ ਬਿਉਰਾ ਦਿੰਦੇ ਹਨ : "ਸ਼ਿਵ ਜੀ ਦੇ ਸਦਯੋਜਾਤ ਨਾਮ ਮੁਖ ਤੇ ਉਪਜਿਆ ਹੈ।"

(ਗੁਰਮਤ ਸੰਗੀਤ, ਪੰਨਾ 35)

ਡਾ. ਸਾਹਿਬ ਦੇ ਵਿਚਾਰ ਬੜੇ ਸਪਸ਼ਟ ਹਨ ਇਸ ਲਈ ਟੀਕਾ-ਟਿਪਣੀ ਦੀ ਲੋੜ ਪ੍ਰਤੀਤ ਨਹੀਂ ਹੁੰਦੀ ਅਸੀਂ ਉਨ੍ਹਾਂ ਦੀ ਵਿਦਵਤਾ ਦਾ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ।

ਆਰੋਹ : ਸਾ ਗ, ਮ ਧ ਨੀ ਧ ਸਾਂ।

ਅਵਰੋਹ : ਸਾਂ, ਨੀ ਧ, ਮ ਗ, ਸਾ।

ਮੁੱਖ ਅੰਗ : ਸਾ ਗ, ਮ ਧ ਨੀ ਧ, ਮ ਗ, ਸਾ।

## ਰਾਗ ਹਿੰਡੋਲ ਸੁਰ ਵਿਸਤਾਰ

1. ਸਾ, ਸਾ ਸਾ ਗ, ਮ ਗ, ਸਾ, ਨੀ ਧ ਸਾ, ਗ ਗ ਸਾ ਨੀ ਸਾ ਧ, ਮ ਧ, ਮ ਮ ਗ, ਗ ਮ ਧ, ਗ ਮ ਧ ਗ ਮ ਧ, ਮ ਗ, ਮ ਧ ਨੀ ਧ, ਮ ਧ ਸਾ, ਸਾ ਸਾ ਨੀ ਧ ਮ ਧ ਮ ਸਾ, ਧ ਧ ਸਾ ਸਾ ਗ, ਧ ਗ, ਧ ਮ ਮ ਗ, ਸਾ ਗ ਮ ਗ, ਸਾ ਮ ਗ ਮ ਗ, ਮ ਗ, ਸਾ ਨੀ ਧ ਮ ਧ ਸਾ, ਧ ਧ ਗ ਸਾ।

2. ਸਾ ਸਾ ਗ ਗ ਮ ਮ ਗ, ਸਾ ਮ ਗ ਮ ਧ ਮ ਗ, ਗ ਮ ਧ ਗ ਮ ਧ ਮ ਗ, ਗ ਮ ਧ ਨੀ ਮ ਧ ਗ ਮ ਗ, ਗ ਮ ਧ ਮ ਧ, ਨੀ ਨੀ ਧ ਨੀ ਮ ਧ ਗ ਮ ਧ, ਗ ਮ ਧ ਨੀ ਮ ਧ ਸਾਂ, ਧ ਮ ਗ ਮ ਧ ਧ ਸਾਂ, ਨੀ ਧ ਮ ਗ, ਸਾਂ ਸਾਂ ਧ ਧ ਮ ਧ ਗ ਮ ਧ, ਧ ਮ ਗ ਮ ਧ ਮ ਗ ਸਾਂ ਧ ਮ ਗ, ਧ ਮ ਗ, ਮ ਗ ਸਾ, ਧ ਧ ਸਾ, ਸਾ ਗ ਮ ਧ ਗ ਮ ਧ ਮ ਗ, ਮ ਗ, ਸਾ, ਧ ਧ ਗ, ਸਾ।

3. ਮ̍ ਮ̍ ਗ, ਮ̍ ਮ̍ ਧ ਧ ਨੀ ਧ, ਮ̍ ਧ, ਸਾਂ, ਸਾਂ ਸਾਂ ਧ ਮ̍ ਗ ਮ̍ ਧ ਧ ਸਾਂ, ਸਾਂ ਨੀ ਧ ਸਾਂ ਮ̍ ਧ ਸਾਂ ਗਂ ਸਾਂ, ਗਂ ਗਂ ਸਾਂ ਨੀ ਧ ਧ ਮ̍ ਗ, ਮ̍ ਧ ਸਾਂ ਗਂ ਸਾਂ, ਸਾਂ ਸਾਂ ਗਂ ਗਂ ਮ̍ਂ ਮ̍ਂ ਗਂ, ਗਂ ਮ̍ਂ ਗਂ, ਮ̍ਂ ਗਂ ਸਾਂ, ਗਂ ਮ̍ ਧ ਮ̍ ਗ ਮ̍ ਗਂ ਗਂ ਸਾਂ ਸਾਂ ਧ ਮ̍ ਗ ਮ̍ ਧ ਧ ਧ ਸਾਂ, ਨੀ ਧ ਮ̍ ਗ, ਧ ਮ̍ ਗ, ਗ ਮ̍ ਧ ਨੀ ਮ̍ ਧ ਸਾਂ ਨੀ ਧ ਮ̍ ਗ, ਧ ਧ ਮ̍ ਧ ਗ ਮ̍ ਧ ਮ̍ ਗ, ਮ̍ ਮ̍ ਗ ਮ̍ ਧ ਮ̍ ਧ ਗ, ਮ̍ ਗ, ਮ̍ ਗ, ਸਾ, ਨੀ̣ ਧ̣ ਮ̣̍ ਧ̣ ਮ̣̍ ਸਾ, ਧ̣ ਧ̣ ਗ ਸਾ ।

## ਬਸੰਤ ਮਹਲਾ ੫ ਘਰ ੨ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥
ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥ ੧ ॥ ਰਹਾਉ ॥
ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥ ੨ ॥
ਉਠਿ ਇਸਨਾਨੁ ਕਰਹੁ ਪ੍ਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥ ੩ ॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥ ੪ ॥ ੧ ॥ ੧੯ ॥

(ਗੁ. ਗ੍ਰੰ. ਪੰਨਾ ੧੧੮੫)

## ਰਾਗ ਬਸੰਤ ਹਿੰਡੋਲ ਤ੍ਰਿਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਗਮਂ | ਧਸਾਂ | ਨੀ | ਧ | ਮਂ | ਧ | ਗ | ਮਂ |
| | | | | | | | | ਦਿs | ਨੂs | ਬਿ | ਧਿ | ਪਾ | s | ਸਾ | s |
| ਧ | - | ਗ | ਮਂ | ਗ | - | ਸਾ | ਸਾ | ਧ | ਮਂ | ਗ | ਮਂ | ਗ | - | ਸਾ | ਸਾ |
| ਢਾ | s | ਲਹੁ | s | ਬੀ | s | s | ਰ | ਗੁ | ਰ | ਮੁ | ਖਿ | ਨਾ | s | ਮੁ | ਜ |
| ਨੀ | ਧ | ਮ | ਧ | ਸਾ | - | ਸਾ | - | ਸਾਗ | ਮਂਧ | ਮਂ | ਗਮਂ | ਧਸਾਂ | ਸਾਂ | ਸਾਂ | ਸਾਂ |
| ਪ | ਹੁ | ਦਿ | ਨੁ | ਰਾ | - | ਤੀ | - | ਅੰs | ss | ਤ | ਕਾs | ss | ਲਿ | ਨ | ਹ |
| ਸਾਂਗ | ਸਾਂਨੀ | ਧਨੀ | ਮਂਧ | ਸਾਂਸਾਂ | ਧਮਂ | ਗਮਂ | ਗਸਾ | | | | | | | | |
| ਲਾs | ss | ਗੋs | ss | ਪੀs | ss | ss | ਰs | | | | | | | | |

| | | | |
|---|---|---|---|
| ਮੰ | - | ਨੀਧ | ਮੰਧ |
| ਕ | S | ਤੁS | ਮਿS |
| ਗਂ | - | ਸਾਂ | ਸਾਂ |
| ਦੂ | S | ਰਿ | ਕ |
| ਗਮ | ਧਸਾਂ | ਸਾਂ | - |
| ਮੰS | SS | ਕੇ | S |
| ਗਮ | ਧਸਾਂ | ਸਾਂ | - |
| ਥੋS | SS | ਸਹੁ | S |

ਅੰਤਰਾ :

| | | | |
|---|---|---|---|
| ਮੰ | - | ਗ | ਗ |
| ਹੋ | S | ਇ | ਇ |
| ਸਾਂ | ਸਾਂ | ਗਂ | ਮੰ |
| ਦੁ | ਖਿ | ਧਾ | S |
| ਮੰ | ਧ | ਗ | ਮੰ |
| ਹ | ਰਿ | ਨਾ | S |
| ਗ | ਗ | ਮੰ | ਧ |
| ਗੁ | ਰ | ਮੁ | ਖਿ |

| | | | |
|---|---|---|---|
| ਸਾਂ | - | ਸਾਂ | - |
| ਭਾ | S | ਈ | S |
| ਨੀਧ | ਮੰਧ | ਮੰ | ਗ |
| ਲਾS | SS | ਇ | S |
| ਗ | ਸਾ | ਸਾ | - |
| ਜੋ | S | ੜੀ | S |
| ਧਸਾਂ | ਸਾਂਨੀ | ਧਮੰ | ਗਸਾਂ |
| ਛਾS | SS | ਇS | SS |

| | | | |
|---|---|---|---|
| ਸਾਂ | - | ਸਾਂ | ਸਾਂ |
| ਲਹੁ | S | ਮੇ | ਰੇ |
| ਗਂਸਾਂ | ਧਸਾਂ | ਗਂ | ਸਾਂ |
| ਰੰS | ਹੁS | ਲਿ | ਵ |
| ਧ | ਮੰ | ਗ | ਮੰ |
| ਹੋ | S | ਵ | ਹੁ |
| ਸਾਂਗਂ | ਧਨੀ | ਧਮੰ | ਗਮੰ |
| ਸS | ਫਾS | SS | ਵਿS |

# ਰਾਗ ਸਾਰੰਗ

ਸਾਰੰਗ ਰਾਗ ਭਾਰਤੀ ਸੰਗੀਤ ਵਿਚ ਕਈ ਸਦੀਆ ਤੋਂ ਪ੍ਰਚਲਿਤ ਹੈ। ਇਹ ਇਕ ਸਰਲ, ਮਧੁਰ ਅਤੇ ਲੋਕ ਪ੍ਰਿਅ ਰਾਗ ਹੈ। ਇਹੋ ਹੀ ਕਾਰਣ ਹੈ ਕਿ ਸਭ ਪ੍ਰਾਂਤਾਂ ਦੇ ਸਭਿਅ ਲੋਕ ਇਸ ਦੀਆਂ ਮਧੁਰ ਸੁਰਾਵਲੀਆ ਤੋਂ ਕਿਸੇ ਨਾ ਕਿਸੇ ਰੂਪ ਵਿਚ ਆਵੱਸ਼ ਮਨੋਰੰਜਨ ਪ੍ਰਾਪਤ ਕਰਦੇ ਹਨ। ਅਨੇਕ ਲੋਕ ਗੀਤਾਂ ਦੀਆਂ ਧੁਨਾ ਇਸ ਰਾਗ 'ਤੇ ਆਧਾਰਿਤ ਹਨ। ਚਰਵਾਹਿਆ ਦੀ ਵੰਝਲੀ ਅਤੇ ਸਪੇਰੇ ਦੀ ਬੀਨ ਉਤੇ ਇਸ ਰਾਗ ਦੀਆਂ ਮਧੁਰ ਸੁਰਾਵਲੀਆ ਆਮ ਸੁਣਾਈ ਦਿੰਦੀਆਂ ਹਨ ਪਰੰਤੂ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਸ਼ਾਸਤਰੀ ਸੰਗੀਤ ਤੇ ਤੌਰ 'ਤੇ ਨਿਵਾਜਿਆ ਅਤੇ ਅਧਿਆਤਮਕਤਾ ਦਾ ਸੰਦੇਸ਼ ਦੇਣ ਲਈ ਇਸ ਦੀ ਵਰਤੋਂ ਕੀਤੀ ਹੈ।

ਗ੍ਰੰਥਕਾਰਾਂ ਨੇ ਸਾਰੰਗ ਰਾਗ ਦੀ ਉਤਪਤੀ ਕਾਫ਼ੀ ਮੇਲ (ਥਾਟ) ਤੋਂ ਮੰਨੀ ਹੈ। ਕਈ ਵਿਦਵਾਨ ਇਸ ਨੂੰ ਖਮਾਜ ਥਾਟ ਦਾ ਰਾਗ ਮੰਨਦੇ ਹਨ ਪਰੰਤੂ ਪਹਿਲਾ ਮੱਤ ਪ੍ਰਚਾਰ ਵਿਚ ਵਧੇਰੇ ਹੈ। ਆਚਾਰੀਆ ਨੇ ਇਸ ਨੂੰ ਰਾਗਾਂਗ ਰਾਗ ਮੰਨਿਆ ਹੈ ਕਿਉਂ ਜੋ ਇਸ ਦੇ ਸੰਜੋਗ ਨਾਲ ਜਾਂ ਇਸ ਦੇ ਅੰਗ ਦੁਆਰਾ ਸਾਰੰਗ ਦੇ ਬਹੁਤ ਸਾਰੇ ਪ੍ਰਕਾਰ ਹੋਂਦ ਵਿਚ ਆਏ ਜਿਨ੍ਹਾਂ ਵਿਚੋਂ ਪ੍ਰਸਿੱਧ ਪ੍ਰਕਾਰ ਇਹ ਹਨ—ਸ਼ੁੱਧ ਸਾਰੰਗ, ਸਾਮੰਤ ਸਾਰੰਗ, ਬੜਹੰਸ ਸਾਰੰਗ, ਜਲਧਰ ਸਾਰੰਗ, ਨੂਰ ਸਾਰੰਗ, ਮੀਆਂ ਕੀ ਸਾਰੰਗ, ਮਦਮਾਦ ਸਾਰੰਗ, ਲੰਕ ਦਹਨ ਸਾਰੰਗ ਆਦਿ। ਪਰ ਇਨ੍ਹਾਂ ਸਾਰਿਆ ਵਿਚੋਂ ਸ਼੍ਰੋਮਣੀ ਪ੍ਰਕਾਰ ਸਾਰੰਗ ਹੀ ਹੈ। ਵਿਦਵਾਨਾਂ ਨੇ ਸਾਰੰਗ ਦਾ ਪ੍ਰਮੁੱਖ ਅੰਗ "ਨੀਪ ਮਰੇ" ਮੰਨਿਆ ਹੈ ਕਿਉਂਕਿ ਇਨ੍ਹਾਂ ਚਾਰ ਸੁਰਾਂ ਦੇ ਟੁਕੜੇ ਦੇ ਆਧਾਰ 'ਤੇ ਇਸ ਰਾਗ ਦਾ ਸਰੂਪ ਸਥਾਪਿਤ ਕੀਤਾ ਜਾਂਦਾ ਹੈ।

ਇਸ ਰਾਗ ਵਿਚ ਦੋ ਨਿਸ਼ਾਦ, ਗੰਧਾਰ ਅਤੇ ਧੈਵਤ ਵਰਜਿਤ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਨਿਸ਼ਾਦ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਲਗਦਾ ਹੈ। ਇਸ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔਡਵ-ਔਡਵ ਹੈ। ਕਈ ਸੰਗੀਤਕਾਰ ਇਸ ਰਾਗ ਵਿਚ ਧੈਵਤ ਸੁਰ ਦਾ ਅਲਪ ਪ੍ਰਯੋਗ ਉਚਿੱਤ ਸਮਝਦੇ ਹਨ ਪਰੰਤੂ ਇਸ ਸੁਰ ਦੀ ਹੋਂਦ ਇਸ ਵਿਚ ਨਾ ਦੇ ਸਮਾਨ ਹੈ। ਰਿਸ਼ਭਵਾਦੀ ਹੋਣ ਦੇ ਨਾਤੇ ਸੰਗੀਤਕਾਰਾਂ ਨੇ ਇਸ ਨੂੰ ਪੂਰਵਾਂਗ ਰਾਗਾਂ ਦੇ ਵਰਗ ਵਿਚ ਰੱਖਿਆ ਹੈ। ਇਸ ਦੇ ਗਾਉਣ ਦਾ ਸਮਾ ਦੁਪਹਿਰ ਦਾ ਹੈ। ਸਾਧਾਰਣ ਬੋਲਚਾਲ ਵਿਚ ਕਈ ਲੋਕ ਇਸ ਨੂੰ ਬ੍ਰਿੰਦਾਬਨੀ ਸਾਰੰਗ ਵੀ ਕਹਿੰਦੇ ਹਨ। ਲੋਕ ਗੀਤਾਂ ਦੀਆਂ ਸਾਧਾਰਣ ਧੁੰਨਾਂ ਤੋਂ ਲੈਕੇ ਸ਼ਾਸਤਰੀ ਸੰਗੀਤ ਦੀਆਂ ਸਭ ਗਾਇਨ ਸ਼ੈਲੀਆਂ ਇਸ ਰਾਗ ਵਿਚ ਭਲੀ ਭਾਂਤ ਗਾਈਆ ਜਾਂਦੀਆ ਹਨ।

ਇਕ ਵਿਦਵਾਨ ਦਾ ਕਥਨ ਹੈ ਕਿ "ਸਾਰੰਗ-ਗੁਰਮਤਿ ਸੰਗੀਤ ਵਿਚ ਇਹ ਰਾਗ ਸਿਰੀ ਰਾਗ ਦਾ ਪੁਤ੍ਰ ਹੈ ਜਿਹਾ ਕੁ "ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥" ਅਗੇ ਆਪ ਇਸ ਦੇ ਨਾਦਾਤਮਕਸਰੂਪ ਤੇ ਇਸ ਤਰ੍ਹਾਂ ਪ੍ਰਕਾਸ਼ ਪਾਉਂਦੇ ਹਨ : "ਦਰਬਾਰੀ ਕਾਨੜਾ, ਮਧਮਾਧਵੀ, ਦੇਵਗਿਰੀ, ਮਲਾਰ ਨਟ ਤੋਂ ਸਾਰੰਗ ਬਣਦਾ ਹੈ ਪਰੰਤੂ ਹੋਰਨਾਂ ਮੱਤਾਂ ਵਿਚ ਜੇਹਾਕੁ ਸ਼ਿਵਮਤ ਵਿਚ ਨਟਨਾਰਿਣ ਦੀ ਰਾਗਣੀ ਮੰਨੀ ਹੈ ਅਤੇ ਭਰਤ ਮੱਤ ਵਿਚ ਮੇਘ ਦੀ ਰਾਗਣੀ ਮੰਨੀ ਹੈ।"

(ਗੁਰਮਤ ਸੰਗੀਤ, ਪੰਨਾ 29)

ਉਪਰੋਕਤ ਹਵਾਲੇ 'ਤੇ ਬਹੁਤੀ ਆਲੋਚਨਾ ਦੀ ਲੋੜ ਨਹੀਂ ਪ੍ਰਤੀਤ ਹੁੰਦੀ ਵਿਦਵਾਨ ਲੇਖਕ ਦੇ ਵਿਚਾਰ ਬੜੇ ਸਪਸ਼ਟ ਹਨ।

ਰਾਗ-ਰਾਗਣੀ ਨੂੰ ਮਾਨਤਾ ਦੇਣ ਵਾਲੇ ਕਿਸੇ ਲੇਖਕ ਨੇ ਸਾਰੰਗ ਰਾਗ ਨੂੰ ਮੇਘ ਦਾ ਪੁੱਤਰ, ਕਿਸੇ ਨੇ ਸਿਰੀ ਰਾਗ ਦਾ ਪੁੱਤਰ ਅਤੇ ਕਿਸੇ ਨੇ ਇਸ ਨੂੰ ਮੇਘ ਦੀ ਇਸਤਰੀ ਮੰਨਿਆ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ੍ਰੀਵੀ ਹਵਾਲੇ ਇਸ ਨੂੰ ਕੇਵਲ "ਸਾਰੰਗ ਰਾਗੁ" ਹੀ ਕਹਿੰਦੇ ਹਨ।

ਆਰੋਹ : ਸਾ, ਨੀ ਸਾ, ਰੇ ਮ ਪ, ਨੀ ਸਾਂ

ਅਵਰੋਹ : ਸਾਂ, ਨੀ ਪ, ਮਰੇ, ਸਾ,।

ਮੁਖ ਅੰਗ : ਨੀ ਸਾ ਰੇ, ਮ ਰੇ, ਪ ਮ ਰੇ, ਸਾ।

## ਰਾਗ ਸਾਰੰਗ ਸੁਰ ਵਿਸਤਾਰ

1. ਸਾ, ਸਾਰੇ ਸਾ ਸਾ ਨੀ, ਨੀ ਨੀ ਸਾ, ਸਾ ਰੇ ਨੀ ਸਾ ਨੀਪ, ਮ ਪ ਨੀ ਪ, ਮ ਪ ਮ ਨੀ ਪ, ਮ ਪ ਨੀ ਨੀ ਸਾ, ਪ ਨੀ ਪ ਸਾ, ਮ ਪ ਨੀ ਨੀ ਸਾ, ਨੀ ਸਾ ਰੇ, ਨੀ ਪ ਨੀਸਾ ਰੇ, ਨੀ ਸਾ ਰੇ ਸਾ ਨੀ ਪ, ਮ ਪ ਨੀਸਾ ਰੇ, ਪ ਨੀ ਪ ਸਾ ਨੀਸਾ ਨੀਰੇ, ਨੀ ਨੀ ਪ ਨੀ ਮ ਪ ਨੀਸਾ ਰੇ, ਨੀਸਾ ਰੇ ਮ ਰੇ, ਮ ਰੇ ਸਰੇ ਨੀਸਾ ਰੇ ਮਰੇ, ਮ ਮ ਰੇ ਸਾ ਨੀਸਾ ਰੇ ਮਰੇ, ਨੀ ਰੇਮ ਰੇ ਪ ਮਰੇ, ਸਾ ਰੇ ਨੀ ਨੀ ਸਾ, ਨੀ ਨੀ ਰੇ ਸਾ।

2. ਨੀ ਸਾ ਰੇ ਮ ਪ, ਸਾਰੇ ਮ ਪ, ਰੇ ਮ ਪ, ਰੇ ਮ ਰੇ ਪ ਮਰੇ, ਸਾਰੇ ਮਰੇ, ਰੇ ਮ ਪ ਮ ਪ, ਪ, ਪ ਨੀ ਸਾਰੇ ਨੀਸਾ ਰੇ ਮਪ, ਰੇ ਮ ਰੇ ਪ ਮਨੀ ਪ, ਰੇ ਮ ਪ ਨੀ ਮ ਪ ਮ ਰੇ, ਸਾ ਰੇ ਮ ਰੇ ਮ ਪ ਮ ਨੀਪ, ਨੀ ਮ ਪ, ਰੇ ਮ ਪ, ਰੇ ਮ ਨੀ ਮ ਪ ਸਾਂ ਨੀ ਪ ਮ ਰੇ, ਨੀ ਨੀ ਪਨੀ ਮ ਪ ਰੇ ਮ ਪ ਨੀ ਪ, ਮ ਪ ਨੀ ਨੀ ਸਾਂ, ਨੀਸਾਂ, ਨੀਸਾਂ ਨੀਪ,

ਮ ਪ ਸਾਂ, ਨੀਸਾਂ ਨ̱ੀਪ, ਨ̱ੀ ਨ̱ੀ ਪ ਮ ਪਨੀਸਾਂ, ਨੀਸਾਂ ਨ̱ੀਪ, ਨ̱ੀਪ ਰੇ, ਪ ਮਰੇ, ਮਰੇ,
ਸਾਰੇ ਨ̣ੀ ਨ̣ੀ ਸਾ, ਨ̱̣ੀ ਪ̣ ਮ̣ ਪ̣, ਨ̣ੀਰੇ ਸਾ।

3. ਨ̣ੀਸਾ ਰੇ ਮ ਪ ਨ̱ੀ ਮ ਪ ਨੀ ਨੀ ਸਾਂ, ਸਾਂ ਨ̱ੀ ਪ ਮ ਰੇ ਮ ਪਨੀਸਾਂ, ਨੀਸਾਂ ਨੀਸਾਂ ਨੀਸਾਂ ਰੇਂਸਾਂ ਨ̱ੀ, ਮ ਪ ਨੀਸਾਂ, ਨ̱ੀਪ ਨੀਸਾਂ, ਪਨ̱ੀ ਮਪ ਨੀਸਾਂ ਹੈ, ਸਾਂ ਰੇਂ ਨੀਸਾਂ ਨ̱ੀਪ, ਮ ਪ ਨੀਸਾਂ ਰੇਂ ਮਂ ਰੇਂ ਪਂ ਮਂ ਰੇਂ, ਮਂ ਮਂ ਰੇਂਸਾਂ, ਰੇਂ ਰੇਂ ਸਾਂਨੀ ਸਾਂਰੇਂ ਨੀਸਾਂ, ਨੀਸਾਂ ਰੇਂ ਮਂ ਰੇਂ, ਨੀਸਾਂ ਰੇਂ ਮਂ ਰੇਂ ਪਂ ਮਂ ਰੇਂ, ਮਂ ਮਂ ਰੇਂ ਸਾਂ, ਰੇਂ ਰੇਂ ਸਾਂਨੀ ਸਾਂਰੇਂ ਨੀਸਾਂ ਰੇਂ ਮਂ ਰੇਂ, ਸਾਂਰੇਂ ਨੀਸਾਂ, ਨ̱ੀ ਧ, ਮ ਪ ਨੀਸਾਂ ਨ̱ੀਪ, ਮ ਪ ਨ̱ੀ ਪ, ਨ̱ੀ ਨੀਪ ਪ ਮ ਰੇ ਮ ਪਮ ਰੇ, ਨ̱ੀ ਪ ਰੇ, ਮ ਰੇ, ਸਾ ਰੇ ਨ̣ੀ ਨ̣ੀ ਸਾ, ਨ̣ੀ ਨ̣ੀ ਰੇ ਸਾ।

## ਰਾਗ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ ॥

ੴ ਸਤਿਗੁਰ ਪ੍ਰਸਾਦਿ ॥

ਕਹਾ ਨਰ ਗਰਬਸਿ ਥੋਰੀ ਬਾਤ ॥
ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥ ੧ ॥ ਰਹਾਉ ॥
ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥
ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ ॥ ੧ ॥
ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥
ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥ ੨ ॥
ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥
ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥ ੩ ॥
ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥
ਕਹਤੁ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥ ੪ ॥ ੧ ॥

(ਗੁ. ਗ੍ਰੰ. ਪੰਨਾ ੧੨੫੧-੫੨)

## ਰਾਗ ਸਾਰੰਗ ਤਿੰਨਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | ਸਥਾਈ : | ਸਾ | ਸਾਂ | ਸਾਂਰੇਂ | ਸਾਂਨੀ | ਪਨੀ | ਪਮ | ਰੇ | ਸਾ | - | ਸਾਰੇ | ਨੀਸਾ | ਸਾ |
| | | | | ਕ | ਹਾ | ਨS | ਰS | ਗੁS | ਰ | ਬ | ਜਿ | S | ਥੰ | ਰੀ | S |
| ਮ | ਰੇ | - | ਰੇ | ਨੀ | ਨੀ | ਸਾ | ਸਾ | ਨੀਸਾ | ਰੇਮ | ਰੇ | ਸਾ | ਨੀ | ਸਾ | ਰੇ | ਸਾ |
| ਥਾ | S | S | ਤ | ਮ | ਨੰ | ਦ | ਸ | ਨਾS | SS | ਜੁ | ਟ | ਕਾ | S | ਚਾ | ਰਿ |
| ਨੀਸਾ | ਰੇਸਾ | ਸਾਨੀ | ਪ | ਨੀ | ਸਾ | ਮ | ਰੇ | ਪ | ਮ | ਨੀ | ਪ | ਮਪ | ਨੀਸਾਂ | ਰੇਂਰੇਂ | ਸਾਂਨੀ |
| ਗਾS | SS | ਠੀ | S | ਐਂ | S | ਡੌ | S | ਟੇ | S | ਢੇ | ਸ | ਜਾS | SS | SS | SS |
| ਪਨੀ | ਪਮ | ਰੇਸਾ | ਨੀਸਾ | | | | | | | | | | | | |
| SS | SS | SS | ਤੁS | | | | | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਅੰਤਰਾ : | | | | ਮ | ਮ | ਪ | ਪ | ਨ਼ੀ | ਪ | ਨੀ | ਨੀ | ਸਾਂ | - | ਸਾਂ | - |
| | | | | ਬ | ਹੁ | ਤੁ | ਪ੍ਰ | ਤਾ | ऽ | ਪੂ | ਗਾਂ | ਉ | ऽ | ਸਉ | ऽ |
| ਸਾਂਰੇਂ | ਨੀਸਾਂ | ਸਾਂ | - | ਪ | ਨ਼ੀ | ਪ | ਨੀ | ਸਾਂ | ਸਾਂ | - | ਸਾਂ | ਨੀਸਾਂ | ਰੇਂਮਂ | ਰੇਂ | ਸਂ |
| ਪਾऽ | ऽऽ | ਏ | ऽ | ਦੂ | ਇ | ਲ | ਖ | ਟ | ਕਾ | ਬ | | ਰਾऽ | ऽऽ | ऽ | ऽ |
| ਨੀਸਾਂ | ਰੇਂਸਾਂ | ਨ਼ੀ | ਪ | ਨ਼ੀ | ਪ | ਪ | ਮਪ | ਨੀਸਾਂ | ਸਾਂ | ਨ਼ੀ | ਪ | ਰੇਮ | ਮਨ਼ੀ | ਪ | ਪ |
| ऽऽ | ऽऽ | ऽ | ਤ | ਦਿ | ਵ | ਸ | ਚਾऽ | ऽऽ | ਰਿ | ਕੀ | ऽ | ਕऽ | ਰਹੁ | ऽ | ऽ |
| ਰੇ | ਰੇ | ਸਾ | - | ਰੇ | ਮ | ਪ | ਨ਼ੀ | ਮ | ਪ | ਨੀ | ਸਾਂ | ਨ਼ੀਪ | ਮਪ | ਨੀਸਾਂ | ਰੇਂਮਂ |
| ਸਾ | ਹਿ | ਬੀ | ऽ | ਜੈ | ऽ | ਧੇ | ऽ | ਬ | ਨ | ਹ | ਰਿ | ਪਾऽ | ऽऽ | ऽऽ | ऽऽ |
| ਰੇਂਸਾਂ | ਨ਼ੀਨ਼ੀ | ਪਮ | ਰੇਸਾ | | | | | | | | | | | | |
| ऽऽ | ऽऽ | ऽऽ | ऽऽ | | | | | | | | | | | | |

# ਰਾਗ ਮਲਾਰ

ਮਲਾਰ ਰਾਗ ਦੇ ਸੰਬੰਧ ਵਿਚ ਗੁਰੂ ਅਮਰਦਾਸ ਜੀ ਦਾ ਮਹਾਂਵਾਕ ਹੈ

ਮਲਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥

(ਗੁ : ਗ੍ਰੰ : ਪੰਨਾ ੧੨੮੩)

ਇਹ ਭਾਰਤੀ ਸੰਗੀਤ ਦਾ ਬੜਾ ਪ੍ਰਸਿੱਧ ਰਾਗ ਹੈ। ਇਸ ਰਾਗ ਦੀ ਪ੍ਰਸਿੱਧੀ ਨਾ ਕੇਵਲ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਗਾਇਕ, ਨਾਇਕ ਜਾਂ ਸ਼ਾਸਤਰਕਾਰਾਂ ਤੱਕ ਹੀ ਸੀਮਤ ਹੈ ਸਗੋਂ ਜਨ ਸਾਧਾਰਣ ਲੋਕਾਂ ਵਿਚ ਵੀ ਇਹ ਉਤਨਾ ਹੀ ਪ੍ਰਸਿੱਧ ਹੈ। ਭਾਰਤੀ ਸੰਗੀਤ ਦੇ ਕੁਝ ਰਾਗ ਅਜਿਹੇ ਹਨ ਜੋ ਕਿ ਇਤਿਹਾਸਕ ਦੰਤ ਕਥਾਵਾਂ ਦੇ ਆਧਾਰ 'ਤੇ ਸੰਗੀਤ ਸੰਸਾਰ ਵਿਚ ਅਤੇ ਜਨ ਸਾਧਾਰਣ ਵਿਚ ਅਮਰ ਹੋ ਗਏ ਜਿਵੇਂ : ਦੀਪਕ, ਮੇਘ, ਮਲਾਰ ਆਦਿ ਰਾਗ। ਇਨ੍ਹਾਂ ਰਾਗਾਂ ਬਾਰੇ ਜਨ ਸਾਧਾਰਣ ਲੋਕਾਂ ਵਿਚ ਵੀ ਕਾਫੀ ਉਤਸੁਕਤਾ ਪਾਈ ਜਾਂਦੀ ਹੈ।

ਮਲਾਰ, ਬੜਾ ਪੁਰਾਤਨ ਅਤੇ ਸਰਲ ਰਾਗ ਹੈ। ਕੁਝ ਲੋਕ ਇਸ ਰਾਗ ਨੂੰ "ਮਲਹਾਰ" ਜਾਂ "ਮਲ੍ਹਾਰ" ਨਾਮ ਨਾਲ ਸੰਬੋਧਨ ਕਰਦੇ ਹਨ ਅਤੇ ਇਸ ਦਾ ਸ਼ਾਬਦਿਕ ਅਰਥ "ਮਲ ਦਾ ਹਰਣ ਕਰਨ ਵਾਲਾ" ਮੰਨਦੇ ਹਨ ਪਰੰਤੂ ਇਸ ਕਥਨ ਵਿਚ ਯਥਾਰਥਕਤਾ ਦਾ ਅੰਸ਼ ਘੱਟ ਹੈ ਅਤੇ ਕਲਪਨਾ ਦਾ ਅੰਸ਼ ਵਧੇਰੇ ਹੈ, ਕੁਝ ਲੇਖਕਾਂ ਦਾ ਵਿਚਾਰ ਹੈ ਕਿ ਮਲਾਰ ਸ਼ਬਦ "ਮਲਰੂਹ" ਦਾ ਅਪਭ੍ਰੰਸ਼ ਰੂਪ ਹੈ, ਇਸ ਰਾਗ ਨਾਮ ਦੀ ਉਤਪਤੀ ਕਿਸੇ ਸ਼ਬਦ ਤੋਂ ਹੋਵੇ ਪਰੰਤੂ ਇਸ ਵਿਚ ਸੰਦੇਹ ਨਹੀਂ ਕਿ ਇਹ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਰੂਪ ਹੈ।

ਸੰਗੀਤ ਦੇ ਪੁਰਾਤਨ ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਦਾ ਭਲੀ ਭਾਂਤ ਉਲੇਖ ਕੀਤਾ ਹੈ। "ਸੰਗੀਤ ਰਤਨਾਕਰ" ਗ੍ਰੰਥ ਦੇ ਲੇਖਕ ਪੰਡਿਤ ਸ਼ਾਰੰਗ ਦੇਵ (1210-1247 ਈ.) ਨੇ ਮਲਾਰ ਰਾਗ ਦਾ ਵਰਣਨ ਕੀਤਾ ਹੈ। ਇਸ ਤੋਂ ਪਿਛੋਂ "ਸੰਗੀਤ ਦਰਪਣ" ਗ੍ਰੰਥ ਵਿਚ ਪੰਡਿਤ ਦਮੋਦਰ (1660 ਈ.) ਮਲਾਰ ਉਲੇਖ ਕਰਦਾ ਹੈ। ਪੰਡਿਤ ਹਿਰਦੇ ਨਾਰਾਇਣ ਦੇਵ 1660 ਈ.) ਨੇ ਆਪਣੇ ਗ੍ਰੰਥ ਵਿਚ ਮਲਾਰ ਦਾ ਜ਼ਿਕਰ ਕੀਤਾ ਹੈ। "ਰਾਧਾ ਗੋਵਿੰਦ ਸੰਗੀਤ ਸਾਰ" ਦੇ ਲੇਖਕ ਰਾਜਾ ਪ੍ਰਤਾਪ ਸਿੰਘ ਦੇਵ (ਬੀਕਾਨੇਰ ਦਾ ਰਾਜਾ) ਨੇ (ਮਲਾਰ ਨੂੰ ਮੇਘ ਦਾ ਪੁੱਤਰ ਮੰਨਿਆ ਹੈ, ਕਈ ਲੇਖਕ ਇਸ ਨੂੰ ਮਲਾਰੀ ਨਾਮ ਨਾਲ ਸੰਬੋਧਨ ਕਰਦੇ ਹਨ।

ਪੰਜਾਬੀ ਸਾਹਿਤ ਦੇ ਉੱਘੇ ਵਿਦਵਾਨ ਡਾ. ਚਰਨ ਸਿੰਘ ਜੀ ਬਾਣੀ ਬਿਉਰਾ ਪੁਸਤਕ ਵਿਚ ਆਪਣੀ ਵਿਦਵਤਾ ਭਰਪੂਰ ਖੋਜ ਦੁਆਰਾ ਸਾਡਾ ਇਸ ਤਰ੍ਹਾਂ ਪੱਥ ਪ੍ਰਦਰਸ਼ਨ ਕਰਦੇ ਹਨ।

"ਮੇਘ ਰਾਗ ਦੀ ਪਹਿਲੀ ਪਤਨੀ ਰਾਗਨੀ ਮਲਾਰੀ ਹੈ। ਇਸ ਵਿਚ ਸੰਗੀਤ ਸ਼ਾਸਤਰਾਂ ਦੀ ਸੰਮਤੀ ਹੈ। ਰਾਗ ਮਾਲਾ ਵਿਚ "ਸੋਰਠਿ ਗੌਡ ਮਲਾਰੀ ਧੁਨੀ ॥" ਲਿਖਿਆ ਹੈ। ਨਾਦ ਬਿਨੋਦ ਵਿਚੋਂ ਅੰਸ਼ ਨਯਾਸ, ਗ੍ਰਹ ਗੰਧਾਰ ਹੈ ਸੰਪੂਰਣ ਹੈ। ਮੇਘ ਗੌਂਡ ਮਿਲਕੇ ਮਲਾਰੀ ਬਣਦੀ ਹੈ। ਬਰਖਾ ਰੁਤ ਸਮੇਂ ਗਾਉਂਦੇ ਹਨ। ਰਾਧਾ ਗੋਵਿੰਦ ਸੰਗੀਤ ਸਾਰ ਵਿਚ ਧੈਵਤ ਅੰਸ਼ ਰੁਨਯਾਸ ਗ੍ਰਿਹ ਖਰਜ ਰਿਖਭ ਸੁਰ ਹੀਨ। ਗਾਵੈ ਔੜਵ ਪ੍ਰਾਤ ਹੀ ਮਲਾਰੀ ਪਰਬੀਨ। ਔੜਵ ਹੈ। ਧ, ਨੀ, ਗ, ਨੀ ਪ, ਧ। ਲੱਕਾਂ ਵਿਚ ਸੰਪੂਰਨ ਵੀ ਕਹਿੰਦੇ ਹਨ। ਧ ਨੀ ਸਾ ਰੇ ਗ ਮ ਪ ਧ। ਇਸ ਨੂੰ ਰਾਤ ਦੇ ਦੂਜੇ ਪਹਿਰ ਦੀ ਸੱਤਵੀਂ ਘੜੀ ਵਿਚ ਗਾਂਵਦੇ ਹਨ। ਹੋਰ ਭਾਵੇਂ ਕਿਸੇ ਵੇਲੇ ਗਾਓ। ਪੰਚਮ ਕੋਮਲ ਹੈ। ਮੰਗਲੀਕ ਹੈ।

(ਗੁਰਮਤ ਸੰਗੀਤ ਪਰ ਮਿਲੀ ਖੋਜ, ਪੰਨਾ 37)

ਇਸੇ ਤਰ੍ਹਾਂ ਹੀ ਡਾ. ਭਾਈ ਵੀਰ ਸਿੰਘ ਜੀ, ਜਿਨ੍ਹਾਂ ਨੂੰ ਪੰਜਾਬੀ ਸਾਹਿਤਕਾਰਾਂ ਵਿਚ ਸੰਗੀਤ ਦਾ ਵੀ ਮਹਾਨ ਗਿਆਤਾ ਜਾਂ ਖੋਜਕਾਰ ਮੰਨਿਆ ਜਾਂਦਾ ਹੈ, ਉਨ੍ਹਾਂ ਦੇ ਵਿਚਾਰ ਵੀ ਸਾਡੇ ਗਿਆਨ ਵਿਚ ਵਿਸ਼ੇਸ਼ ਵਾਧਾ ਕਰਨਗੇ ਜੋ ਇਥੇ ਦੇਣੇ ਅਵੱਸ਼ਕ ਸਮਝਦੇ ਹਾਂ।

"ਮਲਾਰ ਗੁਰਮਤਿ ਸੰਗੀਤ ਵਿਚ ਮੇਘ ਦੀ ਰਾਗਣੀ ਹੈ ਜੇਹਾ ਕੁ "ਸੋਰਠਿ ਗੋਡ ਮਲਾਰੀ ਧੁਨੀ" ਸੋਰਠ, ਮਧ ਮਾਧਵੀ, ਕਾਨੜਾ ਤਿਨਾਂ ਦੇ ਮੇਲ ਤੋਂ ਬਣਦੀ ਹੈ ਪਰੰਤੂ ਹਰਨਾ ਮੱਤਾਂ ਵਿਚ ਮੇਘ ਦਾ ਪੁਤਰ ਮਲਾਰ ਕਰਕੇ ਹਨੂਵਤ ਮੱਤ ਵਿਚ ਲਿਖਿਆ ਹੈ। ਮੇਲ ਭੀ ਮੇਘ ਗੌਂਡ ਤੇ ਸਾਰੰਗ ਦਾ ਹੈ।

(ਗੁਰਮਤ ਸੰਗੀਤ, ਪੰਨਾ 29)

ਡਾ. ਸਾਹਿਬ ਦੇ ਉਕਤ ਕਥਨ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਆਪ ਮਲਾਰ ਰਾਗ ਦਾ ਬਿਉਰਾ ਦੇ ਰਹੇ ਹਨ ਕਿ ਮਲਾਰੀ ਦਾ? ਪਰੰਤੂ ਇਹ ਸਪਸ਼ਟ ਜ਼ਰੂਰ ਹੁੰਦਾ ਹੈ ਕਿ ਆਪ ਮਲਾਰ ਜਾਂ ਮਲਾਰੀ ਨੂੰ ਰਾਗਣੀ ਮੰਨਦੇ ਹਨ ਇਸੇ ਲਈ ਇਸ ਦੀ ਰਚਨਾ ਬਾਰੇ ਵਿਆਖਿਆ ਕਰਨ ਵੇਲੇ "ਸੋਰਠ, ਮਧ ਮਾਧਵੀ ਕਾਨੜਾ ਤਿੰਨਾਂ ਦੇ ਮੇਲ ਤੋਂ ਬਣਦੀ ਹੈ" ਦਾ ਉਲੇਖ ਕਰਦੇ ਹਨ। ਪਰੰਤੂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤ੍ਰੀਵੀ ਹਵਾਲੇ ਡਾ. ਸਾਹਿਬ ਦੇ ਕਥਨ ਨਾਲ ਮੇਲ ਨਹੀਂ ਖਾਂਦੇ।

ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿਚ ਜਿਸ ਰਾਗ ਤੇ ਅਸੀਂ ਚਰਚਾ ਕਰ ਰਹੇ ਹਾਂ ਸਿਰਲੇਖ ਦੇ ਰੂਪ ਵਿਚ "ਰਾਗੁ ਮਲਾਰ" ਹੈ ਮਲਾਰੀ ਨਹੀਂ। ਇਹੋ ਹੀ ਨਹੀਂ ਇਸ ਰਾਗ ਵਿਚ ਰਚਿਤ ਬਾਣੀ ਦੇ ਬਹੁਤ ਸਾਰੇ ਹਵਾਲੇ ਇਸੇ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਸ ਰਾਗ ਦਾ ਨਾਮ "ਮਲਾਰ" ਹੈ। ਉਦਾਹਰਣ ਵਜੋਂ

"ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥"

(ਮਲਾਰ ਮ : ੩ ਪੰਨਾ ੧੨੮੫)

ਇਸ ਰਾਗੁ ਦਾ ਪੁਰਾਤਨ ਸਰੂਪ ਕੀ ਸੀ ਇਸਦੇ ਸੰਬੰਧ ਵਿਚ ਕੋਈ ਪ੍ਰਮਾਣੀਕ ਆਧਾਰ ਪ੍ਰਾਪਤ ਨਹੀਂ ਹੁੰਦਾ। ਪਰੰਤੂ ਹਿਰਦੇ ਨਾਰਾਇਣ ਦੇਵ 1660 ਈ: ਦਾ ਇਕ ਲੇਖਕ ਇਸ ਰਾਗ ਨੂੰ ਸ਼ੁੱਧ ਮਲਾਰ ਨਾਲ ਸੰਬੰਧਨ ਕਰਦਾ ਹੈ ਅਤੇ ਉਸ ਅਨੁਸਾਰ ਇਸ ਰਾਗ ਦੇ ਨਾਦ ਸਰੂਪ ਦੀ ਰੂਪ ਰੇਖਾ ਇਸ ਤਰ੍ਹਾਂ ਬਣਦੀ ਹੈ। "ਸਾ ਰੇ ਪ, ਮ ਪ ਨ਼ੀ ਨੀ ਸਾਂ। ਸਾਂ, ਨ਼ੀ ਪ, ਨ਼ੀ ਪ, ਮ ਮ, ਮ ਰੇ, ਸਾ। ਵਿਦਵਾਨਾਂ ਦਾ ਵਿਚਾਰ ਹੈ ਕਿ ਮਲਾਰ ਦਾ ਇਹ ਸਰੂਪ ਵਧੇਰੇ ਪੁਰਾਤਨ ਹੈ।

ਰਾਜਾ ਸੁਰੇਂਦਰ ਮੋਹਨ ਟੈਗੋਰ (1840-1954 ਈ:) ਨੇ ਸੰਗੀਤਸਾਰ ਸੰਗ੍ਰਹਿ" ਗ੍ਰੰਥ ਵਿਚ ਮਲਾਰ ਰਾਗ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ। "ਨੀ ਸਾ ਰੇ ਮ, ਮ, ਮ ਮ, ਰੇ ਰੇ ਪ, ਮਪ ਧ ਸਾ, ਸਾ ਧ ਪ, ਮ, ਮ ਮ, ਪ ਮ, ਰੇ ਸਾ।" ਅਗੇ ਆਪ ਅੰਤਰੇ ਦਾ ਉਠਾਵ ਇਸ ਤਰ੍ਹਾਂ ਮੰਨਦੇ ਹਨ : ਮ ਪ ਪ ਧ ਸਾਂ, ਸਾਂ ਸਾ, ਸਾਂ ਰੇਂ ਸਾਂ, ਸਾਂ ਰੇਂ ਮਂ ਮਂ ਮਂ ਰੇਂ ਸਾਂ, ਸਾਂ ਸਾਂ ਧ ਪ, ਮ ਪ ਧ ਸਾ ਧ ਪ, ਮ, ਮ ਰੇ ਸਾ।"

ਮੱਧਕਾਲੀ ਸੰਗੀਤਾਚਾਰੀਆ ਅਤੇ ਸਿੱਖ ਕੀਰਤਨਕਾਰਾਂ ਵਿਚ ਮਲਾਰ ਦਾ ਇਹ ਸਰੂਪ ਕਾਫ਼ੀ ਪ੍ਰਚਲਿਤ ਰਿਹਾ ਹੈ। ਇਥੇ ਅਸੀਂ ਇਸੇ ਰੂਪ ਨੂੰ ਅਪਣਾਇਆ ਹੈ।

ਮਲਾਰ ਇਕ ਰਾਗਾਂਗ ਰਾਗ ਹੈ। ਮੱਧ ਅਤੇ ਵਰਤਮਾਨ ਦੇ ਨਾਇਕਾਂ ਅਤੇ ਗਾਇਕਾਂ ਨੇ ਇਸ ਰਾਗ ਦੇ ਪ੍ਰਮੁੱਖ ਅੰਗ ਦਾ ਦੂਜੇ ਰਾਗਾਂ ਦੀਆਂ ਸੁਰਯੋਜਨਾਵਾਂ ਨਾਲ ਮਿਸ਼ਰਣ ਕਰਕੇ ਇਸ ਦੇ ਅਨੇਕ ਰੂਪਾਂ ਦਾ ਨਿਰਮਾਣ ਕੀਤਾ ਜਿਸਦੇ ਫਲ ਸਰੂਪ ਮਲਾਰ ਦੇ ਬਹੁਤ ਸਾਰੇ ਪ੍ਰਕਾਰ ਹੋਂਦ ਵਿਚ ਆਏ। ਆਧੁਨਿਕ ਸਮੇਂ ਮਲਾਰ ਦੇ ਸੰਯੋਗ ਨਾਲ ਉਤਪੰਨ ਹੋਏ ਇਹ ਰਾਗ ਰੂਪ ਪ੍ਰਚਾਰ ਵਿਚ ਹਨ : ਸ਼ੁੱਧ ਮਲਾਰ, ਮੀਆਂ ਮਲਾਰ, ਰਾਮਦਾਸੀ ਮਲਾਰ, ਸੂਰਦਾਸੀ ਮਲਾਰ, ਮੇਘ ਮਲਾਰ, ਗੌਂਡ ਮਲਾਰ, ਨਟ ਮਲਾਰ, ਛਾਇਆ ਮਲਾਰ, ਨਾਇਕੀ ਮਲਾਰ, ਕਾਨੜਾ ਮਲਾਰ, ਬਿਲਾਵਲ ਮਲਾਰ, ਦੇਸ ਮਵਾਰ, ਸੋਰਠ ਮਲਾਰ, ਜੈਯੰਤ ਮਲਾਰ, ਮੀਰਾਂ ਕੀ ਮਲਾਰ, ਕੇਲੂ ਮਲਾਰ, ਪਟ ਮਲਾਰ, ਚੰਚਲਸਸ ਮਲਾਰ, ਧੂਲੀਆਂ ਮਲਾਰ, ਚਰਜੂ ਕੀ ਮਲਾਰ, ਰੂਪ ਮੰਜਰੀ ਮਲਾਰ, ਬਹਾਰ ਮਲਾਰ, ਸੋਹਨਮਾਲਾਰ, ਬਸੰਤੀ ਮਲਾਰ, ਖਮਾਜੀ ਮਲਾਰ ਆਦਿ।

ਭਵਿਸ ਵਿਚ ਮਲਾਰ ਦੇ ਮਧੂ ਅੰਸ਼ਾਂ ਦੇ ਮਿਸ਼ਰਣ ਦੁਆਰਾ ਗੁਣੀ ਜਨ ਹੋਰਨਾਂ ਮਲਾਰਾਂ ਦਾ ਵੀ ਨਿਰਮਾਣ ਕਰਨਗੇ ਅਜਿਹੀ ਪੂਰਨ ਆਸ ਹੈ।

ਮਲਾਰ ਇਕ ਰੁਤਕਾਲੀਨ ਜਾਂ ਮੌਸਮੀ ਰਾਗ ਹੈ। ਭਾਰਤ ਦੀ ਭੂਗੋਲਕ ਪ੍ਰਕ੍ਰਿਤੀ ਅਨੁਸਾਰ ਇਸ ਰਾਗ ਦਾ ਗਾਇਨ ਸਾਵਣ ਭਾਦਰੋਂ ਮਾਹ ਵਿਚ ਵਧੇਰੇ ਕੀਤਾ ਜਾਂਦਾ ਹੈ। ਇਸੇ ਕਰਕੇ ਬਰਖਾ ਰੁਤ ਵਿਚ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ ਪ੍ਰਥਾ ਹੈ। ਮੌਸਮੀ ਰਾਗ ਹੋਣ ਕਾਰਣ ਇਸ ਰਾਗ ਵਿਚ ਗਾਏ ਜਾਣ ਵਾਲੇ ਗੀਤਾਂ ਦੀ ਸ਼ਬਦਾਵਲੀ ਵਿਚ ਵਰਖਾ ਰੁਤ ਦਾ ਵਰਣਨ ਵਧੇਰੇ ਮਿਲਦਾ ਹੈ। ਉਦਾਹਰਣ ਵਜੋਂ, ਬਦਲ, ਬਿਜਲੀ, ਮੇਘ, ਬਰਸੁ, ਚਾਤ੍ਰਿਕ, ਮੋਰ, ਬਾਬੀਹਾ (ਪਪੀਹਾ), ਕੋਇਲ, ਦਾਦਰ, ਘਨਹਰਗਰਜਤ, ਉਨਵਿ, ਇੰਦ, ਬਰਸੇ ਲਾਇ ਝੜੀ ਆਦਿ। ਇਨ੍ਹਾਂ ਤੋਂ ਬਿਨਾਂ ਪ੍ਰਭੂ ਭਗਤੀ, ਬ੍ਰਿਹ, ਮਿਲਨ, ਸ਼ੁਕਰਾਨਾ ਆਦਿ ਵਿਸ਼ੇ ਵੀ ਭਲੀ ਭਾਂਤ ਪ੍ਰਗਟਾਏ ਜਾਂਦੇ ਹਨ।

ਮਲਾਰ ਰਾਗ ਵਿਚ ਰਚਿਤ ਬਾਣੀ ਵਿਚ ਅਜਿਹੇ ਅਨੇਕ ਉਦਾਹਰਣ ਮੌਜੂਦ ਹਨ ਜਿਵੇਂ : ਬਰਸੁ ਘਨਾ, ਸੁਣਿ ਘਨਘੋਰ, ਬਰਸੁ ਘਨਾ ਮੇਰਾ ਪਿਰੁ ਘਰਿ ਆਇਆ। ਚਾਤ੍ਰਿਕ ਜਲੁ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥ ਘਨਹਰ ਘੋਰ ਦਸੋ ਦਿਸਿ ਬਰਸੈ ਬਿਨੁ ਜਲ ਪਿਆਸਿ ਨ ਜਾਈ ॥ ਰੈਣਿ ਬਬੀਹਾ ਬੋਲਿਓ ਮੇਰੀ ਮਾਈ ॥

(ਰਾਗ ਮਲਾਰ ਮਹਲਾ ੧)

"ਉਨਵਿ ਉਨਵਿ ਆਇਆ ਵਰਸੈ ਲਾਇ ਝੜੀ ॥"

"ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥" (ਮਲਾਰ ਮਹਲਾ ੩)

"ਚਾਤ੍ਰਿਕ ਮੋਰ ਬੋਲਤ ਦਿਨ ਰਾਤੀ ਸੁਣ ਘਨਹਰ ਕੀ ਘੋਰ ॥"

(ਮਲਾਰ ਮਹਲਾ ੪)

ਗੁਰੂ ਸਾਹਿਬਾਨ ਦੇ ਉਪਰੋਕਤ ਗੁਰਵਾਕ ਮਲਾਰ ਰਾਗ ਦਾ ਸ਼ਬਦਾਵਲੀ ਦੁਆਰਾ ਪੂਰਣ ਵਾਤਾਵਰਣ ਉਲੀਕ ਦਿੰਦੇ ਹਨ।

ਬਿਹੁ-ਵਿਯੋਗ : "ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥ ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਪ੍ਰੀਤ ਹਮਾਰੀ ਲਾਗੀ ॥ (ਮਲਾਰ ਮਹਲਾ ੫

ਮਿਲਨ : ਘਨਹਰ ਬਰਸਿ ਸਗਲ ਜਗ ਛਾਇਆ ॥

+ + + + ਰਾਜਾ ਰਮਤ ਸੁਖ ਪਾਇਆ ਬਰਸੁ ਮੇਘ ਸੁਖਦਾਈ"

(ਮਲਾਰ ਮਹਲਾ ੫)

"ਘਨ ਗਰਜਤ ਗੋਬਿੰਦ ਰੂਪ ਗੁਨ ਗਾਵਤ ਸੁਖ ਚੈਨ ॥" (ਮਲਾਰ ਮਹਲਾ ੫) ਆਦਿ

ਗੁਰੂ ਸਾਹਿਬਾਨ ਦੁਆਰਾ ਭਾਰਤੀ ਸੰਗੀਤ ਦੀ ਰਾਗ ਪਰੰਪਰਾ ਅਨੁਸਾਰ ਰਾਗਾਂ ਦੀ ਪ੍ਰਕ੍ਰਿਤੀ ਦੇ ਅਨੁਕੂਲ ਸ਼ਬਦਾਵਲੀ ਦੀ ਰਚਨਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਪ ਕਰਤਾਰੀ ਸਿਰਜਨਾਤਮਕ ਸ਼ਕਤੀ ਦੇ ਸੁਆਮੀ ਸਨ, ਗੁਰੂ ਗ੍ਰੰਥ ਵਿਚ ਅਜਿਹੇ ਅਨੇਕ ਉਦਾਹਰਣ ਮੌਜੂਦ ਹਨ।

ਕੁਝ ਵਿਦਵਾਨ, ਵਿਸ਼ੇਸ਼ ਕਰਕੇ ਗਵਾਲੀਅਰ ਘਰਾਣੇ ਦੇ ਪ੍ਰਤਿਨਿਧ ਗਾਇਕ, ਪੰਡਿਤ ਕ੍ਰਿਸ਼ਣ ਰਾਓ ਅਤੇ ਪੰਡਿਤ ਵਿਨਾਇਕ ਰਾਓ ਪਟਵਰਧਨ ਮੀਆਂ ਮਲਾਰ ਨੂੰ ਹੀ ਮਲਾਰ ਰਾਗ ਮੰਨਦੇ ਹਨ। ਕਿਉਂ ਜੋ ਕੁਝ ਪੰਡਿਤ ਸੰਗੀਤਕਾਰਾਂ ਨੂੰ ਉਤਰ ਭਾਰਤੀ ਰਾਗਾਂ ਨਾਲ "ਮੀਆਂ" ਸ਼ਬਦ ਬਹੁਤਾ ਸੁਖਾਵਾਂ ਨਹੀਂ ਲਗਦਾ ਇਸ ਕਰਕੇ ਉਹ ਮੀਆਂ ਮਲਾਰ ਨੂੰ ਮਲਾਰ ਅਤੇ ਮੀਆਂ ਕੀ ਸਾਰੰਗ ਨੂੰ "ਤਾਨਸੈਨੀ ਸਾਰੰਗ" ਨਾਲ ਸੰਬੋਧਨ ਕਰਦੇ ਹਨ। ਯਥਾਰਥ ਇਹ ਹੈ ਕਿ ਮੀਆਂ ਮਲਾਰ ਅਤੇ ਮਲਾਰ ਦੋ ਸੁਤੰਤਰ ਰਾਗ ਪ੍ਰਕਾਰ ਹਨ।

ਮਲਾਰ ਜਾਂ ਸ਼ੁੱਧ ਮਲਾਰ ਦੇ ਦੋ ਰੂਪ ਪ੍ਰਚਾਰ ਵਿਚ ਰਹੇ ਹਨ। (ੳ) ਕਾਫ਼ੀ ਥਾਟ ਦਾ ਅਤੇ (ਅ) ਬਿਲਾਵਟ ਥਾਟ ਦਾ। ਮੱਧਕਾਲ ਵਿਚ ਮਲਾਰ ਦੇ ਇਨ੍ਹਾਂ ਉਪਰੋਕਤ ਪ੍ਰਕਾਰਾਂ ਦਾ ਗ੍ਰੰਥਕਾਰਾਂ ਨੇ ਭਲੀਭਾਂਤ ਉਲੇਖ ਕੀਤਾ ਹੈ ਪਰੰਤੂ ਵਰਤਮਾਨ ਵਿਚ ਇਹ ਦੋਵੇਂ ਰੂਪ ਬਹੁਤ ਘੱਟ ਕੰਨ ਗੋਚਰ ਹੁੰਦੇ ਹਨ।

## ਮਲਾਰ ਕਾਫ਼ੀ ਥਾਟ

ਸ਼ੁੱਧ ਮਲਾਰ ਦਾ ਪਹਿਲਾ ਪ੍ਰਕਾਰ ਕਾਫ਼ੀ ਥਾਟ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਰਾਗ ਦੇ ਨਾਦ ਰੂਪ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ ਅਤੇ ਦੋਵੇਂ ਨਿਸ਼ਾਦ ਆਰੋਹ ਵਿਚ ਇਕੱਠੇ ਪ੍ਰਯੋਗ ਹੁੰਦੇ ਹਨ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਵਿਚ "ਰੇ ਪ" ਸੁਰਾਵਲੀ ਬਹੁਤ ਮਹੱਤਵ ਪੂਰਣ ਹੈ। ਇਸ ਦਾ ਵਾਦੀ ਸੁਰ ਸ਼ਡਜ ਅਤੇ ਸੰਵਾਦੀ ਪੰਚਮ ਹੈ। ਬਰਖਾ ਰੁਤ ਵਿਚ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ ਪਰੰਤੂ ਹੋਰ ਰੁਤਾਂ ਵਿਚ ਇਸ ਦੇ ਗਾਉਣ ਦਾ ਵੇਲਾ ਰਾਤ ਦਾ ਤੀਜਾ ਪਹਿਰ ਹੈ।

ਆਰੋਹ : ਸਾ, ਰੇ ਮ, ਰੇ ਪ, ਮ ਪ ਨੀ ਨੀ ਸਾਂ।

ਅਵਰੋਹ : ਸਾਂ ਨੀ ਪ, ਨੀ ਪ, ਮ ਪ ਮ ਮ, ਮ ਰੇ, ਸਾ।

ਮੁਖ ਅੰਗ : ਮ ਪ ਨੀ ਨੀ ਸਾਂ, ਨੀ ਪ, ਮ ਰੇ, ਮ ਪ ਮ ਮ, ਰੇ, ਸਾ।

## ਮਲਾਰ ਬਿਲਾਵਲ ਥਾਟ

ਮਲਾਰ ਦਾ ਇਹ ਦੂਜਾ ਪ੍ਰਕਾਰ ਜੋ ਕਿ ਕਿਸੇ ਸਮੇਂ ਸਿਖ ਕੀਰਤਨਕਾਰਾਂ ਵਿਚ ਵੀ ਵਧੇਰੇ ਪ੍ਰਚਲਿਤ ਰਿਹਾ ਹੈ, ਇਥੇ ਅਸੀਂ ਉਸ ਦੇ ਸੰਬੰਧ ਵਿਚ ਵਿਚਾਰ ਕਰ ਰਹੇ ਹਾਂ।

ਇਸ ਰਾਗ ਨੂੰ ਸ਼ੁੱਧ ਮਲਾਰ ਜਾਂ ਮਲਾਰ ਨਾਲ ਸੰਬੋਧਨ ਕੀਤਾਂ ਜਾਂਦਾ ਹੈ। ਇਹ ਬੜਾ ਸਰਲ ਰਾਗ ਹੋਣ ਤੋਂ ਵੀ ਵਰਤਮਾਨ ਵਿਚ ਵਧੇਰੇ ਪ੍ਰਚਲਿਤ ਨਹੀਂ ਰਿਹਾ। ਮੱਧਕਾਲੀ ਗ੍ਰੰਥਕਾਰਾਂ ਨੇ ਇਸ ਦਾ ਵੀ ਉਲੇਖ ਕੀਤਾ ਹੈ।

ਇਸ ਰਾਗ ਦੇ ਨਾਦਾਤਮਕ ਸਰੂਪ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਰੂਪ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਹਨ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਵਿਚ ਸਭ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮੱਧਿਅਮ ਅਤੇ ਸੰਵਾਦੀ ਸ਼ਡਜ ਹੈ। ਇਸ ਰਾਗ ਵਿਚ ਦੋ ਸੁਰ ਸੰਗਤੀਆਂ-ਪੂਰਵਾਂਗ ਵਿਚ "ਸਾ ਰੇ ਮ" ਅਤੇ ਉਤ੍ਰਾਂਗ ਵਿਚ "ਮ ਪ ਧ ਸਾਂ ਧ ਪ" ਅਤਿਅੰਤ ਮਹੱਤਵ ਪੂਰਣ ਹਨ। ਇਨ੍ਹਾਂ ਤੋਂ ਬਿਨਾਂ "ਰੇ ਪ" ਸੁਰਾਵਲੀ ਇਸ ਰਾਗ ਵਿਚ "ਆਤਮ" ਦਾ ਸਥਾਨ ਰਖਦੀ ਹੈ। ਮਲਾਰ ਬਰਖਾ ਰੁੱਤ ਦਾ ਵਿਸ਼ੇਸ਼ ਰਾਗ ਹੋਣ ਦੇ ਕਾਰਣ ਇਸ ਰੁਤ ਵਿਚ ਹਰ ਵੇਲੇ ਗਾਇਆ ਜਾਂਦਾ ਹੈ ਪਰ ਇਸ ਤੋਂ ਬਿਨਾਂ ਸ਼ਸਤਰਕਾਰਾਂ ਨੇ ਇਸ ਦੇ ਗਾਉਣ ਦਾ ਸਮਾਂ ਰਾਤ ਦੂਜਾ ਪਹਿਰ ਸਵੀਕਾਰਿਆ ਹੈ।

## ਮਲਾਰ ਇਕ ਰਾਗਾਂਗ ਰਾਗ ਹੈ

ਸੰਗੀਤ ਮਰਮੱਗ ਮਲਾਰ ਦਾ ਪ੍ਰਮੁੱਖ ਅੰਗ "ਮ ਰੇ ਮ, ਮ ਰੇਮ, ਮ ਰੇ ਪ, ਮ ਰੇ" ਸਵੀਕਾਰਦੇ ਹਨ। ਇਸ ਰਾਗ ਵਿਚ ਮੁਕਤ (ਖੁਲ੍ਹਾ) ਮੱਧਿਅਮ "ਮ ਪ ਮ ਮ" ਸੁਰਾਂ ਦਾ ਖਟਕਾ, ਮਲਾਰ ਦੇ ਸਰੂਪ ਨੂੰ ਸਾਕਾਰ ਕਰਨ ਵਿਚ ਮਹੱਤਵ ਪੂਰਣ ਭੂਮਿਕਾ ਨਿਭਾਉਂਦਾ

ਹੈ। ਇਸ ਰਾਗ ਦੇ ਸਮਪ੍ਰਕ੍ਰਿਤਕ ਰਾਗ, ਦੁਰਗਾ ਅਤੇ ਜਲਧਰ ਕੇਦਾਰ ਹਨ ਕਿਉਂ ਜੋ ਦੁਰਗਾ ਅਤੇ ਜਲਧਰ ਕੇਦਾਰ ਵਿਚ ਵੀ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ ਇਸ ਲਈ ਸਾਧਾਰਣ ਦ੍ਰਿਸ਼ਟੀ ਨਾਲ ਵੇਖਣ ਤੋਂ ਕਈ ਸਥਾਨਾਂ ਤੇ ਇਨ੍ਹਾਂ ਤਿੰਨਾਂ ਰਾਗਾਂ ਦੇ ਮੁਹਾਂਦਰੇ ਮਿਲਦੇ ਜੁਲਦੇ ਦਿਖਾਈ ਦਿੰਦੇ ਹਨ। ਪਰੰਤੂ, ਦੁਰਗਾ ਵਿਚ "ਪ, ਰੇ ਮ ਪ ਧ ਮ ਪ, ਧ ਮ ਰੇ, ਸਾ ਰੇ, ਧ ਸਾ, ਮ ਪ ਧ ਸਾਂ ਰੇਂ ਧ, ਸਾਂ ਪ, ਧ ਮ ਰੇ, ਸਾ ਰੇ ਧ ਸਾ" ਸੁਰਾਵਲੀਆਂ ਦੇ ਪ੍ਰਯੋਗ ਦੁਆਰਾ ਮਲਾਰ ਨਾਲੋਂ ਭਿੰਨਤਾ ਆ ਜਾਂਦੀ ਹੈ। ਦੂਜੇ ਸ਼ਬਦਾਂ ਵਿਚ "ਮ ਪ ਧ ਮ ਰੇ, ਅਤੇ ਰੇ ਧ ਸਾ" ਇਹ ਦੋ ਸੁਰ ਸੰਗਤੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਪ੍ਰਯੋਗ ਦੁਆਰਾ ਦੁਰਗਾ ਮਲਾਰ ਨਾਲੋਂ ਪੂਰਣ ਤੌਰ ਤੇ ਨਿਖੜ ਜਾਂਦਾ ਹੈ। ਦੁਰਗਾ ਰਾਗ ਵਿਚ ਮੱਧਿਅਮ ਸੁਰ ਵਿਸ਼ਰਾਂਤੀ ਸਥਾਨ ਨਹੀਂ ਹੈ ਪਰੰਤੂ ਮਲਾਰ ਵਿਚ ਇਸ ਸੁਰ ਤੇ ਚੰਗੀ ਤਰ੍ਹਾਂ ਨਿਆਸ ਕੀਤਾ ਜਾਂਦਾ ਹੈ।

ਜਲਧਰ ਕੇਦਾਰ ਵਿਚ ਕੇਦਾਰ ਅੰਗ ਦੀ ਪ੍ਰਧਾਨਤਾ ਹੈ। ਉਸ ਵਿਚ "ਸਾ ਰੇ ਸਾ ਮ, ਮ ਪ ਮ, ਮ ਪ ਧ ਪ ਮ, ਰੇ ਮ ਮ ਰੇ ਪ ਮ, ਸਾਂ, ਧ ਪ ਮ, ਪ ਮ, ਰੇ ਸਾ" ਆਦਿ ਸੁਰਾਵਟਾਂ ਵਧੇਰੇ ਵਰਤੋਂ ਵਿਚ ਆਉਂਦੀਆਂ ਹਨ ਜਿਨ੍ਹਾਂ ਦੁਆਰਾ ਰਾਗ ਭੇਦ ਸਪਸ਼ਟ ਹੋ ਜਾਂਦਾ ਹੈ। ਮਲਾਰ ਵਿਚ "ਰੇ ਮ ਰੇ ਪ" ਸੁਰ ਸੰਗਤੀ ਦੀ ਪ੍ਰਧਾਨਤਾ ਹੈ। "ਮ ਰੇ" ਸੁਰਾਂ ਦੀ ਮੀਂਡ ਵਿਚ ਇਸ ਰਾਗ ਦੀ ਸਮਸਤ ਸੁੰਦਰਤਾ ਦਾ ਰਹੱਸ ਛੁਪਿਆ ਹੋਇਆ ਹੈ।

ਇਹ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ।

ਆਰੋਹ : ਸਾ ਰੇ ਮ ਰੇ ਪ, ਮ ਪ ਧ ਸਾਂ

ਅਵਰੋਹ : ਸਾਂ, ਧ ਪ ਮ, ਰੇ ਸਾ।

ਮੁੱਖ ਅੰਗ : ਸਾਂ, ਰੇ ਮ ਰੇ ਪ, ਮ ਪ ਧ ਸਾਂ, ਧ ਪ ਮ, ਰੇ ਮ, ਰੇ ਸਾ।

## ਰਾਗ ਮਲਾਰ ਸੁਰ ਵਿਸਤਾਰ

ਮ

1. ਸਾ, ਸਾ ਰੇ ਸਾ ਸਾ, ਰੇ ਮ, ਰੇ ਸਾ, ਰੇ ਸਾ ਧ਼ ਪ਼, ਮ਼ ਮ਼ ਧ਼ ਪ਼ ਮ਼ ਮ਼ ਰੇ਼ ਪ਼, ਮ਼ ਪ਼ ਧ਼ ਸਾ, ਧ਼ ਪ਼ ਮ਼, ਮ਼ ਪ਼ ਧ਼ ਸਾ, ਪ਼ ਧ਼ ਸਾ ਰੇ ਮ, ਰੇ ਸਾ, ਸਾ ਰੇ ਸਾ ਸਾ, ਰੇ ਮ ਰੇ ਰੇ, ਮ ਪ ਮ ਪ ਮ ਮ, ਮ ਰੇ ਪ ਮ, ਧ ਪ ਮ ਪ ਧ ਪ ਮ, ਮ ਰੇ ਪ, ਮ ਪ ਧ ਧ ਪ ਧ ਪ ਮ, ਪ ਮ ਰੇ ਪ ਮ, ਰੇ ਮ ਰੇ ਪ ਮ, ਰੇ ਮ ਰੇ ਸਾ, ਮ ਰੇ ਸਾ ਰੇ ਮ।

2. ਸਾ ਰੇ ਮ ਮ ਰੇ ਸਾ, ਰੇ ਮ ਰੇ ਪ ਮ, ਮ ਰੇ ਪ, ਮ ਪ ਧ ਪ ਮ ਰੇ ਪ, ਮ ਪ ਧ ਧ ਪ, ਧ ਪ ਮ, ਮ ਰੇ ਪ, ਮ ਪ ਧ ਸਾਂ ਧ ਪ ਮ, ਮ ਪ ਧ ਸਾਂ ਧ ਸਾਂ ਧ ਪ ਮ,

ਮ ਮ ਰੇ ਮ, ਪ ਪ ਮ ਪ, ਧ ਸਾਂ ਧ ਪ, ਮ ਪ ਧ ਸਾਂ ਧ ਸਾਂ ਰੇਂ ਸਾਂ ਧ ਨ਼ ਧ ਪ ਮ, ਮ ਰੇ ਪ, ਧ ਪ ਮ ਰੇ ਮ, ਰੇ ਮ, ਰੇ ਸਾ, ਧ ਪ ਮ ਪ ਧ ਸਾਂ ਰੇ ਮ ਰੇ ਪ ਮ, ਰੇ ਮ, ਰੇ ਸਾ ਸਾ ਮ ਰੇ ਪ ਮ ਧ ਪ ਧ ਮ ਪ ਮ, ਰੇ ਮ, ਰੇ ਸਾ।

3. ਮ ਰੇ ਪ ਪ, ਮ ਪ ਧ ਸਾ, ਸਾ ਸਾਂ ਧ ਪ ਮ ਪ ਧ ਸਾ, ਪ ਧ ਸਾਂ ਰੇਂ, ਧ ਸਾਂ ਧ ਪ ਮ ਪ ਸਾਂ ਧ ਸਾਂ, ਸਾਂ ਰੇਂ ਸਾਂ ਸਾਂ, ਧ ਸਾਂ ਧ ਪ ਮ ਮ ਪ ਧ, ਪ ਧ ਸਾਂ, ਮ ਪ ਧ ਸਾਂ ਰੇਂ, ਸਾਂ ਰੇਂ ਮਂ, ਰੇਂ ਮਂ ਰੇਂ ਸਾਂ, ਸਾਂ ਰੇਂ ਮਂ ਰੇਂ ਮਂ, ਰੇਂ ਮਂ ਰੇਂ ਪਂ ਮਂ, ਰੇਂ ਮਂ ਰੇਂ ਸਾਂ, ਰੇਂ ਰੇਂ ਸਾਂ ਧ ਸਾਂ, ਧ ਪ ਮ, ਮ ਪ ਧ ਸਾਂ ਰੇਂ ਸਾਂ ਧ ਸਾਂ ਧ ਪ ਮ, ਮ ਪ ਧ ਸਾਂ ਧ ਪ ਮ, ਸਾਂ ਧ ਪ ਮ, ਧ ਪ ਮ, ਪ ਮ ਮ ਰੇ ਪ, ਮ, ਰੇ ਮ, ਰੇ ਸਾ, ਧ ਪ ਮ ਪ ਧ ਸਾਂ ਰੇ ਮ, ਰੇ ਪ, ਮ ਰੇ ਮ, ਰੇ ਸਾ, ਸਾ ਰੇ ਮ।

## ਮਲਾਰ ਮਹਲਾ ੧ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥ ੧ ॥
ਬਰਸੁ ਘਨਾ ਮੇਰਾ ਮਨੁ ਭੀਨਾ ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥ ੧ ॥ ਰਹਾਉ ॥
ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥ ੨ ॥
ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥
ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥ ੩ ॥
ਆਵਣ ਜਾਣ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥ ੪ ॥ ੨ ॥

(ਗੁ. ਗ੍ਰੰ. ਪੰਨਾ ੧੨੫੪)

## ਰਾਗ ਮਲਾਰ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| | | | | | | | | ਸਥਾਈ : | | | ਸਾਰੇ | ਸਾਸਾ | ਮ | ਰੇ | ਪ |
| | | | | | | | | | | | ਬ | ਰS | ਸੁ | S | S |
| ਸ | - | - | ਪ | ਧਪ | ਮਪ | ਧਸਾਂ | ਸਾਂ | ਧਪ | ਧਪ | ਮ | ਮ | ਰੇ | ਰੇ | - | ਪ |
| ਨਾ | S | S | ਮੇਂ | ਰਾS | SS | ਮS | ਨੂS | ਭੀS | SS | ਨਾ, | ਅੰ | S | ਮ੍ਰਿ | S | ਤ |
| ਮ | - | ਰੇ | ਸਾ | ਸਾਰੇ | ਸਸਾ | ਧ | ਪ | ਧ | ਸਾਂ | ਸਾਂ | ਸਾਂ | ਰੇਂ | ਮ | - | ਰੇਂ |
| ਬੂੰ | S | ਦ | ਸੁ | ਹਾS | SS | ਨੀ | S | ਹੀ | ਅ | ਤੇ | ਗ | ਰਿ | ਮੇਂ | S | S |
| ਪ | - | ਪ | ਪ | ਮਪ | ਧਸਾਂ | ਧਰੇਂ | ਰੇਸਾਂ | ਧਸਾਂ | ਧਪ | ਮ | | | | | |
| ਹੀ | S | ਮ | ਨੁ | ਹS | ਰਿS | ਰS | ਸਿS | ਲੀS | SS | ਨਾ | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਅੰਤਰਾ : | | | ਮ | ਮ | ਪ | - | ਧ |
| | | | | | | | | | | | ਕ | ਰਉ | ऽ | ऽ | ਬਿ |
| ਸਾਂ | ਧ | ਸਾਂ | ਸਾਂ | ਸਾਂ | ਸਾਂ | ਸਾਂ | - | ਸਾਂ | ਰੇਂ | ਸਾਂ | ਧ | ਧ | ਸਾਂ | - | ਰੇਂ |
| ਨਉ | ऽ | ਗੁ | ਰ | ਅ | ਪ | ਨੇ | ऽ | ਪ੍ਰੀ | ऽ | ਤਮ | ਹ | ਰਿ | ਵ | ऽ | ਰੂ |
| ਸਾਂਰੇਂ | ਮਂ | ਰੇਂ | ਸਾਂ | ਸਾਂਰੇਂ | ਸਾਂਸਾਂ | ਧ | ਸਾਂ | ਧ | ਪ | ਮ | ਮ | ਰੇ | ਪ | - | ਪ |
| ਆऽ | ऽ | ਣਿ | ਮਿ | ਲਾऽ | ऽऽ | ऽ | ऽ | ਵੇ | ऽ | ੍ | ਸੁ | ਣਿ | ਘ | ऽ | ਨ |
| ਮਪ | ਧਸਾਂ | ਧ | ਪ | ਮ | ਰੇ | ਪ | ਮ | ਮ | ਰੇ | ਸਾ | - | - | ਸਾ | ਮ | ਰੇ |
| ਘੋऽ | ऽ | ਰ | ਸੀ | ਤ | ਲੁ | ਮ | ਨੁ | ਮੌ | ऽ | ਰਾ | ऽ | ऽ | ਲਾ | ਲ | ਰ |
| ਪ | - | ਪ | ਪ | ਮਪ | ਧਸਾਂ | ਧਰੇਂ | ਰੇਂਸਾਂ | ਧਸਾਂ | ਧਪ | ਮ | | | | | |
| ਤੀ | ऽ | ਗੁ | ਣ | ਗਾऽ | ऽऽ | ऽऽ | ऽऽ | ਵੇऽ | ऽऽ | ऽ | | | | | |

# ਰਾਗ ਕਾਨੜਾ

ਭਾਰਤੀ ਸੰਗੀਤ ਦੇ ਲੋਕਪ੍ਰਿਯ ਰਾਗਾਂ ਦੇ ਵਰਗ ਵਿਚੋਂ ਕਾਨੜਾ ਇੱਕ ਅਤਿਅੰਤ ਲੋਕਪ੍ਰਿਯ ਅਤੇ ਮਨੋਹਰ ਰਾਗ ਹੈ। ਅਧਿਕ ਅੰਸ਼ ਵਿਚ ਇਸ ਰਾਗ ਤੋਂ ਸਾਧਾਰਣ ਗਾਇਕ-ਵਾਦਕ ਵੀ ਪਰਿਚਿਤ ਹਨ। ਇਹ ਇਤਨਾ ਪ੍ਰਸਿੱਧ ਹੈ ਕਿ ਸੰਗੀਤ ਦਾ ਅਲਪ ਬੋਧ ਰੱਖਣ ਵਾਲੇ ਸਾਧਾਰਣ ਸ੍ਰੋਤੇ ਵੀ ਇਸ ਨੂੰ ਸੌਖੀ ਤਰ੍ਹਾਂ ਪਛਾਣ ਲੈਂਦੇ ਹਨ। ਇਹ ਰਾਗ ਜਿਤਨਾ ਪ੍ਰਸਿੱਧ ਅਤੇ ਮਨੋਰੰਜਨਕ ਹੈ ਉਤਨਾ ਕਠਿਨ ਵੀ ਹੈ। ਮਾਰਮਿਕ ਅਤੇ ਵਿਸ਼ੇਸ਼ਗਾਂ ਦਾ ਕਥਨ ਹੈ ਕਿ ਇਸ ਰਾਗ ਦੇ ਗੰਧਾਰ ਅਤੇ ਧੈਵਤ ਦਾ ਸਹੀ ਉਚਾਰਨ ਕਰਨ ਵਾਲੇ ਕਲਾਕਾਰ ਉਂਗਲਾਂ 'ਤੇ ਹੀ ਗਿਣਨ ਵਾਲੇ ਮਿਲਣਗੇ। ਇਸ ਰਾਗ ਦੇ ਗਾਇਨ ਤੋਂ ਸੂਝਵਾਨ ਸ੍ਰੋਤੇ ਗਾਇਕ ਦੀ ਗੁਰੂ ਪਰੰਪਰਾ, ਸਾਧਨਾ, ਕਲਾਵ੍ਰਿਤੀ ਅਤੇ ਉਸਦੀ ਪ੍ਰਤਿਭਾ ਦੀ ਪੂਰੀ ਪੂਰੀ ਪਰਖ ਕਰ ਲੈਂਦੇ ਹਨ। ਗਵਾਲੀਅਰ ਘਰਾਣੇ ਦੇ ਪ੍ਰਤਿਨਿਧ ਗਾਇਕ ਪੰਡਿਤ ਕ੍ਰਿਸ਼ਣ ਰਾਉ ਜੀ ਦਾ ਕਥਨ ਹੈ ਕਿ 'ਕਾਨੜਾ ਰਾਗ ਦਾ ਯਥਾਰਥ ਸ਼ੁੱਧ ਗਾਉਣਾ ਕਠਿਨ ਹੈ।"

ਕਾਨੜਾ ਰਾਗ ਦੀ ਉਤਪਤੀ ਕਦੋਂ, ਕਿਸ ਸਮੇਂ ਅਤੇ ਕਿਸ ਵਿਅਕਤੀ ਵਿਸ਼ੇਸ਼ ਦੁਆਰਾ ਹੋਈ ਇਸ ਦੇ ਸਬੰਧ ਵਿੱਚ ਪ੍ਰਾਪਤ ਇਤਿਹਾਸਕ ਪ੍ਰਮਾਣਾਂ ਦੇ ਆਧਾਰ 'ਤੇ ਨਿਸ਼ਚੇ ਪੂਰਵਕ ਕੁਝ ਕਹਿਣਾ ਕਠਿਨ ਹੈ। ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਦਾ ਕਥਨ ਹੈ ਕਿ 'ਸਾਡੀ ਸੰਗੀਤ ਪੱਧਤੀ ਵਿਚ ਕੁਝ ਰਾਗਾਂ ਦੇ ਨਾਮ ਪ੍ਰਾਂਤਾਂ ਦੇ ਨਾਮ ਉੱਤੇ ਰੱਖੇ ਗਏ ਹਨ।' (ਭਾਤਖੰਡੇ ਸੰਗੀਤ ਸ਼ਾਸਤਰ, ਪੰਨਾ 566)। ਇਸ ਤਰ੍ਹਾਂ ਇਸ ਰਾਗ ਦਾ ਨਾਮ ਵੀ ਕ੍ਰਣਾਟ ਪ੍ਰਾਂਤ ਦੇ ਨਾਮ ਤੇ ਰੱਖਿਆ ਗਿਆ, ਜੋ ਬਾਅਦ ਵਿੱਚ ਕਨੜ, ਕਨੜੀ, ਕਾਨਰਾ ਜਾਂ ਕਾਨੜਾ ਨਾਮ ਨਾਲ ਸੰਬੋਧਿਤ ਕੀਤਾ ਜਾਣ ਲੱਗਾ। ਅਰਥਾਤ, ਕ੍ਰਣਾਟ ਦਾ ਅਪਭ੍ਰੰਸ਼ ਰੂਪ ਕਾਨੜਾ ਹੋ ਗਿਆ। ਇਸ ਤੋਂ ਸਪਸ਼ਟ ਹੈ ਕਿ ਕਰਣਾਟ, ਕੰਨੜ, ਕਾਨੜੀ, ਕਾਨਰਾ ਜਾਂ ਕਾਨੜਾ ਇਕੋ ਹੀ ਰਾਗ ਦੇ ਭਿੰਨ ਭਿੰਨ ਨਾਮ ਹਨ।

ਕੁਝ ਸੰਗੀਤਾਚਾਰੀਆ ਕਾਨੜੇ ਨੂੰ ਦਰਬਾਰੀ ਕਾਨੜਾ ਵੀ ਕਹਿੰਦੇ ਹਨ। ਪੰਡਿਤ ਵੀ. ਐਨ. ਭਾਤਖੰਡੇ ਦਾ ਕਥਨ ਹੈ ਕਿ "ਦਰਬਾਰੀ ਨੂੰ ਕੇਵਲ ਕਾਨੜਾ ਦਾ ਵਿਸ਼ੇਸ਼ਣ ਹੀ ਸਮਝਣਾ ਚਾਹੀਦਾ ਹੈ। 'ਦਰਬਾਰੀ ਯਾਵਨਿਕ ਸ਼ਬਦ ਹੈ.'

ਕਾਨੜੇ ਦੇ ਸਬੰਧ ਵਿਚ ਤਾਨਸੇਨ ਖ਼ਾਨਦਾਨ ਦੇ ਉਸਤਾਦ ਵਜ਼ੀਰ ਖਾਂ (ਰਾਮਪੁਰ) ਦਾ ਕਥਨ ਹੈ ਕਿ 'ਮੀਆਂ ਤਾਨਸੇਨ ਨੇ ਕਾਨੜਾ ਰਾਗ ਦੇ ਅਜੋਕੇ ਸਰੂਪ ਨੂੰ ਅਕਬਰ ਬਾਦਸ਼ਾਹ ਦੇ ਸਨਮੁਖ ਭਰੇ ਦਰਬਾਰ ਵਿੱਚ ਗਾਇਆ ਸੀ। ਬਾਦਸ਼ਾਹ ਇਸ ਪ੍ਰਕਾਰ ਨੂੰ ਸੁਣਕੇ ਬਹੁਤ ਪ੍ਰਸੰਨ ਹੋਏ। ਉਸ ਦਿਨ ਤੋਂ ਇਹ ਰਾਗ ਦਰਬਾਰ ਵਿੱਚ ਬਾਰ ਗਾਇਆ

ਜਾਣ ਲੱਗਾ । ਇਸ ਤਰਾਂ ਦਰਬਾਰ ਵਿਚ ਪ੍ਰਿਅ ਹੋਣ ਕਰਕੇ ਇਹ ਰਾਗ 'ਦਰਬਾਰੀ' ਨਾਲ ਸੱਦਿਆ ਜਾਣ ਲੱਗਾ । 'ਇਸ ਕਥਨ ਵਿੱਚ ਸਚਾਈ ਦਾ ਅੰਸ਼ ਕਿਤਨਾ ਹੈ ਮਿਲਦੇ ਪ੍ਰਮਾਣਾਂ ਦੇ ਆਧਾਰ 'ਤੇ ਭਰੋਸੇ ਨਾਲ ਕੁਝ ਕਹਿਣਾ ਕਠਿਨ ਹੈ । ਪਰ ਇਸ ਗੱਲ ਵਿਚ ਸੰਦੇਹ ਨਹੀਂ ਕਿ ਇਹ ਰਾਗ ਉਸ ਕਾਲ ਵਿਚ ਬੜਾ ਲੋਕਪ੍ਰਿਅ ਅਤੇ ਪ੍ਰਸਿੱਧ ਆਵੱਸ਼ ਹੋ ਚੁਕਾ ਸੀ ।

ਅਕਬਰ ਕਾਲੀਨ ਸੰਸਕ੍ਰਿਤ ਗ੍ਰੰਥਕਾਰ ਕਾਨੜਾ ਦੇ ਨਾਲ "ਦਰਬਾਰੀ" ਵਿਸ਼ਲੇਸ਼ਣ ਨਹੀਂ ਲਗਾਉਂਦੇ ਸਭ ਗ੍ਰੰਥਕਾਰ ਇਸਦਾ ਕੇਵਲ ਕਾਨੜਾ ਨਾਮ ਨਾਲ ਹੀ ਉਲੇਖ ਕਰਦੇ ਹਨ । ਇਹੋ ਹੀ ਨਹੀਂ ਸਗੋਂ ਸੰਸਕ੍ਰਿਤ ਗ੍ਰੰਥਕਾਰ ਕਾਨੜਾ ਰਾਗ ਵਿੱਚ ਕੋਮਲ ਧੈਵਤ ਦੇ ਪ੍ਰਯੋਗ ਲਈ ਵੀ ਸਹਿਮਤੀ ਪ੍ਰਗਟ ਨਹੀਂ ਕਰਦੇ । ਰਾਗ ਰੂਪਾਂ ਦੇ ਪਰਿਵਰਤਨ ਦਾ ਇਤਿਹਾਸਿਕ ਪਿਛੋਕੜ ਜਿਥੇ ਰੋਚਿਕ ਹੈ ਉਥੇ ਇਕ ਵਿਸ਼ੇਸ਼ ਮਹਤੱਵ ਦਾ ਧਾਰਣੀ ਵੀ ਹੈ ।

ਕਰਨਾਟਕ ਸੰਗੀਤ ਪੱਧਤੀ ਦੇ ਇਕ ਪ੍ਰਸਿੱਧ ਗ੍ਰੰਥ 'ਰਾਗ ਲਕਸ਼ਮਣਮ', ਵਿਚ ਕ੍ਰਣਾਟਗੋੜ, ਰਾਗ ਦਾ ਉਲੇਖ ਹੈ । ਲਕਸ਼ਣਕਾਰ ਇਸ ਨੂੰ ਕਾਫ਼ੀ ਥਾਟ ਦਾ ਰਾਗ ਮੰਨਦਾ ਹੈ । ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਕ੍ਰਣਾਟਗੋੜ ਉੱਤਰੀ ਪੱਧਤੀ ਦੇ ਕਾਨੜਾ ਰਾਗ ਨਾਲ ਕਾਫ਼ੀ ਸਮਾਨਤਾ ਰੱਖਦਾ ਹੈ । ਹੈਰਾਨੀ ਦੀ ਗੱਲ ਹੈ ਕਿ ਕਾਨੜਾ ਉੱਤਰੀ ਭਾਰਤੀ ਪੱਧਤੀ ਦਾ ਰਾਗ ਹੋਣ ਦੇ ਬਾਵਜੂਦ ਵੀ ਇਧਰ ਦੇ ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਦਾ ਉਲੇਖ ਬੜਾ ਘੱਟ ਕੀਤਾ ਹੈ ।

15ਵੀਂ ਸ਼ਤਾਬਦੀ ਦੇ ਪੂਰਵਾਅਰਧ ਦਾ ਇਕ ਲੇਖਕ ਲੋਚਨ ਕਵੀ "ਰਾਗ ਤਰੰਗਣੀ" ਗ੍ਰੰਥ ਵਿੱਚ ਕ੍ਰਣਾਟ ਰਾਗ ਦਾ ਵਰਣਨ ਕਰਦਾ ਹੈ । ਲੋਚਨ ਅਨੁਸਾਰ ਕ੍ਰਣਾਟ ਦਾ ਥਾਟ ਆਧੁਨਿਕ ਖਮਾਜ ਥਾਟ ਦੇ ਸਮਾਨ ਨਿਸ਼ਚਿਤ ਹੁੰਦਾ ਹੈ । ਅਰਥਾਤ-ਲੋਚਨ ਦੇ ਸਮੇਂ ਇਸ ਰਾਗ ਵਿਚ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲੱਗਦੇ ਸਨ । ਇਸ ਤੋਂ ਬਾਦ ਦਾ ਇਕ ਲੇਖਕ ਹਿਰਦੇ ਨਾਰਾਇਣ ਦੇਵ (1660) "ਹਿਰਦੇ ਕੌਤੁਕ" ਗ੍ਰੰਥ ਵਿੱਚ ਕਾਨੜਾ ਦੇ ਨਾਦ ਰੂਪ ਦਾ ਇਸ ਤਰ੍ਹਾਂ ਬਿਊਰਾ ਦਿੰਦਾ ਹੈ

"ਗ ਮ ਮ ਗ, ਰੇ ਸਾ, ਨ਼ੀ ਸਾ ਰੇ ਸਾ, ਗ ਰੇ ਸਾ, ਸਾਸਾ ਸਾਸਾ, ਰੇਸਾ ਨ਼ੀਸਾ ਸਾ ਸਾ, ਰੇਸਾ ਨ਼ੀ ਧ਼ ਧ਼ ਮ਼, ਮ਼ਮ, ਮ ਪ ਮ ਪ ਧ ਨੀ ਪ ਮ ਗ, ਰੇ ਸਾ

'ਸੰਗੀਤ ਦਰਪਣ' ਗ੍ਰੰਥ ਦਾ ਲੇਖਕ ਪੰਡਿਤ ਦਾਮੋਦਰ ਮਿਸ਼ਰ (1625 ਈ.) ਕਾਨੜਾ ਦਾ ਉਲੇਖ ਕਰਦਾ ਹੈ ਅਤੇ ਇਸ ਨੂੰ ਦੀਪਕ ਰਾਗ ਦੀ ਰਾਗਣੀ ਮੰਨਦਾ ਹੈ । 'ਰਾਧਾ ਗੋਵਿੰਦ ਸੰਗੀਤ ਸਾਰ' ਦਾ ਕਰਤਾ ਰਾਜਾ ਪ੍ਰਤਾਪ ਸਿੰਘ ਦੇਵ (ਬੀਕਾਨੇਰ ਦਾ ਰਾਜਾ) ਕਾਨੜਾ ਨੂੰ ਮੇਘ ਰਾਗ ਦਾ ਪੁੱਤਰ ਮੰਨਦਾ ਹੈ । ਕੁਝ ਵਿਦਵਾਨਾਂ ਦਾ ਮੱਤ ਹੈ ਕਿ ਕਾਨੜਾ ਰਾਗ ਨਾਲ "ਦਰਬਾਰੀ" ਸ਼ਬਦ ਅਕਬਰ ਦੇ ਸਮੇਂ ਜੁੜਿਆ ਹੈ । ਪਰ ਸੰਸਕ੍ਰਿਤ ਗ੍ਰੰਥਕਾਰ ਜਿਵੇਂ ਲੋਚਨ, ਹਿਰਦੇ ਨਰਾਇਣ, ਅਹੋਬਲ (1650 ਈ.) ਸ੍ਰੀ ਕੰਠ, ਆਦਿ ਲੇਖਕਾਂ ਨੇ ਇਸ ਰਾਗ ਨੂੰ ਕੇਵਲ ਕ੍ਰਣਾਟ ਨਾਮ ਨਾਲ ਹੀ ਸੰਬੋਧਨ ਕੀਤਾ ਹੈ ।

ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ਼ਾਹਜਹਾਂ ਦੇ ਸਮੇਂ ਸ਼ੁੱਧ ਕਾਨੜਾ ਨੂੰ ਦਰਬਾਰੀ ਕਾਨੜਾ ਕਹਿਣ ਦਾ ਰਿਵਾਜ ਪੈ ਗਿਆ । ਕੁਝ ਆਧੁਨਿਕ ਕਲਾਕਾਰ ਆਪਣੇ ਮੱਤ ਦੇ ਪ੍ਰਮਾਣੀਕ ਹੋਣ ਬਾਰੇ "ਜੋ ਦਰਬਾਰੀ ਸੋ ਸ਼ੁੱਧ ਕਹਾਵੈ" ਦਾ ਆਧਾਰ ਲੈ ਕੇ ਦਰਬਾਰੀ ਕਾਨੜਾ ਨੂੰ ਹੀ ਸ਼ੁੱਧ ਕਾਨੜਾ ਮੰਨਦੇ ਹਨ । ਗ੍ਰੰਥਾਂ ਦੇ ਹਵਾਲਿਆਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਸ ਸਮੇਂ ਕਾਨੜਾ ਵਿੱਚ ਕੇਵਲ ਨਿਸ਼ਾਦ ਕੋਮਲ ਵਰਤਿਆ ਜਾਂਦਾ ਸੀ । ਕੁਝ ਸਮੇਂ ਪਿਛੋਂ ਸ਼ੁੱਧ ਗੰਧਾਰ ਵਿੱਚ ਪਰਿਵਰਤਨ ਆਇਆ । ਕਾਨੜੇ ਵਿਚ ਇਹ ਸਥਾਨ ਕੋਮਲ ਗੰਧਾਰ ਨੇ ਗ੍ਰਹਿਣ ਕਰ ਲਿਆ । ਕੁਝ ਹੋਰਨਾਂ ਦਾ ਮੱਤ ਹੈ ਕਿ ਕਾਨੜਾ ਜਾਂ ਦਰਬਾਰੀ ਕਾਨੜਾ ਵਿੱਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਦਾ ਪ੍ਰਯੋਗ ਸਭ ਤੋਂ ਪਹਿਲਾਂ ਤਾਨਸੇਨ ਨੇ ਕੀਤਾ ।

ਉਪਰੋਕਤ ਵਿਚਾਰਧਾਰਾ ਦਾ ਸਾਰ ਅੰਸ਼ ਇਹੋ ਹੀ ਹੈ ਕਿ ਕ੍ਰਣਾਟ, ਕੇਨੜ, ਕਾਨੜਾ, ਸ਼ੁੱਧ ਕਾਨੜਾ ਜਾਂ ਦਰਬਾਰੀ ਕਾਨੜਾ ਆਦਿ ਇਕੋ ਹੀ ਰਾਗ ਦੇ ਵੱਖ ਵੱਖ ਨਾਮ ਸਨ । ਇਸ ਰਾਗ ਦੇ ਮੱਧ ਕਾਲੀਨ ਨਾਦ ਰੂਪ ਵਿੱਚ ਕੇਵਲ ਨਿਸ਼ਾਦ ਕੋਮਲ ਸੀ । ਅੱਗੇ ਚਲਕੇ ਗੰਧਾਰ ਕੋਮਲ ਹੋ ਗਿਆ ਅਤੇ ਬਾਅਦ ਵਿਚ ਜਾਂ ਇਸ ਦੇ ਵਰਤਮਾਨ ਰੂਪ ਵਿੱਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਪ੍ਰਯੁਕਤ ਹੋਣ ਲਗ ਪਏ । ਗੁਰੂ ਪਰਪੰਰਾ ਅਨੁਸਾਰ ਸਿਖੇ ਕਲਾਕਾਰ ਜਾਂ ਘਰਾਣੇਦਾਰ ਗਾਇਕ-ਨਾਇਕਾਂ ਦਾ ਸ਼ਿਸ਼ ਵਰਗ ਇਸ ਰਾਗ ਦੇ ਵਰਤਮਾਨ ਸਰੂਪ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਦਾ ਪ੍ਰਯੋਗ ਕਰਦਾ ਹੈ ।

ਮੱਧਕਾਲ ਵਿਚ ਇਹ ਰਾਗ ਕੇਵਲ ਦਰਬਾਰਾਂ ਦੀ ਹੀ ਸ਼ਾਨ ਨਹੀਂ ਸੀ ਸਗੋਂ ਸੰਤ-ਗਾਇਕਾਂ, ਭਗਤਾਂ ਤੋਂ ਲੈ ਕੇ ਜਨ ਸਾਧਾਰਣ ਦੇ ਉਦਗਾਰਾਂ ਦੇ ਪ੍ਰਗਟਾਉ ਦਾ ਮਾਧਿਅਮ ਵੀ ਬਣ ਚੁੱਕਾ ਸੀ । ਗੁਰਮਤਿ ਸੰਗੀਤ ਵਿਚ ਪੜਤਾਲ ਗਾਇਕੀ ਦੇ ਆਵਿਸ਼ਕਾਰਿਕ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਦੇ ਅਵਤਰਣ ਸਮੇਂ ਇਸ ਰਾਗ ਦੀ ਵਰਤੋਂ ਕੀਤੀ ਹੈ । ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਦੇ 6 ਸ਼ਬਦ, 6 ਪੜਤਾਲਾਂ, 6 ਅਸ਼ਟਪਦੀਆਂ ਉਪਲੱਬਧ ਹੁੰਦੀਆਂ ਹਨ । ਗੁਰੂ ਅਰਜਨ ਦੇਵ ਜੀ ਨੇ ਕਾਨੜਾ ਰਾਗ ਵਿੱਚ ਭਿੰਨ ਭਿੰਨ ਤੌਲ ਤੁਕਾਂਤ ਦੇ ਘਰੁ ੧ ਤੋਂ ਘਰੁ ੧੧ ਤਕ 62 ਸ਼ਬਦ ਅਤੇ ਇਕ ਛੰਤ ਪ੍ਰਾਪਤ ਹੁੰਦਾ ਹੈ ।

ਇਨ੍ਹਾਂ ਤੋਂ ਇਲਾਵਾ ਭਗਤ ਨਾਮ ਦੇਵ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੧੮ 'ਤੇ ਅੰਕਿਤ ਹੈ । ਜਿਸਦਾ ਸਿਰਲੇਖ ਹੈ :-

'ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ'

ੴ ਸਤਿਗੁਰ ਪ੍ਰਸਾਦਿ ।

ਭਗਤ ਨਾਮ ਦੇਵ ਜੀ ਦਾ ਸਮਾਂ ਇਤਿਹਾਸਕਾਰਾਂ ਨੇ 1270-1350 ਈ: ਮੰਨਿਆ ਹੈ ।

ਸੰਗੀਤ ਦੇ ਇਤਿਹਾਸਿਕ ਪੱਖ ਤੋਂ ਇਹ ਇਕ ਬਹੁਤ ਮਹੱਤਵਪੂਰਣ ਗੱਲ ਹੈ ਕਿ ਜਿਸ ਰਾਗ ਨੂੰ ਕੋਈ ਕ੍ਰਣਾਟ, ਕੰਨੜ, ਕਾਨਰਾ ਆਦਿ ਨਾਮਾ ਨਾਲ ਸੰਸਕ੍ਰਿਤ ਗ੍ਰੰਥ ਸੰਬੋਧਨ ਕਰਦੇ

ਹਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਭਗਤ ਨਾਮ ਦੇਵ ਜੀ ਦਾ ਇਕ ਸ਼ਬਦ ਕਾਨੜਾ ਰਾਗ ਵਿਚ ਅੰਕਿਤ ਕੀਤਾ ਹੈ। ਇਸ ਦਾ ਸਪਸ਼ਟ ਭਾਵ ਹੈ ਕਿ ਗੁਰੂ ਕਾਲ ਵਿਚ ਗੁਰਮਤਿ ਸੰਗੀਤ ਪੱਧਤੀ ਵਿਚ ਇਹ ਰਾਗ ਪੂਰਣ ਤੋਰ 'ਤੇ "ਕਾਨੜਾ" ਨਾਮ ਨਾਲ ਪ੍ਰਚਾਰ ਆਰੂੜ੍ਹ ਹੋ ਚੁੱਕਾ ਸੀ।

ਭਾਰਤੀ ਸੰਗੀਤ ਦਾ ਰਾਗਦਾਰੀ ਕਾਵਿ ਜੋ ਅਸ਼ਲੀਲਤਾ ਨਾਲ ਲੱਥ ਪੱਥ ਹੋ ਚੁਕਾ ਸੀ, ਗੁਰੂ ਸਾਹਿਬਾਨ ਦਾ ਇਹ ਇਕ ਕ੍ਰਾਂਤੀਕਾਰੀ ਕ੍ਰਿਸ਼ਮਾ ਹੈ ਕਿ ਉਨ੍ਹਾਂ ਨੇ ਗੁਰਬਾਣੀ ਦੁਆਰਾ ਇਸ ਖੇਤਰ ਵਿਚ ਮਾਨੁੱਖੀ ਆਦਰਸ਼ਾਂ ਦੀ ਅਗਵਾਈ ਕਰਨ ਵਾਲਾ ਅਮਰ ਸਾਹਿਤ ਸੰਸਾਰ ਨੂੰ ਦਿੱਤਾ ਜੋ ਗਾਇਨ ਪੱਖ ਤੋਂ ਵੀ ਆਪਣੀ ਉਦਾਹਰਣ ਆਪ ਹੀ ਹੈ। ਉਦਾਹਰਣ ਵਜੋਂ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ ਅਜੇਹੀਆਂ ਸਿੰਗਾਰ ਰਸ ਭਰਪੂਰ ਚੀਜ਼ਾਂ (ਰਚਨਾਵਾਂ) ਆਮ ਗਾਈਆਂ ਜਾਂਦੀਆਂ ਹਨ "ਘਰ ਜਾਨੇ ਦੇ ਛਾਂਡ ਮੋਰੀ ਬਈਆਂ। ਹਾਂ ਹਾਂ ਕਰਤ ਤੋਰੇ ਪਈਆਂ ਪੜਤ ਹੂੰ, ਮੋਹਨ ਸੋਂ ਝਗਰਦੀਆਂ। ਨਗਰ ਬਗਰ ਕੇ ਲੋਗਵਾ ਸੁਨਤ ਹੈਂ ਚਰਚਾ ਕਰਤ ਸਬ ਸਹੇਲਰੀਆਂ। ਜਾਓ ਜੀ ਜਾਓ ਜੀ ਤੁਮ ਖਾਓਗੇ ਗਾਲੀਆਂ ਮੋਹਨ ਸੋਂ ਝਗਰੀਆਂ।"

ਜਾਂ ਇਕ ਹੋਰ ਉਦਾਹਰਣ ਹੈ :-

ਸਥਾਈ :

ਮਧੁਵਾ ਭਰ ਲਾਦੇ ਮੀਤਾ ਮੋਰੇ,
ਹਮ ਸੇ ਦੇ ਲੁਕਾਈ,
ਹਮ ਤੁਮ ਭਰ ਭਰ ਪੀਵੇਂ।

ਅੰਤਰਾ : ਭਰ ਕੇ ਦੇ ਲੁਕਾਈ ਕਹੁ ਕਾਨਨ ਕਾਨਨ ਜਾਨੇ
ਜੋ ਦੇਤ ਮਧੁਵਾ ਹਮਰਾ
ਤੋਂ ਤੋਂ ਹਮ ਤੁਮ ਭਰ ਭਰ ਪੀਵੇਂ। ਆਦਿ।

ਇਹ ਅਜਿਹਾ ਸਾਹਿਤ ਹੈ ਜਿਸ ਨੂੰ ਗਾਉਣ ਵਾਲੇ ਤਾਂ ਕੱਚੇ ਹੁੰਦੇ ਹੀ ਹਨ ਸਰੋਤੇ ਵੀ ਕੱਚੇ ਹੁੰਦੇ ਹਨ। ਇਸ ਦੇ ਸਥਾਨ 'ਤੇ ਗੁਰਬਾਣੀ ਨਾਲ ਉਕਤ ਰਚਨਾਵਾਂ ਦੀ ਤੁਲਨਾ ਕਰਨਾ ਭਾਵੇਂ ਸ਼ੋਭਾ ਨਹੀਂ ਦਿੰਦਾ ਪਰੰਤੂ ਸਾਧਾਰਣ ਪਾਠਕ ਨੂੰ ਗਿਆਤ ਹੋ ਜਾਵੇ ਕਿ ਇਨ੍ਹਾਂ ਵਿੱਚ ਮਤਵ ਦਾ ਕਿੰਨਾ ਅੰਤਰ ਹੈ ਇਸ ਉਦੇਸ਼ ਤੋਂ ਇਹ ਤੁਲਨਾ ਕਰਨ ਦਾ ਯਤਨ ਕੀਤਾ ਗਿਆ ਹੈ। ਉਦਾਹਰਣ ਵਜੋਂ : ਕਾਨੜਾ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਇਸ ਤਰ੍ਹਾਂ ਹੈ :

ਕਾਨੜਾ ਮਹਲਾ ੫ ॥

ਵਾਰਿ ਵਾਰਉ ਅਨਿਕ ਡਾਰਉ"
ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥ ੧ ॥ ਰਹਾਉ ॥

ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥ ੧ ॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥ ੨ ॥ ੩ ॥

(ਗੁ. ਗ੍ਰੰ. ਪੰਨਾ ੧੩੦੬)

ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਕਿਸ ਮਾਨਵ ਦੇ ਅੰਤ੍ਰੀਵੀ ਕਰਣ ਨੂੰ ਦ੍ਰੈਵੀ-ਭੂਤ ਕਰਕੇ ਪ੍ਰਿਅ ਦੇ ਮਿਲਣ ਦੀ ਸਿੱਕ ਨਹੀਂ ਜਾਗ੍ਰਿਤ ਕਰਦਾ। ਇਸ ਤਰ੍ਹਾਂ ਗੁਰੂ ਸਾਹਿਬਾਨ ਭਾਰਤੀ ਸੰਗੀਤ ਦੇ ਰਾਜ਼ਦਾਰੀ ਕਾਵਿ ਸਾਹਿਤ ਨੂੰ ਪਵਿਤ੍ਰ ਵਾਤਾਵਰਣ ਵਿਚ ਸਥਾਪਿਤ ਕਰਨ ਲਈ ਨਵੀਨ ਸੇਧ ਪ੍ਰਦਾਨ ਕੀਤੀ।

ਗੁਰੂ ਕਾਲ ਵਿਚ ਕਾਨੜਾ ਰਾਗ ਇਤਨਾ ਪ੍ਰਸਿੱਧ ਹੋ ਚੁਕਾ ਸੀ ਕਿ ਇਸ ਵਿਚ ਸਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਤੋਂ ਇਲਾਵਾ "ਵਾਰ" ਜਿਹੀਆਂ ਲੋਕ ਧੁਨਾਂ ਵੀ ਆਪਣਾ ਮਹੱਤਵਪੂਰਣ ਸਥਾਨ ਗ੍ਰਹਿਣ ਕਰ ਚੁਕੀਆਂ ਸਨ। ਇਸ ਦਾ ਪ੍ਰਤੱਖ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ "ਕਾਨੜੇ ਦੀ ਵਾਰ" ਹੈ। ਇਸ ਵਾਰ ਬਾਰੇ ਗੁਰੂ ਸਾਹਿਬਾਨੇ ਇਸ ਦੇ ਗਾਉਣ ਲਈ ਵਿਸ਼ੇਸ਼ ਤੌਰ 'ਤੇ ਸੰਕੇਤ ਕੀਤਾ ਹੈ। ਜਿਸ ਦਾ ਸਿਰਲੇਖ ਹੈ:

ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ ੧ੴ ਸਤਿਗੁਰ ਪ੍ਰਸਾਦਿ ॥

ਇਸ ਵਾਰ ਵਿਚ ਮਹਲੇ ਚਉਥੇ ਦੇ ਸਲੋਕਾਂ ਤੋਂ ਇਲਾਵਾ 15 ਪਉੜੀਆਂ ਹਨ ਜੋ ਸੰਗੀਤ ਪੱਖ ਤੋਂ ਵੀ ਅਪੂਰਵ ਜਾਂ ਅਦੁੱਤੀ ਹਨ।

ਗੁਰਬਾਣੀ ਦੇ ਕੀਰਤਨਕਾਰਾਂ ਵਿਚ ਕਾਨੜਾ ਰਾਗ ਦੇ ਦੋ ਸਰੂਪ ਪ੍ਰਚਲਿਤ ਹਨ। (ੳ) ਇਸ ਨਾਦ ਰੂਪ ਵਿਚ ਗੰਧਾਰ ਕੋਮਲ ਨਿਸ਼ਾਦ ਦੋਵੇਂ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। (ਅ) ਰੂਪ ਜਿਸ ਵਿਚ ਗੰਧਾਰ ਕੋਮਲ ਨਿਸ਼ਾਦ ਦੋਵੇਂ, ਧੈਵਤ ਵਰਜਿਤ ਅਤੇ ਹੋਰ ਸੁਰ ਸ਼ੁੱਧ ਹਨ। ਤੀਜਾ ਪ੍ਰਕਾਰ ਕਾਨੜੇ ਦਾ ਜਿਸ ਤੇ ਅਸੀਂ ਪਹਿਲਾਂ ਵਿਚਾਰ ਕਰ ਚੁਕੇ ਹਾਂ ਜਿਸ ਨੂੰ ਸ਼ੁੱਧ ਕਾਨੜਾਂ ਜਾਂ ਦਰਬਾਰੀ ਕਾਨੜਾ ਕਿਹਾ ਜਾਂਦਾ ਹੈ ਅਤੇ ਵਰਤਮਾਨ ਵਿਚ ਵਧੇਰੇ ਪ੍ਰਚਲਿਤ ਹੈ।

ਕਾਨੜਾ ਰਾਗਾਂ ਦੇ ਪ੍ਰਕਾਰਾਂ ਦਾ ਇਹ ਆਸ਼ਰਯ ਰਾਗ ਹੈ। ਸੰਗੀਤਤਾਚਾਰੀਆਂ ਨੇ ਇਸ ਰਾਗ ਨੂੰ ਕਾਨੜੇ ਦੇ ਪ੍ਰਕਾਰਾਂ ਦਾ "ਰਾਗਾਂਗ" ਸਵੀਕਾਰਿਆਂ ਹੈ। ਕਾਨੜਾ ਰਾਗ ਦਾ ਪ੍ਰਮੁੱਖ ਅੰਗ ਪੂਰਵਾਂਗ ਵਿਚ "ਗੁਮ ਰੇਸਾ" ਅਤੇ ਉਤ੍ਰਾਂਗ ਵਿਚ "ਨੀਧੂ ਨੀ ਪ" ਹੈ। ਇਸ ਰਾਗ ਵਿਚ "ਰੇਪਾ" ਸੁਰਾਵਲੀ ਬੜੀ ਮਹੱਤਵਪੂਰਣ ਹੈ। ਕਾਨੜਾ ਰਾਗ ਵਿਚ ਗੰਧਾਰ ਅਤੇ ਧੈਵਤ ਉਤੇ ਅੰਦੋਲਨ ਕਰਨ ਤੋਂ ਅਤਿਅੰਤ ਰਕਤੀਦਾਇਕ ਅਤੇ ਪ੍ਰਭਾਵਸ਼ਾਲੀ ਬਣ ਜਾਂਦਾ ਹੈ।

ਮੱਧਕਾਲੀਨ ਅਤੇ ਵਰਤਮਾਨ ਦੇ ਨਾਇਕਾਂ-ਗਾਇਕਾਂ ਨੇ ਕਾਨੜਾ ਰਾਗ ਦੇ ਪ੍ਰਮੁਖ

ਅੰਗ ਦਾ ਹੋਰ ਰਾਗਾਂ ਦੀਆਂ ਸੁਰਾਵਾਲੀਆਂ ਨਾਲ ਮਿਸ਼ਰਣ ਕਰਕੇ ਕਾਨੜੇ ਦੇ ਅਨੇਕ ਪ੍ਰਕਾਰਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚੋਂ ਨਿਮਨ ਲਿਖਤ ਪ੍ਰਕਾਰ ਅਜੋਕੇ ਸਮੇਂ ਵਧੇਰੇ ਪ੍ਰਚਲਿਤ ਹਨ :

(1) ਸ਼ੁੱਧ ਕਾਨੜਾ ਜਾਂ ਦਰਬਾਰੀ ਕਾਨੜਾ, (2) ਅੜਾਨਾ ਕਾਨੜਾ, (3) ਨਾਇਕੀ ਕਾਨੜਾ, (4) ਹੁਸੈਨੀਕਾਨੜਾ, (5) ਕੌਂਸੀ ਕਾਨੜਾ, (6) ਮੁਦ੍ਰੀਕ ਕਾਨੜਾ, (7) ਸੂਹਾ ਕਾਨੜਾ, (8) ਸੁਘਰਾਈ ਕਾਨੜਾ, (9) ਸ਼ਹਾਨਾ ਕਾਨੜਾ (10) ਬਾਗੇਸ਼ਰੀ ਕਾਨੜਾ (11) ਗਾਰਾ ਕਾਨੜਾ, (12) ਕਾਫ਼ੀ ਕਾਨੜਾ, (13) ਜੈਜੈਵੰਤੀ ਕਾਨੜਾ, (14) ਨਾਗਧ੍ਵਨੀ ਕਾਨੜਾ, (15) ਟੰਕੀ ਕਾਨੜਾ, (16) ਕੋਲਾਹਲ ਕਾਨੜਾ, (17) ਮੰਗਲ ਕਾਨੜਾ, (18) ਸ਼ਯਾਮ ਕਾਨੜਾ, (19) ਖਮਾਜੀ ਕਾਨੜਾ, (20) ਆਭੋਗੀ ਕਾਨੜਾ, (21) ਰਾਯਸਾਂ ਕਾਨੜਾ (22) ਸੋਰਠੀ ਕਾਨੜਾ, (23) ਕੁੰਜੀ ਕਾਨੜਾ, (24) ਬਹਾਰ ਕਾਨੜਾ, (25) ਰੇਵਤੀ ਕਾਨੜਾ, (26) ਦੇਵਸਾਖ ਕਾਨੜਾ, (27) ਭਵਸਾਖ ਕਾਨੜਾ, (28) ਸੂਹਾ ਸੁਘਰਾਈ ਕਾਨੜਾ, (29) ਬਾਸ ਕਾਨੜਾ, (30) ਚੰਦਰਮੁਖੀ ਕਾਨੜਾ, ਆਦਿ ।

ਭਵਿੱਖ ਵਿਚ ਕਾਨੜੇ ਦੇ ਸੰਯੋਗ ਦੁਆਰਾ ਹੋਰ ਅਨੇਕ ਕਾਨੜਿਆਂ ਦਾ ਆਵਿਸ਼ਕਾਰ ਹੋਣ ਦੀ ਗੁਣੀਜਨਾਂ ਤੋਂ ਪੂਰਣ ਆਸ ਕੀਤੀ ਜਾਂਦੀ ਹੈ ।

ਕਾਨੜਾ ਜਾਂ ਸ਼ੁੱਧ ਕਾਨੜਾ ਰਾਗ ਦਾ ਗ੍ਰੰਥਕਾਰਾਂ ਨੇ ਇਸ ਤਰ੍ਹਾਂ ਪਰਿਚਯ ਦਿੱਤਾ ਹੈ :

"ਪ੍ਰੋਕਤਾ ਕਰਣਾਟ ਰਾਗੋ ਮਿਦੁ ਗਮਧਨੀ ਮਧਯਸਰ ਮੰਦਰ ਸਥੋ ॥
ਵਾਦੀ ਤੀਵ੍ਰ ਰਿਸ਼ਭੋਅਤਕ ਸੁਵਣਮਧਰ ਸਵਾਦਿਨਾ ਪੰਚਮੇਨ ॥
ਆਰੋਹੈ ਦੁਰਬਲੋ ਗੁ: ਪ੍ਰਵਲਸਤਿ ਸਦਾਂਦੋਲਨੈਂਗੋ ਪ੍ਰਯਕੋਤ ॥
ਧੋ ਵਰਜਯ ਸਦਾ ਵਰੋਹੇ ਸੁਰੁਚਿਰ ਗਮਕੋਰ ਗੀਯਤੇ ਪ੍ਰਾਂਗਸ਼ੀਥਾਤ ॥

(ਰਾਗ ਕਲਪਦ੍ਰੁਮਕੁਰ, ਪੰਨਾ 22)

ਅਰਥਾਤ—ਕਰਣਾਟ (ਕਾਨੜਾ) ਰਾਗ ਉਸ ਨੂੰ ਕਹਿੰਦੇ ਹਨ ਜਿਸ ਵਿਚ ਗੰਧਾਰ, ਮੱਧਿਅਮ, ਧੈਵਤ ਅਤੇ ਨਿਸ਼ਾਦ ਸੁਰ ਕੋਮਲ ਹਨ, ਜਿਸ ਦਾ ਵਿਸਤਾਰ ਮੰਦਰ ਅਤੇ ਮੱਧ ਸਪਤਕ ਵਿਚ ਕੀਤਾ ਜਾਂਦਾ ਹੈ । ਉਸ ਵਿਚ ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ । ਉਸਦੇ ਆਰੋਹ ਵਿਚ ਗੰਧਾਰ ਦੁਰਬਲ ਅਤੇ ਅੰਦੋਲਿਤ ਹੈ ਅਤੇ ਅਵਰੋਹ ਵਿਚ ਧੈਵਤ ਵਰਜਿਤ ਹੈ । ਅਤੇ ਜੋ ਮੱਧ ਰਾਤ ਸਮੇਂ ਗਾਇਆ ਜਾਂਦਾ ਹੈ ।

"ਮ੍ਰਿਦੁ ਗਨੀਧਮ ਰਿਸ਼ਭ ਤਾਂ ਅਸ਼ ਪਸਰਯਕ : ।
ਗਾਂਧਾਰ : ਦੋਲਨੋ ਯਤ੍ਰ ਕਰਣਾਟ : ਸਨਿਸ਼ਿ ਸਿਮ੍ਰਤ : ॥

(ਰਾਗ ਚੰਦ੍ਰਿਕਾ ਪੰਨਾ 10)

ਅਰਥਾਤ : ਜਿਸ ਰਾਗ ਵਿਚ ਗੁਧੁਨੀ ਕੋਮਲ, ਰੇ ਵਾਦੀ, ਪਾ ਸੰਵਾਦੀ, ਗੰਧਾਰ ਅੰਦੋਲਿਤ ਹੈ ਅਤੇ ਜੋ ਰਾਤ ਵੇਲ ਗਾਇਆ ਜਾਂਦਾ ਹੈ ਉਸਨੂੰ ਕਰਣਾਟ (ਕਾਨੜਾ) ਕਹਿੰਦੇ ਹਨ।

ਕਾਨੜਾ ਜਾਂ ਦਰਬਾਰੀ ਬਾਰੇ ਪੰਡਿਤ ਵੀ. ਐਨ. ਭਾਤਖੰਡੇ ਦਾ ਕਥਨ ਹੈ :

"ਗ ਰੇ ਸਾਨੀ ਸਾਰੇ ਮ ਪ ਧਨੀ ਸਾਨੀਪ ਮ ਪ ਗੋਂ"
ਰਿਸ਼ੋ ਰਖੰਸਾਤੁ ਦਰਬਾਰੀ ਮਧਸਰਾਤੁ ਗੰਦੋਲਿਤਾ"

(ਅਭਿਨਵ ਰਾਗ ਮੰਜਰੀ ਪੰਨਾ 28)

ਅਰਥਾਤ—ਗੁ ਰੇ ਸਾ ਨੁੀ ਸਾ, ਰੇ, ਮਪ, ਧੁ, ਨੁੀ ਸਾਂ, ਨੁੀ ਪ, ਮਪ, ਗੁ, ਰੇ ਸਾ। ਇਸ ਤਰ੍ਹਾਂ ਦਰਬਾਰੀ ਰਾਗ ਹੁੰਦਾ ਹੈ। ਇਸ ਦਾ ਵਾਦੀ ਰਿਸ਼ਭ ਸੰਵਾਦੀ ਪੰਚਮ, ਗੰਧਾਰ ਅੰਦੋਲਿਤ ਅਤੇ ਮਧ ਰਾਤ ਸਮੇਂ ਗਾਇਆ ਜਾਂਦਾ ਹੈ।

ਇਸੇ ਭਾਵ ਦਾ ਇਕ ਦੋਹਾ 'ਰਾਗ ਚੰਦ੍ਰਿਕਾਸਾਰ' ਪੁਸਤਕ ਦੇ ਪੰਨਾ 14 'ਤੇ ਅੰਕਿਤ ਹੈ ਜੋ ਇਸ ਕਾਨੜਾ ਰਾਗ ਦੇ ਨਾਦ ਸਰੂਪ ਦੀ ਇਸ ਤਰ੍ਹਾਂ ਵਿਆਖਿਆ ਕਰਦਾ ਹੈ :

"ਮ੍ਰਿਦੁ ਗਮਧਨੀ ਤੀਖੇ ਰਿਖਬ ਅਵਰੋਹਤ ਧ ਨ ਲਾਗ।
ਰਿਪ ਵਾਦੀ ਸੰਵਾਦੀ ਤੇਂ ਕਹਤ ਕਾਨੜਾ ਰਾਗ॥"

ਅਰਥਾਤ ਜਿਸ ਰਾਗ ਦੇ ਆਰੋਹ ਵਿਚ ਧੈਵਤ ਨਹੀਂ ਲਗਦਾ ਰਿਸ਼ਭ ਵਾਦੀ ਪੰਚਮ ਸੰਵਾਦੀ ਹੈ ਅਤੇ ਜਿਸ ਵਿਚ 'ਗੁਮ ਧੁਨੀ' ਸੁਰ ਕੋਮਲ ਅਤੇ ਰਿਸ਼ਭ ਤੀਬਰ ਲਗਦਾ ਹੈ ਉਸਨੂੰ ਕਾਨੜਾ ਰਾਗ ਕਹਿੰਦੇ ਹਨ।

ਗ੍ਰੰਥਾਂ ਦੇ ਇਨ੍ਹਾਂ ਉਪਰੋਕਤ ਹਵਾਲਿਆਂ ਤੋਂ ਇਹ ਸਪਸ਼ਟ ਹੈ ਕਿ ਕਰਣਾਟ, ਕਾਨੜਾ, ਸ਼ੁੱਧ ਕਾਨੜਾ ਜਾਂ ਦਰਬਾਰੀ ਕਾਨੜਾ ਇਕ ਹੀ ਰਾਗ ਦੇ ਭਿੰਨ ਭਿੰਨ ਨਾਮ ਹਨ। ਇਸ ਰਾਗ ਦੇ ਤਿੰਨ ਪ੍ਰਕਾਰ ਪ੍ਰਚਾਰ ਵਿਚ ਹਨ ਜਿਨ੍ਹਾਂ ਦੇ ਸੰਬੰਧ ਵਿਚ ਅਸੀਂ ਅਗੇ ਵਿਸਤਾਰ ਸਹਿਤ ਚਰਚਾ ਕਰਾਂਗੇ।

ਸ਼ੁੱਧ ਕਾਨੜਾ (ਦਰਬਾਰੀ) (ਇਕ ਪ੍ਰਕਾਰ)

ਇਸ ਰਾਗ ਦੇ ਨਾਦਾਤਮਕ ਸਰੂਪ ਦੀ ਉਤਪਤੀ ਵਿਦਵਾਨਾਂ ਨੇ ਆਸਾਵਰੀ ਥਾਟ ਤੋਂ ਮੰਨੀ ਹੈ। ਕਈ ਸੰਗੀਤਾਚਾਰੀਆ ਇਸ ਨੂੰ ਸ਼ੁੱਧ ਕਾਨੜਾ, ਕਾਨੜਾ ਜਾਂ ਦਰਬਾਰੀ ਕਾਠੜਾ ਨਾਮ ਨਾਲ ਸੰਬੋਧਨ ਕਰਨਾ ਵਧੇਰੇ ਉਚਿੱਤ ਸਮਝਦੇ ਹਨ। ਇਸ ਦੇ ਪੱਖ ਵਿਚ ਉਹ ਇਹ ਦਲੀਲ ਦਿੰਦੇ ਹਨ ਕਿ "ਜੋ ਦਰਬਾਰੀ ਸੋ ਸ਼ੁੱਧ ਕਹਾਵੇ।" ਇਸ ਕਥਨ ਦੇ ਆਧਾਰ 'ਤੇ ਉਹ ਇਸ ਪ੍ਰਕਾਰ ਨੂੰ ਸ਼ੁੱਧ ਕਾਨੜਾ ਮੰਨਦੇ ਹਨ। ਇਸ ਰਾਗ ਦਾ ਨਾਮ ਭਾਵੇਂ ਅਸੀਂ ਕੋਈ ਵੀ ਕਲਪ ਲਈਏ ਪਰ ਇਹ ਸਵੀਕਾਰਨਾ ਪਵੇਗਾ ਕਿ ਪ੍ਰਚਲਿਤ ਕਾਨੜਿਆਂ ਵਿਚੋਂ ਇਹ ਸਭ ਤੋਂ ਵੱਧ ਗੰਭੀਰ, ਮਨੋਹਰ ਅਤੇ ਰੰਜਕ ਰਾਗ ਹੈ। ਇਸੇ ਲਈ ਵਿਦਵਾਨਾਂ ਨੇ ਇਸ ਨੂੰ ਸਭ ਕਾਨੜਿਆਂ ਦਾ ਸ਼੍ਰੋਮਣੀ ਕਾਨੜਾ ਮੰਨਿਆ ਹੈ। ਇਸ ਰਾਗ ਦੇ ਨਾਦ ਰੂਪ ਵਿਚ ਗੰਧਾਰ ਧੈਵਤ ਸਕਾਰੀ (ਅਤਿ ਕੋਮਲ) ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ

ਹਨ। ਇਸ ਦੀ ਜਾਤੀ ਬਾਰੇ ਸੰਗੀਤਕਾਰਾਂ ਵਿਚ ਕੁਝ ਵਿਤਕਰਾ ਹੈ। ਕੁਝ ਵਿਦਵਾਨ ਇਸ ਦੇ ਆਰੋਹ ਵਿਚ ਗੰਧਾਰ ਦੁਰਬਲ ਕਰਦੇ ਹਨ ਅਤੇ ਅਵਰੋਹ ਵਿਚ ਧੈਵਤ ਵਰਜਿਤ ਮੰਨਦੇ ਹਨ ਅਤੇ ਗੰਧਾਰ ਦਾ ਵਕਰ ਰੂਪ ਪ੍ਰਯੋਗ ਕਰਦੇ ਹਨ ਅਤੇ ਜਾਤੀ ਸੰਪੂਰਣ-ਸ਼ਾਡਵ ਮੰਨਦੇ ਹਨ ਪਰੰਤੂ ਕਈ ਕਲਾਕਾਰ ਇਸ ਦੇ ਆਰੋਹ ਵਿਚ "ਸ ਰੇ ਮ ਗ, ਮਪ੍ਨੀ ਧ, ਨੀ ਸਾਂ "ਇਸ ਤਰ੍ਹਾਂ ਸੱਤਾਂ ਸੁਰਾਂ ਦੀ ਵਰਤੋਂ ਕਰਨਾ ਵਧੇਰੇ ਉੱਚਿਤ ਸਮਝਦੇ ਹਨ ਅਤੇ ਅਵਰੋਹ ਦੀ ਰੂਪ ਰੇਖਾ" ਸਾਂਧ, ਨੀਪ, ਮਪ, ਗਮ, ਰੇ ਸਾ" ਇਸ ਤਰ੍ਹਾਂ ਰਖਦੇ ਹਨ ਜੋ ਵਧੇਰੇ ਨਿਆਏ ਸੰਗਤ ਹੈ ਅਤੇ ਜਾਤੀ ਸੰਪੂਰਣ ਮੰਨਦੇ ਹਨ।

ਇਸ ਰਾਗ ਵਿਚ ਗੰਧਾਰ ਅਤੇ ਧੈਵਤ ਹੋਰਨਾਂ ਕਾਨੜਿਆਂ ਨਾਲੋਂ ਥੱਲੇ ਉਤਰੇ ਲਗਦੇ ਹਨ ਅਤੇ ਇਨ੍ਹਾਂ ਦੋਹਾਂ ਸੁਰਾਂ ਨੂੰ ਵਿਸ਼ੇਸ਼ ਕਰਕੇ ਅੰਦੋਲਿਤ ਕੀਤਾ ਜਾਂਦਾ ਹੈ ਜਿਸ ਨਾਲ ਕਾਨੜੇ ਦੀ ਆਕ੍ਰਿਤੀ ਵਿਚ ਵਧੇਰੇ ਨਿਖਾਰ ਆ ਜਾਂਦਾ ਹੈ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਪੰਡਿਤ ਕ੍ਰਿਸ਼ਣ ਰਾਉ ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਰਿਸ਼ਭ ਮੰਨਦੇ ਹਨ। ਇਸ ਦੇ ਗਾਉਣ ਦਾ ਸਮਾਂ ਮੱਧ ਰਾਤ ਹੈ। ਇਸ ਰਾਗ ਵਿਚ ਮੰਦਰ ਸਪਤਕ ਦਾ ਧੈਵਤ ਅਤਿਅੰਤ ਮਹੱਤਵਪੂਰਣ ਹੈ ਅਤੇ ਇਸ ਦੇ ਨਾਲ ਸੰਵਾਦੀ ਭਾਵ ਰਖਣ ਵਾਲਾ ਗੰਧਾਰ ਸੁਰ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸੁੰਦਰਤਾ ਪ੍ਰਦਾਨ ਕਰਨ ਲਈ ਬੜੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਇਨ੍ਹਾਂ ਦੋਹਾਂ (ਸੁਰਾਂ ਧੈਵਤ ਅਤੇ ਗੰਧਾਰ) ਦੀ ਇਸ ਰਾਗ ਵਿਚ ਇਤਨੀ ਪ੍ਰਬਲਤਾ ਨੂੰ ਅਨੁਭਵ ਕਰਦੇ ਹੋਏ ਪੰਜਾਬ ਦੇ ਸੁਪ੍ਰਸਿੱਧ ਸੰਗੀਤਾਚਾਰੀਆਂ ਪੰਡਿਤ ਹਰੀਸ਼ ਚੰਦਰ ਬਾਲੀ, ਇਸ ਰਾਗ ਦਾ ਵਾਦੀ ਸੁਰ ਮੰਦਰ ਸਪਤਕ ਦਾ ਧੈਵਤ ਅਤੇ ਸੰਵਾਦੀ ਗੰਧਾਰ ਸਵੀਕਾਰਨ ਲਈ ਮਜਬੂਰ ਹੋ ਜਾਂਦੇ ਹਨ। ਭਾਰਤੀ ਸੰਗੀਤ ਵਿਚ ਪ੍ਰਾਚੀਨ ਕਾਲ ਤੋਂ ਅਵਰਾਚੀਨ ਕਾਲ ਤਕ ਭਾਵੇਂ ਅਜਿਹਾ ਰਾਗ ਪ੍ਰਚਲਿਤ ਨਹੀਂ ਰਿਹਾ, ਜਿਸ ਦਾ ਵਾਦੀ ਸੁਰ ਮੰਦਰ ਸਪਤਕ ਦਾ ਕੋਈ ਸੁਰ ਹੋਵੇ। ਇਸ ਰਾਗ ਵਿਚ ਗੰਧਾਰ ਦਾ ਪ੍ਰਯੋਗ ਕਰਨ ਵੇਲੇ ਮੱਧਿਅਮ ਤੋਂ ਮੀਂਡ ਲਈ ਜਾਂਦੀ ਹੈ ਅਤੇ ਇਸੇ ਤਰ੍ਹਾਂ ਉਤ੍ਰਾਂਗ ਵਿਚ ਧੈਵਤ ਦੀ ਵਰਤੋਂ ਵੇਲੇ ਨਿਸ਼ਾਦ ਤੋਂ ਮੀਂਡ ਲਈ ਜਾਂਦੀ ਹੈ। ਇਨ੍ਹਾਂ ਸੁਰ ਕ੍ਰਿਆਵਾਂ ਦੁਆਰਾ ਇਹ ਰਾਗ ਹੋਰ ਵੀ ਸੁੰਦਰ ਪ੍ਰਤੀਤ ਹੁੰਦਾ ਹੈ। ਇਹ ਆਲਾਪ ਪ੍ਰਧਾਨ ਰਾਗ ਹੈ। ਇਸ ਦਾ ਵਿਸਤਾਰ ਵਧੇਰੇ ਕਰਕੇ ਮੰਦਰ ਅਤੇ ਮਧ ਸਪਤਕ ਵਿਚ ਹੀ ਕੀਤਾ ਜਾਂਦਾ ਹੈ। ਇਸ ਦੇ ਵਿਸਤਾਰ ਵਿਚ ਕਲਾਕਾਰ "ਗਮਕ" ਮੀਂਡ, ਆਦਿ ਵੀ ਵਰਤੋਂ ਵਧੇਰੇ ਕਰਦੇ ਹਨ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੈ ਇਸ ਲਈ ਇਸ ਵਿਚ ਵਿਲੰਬਤ ਲੈਅ ਦੀ ਪ੍ਰਧਾਨਤਾ ਹੈ। ਕੁਝ ਮਾਹਿਰਾਂ ਦਾ ਮੱਤ ਹੈ ਕਿ ਇਸ ਰਾਗ ਵਿਚ ਦ੍ਰੁਤ ਤਾਨਾਂ ਦੀ ਭਰਮਾਰ, ਬੁਛਾੜ ਜਾਂ ਝੜੀ ਘਟ ਲਗਾਈ ਜਾਵੇ ਤਦ ਹੀ ਇਸਦੀ ਗੰਭੀਰਤਾ, ਧੀਰਤਾ ਅਤੇ ਚੈਨਦਾਰੀ ਦੀ ਰਖਿਆ ਹੋ ਸਕਦੀ ਹੈ। ਇਸ ਰਾਗ ਵਿਚ ਭਗਤੀ ਭਾਵ ਦੇ ਗੀਤ ਬੜੇ ਸੁੰਦਰ ਢੰਗ ਨਾਲ ਗਾਏ ਜਾਂਦੇ ਹਨ।

ਕਾਨੜਾ ਰਾਗ ਬਾਰੇ ਡਾ. ਭਾਈ ਵੀਰ ਸਿੰਘ ਜੀ ਦੇ ਵਿਚਾਰ ਵੀ ਸੰਗੀਤ ਜਗਿਆਸੂਆਂ ਅਤੇ ਪਾਠਕਾਂ ਦੀ ਰੁਚੀ ਵਿਚ ਵਿਸ਼ੇਸ਼ ਵਾਧਾ ਕਰਨਗੇ ਇਸ ਲਈ ਉਨ੍ਹਾਂ ਦਾ ਅਧਿਐਨ ਵੀ

ਅਤਿ ਲੋੜੀਂਦਾ ਹੈ, ਕਿਉਂ ਜੋ ਆਪ ਗੁਰਮਤਿ ਸੰਗੀਤ ਦੇ ਵੀ ਮਹਾਨ ਖੋਜਕਾਰਾਂ ਵਿਚੋਂ ਸਨ ।

"ਕਾਨੜਾ : ਗੁਰਮਤਿ ਸੰਗੀਤ ਵਿਚ ਦੀਪਕ ਰਾਗ ਦਾ ਪੁਤ੍ਰ ਕਾਨੜਾ ਹੈ ਜੇਹਾ ਕੁ" "ਗਉੜਾ ਅਰੁ ਕਾਨਰਾ ਕਲ੍ਹਾਨਾ" ਦੇਸਾਖ, ਜੈਤਸਰੀ ਸ਼ੁੱਧ ਨਾਟ ਤੇ ਲਲਿਤ ਮਿਲਕੇ ਕਾਨੜਾ ਬਣਦਾ ਹੈ । ਦੀਪਕ ਦੀ ਛਾਇਆ ਸਮੇਤ ਹੈ ਪਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ ਭਰਤ ਹਨੂਵੰਤ ਮਤ ਵਿਚ ਮੇਘ ਦਾ ਪੁਤ੍ਰ ਹੈ । ਏਸ ਵਿਚ ਦੇਵ ਗਿਰੀ ਦਾ ਮੇਲ ਹੈ ਏਹੋ ਸ਼ਹਾਨਾ ਕਾਨੜਾ ਹੈ । ਕਾਲੀ ਨਾਥ ਮੱਤ ਵਿਚ ਭੈਰਵ ਦੀ ਰਾਗਨੀ ਹੈ, ਇਸ ਦਾ ਮੇਲ ਹੋਰ ਹੈ । ਇਹ ਰਾਗ ਹੋਰਨਾਂ ਨਾਲ ਮਿਲਕੇ ਹੋਰ ਨਾਉਂ ਧਰਾਉਂਦਾ ਹੈ । ਜੇਹਾ ਕੁ ਅੜਾਨਾ ਕਾਨੜਾ, ਨਾਟਕੀ ਗਾਨੜਾ ।" (ਗੁਰਮਤ ਸੰਗੀਤ, ਪੰਨਾ 29)

ਇਸੇ ਤਰਾਂ ਹੀ ਗੁਰਮਤਿ ਸੰਗੀਤ ਦੇ ਮਹਾਨ ਖੋਜੀ ਡਾ. ਚਰਨ ਸਿੰਘ ਜੀ ਗ੍ਰੰਥਾਂ ਦੇ ਹਵਾਲਿਆਂ ਦੇ ਆਧਾਰ 'ਤੇ ਇਸ ਰਾਗ ਬਾਰੇ ਸਾਡੀ ਇਸ ਤਰ੍ਹਾਂ ਰਹੁਨਮਾਈ ਕਰਦੇ ਹਨ :

"ਨਾਦ ਬਿਨੋਦ ਵਿਚ ਦੀਪਕ ਦਾ ਦੂਜਾ ਪੁਤ੍ਰ ਨਾਇਕੀ ਕਾਨੜਾ ਅਤੇ ਪੰਜਵਾਂ ਪੁਤ੍ਰ ਦਰਬਾਰੀ ਕਾਨੜਾ ਲਿਖਿਆ ਹੈ । ਪਰੰਤੂ ਸੁਰ ਤਾਲ ਸਮੂਹ ਵਿਚ ਦੀਪਕ ਦੀ ਰਾਗਨੀ ਕਰਕੇ ਕਾਨੜਾ ਲਿਖਿਆ ਹੈ । ਪਰੰਤੂ ਸੁਰ ਤਾਲ ਸਮੂਹ ਵਿਚ ਦੀਪਕ ਦੀ ਰਾਗਨੀ ਕਰਕੇ ਕਾਨੜਾ ਲਿਖਿਆ ਹੈ । ਜਿਸਦਾ ਸੁਰ ਗ੍ਰਹ ਨਿਖਾਧ ਹੈ । ਬਾਕੀ ਖਰਜ ਸੰਮਬਾਦੀ ਰਿਖਭ, ਅਮਬਾਦੀ ਨਿਖਾਧ ਹੈ । ਖਾੜਵ ਹੈ । ਨੀ ਸ ਰੇ ਗ ਮ ਪ । ਸੁਰ ਇਹ ਲਗਦੇ ਹਨ । ਰਿਖਵ ਧੈਵਤ ਤੀਬ੍ਰ । ਖਰਜ ਸੁਧਾ ਗੰਧਾਰ, ਮੱਧਮ । ਨਿਖਾਧ ਕੋਮਲ । ਪੰਚਮ ਸੁਧ ਸੁਧ ਸੰਕੀਰਨ ।

ਦੇਵ ਸਾਖ, ਜੈਤਸਰੀ, ਸੁਧ ਨਾਟ ਲਲਿਤ ਮਿਲਕੇ ਕਾਨੜਾ ਬਣਦਾ ਹੈ । ਮੌਸਮ ਗ੍ਰੀਖਮ ਰਿਤੂ । ਖੁਸ਼ੀ ਪੈਦਾ ਕਰਦਾ ਹੈ ।

ਰਾਗ ਮਾਲ ਵਿਚ ਦੀਪਕ ਦਾ ਪੁਤ੍ਰ ਲਿਖਦੇ ਹਨ :

"ਗਉਰਾ ਅਉ ਕਾਨੜਾ ਕਲ੍ਹਾਨਾ ॥" ਪਰੰਤੂ 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਇਸ ਨੂੰ ਮੇਘ ਦਾ ਪੁਤ੍ਰ ਲਿਖਿਆ ਹੈ । ਇਹ ਰਾਗ ਸੰਪੂਰਣ ਹੈ । ਪ ਧ ਨੀ ਸਾ ਰੇ ਗ ਮ ਪ ।"

(ਗੁਰਮਤ ਸੰਗੀਤ ਪਰ ਹੁਣ ਤਕ ਮਿਲੀ, ਖੋਜ ਪੰਨਾ 38)

ਉਪਰੋਕਤ ਹਵਾਲਿਆਂ ਤੇ ਬਹੁਤੀ ਟੀਕਾ ਟਿੱਪਣੀ ਕਰਨ ਦੀ ਲੋੜ ਨਹੀਂ ਜਾਪਦੀ । ਡਾ. ਸਾਹਿਬ ਦੇ ਵਿਚਾਰ ਬੜੇ ਸਪਸ਼ਟ ਹਨ ਜਿਨ੍ਹਾਂ ਤੋਂ ਇਕ ਸਾਧਾਰਨ ਪਾਠਕ ਵੀ ਆਪ ਦੀ ਵਿਦਵਤਾ ਦਾ ਅਨੁਮਾਨ ਸਹਿਜੇ ਹੀ ਲਗਾ ਸਕਦਾ ਹੈ ਕਿ ਉਹ ਆਪਣੇ ਸਮੇਂ ਦੇ ਕਿੰਨੇ ਮਹਾਨ ਖੋਜਕਾਰ ਸਨ । ਪਰੰਤੂ ਇਕ ਸੰਗੀਤ ਜਗਿਆਸੂ ਦੇ ਮਨ ਵਿਚ ਇਕ ਸੰਦੇਹਾਤਮਕ ਪ੍ਰਸ਼ਨ ਆਵੱਸ਼ ਉਤਪੰਨ ਹੁੰਦਾ ਹੈ ਕਿ ਇਨ੍ਹਾਂ ਮੱਤ ਮੱਤਾਂਤਰਾਂ ਵਿਚ ਇਕ ਹੀ ਰਾਗ ਬਾਰੇ ਇਤਨਾ ਵਿਰੋਧਾਭਾਸ ਕਿਉਂ ਹੈ ? ਗੁਰੂ ਗ੍ਰੰਥ ਵਿਚ ਦਰਜ ਰਾਗ ਮਾਲਾ ਵਿਚ ਇਹ ਦੀਪਕ ਦਾ ਪੁਤਰ ਭਰਤ ਅਤੇ

ਹਨੁਵੰਤ ਵਿਚ ਮੇਘ ਪੁਤਰ, ਭਰਤ ਵਿਚ ਭੈਰਵ ਦੀ ਰਾਗਨੀ ਅਤੇ ਸੁਰ ਤਾਲ ਸਮੂਹ ਵਿਚ ਦੀਪਕ ਦੀ ਰਾਗਣੀ ਦਾ ਹੈ।

ਸੰਗੀਤ ਪਥਿਕ ਦੇ ਚਿਤ ਦੀ ਪਿਆਸ ਤਾਂ ਇਸ ਰਾਗ ਦੇ ਸਰੋਵਰ ਦੇ ਨਾਦਾਤਮਕ ਸਰੂਪ ਨਾਲ ਤ੍ਰਿਪਤ ਹੋਣੀ ਹੈ ਉਸ ਤੋਂ ਇਹ ਹਵਾਲੇ ਕਈ ਜੋਜਨ ਦੂਰ ਲੈ ਜਾਂਦੇ ਹਨ। ਇਸ ਸਮੱਸਿਆ ਦਾ ਸਮਾਧਾਨ ਕਰਨ ਲਈ ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਸ ਨੂੰ "ਰਾਗੁ ਕਾਨੜਾ" ਨਾਮ ਦੇ ਕੇ ਨਿਵਾਜਿਆ ਗਿਆ ਹੈ।

## ਰਾਗ ਕਾਨੜਾ

```
                ਮ     ਨੀ̱
ਆਰੋਹ     :  ਸਾ ਰੇ ਗ̱ ਮ ਪ ਧ̱, ਨੀ̱ ਸਾਂ
              ਨੀ̱              ਮ   ਮ
ਅਵਰੋਹ    :  ਸਾਂ ਧ̱, ਨੀ̱ ਪ, ਮ ਪ, ਗ̱ ਗ̱, ਮ ਰੇ, ਸਾ।
                ਮ  ਮ
ਮੁੱਖ ਅੰਗ  :  ਸਾ ਰੇ ਗ̱ ਗ̱, ਮ ਰੇ ਸਾ, ਨੀ̱̣ ਸਾ ਰੇ ਧ̱̣ ਨੀ̱̣ ਪ̣ ਸਾ।
```

## ਸੁਰ ਵਿਸਤਾਰ

1. ਸਾ, ਨੀ̱̣ ਨੀ̱̣ ਸਾ, ਨੀ̱̣ ਸਾਰੇ ਧ̱̣ ਧ̱̣, ਸਾ ਨੀ̱̣ ਸਾ, ਨੀ̱̣ ਸਾ ਰੇ ਨੀ̱̣ ਸਾ ਧ̱̣ ਧ̱̣ ਨੀ̱̣ ਮ̣ ਪ̣ ਧ̱̣ ਧ̱̣ ਨੀ̱̣ ਪ̣, ਨੀ̱̣ ਨੀ̱̣ ਪ̣ ਮ̣ ਪ̣, ਮ̣ ਪ̣ ਧ̱̣ ਧ̱̣ ਨੀ̱̣ ਪ̣, ਮ̣ ਪ̣ ਨੀ̱̣ ਮ̣ ਪ̣ ਗ̱ ਗ̱ ਮ̣ ਰੇ ਸਾ, ਮ̣ ਪ̣ ਧ̱̣ ਧ̱̣ ਨੀ̱̣ ਪ̣, ਮ̣ ਪ̣ ਧ̱̣ ਧ̱̣ ਨੀ̱̣ ਨੀ̱̣ ਸਾ, ਰੇ ਰੇ ਸਾ ਨੀ̱̣ਸਾ, ਸਾਸਾ ਨੀ̱̣ ਧ̱̣ ਨੀ̱̣, ਪ̣ ਮ̣ ਪ̣, ਮ̣ ਪ̣ ਧ̱̣ ਧ̱̣ ਨੀ̱̣ ਧ̱̣ ਨੀ̱̣ ਪ̣ ਮ̣ ਪ̣ ਸਾ, ਨੀ̱̣ ਨੀ̱̣ ਰੇ ਸਾ।

2. ਸਾ, ਨੀ̱̣ ਸਾ ਰੇ, ਸਾਰੇ, ਸਾ ਰੇ ਨੀ̱̣ ਸਾ, ਧ̱̣ ਨੀ̱̣ ਸਾਰੇ, ਧ̱̣ ਨੀ̱̣ ਰੇ, ਰੇਸਾ, ਰੇ ਧ̱̣, ਮ̣ ਮ̣ ਸਾ, ਧ̱̣ ਨੀ̱̣ ਸਾ ਰੇ, ਧ̱̣ ਧ̱̣ ਰੇ, ਮ̣ ਪ̣ ਧ̱̣ ਧ̱̣ ਰੇ, ਮ̣ ਪ̣ ਧ̱̣ ਧ̱̣ ਨੀ̱̣ ਪ̣ ਮ̣ ਪ̣ ਧ̱̣ ਨੀ̱̣ ਰੇ, ਸਾ ਰੇ ਗ̱ ਗ̱ (ਮ) ਰੇ ਸਾ, ਰੇ ਨੀ̱̣ ਸਾ ਰੇ ਗ̱ ਗ̱, ਰੇ ਗ̱ - ਰੇ ਗ̱ ਸਾ,

```
              ਮ ਮ
ਰੇ ਰੇ ਸਾ ਨੀ̱̣ ਧ̱̣ ਨੀ̱ ਸਾ ਰੇ ਪ ਗ̱ ਗ̱, ਮ ਰੇ ਸਾ, ਨੀ̱ ਨੀ̱ ਰੇ ਸਾ।
```

```
     ਮ  ਮ
3. ਸਾਰੇ ਗ̱ ਗ̱, ਮ ਰੇ ਸਾ, ਮ ਪ ਗ̱ ਗ̱, ਮ ਰੇ ਸਾਰੇ, ਸਾ, ਨੀ̱̣ ਸਾਰੇ ਧ̱̣
```
ਧ̱̣ ਨੀ̱̣ ਪ̣, ਮ̣ ਪ̣ ਮ̣ ਪ̣ ਧ̱̣ ਧ̱̣ ਨੀ̱̣ ਮ̣ ਪ̣, ਮ ਪ ਧ̱ ਧ̱ ਨੀ̱ ਮ ਪ ਧਨੀ̱ ਮ ਪ ਗ̱ ਨੀ̱ ਪ ਮ

ਮ ਮ
ਪ ਗੁ, ਮਪ ਨੀ ਗੁ ਗੁ, ਮ ਰੇ ਸਾ, ਰੇ, ਸਾ, ਨੀ ਨੀ ਸਾ ।

4. ਰੇ ਰੇ ਸਾਨੀ ਸਾਰੇ ਗੁ ਗੁ, ਮ ਪ ਨੀ ਨੀ ਧੁ ਧੁ ਨੀਪ, ਮ ਪਸਾਂ ਧੁ ਧੁ ਨੀ ਪ ਮ ਪ ਧੁ ਧੁ ਨੀ ਸਾਂ, ਨੀ ਸਾਂ, ਮ ਪ ਧੁ ਨੀ ਰੇਂ ਸਾਂ ਸਾਂ, ਸਾਂ ਰੇਂ ਨੀ ਸਾਂ ਧੁ ਨੀ ਸਾਂ ਰੇਂ ਧੁ ਧੁ ਨੀ ਪ, ਮ ਪ ਧੁ ਨੀ ਸਾਂ ਰੇਂ ਗੁੰ ਗੁੰ ਰੇਂ ਧੁ, ਨੀ ਰੇਂ ਸਾਂ ਰੇਂ ਰੇ ਸਾਂ ਨੀ ਧੁ ਨੀ ਸਾਂ ਰੇਂ ਗੁੰ ਗੁੰ ਮੰੜ੍ਹ ਰੇਂ ਸਾਂ ਸਾਂ, ਰੇਂ ਰੇਂ ਸਾਂ ਨੀ ਸਾਂ ਰੇਂ ਨੀ ਸਾਂ ਰੇਂ ਧੁ ਨੀ ਪ, ਮ ਪ ਸਾਂ ਧੁ ਧੁ ਨੀ

ਮ ਮ
ਪ, ਮਪ ਨੀ ਪ ਮ ਪ ਸਾਂ, ਨੀ ਪ ਗੁ ਗੁ, ਮ ਰੇ ਸਾ, ਰੇ ਧੁ ਨੀ ਰੇ ਸਾ, ਨੀ ਨੀ ਰੇ ਸਾ ।

## ਰਾਗ ਕਾਨੜਾ (ਦੂਜਾ ਪ੍ਰਕਾਰ)

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸ਼ੁੱਧ ਕਾਨੜਾ ਦੇ ਰਾਗ ਰੂਪ ਵਿਚ ਸਾਰੰਗ ਦਾ ਅੰਗ ਵਧੇਰੇ ਚਮਕਦਾ ਹੈ। ਕੁਝ ਹੋਰਨਾਂ ਦਾ ਕਥਨ ਹੈ ਕਿ "ਸਾਰੰਗ ਦੇ ਸੁਰਾਂ ਵਿਚ ਹੀ ਕੋਮਲ ਗੰਧਾਰ ਅਤੇ ਧੈਵਤ ਦੇ ਵਕਰ ਪ੍ਰਯੋਗ ਦੁਆਰਾ ਕਾਨੜਾ ਅੰਗ ਦੀ ਰਚਨਾ ਹੋਈ ਹੈ।" ਇਸ ਲਈ ਸੰਗੀਤਕਾਰਾਂ ਵਿਚ ਇਹ ਮਾਨਤਾ ਪ੍ਰਚਲਿਤ ਹੈ ਕਿ ਕਾਨੜਾ ਰਾਗ ਦੀਆਂ ਤਾਨਾਂ ਵਿਚ ਸਾਰੰਗ ਦੀ ਪ੍ਰਧਾਨਤਾ ਹੈ।

ਕਾਨੜੇ ਦਾ ਇਹ ਦੂਜਾ ਪ੍ਰਕਾਰ ਜਿਸ ਦੇ ਸੰਬੰਧ ਵਿਚ ਮੱਧ ਕਾਲੀਨ ਗ੍ਰੰਥਕਾਰ ਵੀ ਉਲੇਖ ਕਰਦੇ ਹਨ, ਪੁਰਾਤਨਤਾ ਦੇ ਵਧੇਰੇ ਨਿਕਟ ਹੈ। ਇਸ ਨੂੰ ਸ਼ੁੱਧ ਕਾਨੜਾ ਜਾਂ ਕੇਵਲ ਕਾਨੜਾ ਨਾਮ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਗੁਰਬਾਣੀ ਦੇ ਕੀਰਤਨਕਾਰਾਂ (ਰਾਗੀਆਂ ਅਤੇ ਰਬਾਬੀਆਂ) ਵਿਚ ਇਸੇ ਰਾਗ ਰੂਪ ਦਾ ਪ੍ਰਚਲਨ ਵਧੇਰੇ ਹੈ। ਕਾਨੜੇ ਦਾ ਇਹ ਸਰੂਪ ਪੁਰਾਤਨ ਹੋਣ ਦੇ ਨਾਲ ਨਾਲ ਅਤਿਅੰਤ ਮਨੋਹਰ ਅਤੇ ਪ੍ਰਭਾਵਸ਼ਾਲੀ ਵੀ ਹੈ।

ਕਾਨੜੇ ਦੇ ਇਸ ਨਾਦ ਰੂਪ ਦੀ ਉਤਪਤੀ ਵਿਦਵਾਨਾਂ ਨੇ ਕਾਫੀ ਥਾਟ ਤੋਂ ਮੰਨੀ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਧੈਵਤ ਵਰਜਿਤ ਹੈ ਅਤੇ ਅਵਰੋਹ ਵਿਚ ਧੈਵਤ ਅਤੇ ਗੰਧਾਰ ਵਕਰ ਢੰਗ ਨਾਲ ਪ੍ਰਯੋਗ ਕੀਤੇ ਜਾਂਦੇ ਹਨ ਇਸ ਕਾਰਣ ਇਸ ਦੀ ਜਾਤੀ ਸ਼ਾਡਵ-ਵਕਰ ਸੰਪੂਰਣ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ਡਜ ਹੈ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੈ। ਇਸ ਵਿਚ "ਰੇਪ" ਸੁਰ ਸੰਗਤੀ ਬਹੁਤ ਮਹੱਤਵਪੂਰਣ ਹੈ।

ਮ
ਆਰੋਹ : ਸਾਂ ਰੇ ਗੁ, ਮ ਪ, ਨੀਸਾਂ

ਮ ਮ
ਅਵਰੋਹ : ਸਾਂ, ਨੀਧ ਨੀਪ, ਮ ਪ ਗੁ ਗੁ, ਮ, ਰੇ ਸਾ।

ਮ ਮ
ਮੁੱਖ ਅੰਗ : ਨ਼ੀਸਾ, ਰੇਪ, ਗੁ ਗੁ, ਮ ਰੇ ਸਾਂ।

## ਸੁਰ ਵਿਸਤਾਰ (ਕਾਨੜਾ ਦੂਜਾ ਪ੍ਰਕਾਰ)

1. ਸਾ, ਸਾ ਰੇ ਸਾ ਸਾ, ਨ਼ੀ ਨ਼ੀ, ਸਾ, ਨ਼ੀ ਸਾ ਰੇ ਸਾ, ਨ਼ੀ ਸਾ ਨ਼ੀ ਪ̣, ਮ̣ ਪ̣
ਨ਼ੀ ਧ̣ ਨ਼ੀ ਪ̣, ਮ̣ ਪ̣ ਨ਼ੀ ਨ਼ੀ ਸਾ, ਨ਼ੀ ਨ਼ੀ ਧ̣ ਨ਼ੀ ਪ̣ ਨ਼ੀ ਮ̣ ਪ̣ ਨ਼ੀ ਨ਼ੀ ਸਾ, ਪ̣ ਨ਼ੀ ਸਾ

ਮ ਮ
ਰੇ, ਗੁ ਗੁ, ਮ ਰੇ ਸਾ ਨ਼ੀ ਸਾ ਰੇ ਪ, ਮ ਪ ਗੁ ਗੁ, ਮ, ਰੇ ਸਾ ਨ਼ੀ ਪ̣ ਮ̣ ਨ਼ੀ ਨ਼ੀਸਾ
ਨ਼ੀ ਨ਼ੀ ਰੇ ਸ।

ਮ ਮ ਮ ਮ
2. ਸਾਰੇ ਗੁ ਗੁ, ਮ ਰੇ ਸ, ਨ਼ੀ ਸਾਰੇ, ਸਾਰੇ ਗੁ ਗੁ ਮ ਰੇ ਸਾ, ਰੇਪ, ਮ ਪ
ਮ ਮ
ਨ਼ੀ ਪ ਮ ਪ ਨ਼ੀ ਧ ਨ਼ੀਪ, ਨ਼ੀ ਨ਼ੀ ਪ ਮ ਪ, ਮ ਪ ਗੁ ਗੁ ਮ ਰੇ ਸ, ਰੇਪ ਮਪ ਗੁ ਗੁ
ਮ ਪ ਨ਼ੀ ਧ ਨ਼ੀ ਪ, ਮ ਪ ਨੀ ਨੀਸਾਂ, ਨ਼ੀ ਧ̣ ਨ਼ੀਪ, ਮ ਪ ਨੀਸਾਂ ਨ਼ੀ ਪ, ਨ਼ੀ ਨ਼ੀ ਪ ਮ
ਮ ਮ
ਪ, ਪ ਪ ਮ ਗੁ ਮ̣ ਮ ਗੁ ਮ ਰੇ ਸਾ ਰੇ, ਰੇ ਪ, ਮ ਪ ਗੁ ਗੁ ਮ, ਰੇ ਸਾ, ਨ਼ੀ ਪ̣ ਮ̣ ਪ̣
ਨ਼ੀ ਨ਼ੀ ਸਾ, ਨ਼ੀ ਨ਼ੀ ਰੇ ਸਾ।

3. ਮਪ ਨ਼ੀਪ, ਮ ਪ ਨ਼ੀਧ ਨ਼ੀਪ, ਮਪ ਨੀ ਨੀਸਾਂ, ਨ਼ੀ ਪ ਮ ਪ ਨੀ ਨ਼ੀ ਸਾਂ,
ਮ ਪ ਨੀਸਾਂ ਰੇਂ ਸਾਂ, ਪਰੇਂ ਸਾਂ ਰੇਂ ਨੀ ਸਾਂ ਨ਼ੀ ਧ ਨ਼ੀ ਪ, ਮ ਪ ਨੀ ਨੀ ਰੇਂ ਸਾਂ, ਮ ਪ
ਨੀ ਸਾਂ ਰੇਂ ਰੇ, ਰੇਂ, ਸਾਂ ਰੇਂ ਗੁਂ ਗੁਂ ਮਂ, ਰੇਂ ਸਾਂ, ਮਂ ਮ ਰੇਂ ਸਾ ਨੀ ਸਾਂ ਰੇਂ ਪਂ, ਗੁਂ
ਗਂ ਮਂ ਰੇਂ ਸਾਂ ਮਂ ਮਂ ਰੇਂ ਸਾਂ ਨੀ ਸਾਂ ਰੇਂ ਸਾਂ ਨੀਸਾਂ, ਨ਼ੀ ਪ, ਮ ਪ ਨੀਸਾਂ ਰੇਂ ਸਾਂ ਨੀਸਾਂ ਨ਼ੀਧ
ਮ ਮ
ਨ਼ੀਪ, ਨ਼ੀਪ, ਮ ਪ ਸਾਂ ਨ਼ੀ ਧ ਨ਼ੀ ਪ, ਮ ਪ ਨ਼ੀ ਪ, ਮ ਪ ਗੁ ਗੁ, ਮ, ਰੇ ਸਾ, ਰੇ
ਮ ਮ
ਪ ਮਪ ਗੁ ਗੁ ਮ, ਰੇ ਸਾ ਨ਼ੀ ਧ̣ ਨ਼ੀ ਪ̣ ਮ̣ ਪ̣ ਨ਼ੀ ਨ਼ੀ ਸਾ।

## ਕਾਨੜੇ ਦਾ ਤੀਜਾ ਪ੍ਰਕਾਰ

ਕਾਨੜੇ ਦੇ ਇਸ ਤੀਜੇ ਪ੍ਰਕਾਰ ਦੀ ਰੂਪ ਰੇਖਾ ਲਗਭਗ ਕਾਨੜੇ ਦੇ ਉਪਰੋਕਤ ਵਰਣਿਤ ਦੂਜੇ ਪ੍ਰਕਾਰ ਦੇ ਹੀ ਸਦ੍ਰਿਸ਼ ਹੈ ਪਰੰਤੂ ਭੇਦ ਕੇਵਲ ਇਤਨਾ ਹੀ ਹੈ ਕਿ ਇਸ ਵਿਚ ਧੈਵਤ ਸੁਰ ਮੂਲੋਂ ਹੀ ਵਰਜਿਤ ਰਹਿੰਦਾ ਹੈ ਅਰਥਾਤ ਕਾਨੜੇ ਦੇ ਦੂਜੇ ਪ੍ਰਕਾਰ ਵਿਚ ਧੈਵਤ ਵਰਜਿਤ ਕਰਨ ਤੋਂ ਇਸ ਤੀਜੇ ਪ੍ਰਕਾਰ ਦੀ ਰਚਨਾ ਹੋ ਜਾਂਦੀ ਹੈ। ਇਸ ਲਈ ਇਸ ਰਾਗ ਦਾ ਪਰਿਚਯ ਦੇਣ ਲਈ ਪੁਨਰਾਵ੍ਰਿਤ ਕਰਨ ਦੀ ਲੋੜ ਨਹੀਂ ਪ੍ਰਤੀਤ ਹੁੰਦੀ।

ਕਾਨੜਾ ਮਹਲਾ ੪ ਪੜਤਾਲ ਘਰੁ ੫

ੴ ਸਤਿਗੁਰ ਪ੍ਰਸਾਦਿ ॥

ਮਨ ਜਾਪਹੁ ਰਾਮ ਗੁਪਾਲ ॥ ਹਰਿ ਰਤਨ ਜਵੇਹਰ ਲਾਲ''
ਹਰਿ ਗੁਰਮੁਖਿ ਘੜਿ ਟਕਸਾਲ ॥ ਹਰਿ ਹੋ ਹੋ ਕਿਰਪਾਲ ॥ ੧ ॥ ਰਹਾਉ ॥
ਤੁਮਰੇ ਗੁਨ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ
ਰਾਮ ਰਾਮ ਰਾਮ ਰਾਮ ਲਾਲ ॥
ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ
ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥ ੧ ॥
ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ
ਮੇਰੇ ਮਨਿ ਤਨਿ ਜੀਹ ਹਰਿ ਹਰੇ ਹਰੇ ਰਾਮ ਨਾਮ ਧਨੁ ਮਾਲ ॥
ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ
ਹਉ ਬਲਿ ਬਲੇ ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ॥ ੨ ॥ ੧ ॥

(ਗੁ. ਗ੍ਰੰ. ਪੰਨਾ ੧੨੯੬)

## ਰਾਗ ਕਾਨੜਾ ਪੜਤਾਲ (ਪਹਿਲਾ ਪ੍ਰਕਾਰ) ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | ਸਥਾਈ : | | | ਸਾਸਾ | ਰੇਸਾ | ਨ਼ੀਸਾ | ਰੇ | - | ਰੇ | ਸਾ | ਰੇਪ | ਮਪ |
| | | | | | | | ਮਨ | ਜਾS | S | ਪਹੁ | S | ਰਾ | S | ਮS | ਗੁS |
| ਮਗੁ | - | ਮਗੁ | ਮ | ਰੇ | ਸਾ | ਸਾ | ਸਾਸਾ | ਰੇਸਾ | ਨ਼ੀਸਾ | ਰੇ | - | ਰੇਮ | ਪਨ਼ੀ | ਮ | ਪ |
| ਪਾ | SS | SS | S | S | S | ਲ | ਮਨ | ਜਾS | SS | ਪਹੁ | S | ਰਾS | SS | ਮ | ਗੁ |
| ਮਗੁ | - | ਮਗੁ | ਮ | ਰੇ | ਸਾ | ਸਾ | ਸਾ | ਸਾਸਾ | ਸਾਸਾ | ਸਾ | ਸਾ | ਨ਼ੀਸਾ | ਰੇਮ | - | ਰੇਸਾ |
| ਪਾ | SS | SS | S | S | S | S | ਲ | ਹਰਿ | ਰਤ | ਨ | ਜ | ਵੇS | SS | S | ਹਰ |
| ਨ਼ੀਧ਼ੁ | - | ਨ਼ੀਧ਼ੁ | ਨ਼ੀ | ਨ਼ੀ | ਪ਼ | ਪ਼ | ਪ਼ | ਪ਼ਪ਼ | ਮਪ਼ | ਪ਼ | ਪ਼ | ਧ਼ | ਧ਼ | ਨ਼ੀ | ਰੇ |
| ਲਾS | S | SS | S | S | S | S | ਲ | ਹਰਿ | ਗੁਰ | ਮੁ | ਖਿ | ਘ | ਝ | ਟ | ਕ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਰੇ | ਸਾ | - | - | - | - | - | ਸਾ | ਮ | ਮ | ਮ | - | ਪ | - | ਮਪ | ਨ਼ੀਪ |
| ਸਾ | S | S | S | S | S | S | ਲ | ਹ | ਰਿ | ਹੰ | S | ਹੰ | S | ਕਿS | ਰS |
| ਮਗ਼ | - | ਮਗ਼ | ਮ | ਰੇ | - | ਸਾ | ਸਾ | ਮ | ਮ | ਪ | - | ਮਪਧ਼ਨੀ | ਸਾਂ | - | ਨ਼ੀਪ |
| ਪਾS | S | SS | S | S | S | S | ਲ | ਹਰਿ | ਹੰ | S | | ਹੰSSS | S | S | ਕਿਰ |
| ਮਗ਼ | - | ਮਗ਼ | ਮ | ਰੇ | - | ਸਾ | | | | | | | | | |
| ਪਾS | S | SS | S | S | S | ਲ | | | | | | | | | |

## ਅੰਤਰਾ : ਇਕਤਾਲ ਦ੍ਰੁਤ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਮ | ਪ | ਨ਼ੀ ਧ਼ | ਨ਼ੀ ਧ਼ | ਨ਼ੀ | ਨ਼ੀ | ਸਾਂ | ਸਾਂਸਾਂ | ਨ਼ੀ | ਸਾਂ | ਸਾਂ | ਸਾਂ |
| ਤੁ | ਮ | ਰੇ | ऽ | ਗੁ | ਨ | ਅ | ਗਮ | ਅ | ਗੰ | ਚ | ਰ |
| ਰੇਂ | - | ਰੇਂ | ਰੇਂ | -ਰੇਂ | ਸਾਂ | ਨ਼ੀ | ਸਾਂ | ਰੇਂ | ਨ਼ੀਧ਼ | ਨ਼ੀ | ਪ |
| ਏ | | ਕ | ਜੀ | ऽਹ | ਕਿਆ | ਕ | ਥੈ | ਖਿ | ਚਾऽ | ऽ | ਰੀ |
| ਰੇ | ਰੇਂ | ਜੰ | ਰੇਂ | ਰੇ | ਸਾਂਰੇਂ | ਗੁ | ਗੁ | ਮੰ | ਰੇਂ | - | ਸ |
| ਰਾ | ਮ | ਰਾ | ਮ | ਰਾ | ਮऽ | ਰਾ | ਮऽ | ਮ | ਲਾ | ऽ | ਲ |

## ਦੀਪ ਚੰਦੀ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | | ਨੀ | ਨੀ | | | | | | |
| ਪ | ਰੇ | - | | ਸਾਂ | · | ਸਾਂ | ਰੇ | ਧੁ | ਧੁ | ਨੀ | | ਪ | - | - | - |
| ਤੁ | ਮ | ऽ | | ਰੀ | ऽ | ਜੀ | ਅ | ਕ | ਥ | ਕ | | ਥਾ | ऽ | ऽ | ऽ |
| ਨੀਮ | - | | | ਪ | - | ਮਪ | ਨੀਸਾਂ | ਗੁ | ਗੁ | ਮ | | ਰੇ | - | ਸਾਂ | ਸਾਂ |
| ਤੂ | ऽ | ऽ | | ਤੂ | ऽ | ऽऽ | ऽऽ | ਤੂ | ऽ | ਹੀ | | ਜਾ | ऽ | ਨਹਿ | ਹਉ |
| ਮਮ | ਪ | ਪ | | ਨੀ | ਮ | ਪ | ਮਪ | ਧੁਨੀ | ਸਾਂ | ਸਾਂ | | ਨੀ | ਪ | ਮਪ | ਨੀਪ |
| ਹਰਿ | ਜ | ਪਿ | | ਭ | ਈ | ऽ | ਨਿ | ਹਾऽ | ऽऽ | ਲ | ਨਿ | ਹਾऽ | ऽ | ਲੁऽ | ਨਿऽ |

## ਤਿੰਨ ਤਾਲ

| | | | | | | | |
|---|---|---|---|---|---|---|---|
| ਗੁ | - | ਗੁਮ | | ਰੇ | ਸਾ | ਸਾ | ਸਾ:ਸਾ |
| ਹਾ | ऽ | ऽ | ऽ | ऽ | ऽ | ਲੁ | ਮਨ |

## ਦੂਜਾ ਅੰਤਰਾ ਚਾਰ ਤਾਲ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਮ | ਪ | ਨੀ ਧ | ਨੀ ਧ੍ | ਨੀ | ਨੀ | ਸਾਂ | -ਸਾਂ | ਨੀ | ਸਾਂ | - | - |
| ਹ | ਮ | ਰੇ | ऽ | ਹ | ਰਿ | ਪ੍ਰਾ | ऽਨ | ਸ | ਖਾ | ऽ | ऽ |
| ਰੇਂ | - | ਰੇਂ | - | ਰੇਂ | ਸਾਂ | ਨੀ | ਸਾਂ | ਰੇਂ | ਨੀਧ੍ | ਨੀ | ਪ |
| ਸੁਆ | ऽ | ਮੀ | ऽ | ਹ | ਰਿ | ਮੀ | ऽ | ऽ | ਤਾऽ | ऽ | ऽ |

## ਆੜਾ ਚਾਰ ਤਾਲ

| | | | | | | | | | | | | | |
|---|---|---|---|---|---|---|---|---|---|---|---|---|---|
| X | | 2 | | 0 | | 3 | | 0 | | 4 | | 0 | |
| ਧ | - | ਰੇ | | ਰੇ | ਨ਼ੀ | ਸਾ | | ਰੇ | ਸਾ | ਨ਼ੀਧ਼ | ਨ਼ੀਧ਼ | ਨ਼ੀ | ਨ਼ੀ |
| ਮੇ | ऽ | ਰੇ | ਮ | ਨਿ | ਤ | ਨਿ | ; | ਜੀ | ਹ | ਹਰਿ | | ਹ | ਰੇ |
| ਧਾ | - | - | - | ਮ | ਪ | ਮਪ | ਧ਼ਨ਼ੀ | ਸਾ | ਨ਼ੀ | - | ਪ | ਮਪ | ਨ਼ੀਪ |
| ऽ | ऽ | ऽ | ऽ | ਹ | ਰੇ | ਰਾऽ | ऽऽ | ਮ | ਨਾ | ऽ | ਮ | ਧऽ | ਨऽ |

## ਤਿੰਨ ਤਾਲ

| | | | | | | | |
|---|---|---|---|---|---|---|---|
| X | | | | 2 | | | |
| ਮਗ | - | ਮਗ | ਮ | ਰੇ | ਸਾ | ਸਾ | ਸਾਸਾ |
| ਮਾ | ऽ | ऽ | ऽ | ऽ | ऽ | ਲ | ਮਨ |

## ਤਿੰਨ ਤਾਲ (ਦੁਗੁਨ ਲੈਅ)

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਮ | - | ਪ | - | ਨੀ̱ ਧ | ਨੀ̱ ਧ | ਨੀ̱ | ਨੀ̱ | ਸਾਂ | ਸਾਂ | ਸਾਂ | ਨੀ̱ | ਸਾਂ | - | - | ਸਾਂ |
| ਜਾ | S | ਬੰ | S | ਭ੍ਰਾ | ਗੁ | ਤਿ | ਨ | ਲੀ | ੳ | ਰੀ | ਸੁ | ਹਾ | S | S | ਗੁ |
| ਰੇਂ | ਰੇਂ | ਰੇਂ | ਸਾਂਸਾਂ | ਰੇਂ | ਰੇਂ | ਰੇਂ | ਰੇਂ | ਨੀ̱ | ਸਾਂ | ਰੇਂ | ਸਾਂ | ਧ̱ | ਨੀ̱ | ਪ | ਪ |
| ਹ | ਰਿ | ਹ | ਰਿ | ਹ | ਰੇ | ਹ | ਰੇ | ਗੁ | ਨ | ਗਾ | ਵੈ | ਗੁ | ਰ | ਮ | ਤਿ |
| ਪ | ਗੁਂ | ਗੁਂ | ਮਂ | ਰੇਂ | ਸਾਂ | ਸਾਂ | ਨੀ̱ | ਸਾਂ | ਰੇਂਸਾਂ | ਧ̱ | ਨੀ̱ | ਪ | ਪ | ਮ | ਪ |
| ਹਉ | ਬ | ਲਿ | ਬ | ਲੇ | S | ਹਉ | ਬ | ਲਿ | ਬS | ਲੇ | S | ਜ | ਨ | ਨਾ | ਨ |
| ਪ | ਧ̱ | ਧ̱ | ਨੀ̱ | ਪ | ਨੀ̱ | ਮ | ਪ | ਮਪ | ਧ̱ਨੀ̱ | ਸਾਂ | ਸਾਂ | ਨੀ̱ | ਪ | ਮਪ | ਨੀ̱ਪ |
| ਕ | ਹ | ਰਿ | ਜ | ਪਿ | ਭ | ਈ | ਨਿ | ਹਾS | SS | ਲ | ਨਿ | ਹਾ | S | ਲS | ਨਿS |
| ਗੁ | - | ਗੁ | ਮ | ਰੇ | ਸਾ | ਸਾ, | ਸਾਸਾ | | | | | | | | |
| ਹਾ | S | S | S | S | S | ਲ, | ਮਨ | | | | | | | | |

## ਕਾਨੜਾ ਮਹਲਾ ੫ ॥

ਜੀਅ ਪ੍ਰਾਨ ਮਾਨ ਦਾਤਾ ॥ ਹਰਿ ਬਿਸਰਤੇ ਹੀ ਹਾਨਿ ॥ ੧ ॥ ਰਹਾਉ ॥
ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥
ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥ ੧ ॥
ਕਾਮ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥ ੨ ॥ ੧੨ ॥ ੩੧ ॥

(ਗੁ. ਗ੍ਰੰ. ਪੰਨਾ ੧੩੦੩)

## ਰਾਗ ਕਾਨੜਾ ਇਕਤਾਲ (ਧੈਵਤ ਸ਼ੁੱਧ ਨਿਸ਼ਾਦ ਦੋਵੇਂ)

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | ਸਥਾਈ : | | | | | | |
| ਰੇ | - | ਰੇ | ਰੇ | ਸਾ | ਰੇਪ | ਗ॒ | ਗ॒ | ਮ | ਰੇ | ऽ | ਸਾ |
| ਜੀ | ऽ | ਅ | ਪੂ | ऽ | ਨऽ | ' | ऽ | ਨ | ਦਾ | ऽ | ਤਾ |
| ਰੇ | - | ਸਾ | ਰੇਮ | ਪਨ਼ੀ | ਮਪ | ਗ॒ | ਗ॒ | ਮ | ਰੇ | ਸਾ | ਸਾਸਾ |
| ਜੀ | ऽ | ਅ | ਪੂऽ | ऽऽ | ਨऽ | ਮਾ | ऽ | ਨ | ਦਾ | ਤਾ | ਹਰਿ |
| ਸਾ | ਸਾ | ਸਾ | ਨ਼ੀਸਾ | ਰੇਮ | ਰੇਸਾ | ਨ਼ੀ | ਧ਼ | ਨ਼ੀ | ਮ਼ | ਪ਼ | ਪ਼ |
| ਬਿ | ਸ | ਰ | ਤੇऽ | ऽऽ | ਹੀऽ | ਹਾ | ऽ | ऽ | ऽ | ऽ | ਨਿ |

ਅੰਤਰਾ :

| | | | | | | | | | | | |
|---|---|---|---|---|---|---|---|---|---|---|---|
| ਮ | ਮ | ਪਨ਼ੀ | ਨ਼ੀਪ | ਮ | ਪ | ਮਪ | ਨ਼ੀਸਾਂ | ਨੀ | ਸਾਂ | - | ਸਾਂ |
| ਗਾਂ | ਬਿੰ | ਦ | ਤਿਆਂS | S | ਗਿ | ਆਂS | SS | ਨ | ਲਾ | S | ਗਹਿ |
| ਸਾਂਰੇਂ | ਰੇ | ਰੇਂ | ਰੇਂ | ਸਾਂ | ਰੇਂ | ਗੁਂ | ਗੁਂ | ਮਂ | ਰੇਂ | - | ਸਾਂ |
| ਅੰS | ਮ੍ਰਿ | ਤੇ | ਡਾ | ਰਿ | S | ਬੂ | S | ਮਿ | ਪਾ | S | ਗਹਿ |
| ਪ | ਰੇਂ | - | ਸਾਂ | ਸਾਂ | ਰੇਂ | ਨੀ | -ਸਾਂ | ਸਾਂਸਾਂ | ਨ਼ੀ | ਨ਼ੀ | ਪ |
| ਬਿ | ਖੈ | S | ਰ | ਸ | ਜਿਉ | ਆ | Sਸ | ਕਤ | ਮੂ | S | ਤੇ |
| ਮ | ਪ | ਮਪ | ਨੀਸਾਂ | ਨ਼ੀ | ਪ | ਨ਼ੀਪ | ਮਪ | ਗੁਮ | ਰੇਸਾ | ਰੇਸਾ | ਨ਼ੀਸਾ |
| ਕਾ | S | ਰੇS | SS | ਸੁ | ਖ | ਮਾS | SS | SS | SS | SS | ਨਿS |

# ਰਾਗ ਕਲਿਆਨ

ਭਾਰਤੀ ਸੰਗੀਤ ਵਿਚ ਕਲਿਆਨ ਇਕ ਮਹੱਤਵਪੂਰਣ ਰਾਗ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਰਾਗ-ਭੇਦ ਅਨੁਸਾਰ ਕਲਿਆਨ ਰਾਗ ਦੇ ਅਧੀਨ ਇਕ ਹੋਰ ਰਾਗ ਕਲਿਆਨੁ ਭੋਪਾਲੀ ਵੀ ਪ੍ਰਾਪਤ ਹੁੰਦਾ ਹੈ। ਇਸ ਰਾਗ ਦਾ ਪੂਰਣ ਵੇਰਵੇ ਅਨੁਸਾਰ ਪਰਿਚਯ ਅਗਲੇ ਪੰਨਿਆਂ 'ਤੇ ਦਿਤਾ ਹੈ।

ਮੱਧ ਕਾਲ ਵਿਚ ਮੁਸਲਮਾਨ ਗਾਇਕ ਵਾਦਕਾਂ ਨੇ ਵੀ ਇਸ ਰਾਗ ਨੂੰ ਬਹੁਤ ਅਪਣਾਇਆ। ਯਵਨ ਸੰਸਕ੍ਰਿਤੀ ਦੇ ਪ੍ਰਭਾਵ ਕਾਰਣ ਇਸ ਰਾਗ ਨੂੰ ਕਈ ਨਾਮਾਂ ਨਾਲ ਸੰਬੋਧਿਤ ਕੀਤਾ ਗਿਆ ਜਿਵੇਂ : ਯਵਨ, ਯਮਨ, ਏਮਨ, ਜੈਮਨ ਆਦਿ ਪਰੰਤੂ ਇਸ ਦਾ ਪੁਰਾਤਨ ਨਾਮ ਕਲਿਆਨ ਹੀ ਹੈ।

ਕਲਿਆਨ ਨੂੰ ਆਚਾਰੀਆਂ ਨੇ "ਰਾਂਗਾਂਗ-ਰਾਗ" ਮੰਨਿਆ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਦੇ ਸੰਜੋਗ ਜਾਂ ਅੰਗ ਦੁਆਰਾ ਕਲਿਆਣ ਦੇ ਬਹੁਤ ਸਾਰੇ ਪ੍ਰਕਾਰ ਹੋਂਦ ਵਿਚ ਆਏ ਜਿਵੇਂ : ਭੁਪਾਲੀ-ਕਲਿਆਣ, ਕਲਿਆਨ ਭੋਪਾਲੀ, ਸ਼ੁੱਧ ਕਲਿਆਨ, ਹਮੀਰ ਕਲਿਆਨ, ਸ਼ਾਮ ਕਲਿਆਨ, ਸਾਵਨੀ-ਕਲਿਆਨ, ਹੇਮ-ਕਲਿਆਨ, ਪੂਰਬ ਕਲਿਆਨ, ਪੂਰੀਆ ਕਲਿਆਨ, ਦੁਰਗਾ ਕਲਿਆਨ, ਆਦਿ। ਕਲਿਆਨ ਦੇ ਇਨ੍ਹਾਂ ਪ੍ਰਕਾਰਾਂ ਨੂੰ ਇਸੇ ਕਰਕੇ ਕਲਿਆਨ ਦੇ ਵਰਗ ਵਿਚ ਰਖਿਆ ਜਾਂਦਾ ਹੈ ਕਿ ਇਨ੍ਹਾਂ ਵਿਚ ਕਲਿਆਨ, ਜੋ ਇਕ ਪ੍ਰਮੁੱਖ ਜਾਂ ਪ੍ਰਸਿੱਧ ਰਾਗ ਹੈ, ਦੇ ਮਧੁਰ ਅੰਸ਼ਾਂ ਦਾ ਕਿਸੇ ਨ ਕਿਸੇ ਰੂਪ ਵਿਚ ਅੰਗ ਆਵੱਸ਼ ਮੌਜੂਦ ਹੁੰਦਾ ਹੈ। ਭਾਵੇਂ ਉਹ ਸੁਤੰਤਰ ਪ੍ਰਕਾਰ ਹਨ, ਫੇਰ ਵੀ ਉਨ੍ਹਾਂ ਵਿਚ ਕਲਿਆਣ ਦਾ ਅੰਗ ਆਉਣ ਕਾਰਣ ਉਨ੍ਹਾਂ ਸੁਤੰਤਰ ਰਾਗਾਂ ਨੂੰ ਕਲਿਆਨ ਦੇ ਨਾਮ ਨਾਲ ਸੰਜੋਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਅਨੇਕ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚ ਸੰਗੀਤ ਸ਼ਾਸਤਰ ਦੇ ਰਾਗ ਮਿਸ਼ਰਣ ਦੇ ਸਿਧਾਂਤ ਨੂੰ ਸੁਭਾਵਿਕ ਹੀ ਨਿਭਾਇਆ ਗਿਆ ਹੈ। ਕਲਿਆਨ ਦੇ ਰਾਗਾਂਗ ਦਾ ਇਕ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਕਲਿਆਨੁ ਭੋਪਾਲੀ" ਦੇ ਰੂਪ ਵਿਚ ਅੰਕਿਤ ਹੈ ਜੋ ਕਿ ਕਲਿਆਨ ਦੀ ਇਕ ਵੰਨਗੀ ਹੋਣ ਦੇ ਬਾਵਜੂਦ ਵੀ ਇਕ ਵੱਖਰਾ ਤੇ ਸੁਤੰਤਰ ਰਾਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਦੇ ਕਲਿਆਨ ਰਾਗ ਵਿਚ 6 ਸ਼ਬਦ ਹਨ ਜਿਨ੍ਹਾਂ ਦੇ ਅੰਤ ਵਿਚ ਅੰਕ ਸੰਖਿਆ ॥ ੪ ॥ ੬ ॥ ਹੈ ਅਤੇ ਇਸ "6" ਦਾ ਜੋੜ

ਸਪਸ਼ਟ ਕਰਨ ਲਈ ਸੰਕੇਤ ਹੈ ॥ ਛਕਾ ੧ ॥ ਅਰਥਾਤ ਇਸ ਰਾਗ ਵਿਚ ਕੇਵਲ 6 ਸ਼ਬਦ ਅਤੇ ਜਿਸ ਵੇਲੇ ਇਸੇ ਰਾਗ ਦੇ ਅਧੀਨ ਦੂਜਾ ਰਾਗ "(ਕਲਿਆਨੁ ਭੋਪਾਲੀ)" ਆਰੰਭ ਹੁੰਦਾ ਹੈ ਤਾਂ ਸਿਰਲੇਖ ਹੈ "ਕਲਿਆਨੁ ਭੋਪਾਲੀ ਮਹਲਾ ੪" ੴ ਸਤਿਗੁਰ ਪ੍ਰਸਾਦਿ ॥" ਅਤੇ ਅੰਤ ਵਿਚ ਅੰਕ ਸੰਖਿਆ ਹੈ ॥ ੨ ॥ ੧ ॥ ੭ ॥ ਜਿਸਦਾ ਭਾਵ ਹੈ ਕਿ ਰਹਾਉ ਤੋਂ ਬਿਨਾਂ ਇਸ ਸ਼ਬਦ ਦੇ ਦੋ ਪਦ ਇਕ ਦਾ ਭਾਵ ਹੈ ਕਿ "ਕਲਿਆਨੁ ਭੋਪਾਲੀ" ਰਾਗ ਵਿਚ ਮਹਲਾ ੪ ਦਾ ਕੇਵਲ ਇਕ ਸ਼ਬਦ ਅਤੇ "੭" ਦਾ ਭਾਵ ਹੈ ਕਿ ਕਲਿਆਨ ਪ੍ਰਮੁੱਖ ਰਾਗ ਦੇ ਪ੍ਰਵਾਹ ਵਿਚ ਗੁਰੂ ਰਾਮਦਾਸ ਜੀ ਦੇ ਕੁਲ 7 ਸ਼ਬਦ।

ਇਸ ਉਦਾਹਰਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰ ਆਸ਼ੇ ਅਨੁਸਾਰ ਕਲਿਆਨ ਨਾਲੋਂ ਕਲਿਆਨ ਭੋਪਾਲੀ ਇਕ ਭਿੰਨ ਅਤੇ ਸੁਤੰਤਰ ਰਾਗ ਹੈ।

ਆਧੁਨਿਕ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਕਲਿਆਨ, ਕਲਿਆਨ ਥਾਟ ਦਾ ਪ੍ਰਮੁੱਖ ਰਾਗ ਹੈ। ਇਸ ਰਾਗ ਵਿਚ ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਕਈ ਕਲਾਕਾਰ ਇਸ ਦਾ ਵਾਦੀ ਗੰਧਾਰ ਅਤੇ ਸੰਵਾਦੀ ਧੈਵਤ ਮੰਨਦੇ ਹਨ ਪਰੰਤੂ ਪਹਿਲਾ ਮੱਤ ਵਧੇਰੇ ਉਚਿੱਤ ਹੈ। ਇਸ ਰਾਗ ਦੇ ਆਰੋਹ ਵਿਚ ਸ਼ੜਜ ਅਤੇ ਪੰਚਮ ਵਰਜਿਤ ਤਾਂ ਨਹੀਂ ਹਨ ਜਿਵੇਂ : "ਸਾ, ਨ਼ੀ ਰੇ ਗ ਮੰ ਪ, ਗ ਮੰ ਧ ਨੀ ਸਾਂ" ਪਰੰਤੂ ਇਸ ਰਾਗ ਦਾ ਆਰੰਭ ਮੰਦਰ ਨਿਸ਼ਾਦ ਤੋਂ ਕਰਨ ਦਾ ਰਿਵਾਜ ਹੈ ਅਤੇ "ਗ ਮੰ ਪ" ਤੋਂ ਉਪਰੰਤ "ਗ ਮੰ ਧ ਨੀ ਸਾਂ" ਲੈ ਕੇ ਪੰਚਮ ਸੁਰ ਦਾ ਅਕਸਰ ਤਿਆਗ ਕੀਤਾ ਜਾਂਦਾ ਹੈ। ਕਈ ਉੱਚ ਪੱਧਰ ਦੇ ਕਲਾਕਾਰ ਇਸ ਰਾਗ ਵਿਚ "ਨ਼ੀ ਰੇ ਗ ਮੰ ਧ ਨੀ ਰੇਂ ਗਾਂ ਨੀ ਰੇਂ ਨੀ ਗਾਂ ਰੇਂ ਨੀ ਧ ਮੰ ਗ ਰੇ ਨ਼ੀ" ਅਜਿਹੀਆਂ ਸੁਰ ਸੰਗਤੀਆ ਲੈ ਕੇ ਇਸ ਵਿਚ ਇਕ ਅਨੋਖਾ ਰੰਗ ਭਰ ਦਿੰਦੇ ਹਨ। ਵਿਦਵਾਨ ਇਸ ਦੀ ਜਾਤੀ ਸੰਪੂਰਣ-ਸੰਪੂਰਣ ਮੰਨਦੇ ਹਨ ਪਰ ਸਾਡੇ ਵਿਚਾਰ ਵਿਚ ਇਸ ਦੀ ਜਾਤੀ ਵਕਰ ਸੰਪੂਰਣ ਮੰਨਣਾ ਉਚਿਤ ਹੈ। ਕਿਉਂ ਜੋ "ਸਾ ਰੇ ਗ ਮੰ ਪ ਧ ਨੀ ਸਾਂ" ਵਾਲਾ ਆਰੋਹ ਵਰਤਮਾਨ ਵਿਚ ਵਧੇਰੇ ਪ੍ਰਚਲਿਤ ਨਹੀਂ ਹੈ। ਇਹ ਬੜਾ ਸਰਲ, ਮਧੁਰ ਅਤੇ ਆਲਾਪ ਯੋਗ ਰਾਗ ਹੈ। ਇਹ ਇਤਨਾ ਪ੍ਰਸਿੱਧ ਹੈ ਕਿ ਸਾਧਾਰਣ ਸ੍ਰੋਤੇ ਵੀ ਇਸ ਨੂੰ ਸੌਖੀ ਤਰ੍ਹਾਂ ਪਛਾਣ ਲੈਂਦੇ ਹਨ। ਇਸ ਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ ਡਾ. ਚਰਨ ਸਿੰਘ ਜੀ ਪੁਸਤਕ "ਬਾਣੀ ਬਿਉਰਾ" ਵਿਚ ਆਪਣੀ ਵਿਦਵਤਾ ਭਰੀ ਖੋਜ ਦਾ ਕਲਿਆਨ ਰਾਗ ਦੇ ਸੰਬੰਧ ਵਿਚ ਸਾਰ ਅੰਸ਼ ਇਸ ਤਰ੍ਹਾਂ ਦਿੰਦੇ ਹਨ : "ਸੁਰਤਾਲ ਸਮੂਹ ਵਿਚ ਮੇਘ ਦਾ ਪੁਤ੍ਰ ਕਲਿਆਨ ਲਿਖਿਆ ਹੈ। ਰਾਗ ਮਾਲਾ ਵਿਚ ਦੀਪਕ ਦਾ ਪੁਤ੍ਰ 'ਗਉਰਾ ਅਉ ਕਾਨਰਾ ਕਲਾਨਾ ॥ 'ਲਿਖਿਆ ਹੈ।' ਅੱਗੇ ਆਪ ਇਸ ਰਾਗ ਦੇ ਨਾਦਾਤਮਕ ਸਰੂਪ ਦਾ ਬਿਉਰਾ ਉਸ ਸਮੇਂ ਦੇ ਪ੍ਰਾਪਤ ਗ੍ਰੰਥਾਂ ਦੇ ਹਵਾਲੇ ਅਨੁਸਾਰ ਇਸ ਤਰ੍ਹਾਂ ਦਿੰਦੇ ਹਨ : ਇਸ ਦਾ ਸੁਰ ਗੁਰੂ ਖਰਜ ਹੈ। ਸਮਬਾਦੀ ਪੰਚਮ ਅਮਬਾਦੀ ਰਿਖਭ, ਬਾਦੀ ਖਰਜ ਖਾੜਵ ਹੈ। ਸਾ, ਨੀ ਧ

ਪ ਗ ਰੇ । ਸੁਰ ਇਹ ਲਗਦੇ ਹਨ । ਖਰਜ ਸੁਧ । ਰਿਖਭ ਗੰਧਾਰ ਤੀਬਰ । ਮੱਧਮ ਬਰਜਤ ਹੈ, ਤੀਬਰ ਕੋਮਲ ਹੈ ਦੇਰ ਕਰਕੇ ਲਾਉਂਦੇ ਹਨ ਪੰਚਮ ਸ਼ੁੱਧ ।" ਆਦਿ । ਇਕ ਹੋਰ ਮੱਤ ਅਨੁਸਾਰ ਮਹਾਨ ਖੋਜਕਾਰ ਜੀ ਇਸ ਰਾਗ ਬਾਰੇ ਇਸ ਤਰ੍ਹਾਂ ਪ੍ਰਕਾਸ਼ ਪਾਉਂਦੇ ਹਨ : ਪਾਸਟਕ ਮੱਤ ਵਿਚ ਸਿਰੀ ਰਾਗ ਦਾ ਪੁਤ੍ਰ ਲਿਖਿਆ ਹੈ ।" (ਗੁਰਮਤ ਸੰਗੀਤ ਪੰਨਾ 39)

'ਗੁਰਮਤ ਸੰਗੀਤ' ਪੁਸਤਕ ਦੇ ਪੰਨਾ 29 ਤੇ ਦੇ ਹਵਾਲੇ ਅਨੁਸਾਰ "ਕਲਿਆਨ-ਗੁਰਮਤਿ ਸੰਗੀਤ ਵਿਚ ਇਹ ਭੀ ਦੀਪਕ ਦਾ ਪੁਤ੍ਰ ਹੈ ਜੇਹਾਕੁ "ਗਉਰਾ ਅਉ ਕਾਨਰਾ ਕਲਾਨਾ ।" ਆਦਿ ।

ਇਨ੍ਹਾਂ ਉਪਰੋਕਤ ਹਵਾਲਿਆਂ ਬਾਰੇ ਬਹੁਤੀ ਪਰਖ ਪੜਚੋਲ ਦੀ ਲੋੜ ਨਹੀਂ ਪ੍ਰਤੀਤ ਹੁੰਦੀ, ਵਿਚਾਰ ਬੜੇ ਸਪਸ਼ਟ ਹਨ ਜਿਨ੍ਹਾਂ ਨੂੰ ਘੋਖ ਕੇ ਅਸੀਂ ਲੇਖਕ ਦੀ ਵਿਦਵਤਾ ਦਾ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ।

ਆਰੋਹ : ਸਾ, ਨੀ̣ ਰੇ ਗ ਮ̍ ਪ, ਗ ਮ̍ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮ̍ ਗ ਰੇ, ਨੀ̣ ਰੇ ਸਾ ।

ਮੁੱਖ ਅੰਗ : ਸਾ, ਨੀ̣ ਰੇ ਗ, ਪ ਮ̍ ਗ ਰੇ, ਨੀ̣ ਰੇ ਸਾ ।

## ਸੁਰ ਵਿਸਤਾਰ ਰਾਗ ਕਲਿਆਨ

1. ਸਾ, ਸਾ ਰੇ ਸਾ ਸਾ ਨੀ̣ ਧ̣ ਨੀ̣, ਰੇ ਸਾ ਸਾ ਰੇ ਨੀ̣ ਸਾ ਨੀ̣ ਧ̣ ਨੀ̣, ਨੀ̣ ਧ̣ ਮ̣̍ ਧ̣ ਪ̣, ਧ̣ ਮ̣̍ ਗ̣, ਗ̣ ਮ̣̍ ਧ̣ ਪ̣, ਮ̣̍ ਪ̣ ਗ̣ ਮ̣̍ ਧ̣ ਨੀ̣, ਮ̣̍ ਧ̣ ਨੀ̣, ਮ̣̍ ਧ̣ ਮ̣̍ ਨੀ̣ ਨੀ̣ ਧ̣ ਪ̣, ਮ̣̍ ਧ̣ ਨੀ̣ ਮ̣̍ ਧ̣ ਨੀ̣ ਰੇ ਸਾ, ਨੀ̣ ਧ̣ ਨੀ̣ ਰੇ, ਰੇ ਨੀ̣ ਧ̣ ਨੀ̣ ਮ̣̍ ਧ̣ ਨੀ̣ ਰੇ, ਨੀ̣ ਰੇ ਨੀ̣ ਰੇ ਗ ਰੇ, ਨੀ̣ ਰੇ ਰੇ ਗ ਨੀ̣ ਰੇ ਨੀ̣ ਗ, ਗ ਰੇ ਨੀ̣ ਧ̣ ਧ̣ ਨੀ̣ ਨੀ̣ ਰੇ ਰੇ ਗ, ਗ ਗ ਰੇ ਸਾ ਨੀ̣ ਰੇ ਸਾ ਨੀ̣ ਧ̣ ਨੀ̣ ਰੇ ਗ ਮ̍ ਗ, ਮ̍ ਰੇ, ਨੀ̣ ਧ̣ ਨੀ̣ ਰੇ, ਗ ਰੇ ਸਾ, ਨੀ̣ ਨੀ̣ ਰੇ ਸਾ ।

2. ਨੀ̣ ਰੇ ਗ ਰੇ ਗ, ਨੀ̣ ਰੇ ਗ ਮ̍ ਰੇ ਗ ਰੇ ਮ̍ ਗ, ਨੀ̣ ਰੇ ਮ̍ ਮ̍ ਗ, ਮ̍ ਮ̍ ਗ ਰੇ ਗ, ਨੀ̣ ਰੇ ਨੀ̣ ਮ̍ ਮ̍ ਗ, ਨੀ̣ ਰੇ ਗ ਮ̍ ਰੇ ਗ ਗ ਮ̍, ਮ̍ ਰੇ ਗ ਰੇ, ਨੀ̣ ਰੇ ਗ ਮ̍ ਪ, ਮ̍ ਪ ਮ̍ ਗ, ਮ̍ ਮ̍ ਗ ਰੇ ਗ ਮ̍ ਪ, ਨੀ̣ ਰੇ ਗ ਮ̍ ਪ ਮ̍ ਗ ਮ̍ ਪ ਰੇ, ਗ ਰੇ, ਨੀ̣ ਰੇ ਸਾ, ਨੀ̣ ਰੇ ਗ ਮ̍ ਪ, ਗ ਮ̍ ਧ ਪ, ਧ ਮ̍ ਗ, ਪ ਮ̍ ਗ ਮ̍ ਧ ਪ, ਮ̍ ਪ ਗ ਮ̍ ਧ ਨੀ ਧ ਪ, ਮ̍ ਪ ਗ ਮ̍ ਧ ਨੀ, ਨੀ ਨੀ ਧ ਪ, ਧ ਧ ਪ ਧ ਮ̍ ਪ ਗ ਮ̍ ਧ ਨੀ, ਮ̍ ਧ ਮ̍ ਨੀ,

ਗ ਮੰ ਧ ਨੀ ਮੰ ਧ ਨੀ, ਗ ਨੀ ਨੀ ਧ ਪ, ਪ ਧ ਮੰ ਪ ਮੰ ਗ, ਪ ਮੰ ਗ ਮੰ ਪ ਰੇ, ਗ ਰੇ, ਨ਼ੀ ਧ਼ ਨ਼ੀ ਰੇ ਗ ਰੇ ਸਾ, ਨ਼ੀ ਨ਼ੀ ਰੇ ਸਾ ।

3. ਨ਼ੀ ਰੇ ਗ ਮੰ ਪ, ਗ ਮੰ ਧ ਨੀ, ਮੰ ਧ ਨੀ ਰੇਂ ਸਾਂ, ਸਾਂ ਨੀ ਧ ਪ ਮੰ ਧ ਗ ਮੰ ਧ ਨੀ ਸਾਂ, ਗ ਮੰ ਧ ਨੀ ਮੰ ਧ ਨੀ ਰੇਂ ਸਾਂ, ਗ ਮੰ ਗ ਧ ਮੰ ਧ ਮੰ ਨੀ ਧ ਨੀ ਧ ਸਾਂ ਨੀ ਰੇਂ ਸਾਂ, ਨੀ ਧ ਨੀ ਰੇਂ ਗਂ, ਗ ਗਂ ਰੇਂ ਸਾਂ, ਨ਼ੀ ਰੇ ਗ ਮੰ ਗ ਰੇ, ਗ ਮੰ ਧ ਨੀ ਧ ਮੰ ਧ ਨੀ ਰੇਂ ਗਂ, ਨੀ ਰੇਂ ਨੀ ਗਂ, ਗ ਰੇਂ ਨੀ ਧ ਨੀ, ਮੰ ਧ ਨੀ ਰੇਂ ਗਂ ਰੇਂ ਸਾਂ, ਨੀ ਰੇਂ ਗਂ ਮੰਂ ਮੰਂ ਮੰਂ ਗਂ, ਮੰਂ ਮੰਂ ਗਂ ਮੰਂ ਰੇਂ ਗਂ ਰੇਂ ਮੰਂ ਮੰਂ ਗਂ, ਨੀ ਰੇਂ ਗਂ ਮੰਂ ਪਂ, ਪ ਮੰਂ ਗਂ ਮੰਂ ਪਂ ਮੰਂ ਗਂ, ਨੀ ਰੇਂ ਗਂ ਮੰਂ ਪਂ ਮੰਂ ਗਂ ਮੰਂ ਪਂ ਰੇਂ, ਗਂ ਰੇਂ, ਨੀ ਰੇਂ ਸਾਂ, ਸਾਂ ਰੇਂ ਨੀ ਸਾਂ, ਨੀ ਧ ਨੀ ਪ, ਧ ਮੰ ਗ, ਪ ਮੰ ਗ ਮੰ ਧ ਨੀ ਸਾਂ ਨੀ ਧ ਨੀ ਪ ਧ ਮੰ ਪ ਗ, ਪ ਮੰ ਗ ਮੰ ਪ ਮੰ ਗ ਰੇ, ਗ ਰੇ, ਨ਼ੀ ਧ਼ ਨ਼ੀ ਰੇ, ਗ ਰੇ ਸਾ, ਨ਼ੀ ਨ਼ੀ ਰੇ ਸਾ ।

## ਕਲਿਆਨ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਤੇਰੈ ਮਾਨਿ ਹਰਿ ਹਰਿ ਮਾਨਿ ॥
ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥ ੧ ॥ ਰਹਾਉ ॥
ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ ॥ ੧ ॥
ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥
ਸਾਧ ਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥ ੨ ॥ ੧ ॥ ੪ ॥

(ਗੁ. ਗ੍ਰੰ. ਪੰਨਾ ੧੩੨੨)

## ਰਾਗ ਕਲਿਆਨ ਇਕ ਤਾਲ

ਸਥਾਈ :

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | | | | | ਮੰ | ਗ |
| | | | | | | | | | | ੜੇਰੇ | ਰੇ |
| ਮੰਧ | ਨੀਸਾਂ | ਸਾ | ਨੀ | ਧ | ਨੀ | ਧ | ਮੰ | ਧ | ਪ | ਮੰਪ | ਮੰਗ |
| ਮਾs | ss | ਨਿ | ਹ | ਰਿ | ਹ | ਰਿ | ਮਾ | s | ਨਿ | ਨੈs | ss |
| ਰੇ | ਗਮ | ਪਧਾਂ | ਮੰਪ | ਰੇ | ਗ | ਰੇ | ਨ਼ੀ | ਰੇ | ਸਾ | ਨ਼ੀ | ਰੇ |
| ਨ | ਥੇਂs | ss | ਨs | ਸ੍ਰ | ਵ | ਨ | ਸੁ | ਨੀ | ਐ | ਅੰ | s |
| ਗ | ਰੇ | ਗ | ਮੰ | ਧ | ਨੀ | ਸਾਂਨੀ | ਧਪ | ਮੰਧ | ਪ | | |
| ਗ | ਅੰ | ਗੇ | s | ਸੁ | ਖ | ਪ੍ਰਾਂs | ss | ss | ਨ | | |

ਮਾਝਾ :

| | | | | | | | | | | | |
|---|---|---|---|---|---|---|---|---|---|---|---|
| ਨ਼ੀ | ਰੇ | ਗ | ਰੇ | ਗਮੰ | ਪ | ਮੰ | ਗ | ਮੰ | ਧ | ਪ | - |
| ਇ | ਤ | ਉ | ਤ | ਦ | ਹ | ਦਿ | ਸਿ | ਰ | ਵਿ | ਓ | ऽ |
| ਨ਼ੀ | ਰੇ | ਗ | ਰੇ | ਗਮੰ | ਪ | ਮੰ | ਗ | ਮੰ | ਧ | ਪ | ਮੰਧ |
| ਇ | ਤ | ਉ | ਤ | ਦऽ | ਹ | ਦਿ | ਸਿ | ਰ | ਵਿ | ਓ | ਮੇऽ |
| ਨੀਸ | ਨੀ | ਧ | ਨੀ | ਰੇਂ | ਗਂ | ਨੀਰੇਂ | ਸਾਂਨੀ | ਧਨੀ | ਧਪ | | |
| ऽऽ | ਰ | ਤਿ | ਨਿ | ਹਿ | ਸ | ਮਾऽ | ਨਿऽ | ऽऽ | ऽऽ | | |

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਮੰ | ਗ | ਮੰਧ | ਨੀਸਾ | ਸਾ | ਸਾਂ | ਸਾਂਨੀ | ਧਨੀ | ਰੇਂ | ਸਾਂ | |
| ਜ | ਤ | ਕ | ਤਾS | SS | ਤ | ਤ | ਪੇS | SS | ਖੀ | ਐ | ਤ |
| ਨੀਧ | ਨੀ | ਰੇਂ | ਗਂ | ਨੀ | ਰੇਂ | ਸਾਂ | ਸਾਂ | ਨੀਸਾਂ | ਨੀਧ | ਮੰਧ | ਪ |
| ਹਰਿ | ਪੂ | ਰ | ਖ | ਪ | ਤਿ | ਪ | ਰ | ਧਾS | SS | SS | ਨ |
| ਮੰਪ | ਮੰਗ | ਰੇਂਮ | ਗ | ਗ | ਗਗ | ਮੰਧ | ਨੀਸਾਂ | ਨੀਧ | ਨੀ | ਮੰ | ਧ |
| ਸਾS | SS | ਧS | ਸੰ | ਗ | ਭ੍ਰਮ | ਭੇS | SS | ਮਿS | ਟੇ | ਕ | ਥੇ |
| ਨੀ | ਰੇਂ | ਨੀ | ਰੇਂ | ਗਂ | ਰੇਂ | ਨੀਰੇਂ | ਸਾਂਨੀ | ਧਨੀ | ਧਪ | | |
| ਨਾ | ਨ | ਕ | ਬੂ | ਹ | ਮ | ਗਿਆ | SS | SS | ਨS | | |

## ਰਾਗ ਕਲਿਆਨ ਭੋਪਾਲੀ

ਇਸ ਰਾਗ ਨੂੰ ਕਈ ਕਲਾਕਾਰ, ਭੂਪ, ਭੂਪਾਲੀ, ਭੂਪ ਕਲਿਆਨ ਆਦਿ ਨਾਮਾਂ ਨਾਲ ਸੰਬੋਧਨ ਕਰਦੇ ਹਨ। ਪੰਡਿਤ ਓਅੰਕਾਰ ਨਾਥ ਠਾਕੁਰ ਸ਼ੁੱਧ ਕਲਿਆਨ ਨੂੰ ਭੂਪ ਕਲਿਆਨ ਮੰਨਦੇ ਹਨ ; ਭੂਪ ਕਲਿਆਨ ਜਾਂ ਭੂਪਾਲੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ "ਕਲਿਆਨੁ ਭੋਪਾਲੀ" ਰਾਗ ਤੋਂ ਭਿੰਨ ਹੈ। ਬਹੁਤ ਸਾਰੇ ਸਿਖ ਕੀਰਤਨਕਾਰ ਭੂਪਾਲੀ ਨੂੰ ਹੀ ਕਲਿਆਨ ਭੋਪਾਲੀ ਸਮਝਕੇ ਗਾਉਂਦੇ ਹਨ। ਪਰ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਨੂੰ ਘੋਖਵੀਂ ਦ੍ਰਿਸ਼ਟੀ ਨਾਲ ਤੱਕਣ ਨਾਲ ਇਸ ਦਾ ਰਾਗ ਭੇਦ ਜਾਂ ਰਾਗਨਿਖੇੜ ਦਾ ਸਿਧਾਂਤ ਕਲਿਆਨ ਭੋਪਾਲੀ ਦੇ ਨਾਮ ਦੁਆਰਾ ਹੀ ਸਪਸ਼ਟ ਹੋ ਜਾਂਦਾ ਹੈ। ਉਦਾਹਰਣ ਵਜੋਂ ਸੂਹੀ-ਲਲਿਤ, ਬਿਭਾਸ ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਲਾਵਲ ਗੋਂਡ, ਆਦਿ। ਗੁਰੂਦੇਵ ਨੇ ਇਸ ਰਾਗ ਨੂੰ ਕਲਿਆਨੁ ਭੋਪਾਲੀ ਦੇ ਰੂਪ ਵਿਚ ਅੰਕਿਤ ਕੀਤਾ ਹੈ ਜਿਸਦਾ ਰਾਗਾਤਮਕ ਪੱਖ ਤੋਂ ਭਾਵ ਹੈ ਇਸ ਰਾਗ ਮਿਸ਼ਰਣ ਵਿਚ ਪਹਿਲੇ ਕਲਿਆਨ ਦਾ ਅੰਗ ਅਤੇ ਬਾਅਦ ਵਿਚ ਭੋਪਾਲੀ ਦਾ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਕਲਿਆਨ ਦੇ ਅਧੀਨ ਅੰਕਿਤ ਕੀਤਾ ਗਿਆ ਹੈ। ਕਲਿਆਨੁ ਭੋਪਾਲੀ, ਕਲਿਆਨ ਨਾਲੋਂ ਵਖਰਾ ਅਤੇ ਸੁਤੰਤਰ ਰੂਪ ਦਾ ਧਾਰਣੀ ਹੈ।

ਕਲਿਆਨ ਭੋਪਾਲੀ ਕੋਈ ਬਹੁਤਾ ਜਟਿਲ ਜਾਂ ਕਠਿਨ ਰਾਗ ਨਹੀਂ ਹੈ ਪਰੰਤੂ ਸੰਗੀਤਕਾਰਾਂ ਵਿਚ ਇਸ ਰਾਗ ਦਾ ਪ੍ਰਚਾਰ ਵਧੇਰੇ ਕੰਨ ਗੋਚਰ ਨਹੀਂ ਹੁੰਦਾ।

ਇਸ ਰਾਗ ਦੇ ਨਾਦਾਤਮਕ ਸਰੂਪ ਦੀ ਰਚਨਾ ਵਿਦਵਾਨਾਂ ਨੇ ਕਲਿਆਨ ਥਾਟ ਤੋਂ ਮੰਨੀ ਹੈ। ਇਸ ਰਾਗ ਵਿਚ ਮੱਧਿਅਮ ਤੀਬਰ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਰਾਗ ਦੇ ਸਮੁਚੇ ਚਲਨ ਵਿਚ ਕਲਿਆਨ ਅਤੇ ਭੋਪਾਲੀ ਦੀਆਂ ਨਾਦ ਲਹਿਰਾਂ ਸਪਸ਼ਟ ਦ੍ਰਿਸਟੀ ਗੋਚਰ ਹੁੰਦੀਆਂ ਹਨ। ਕਲਾਕਾਰ ਇਨ੍ਹਾਂ ਦੋਹਾਂ ਰਾਗਾਂ ਦੇ ਮਿਸ਼ਰਣ ਦੁਆਰਾ ਇਸ ਰਾਗ ਦਾ ਸਰੂਪ ਸਾਕਾਰ ਕਰਦੇ ਹਨ। ਇਸ ਦੇ ਆਰੋਹ ਵਿਚ ਕਲਿਆਣ ਅਤੇ ਅਵਰੋਹ ਵਿਚ ਭੋਪਾਲੀ ਰਾਗ ਦੀ "ਪ ਗ ਰੇ ਸਾ" ਸੁਰਾਵਲੀ ਦੁਆਰਾ ਇਸ ਦਾ ਸਰੂਪ ਸਥਾਪਿਤ ਕੀਤਾ ਜਾਂਦਾ ਹੈ। ਇਸ ਰਾਗ ਦੀ ਜਾਤੀ ਵਕਰ-ਸੰਪੂਰਣ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਕਈ ਲੇਖਕ ਸੰਵਾਦੀ ਧੈਵਤ ਮੰਨਦੇ ਹਨ ਪਰ ਸਾਡੇ ਵਿਚਾਰ ਅਨੁਸਾਰ ਪਹਿਲਾ ਮੱਤ ਉਚਿਤ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

ਇਸ ਰਾਗ ਵਿਚ ਕੇਵਲ ਚੌਥੇ ਸਤਿਗੁਰਾਂ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹੁੰਦਾ ਹੈ।

ਆਰੋਹ : ਸਾ, ਨ਼ੀ ਧ਼ ਨ਼ੀ ਰੇ ਗ, ਮੰ ਧ, ਗ ਮੰ ਧ ਨੀ ਸਾਂ

ਅਵਰੋਹ : ਸਾਂ ਨੀ ਧ ਪ, ਮੰ ਗ, ਪ ਗ, ਰੇ ਸਾ।

ਮੁੱਖ ਅੰਗ : ਨ਼ੀ ਧ਼ ਨ਼ੀ ਰੇ ਗ, ਪ ਮੰ ਗ, ਪ ਗ ਰੇ ਸਾ।

## ਸੁਰ ਵਿਸਤਾਰ

1. ਸਾ, ਸਾ ਰੇ ਸਾ ਸਾ ਨ̣ੀ, ਨ̣ੀ ਧ̣ ਨ̣ੀ ਧ̣ ਪ̣, ਪ̣ ਧ̣ ਮੰ̣ ਪ̣ ਮੰ̣ ਗ, ਮੰ̣ ਧ̣ ਨ̣ੀ, ਮੰ̣ ਧ̣ ਨ̣ੀ ਸਾ, ਨ̣ੀ ਧ̣ ਨ̣ੀ ਰੇ ਗ, ਰੇ ਗ, ਰੇ ਸਾ, ਸਾ ਰੇ ਨ̣ੀ ਸਾ ਨ̣ੀ ਧ̣ ਨ̣ੀ ਰੇ ਮੰ ਮੰ ਗ, ਨ̣ੀ ਰੇ ਗ ਮੰ ਪ, ਮੰ ਗ, ਪ ਮੰ ਗ, ਪ ਗ ਰੇ ਸਾ, ਨ̣ੀ ਨ̣ੀ ਰੇ ਸਾ।

2. ਸਾ ਸਾ, ਧ̣ ਧ̣ ਸਾ ਰੇ ਗ, ਸਾ ਰੇ ਗ ਰੇ ਸਾ ਰੇ ਗ, ਧ̣ ਸਾ ਧ̣ ਰੇ ਸਾ ਰੇ ਸਾ ਗ ਰੇ ਗ ਪ ਮੰ ਪ, ਪ ਮੰ ਗ ਮੰ ਪ ਗ, ਨ̣ੀ ਰੇ ਗ ਮੰ ਪ, ਗ ਮੰ ਧ ਪ, ਧ ਮੰ ਗ, ਧ ਧ ਮੰ ਗ, ਪ ਗ ਰੇ, ਸਾ, ਨ̣ੀ ਨ̣ੀ ਰੇ ਸਾ।

3. ਧ ਪ ਮੰ ਗ, ਮੰ ਧ ਨੀ, ਗ ਮੰ ਧ ਨੀ ਮੰ ਧ ਨੀ, ਮੰ ਧ ਮੰ ਨੀ ਧ ਨੀ, ਪ ਮੰ ਗ ਮੰ ਧ ਨੀ ਸਾਂ, ਸਾਂ ਸਾਂ ਧ ਪ ਧ ਪ ਗ, ਪ ਮੰ ਗ ਮੰ ਧ ਨੀ ਮੰ ਧ ਨੀ ਰੇਂ ਸਾਂ, ਨੀ ਧ ਨੀ ਰੇਂ ਗਂ ਰੇਂ ਸਾਂ, ਗਂ ਗਂ ਰੇਂ ਸਾਂ ਨੀ ਰੇਂ ਸਾ ਸਾਂ ਮੰਂ ਨੀਧ ਨੀ ਰੇਂ ਗਂ ਮੰਂ ਮੰਂ ਗਂ, ਨੀ ਰੇਂ ਗਂ ਮੰਂ ਪਂ, ਮੰਂ ਗਂ, ਪਂ ਗਂ ਰੇਂ ਸਾਂ ਧ ਪ ਗ, ਨੀ ਨੀ ਧ ਨੀ ਮੰ ਧ ਨੀ ਧਂ ਪ, ਧ ਪ ਗ, ਗ ਨੀ ਧ ਨੀ ਗ ਧ ਧ ਪ ਗ, ਧਗ, ਧ ਗ, ਰੇ, ਸਾ ਨ̣ੀ ਨ̣ੀ ਰੇ ਸਾ।

## ਕਲਿਆਨ ਭੋਪਾਲੀ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ ॥
ਸਗਲ ਭਗਤ ਜਾਚਹਿ ਸੁਖ ਸਾਗਰ ਭਵ ਨਿਧਿ ਤਰਣ ਹਰਿ ਚਿੰਤਾਮਣੇ ॥ ੧ ॥ ਰਹਾਉ ॥
ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ ॥
ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ ॥ ੧ ॥
ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ ॥
ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥ ੨ ॥ ੧ ॥ ੭ ॥

(ਗੁ. ਗ੍ਰੰ. ਪੰਨਾ ੧੩੨੧

## ਰਾਗ ਕਲਿਆਨ ਭੋਪਾਲੀ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਸਥਾਈ : | ਪਮੰ | ਗਰੇ | ਗਧ | ਪ | ਗ | ਰੇ | ਸਾ | ਸਾ |
| | | | | | | | | ਪਾs | ss | ਰs | ਬ਼ | ਹ | ਮੁ | ਪ | ਰ |
| ਨ਼ੀ | ਧ਼ | ਨ਼ੀ | ਰੇ | ਮੰ | ਗ | ਗ | - | ਮੰ | ਗ | ਮੰ | ਧ | ਮੰਧ | ਨੀਸਾਂ | ਨੀਧ | ਨੀ |
| ਮੇ | s | ਸੁ | ਰੁ | ਸੁਆ | s | ਮੀ | s | ਢੂ | s | ਖ | ਨਿ | ਢਾs | ss | ਰs | ਣੁ |
| ਮ | - | ਗ | ਪ | ਗ | ਰੇ | ਸਾ | - | ਨ਼ੀ | ਰੇ | ਗ | ਰੇ | ਨ਼ੀ | ਰੇ | ਸਾ | - |
| ਨਾ | s | ਰਾ | ਇ | ਣੇ | s | s | s | ਸ | ਗ | ਲ | ਭ | ਗ | ਤ | ਜਾ | s |
| ਨ਼ੀ | ਧ਼ | ਨ਼ੀ | ਧ਼ | ਪ਼ | ਸਾ | ਸਾ | ਸਾ | ਮੰ | ਗ | ਮੰ | ਧ | ਮੰਧ | ਨੀਸਾਂ | ਨੀਧ | ਨੀ |
| ਚ | ਹਿ | ਸੁ | ਖ | ਸਾ | s | ਗ | ਰ | ਭ | ਵ | ਨਿ | ਧਿ | ਤs | ਰਣs | ਹs | ਰਿ |
| ਸਾਂਸਾਂ | ਧਪ | ਗਪ | ਧਸਾਂ | ਧਪ | ਗਰੇ | ਗਰੇ | ਸਾ | | | | | | | | |
| ਚਿੰs | ss | ਤਾs | ਮs | ਣੇs | ss | ss | | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਅੰਤਰਾ : | | | | ਸਾ | ਧ | ਪ | ਗ | ਪ | -ਪ | ਸਾਂ | ਧ |
| | | | | | | | | ਦੀ | ऽ | ਨ | ਦਇ | ਆ | ऽਲ | ਜ | ਗ |
| ਸਾਂ | - | ਸਾਂ | ਸਾਂ | ਸਾਂ | ਰੇਂ | ਸਾਂ | ਸਾਂ | ਨੀ | ਧ | ਨੀ | ਰੇਂ | ਗਰੇਂ | ਸਾਂਰੇਂ | ਗ | ਰੇਂ |
| ਦੀ | ऽ | ਸ | ਦ | ਮੋਂ | ऽ | ਦ | ਰ | ਹ | ਰਿ | ਅੰ | ऽ | ਤऽ | ਰऽ | ਜਾ | ऽ |
| ਨੀ | ਧ | ਰੇਂ | ਸਾਂ | ਧ | ਪ | ਗ | - | ਗ | - | ਗ | ਗ | ਗਪ | ਰੇਗ | ਸਾਂ | ਰੇ |
| ਮੀ | ऽ | ऽ | ਗੰ | ਬਿੰ | ऽ | ਦੇ | ऽ | ਤੇ | ऽ | ਨਿ | ਰ | ਭਉ | ऽऽ | ਜਿ | ਨ |
| ਨ਼ੀ | ਧ਼ | ਨ਼ੀ | ਰੇ | ਗ | ਰੇ | ਸਾ | ऽ | ਨ਼ੀ | ਧ਼ | ਨ਼ੀ | ਰੇ | ਗ | ਮੰ | ਧ | ਧ |
| ਸ੍ਰੀ | ऽ | ਰਾ | ਮ | ਧਿਆ | ऽ | ਇਆ | ऽ | ਗੁ | ਰ | ਮ | ਤਿ | ਮੁ | ਰਾ | ऽ | ਰਿ |
| ਗਮੰ | ਧਨੀ | ਮੰਧ | ਨੀਸਾਂ | ਸਾਂਸਾਂ | ਧਪ | ਪਗ | ਰੇਸਾ | | | | | | | | |
| ਹऽ | ਰਿऽ | ऽऽ | ਮੁऽ | ਕੰऽ | ऽऽ | ਦੇऽ | ऽऽ | | | | | | | | |

# ਰਾਗ ਪ੍ਰਭਾਤੀ ਬਿਭਾਸ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ-ਵਿਧਾਨ ਅਨੁਸਾਰ ਪ੍ਰਭਾਤੀ ਰਾਗ ਦੇ ਅਧੀਨ ਨਿਮਨ ਲਿਖਤ ਰਾਗ ਉਪਲੱਬਧ ਹੁੰਦੇ ਹਨ ।

(ੳ) ਰਾਗੁ ਪ੍ਰਭਾਤੀ ਬਿਭਾਸ

(ਅ) ਰਾਗੁ ਪ੍ਰਭਾਤੀ

(ੲ) ਰਾਗੁ ਬਿਭਾਸ

(ਸ) ਰਾਗੁ ਪ੍ਰਭਾਤੀ ਦਖਣੀ

(ਹ) ਰਾਗੁ ਬਿਭਾਸ ਪ੍ਰਭਾਤੀ

ਰਾਗ ਪ੍ਰਭਾਤੀ ਬਿਭਾਸ ਦੇ ਸੰਯੁਕਤ ਨਾਮ ਤੋਂ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੀ ਰਚਨਾ ਦੋ ਰਾਗਾਂ—ਪ੍ਰਭਾਤੀ ਅਤੇ ਬਿਭਾਸ ਦੇ ਮਧੁਰ-ਮਿਸ਼ਰਣ ਦੁਆਰਾ ਹੋਈ ਹੈ । ਮੱਧ-ਕਾਲੀਨ ਰਾਗ ਵਰਗੀਕਰਣ ਅਨੁਸਾਰ ਇਸ ਨੂੰ ਸੰਗੀਤਕਾਰਾਂ ਨੇ ਛਾਇਆਲਗ ਰਾਗਾਂ ਦੇ ਵਰਗ ਵਿਚ ਸ਼ਾਮਲ ਕੀਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਬਹੁਤ ਘੱਟ ਦ੍ਰਿਸ਼ਟੀ ਗੋਚਰ ਹੁੰਦਾ ਹੈ । ਸੰਗੀਤ ਸ਼ਾਸਤਰ ਵਿਗਿਆਨੀਆਂ ਨੇ ਇਸ ਰਾਗ ਦੀਆਂ ਨਾਦ ਲਹਿਰਾਂ ਦੀ ਉਤਪਤੀ ਭੈਰਵ ਥਾਟ ਤੋਂ ਮੰਨੀ ਹੈ । ਇਸ ਰਾਗ ਦਾ ਸਮੁੱਚਾ ਚਲਨ ਪ੍ਰਭਾਤੀ ਦੇ ਹੀ ਸਮਾਨ ਹੈ। ਇਸ ਵਿਚ ਬਿਭਾਸ ਦੀ ''ਪਗ ਰੇ਼ ਸਾ'' ਸੁਰਾਵਲੀ ਦੀ ਮਧੁਰ ਛੋਹ ਦੇ ਸੰਜੋਗ ਨਾਲ ਇਸ ਰਾਗ ਦੀ ਸਿਰਜਣਾ ਕੀਤੀ ਗ਼ਈ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਦੋਵੇਂ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ । ਇਸ ਦੇ ਆਰੋਹ-ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ ਇਸ ਲਈ ਜਾਤੀ ਵਕਰ-ਸੰਪੂਰਣ ਹੈ । ਇਹ ਪ੍ਰਭਾਤ ਕਾਲ ਦਾ ਸੰਧੀ-ਪ੍ਰਕਾਸ਼ ਰਾਗ ਹੈ । ਇਸ ਨੂੰ ਪ੍ਰਭਾਤ ਸਮੇਂ, ਸੂਰਜ ਚੜ੍ਹਨ ਤੋਂ ਪੂਰਣ ਗਾਇਆ ਜਾਂਦਾ ਹੈ। ਇਸ ਰਾਗ ਵਿਚ ਭਗਤੀ ਭਾਵ ਦੇ ਗੀਤ ਬੜੇ ਸੁਹਾਵਣੇ ਲਗਦੇ ਹਨ ।

ਆਰੋਹ : ਸਾ, ਰੇ਼ ਗ ਮ, ਮ ਮ ਗ, ਧਗ, ਰੇ਼ ਸਾ, ਗ ਮ ਧ਼ ਨੀ ਸਾਂ

ਅਵਰੋਹ : ਸਾਂਨੀ ਧ਼ਪ, ਮਮ' ਗ, ਪਗ, ਰੇ਼ ਸਾ ।

ਮੁੱਖ ਅੰਗ : ਸਾਰੇ਼ ਗਮ ਮ ਮ ਗ, ਪ ਗ, ਰੇ਼ ਸਾ ।

## ਰਾਗ ਪ੍ਰਭਾਤੀ ਬਿਭਾਸ

### ਸੁਰ ਵਿਸਤਾਰ

1. ਸਾ, ਸਾਰੇ ਸਾ ਸਾ, ਨ਼ੀਸਾ, ਸਾ, ਪਗ, ਰੇ ਸਾ, ਸਾਰੇ ਨ਼ੀਸਾ ਧ਼ ਨ਼ੀਸਾ, ਸਾਰੇ ਗ ਗ ਮ, ਰੇ ਗ ਮੰ, ਗ ਮ ਮ ਮਗ, ਰੇ, ਗ ਮ ਮ ਪ ਮ, ਮੰ ਮ ਗ, ਗ ਗ ਰੇ ਸਾ, ਧ਼ ਨ਼ੀ ਸਾਰੇ ਗ ਗ ਮੰ, ਰੇ ਗ ਗ ਮ ਮੰ ਮ ਗ, ਪ ਗ, ਰੇ ਸਾ ਧ਼ ਧ਼ ਸਾ।

2. ਸਾ ਰੇ ਗ ਮ ਮੰ ਮ ਗ, ਪ ਗ ਰੇ ਸਾ ਨ਼ੀ ਸਾ ਗ ਗ ਮ, ਗ ਮ ਗ ਮ ਮੰ ਮਗ, ਸਾਰੇ ਗ ਮਪ, ਮ ਮੰਗ, ਗਮ ਧ ਧ ਪ, ਮ ਮੰ ਮ ਗ, ਧ ਧ ਪ ਧ ਗ, ਪ, ਮ ਮੰ ਗ, ਗ ਮ ਪ ਗ ਮ ਧ ਧ ਨੀਪ ਨੀਧ ਮ ਗ ਪ, ਗ ਮ ਧ ਧ ਨੀ, ਨੀ ਨੀ ਧਧ, ਧ ਮ ਮੰ ਮੰ ਗ, ਪ ਗ, ਰੇ ਸਾ ਸਾ ਸਾ ਗ ਗ ਪ, ਗ ਮ ਧ ਧ ਪ, ਧ ਪ ਗਪ ਧ ਧ ਪ, ਗ ਪ ਗ ਰੇ ਸਾ, ਧ਼ ਧ਼ ਰੇ ਸਾ।

3. ਸਾਰੇ ਗ ਮ ਮੰ ਮ ਗ, ਗ ਮ ਪ ਗ ਮ ਧ ਧ ਨੀ, ਨੀ ਨੀ ਧਪ ਧਮ, ਮੰ ਮੰ ਗ, ਗ ਪ ਧ ਧ ਸਾਂ ਸਾਂਨੀ ਧਪ ਮ ਮੰਗ, ਗ ਮ ਪ ਗ ਮ ਧ ਧ ਸਾਂ, ਧ ਨੀ ਸਾਂਰੇਂ ਨੀਸਾਂ ਰੇਂ ਰੇਂ ਸਾਂ, ਨੀਸਾਂ ਗਂ ਰੇਂ ਸਾਂ, ਨੀਸਾਗਂ ਮਂ ਮਂ ਮਂ ਗਂ, ਪਂ ਗਂ, ਰੇਂ ਸਾਂ, ਸਾਂਰੇਂ ਗਂ ਮਂ ਮਂ ਮਂ ਗਂ, ਪਂ ਗਂ ਰੇਂ ਸਾਂ, ਗਂ ਗਂ ਰੇਂ ਸਾਂ, ਨੀ ਸਾਂ ਰੇਂ ਰੇਂ ਸਾਂ, ਨੀ ਸਾਂ ਧਪ, ਧਪ ਮ ਮੰ ਮ ਗ, ਪਗ ਰੇ ਸਾ, ਧ਼ ਧ਼ ਰੇ ਸਾ।

## ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪ ॥

ੴ ਸਤਿਗੁਰ ਪ੍ਰਸਾਦਿ ॥

ਜਪਿ ਮਨ ਹਰਿ ਹਰਿ ਨਾਮੁ ਨਿਧਾਨ ॥
ਹਰਿ ਦਰਗਹ ਪਾਵਹਿ ਮਾਨ ॥
ਜਿਨਿ ਜਪਿਆ ਤੇ ਪਾਰਿ ਪਰਾਨ ॥ ੧ ॥ ਰਹਾਉ ॥
ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥
ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ ॥
ਸੁਨਿ ਮਨ ਗੁਰਮੁਖਿ ਪਾਵਹਿ ਮਾਨੁ ॥ ੧ ॥
ਜਪਿ ਮਨ ਪਰਮੇਸੁਰੁ ਪਰਧਾਨੁ ॥
ਖਿਨ ਖੋਵੈ ਪਾਪ ਕੋਟਾਨ ॥
ਮਿਲੁ ਨਾਨਕ ਹਰਿ ਭਗਵਾਨ ॥ ੨ ॥ ੧ ॥ ੭ ॥

(ਗੁ. ਗ੍ਰੰ. ਪੰਨਾ ੧੩੩੭)

## ਰਾਗ ਪ੍ਰਭਾਤੀ ਬਿਭਾਸ ਪੜਤਾਲ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਗ | ਪ | ਗ | ਰੇ | ਸਾ | ਸਾ |
| | | | | | | | | ਜ | ਪਿ | ਮ | ਨ | ਹ | ਰਿ | ਹ | ਰਿ |
| ਗ | ਮ | ਮ | ਮ | ਮਮਂ | ਮਮਂ | ਗ | ਗ | ਪ | ਪ | ਗ | ਪ | ਗ | ਰੇ | ਸਾ | ਸਾ |
| ਨਾ | ऽ | ਮੁ | ਨਿ | ਧਾऽ | ऽऽ | ऽ | ਨ | ਜ | ਪਿ | ਮ | ਨ | ਹ | ਰਿ | ਹ | ਰਿ |
| ਗ | ਮ | ਮ | ਮ | ਮਂਮ | ਮਂਮ | ਗ | ਗਗ | ਰੇ | ਗ | ਰੇਗ | ਮਮ | ਗ | ਰੇ | ਸਾ | - |
| ਨਾ | ऽ | ਮੁ | ਨਿ | ਧਾऽ | ऽऽ | ਨ | ਹਰਿ | ਦ | ਰ | ਗਾऽ | ਹऽ | ਪਾ | ऽ | ਵਹਿ | ऽ |
| ਧੁ | - | ਨ਼ੀ | ਨ਼ੀ | ਸਾਂ | ਸਾਂ | ਸਾ | ਸਾ | ਪ | ਪ | ਧੁ | ਗ | ਪ | - | ਪ | - |
| ਮਾ | ऽ | ऽ | ऽ | ऽ | ऽ | ऽ | ਨ | ਜਿ | ਨਿ | ਜ | ਪਿ | ਆ | ऽ | ਤੇ | ऽ |
| ਪਧੁ | ਨੀਸਾ | ਰੇਂਸਾ | ਨੀਸਾ | ਨੀਧੁ | ਪਧੁ | ਮਮਂ | ਮਗ | | | | | | | | |
| ਪਾऽ | ऽऽ | ਰਿऽ | ਪऽ | ਰਾऽ | ऽऽ | ऽऽ | ਨऽ | | | | | | | | |

### ਅੰਤਰਾ ਪਹਿਲਾ ਰੂਪਕ

| × | | | 2 | | 3 | | × | | | 3 | |
|---|---|---|---|---|---|---|---|---|---|---|---|
| ਮਮ | ਪ | ਪ | ਧ̱ | ਧ̱ | ਨੀ | ਨੀ | ਸਾਂ | -ਸਾਂ | ਨੀਨੀ | ਸਾਂ | ਸਾਂ |
| ਸੁਨਿ | | ਮਨ | ਹ | ਰਿ | ਹ | ਰਿ | ਨਾਮੁ | | ਕਰਿ | ਧਿਆ | ਨੁ |
| ਧ̱ਧ̱ | | ਧ̱ਧ̱ | ਨੀ | ਨੀ | ਸਾਂ | ਸਾਂਸਾਂ | ਧ̱ਧ̱ | ਧ̱ਧ̱ | ਪ | ਮਂਮਂ | ਮਂਮਂ |
| ਸੁਨਿ | | ਮਨ | ਹ | ਰਿ | ਕੀ | ਰਤਿ | ਅਠ | ਸਠ | ਮ | ਜਾਂS | Sਨੁ |

### ਰੂਪਕ

| × | | | 2 | | 3 | | 3 | | | | | | |
|---|---|---|---|---|---|---|---|---|---|---|---|---|---|
| ਪਪ | ਗ | ਪ | ਧ̱ | ਸਾਂ | ਧ̱ | ਪਪ | ਧ̱ਪ | ਗਪ | ਧ̱ਪ | ਗ | ਰੇ | ਸਾ | ਸਾ |
| ਸੁਨਿ | | ਮਨ | ਹ | ਰਿ | ਕੀ | ਰਤ | ਅਠ | ਸਠ | ਮS | ਜਾ | S | S | ਨੁ |

ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਪਪ | ਗ | ਪ | ਧੁਸਾਂ | ਧੁ | ਪ | ਧੁਪ | ਗਪ | ਧੁਪ | ਗ | ਰੇ | ਸਾ |
| ਸੁਨਿ | ਮ | ਨ | ਗੁਰ | ਮੁ | ਖਿ | ਪਾऽ | ऽऽ | ਵਹਿ | ਮਾ | ऽ | ਨੁ |
| ਨ਼ੀਸਾ | ਗ | ਮ | ਪਪ | ਪ | ਪ | ਪਧੁ | ਨੀਸਾਂ | ਧੁਪ | ਮ | ਮ | ਮਗ |
| ਸੁਨਿ | ਮ | ਨ | ਗੁਰ | ਮੁ | ਖਿ | ਪਾऽ | ऽऽ | ਵਹਿ | ਮਾ | ऽ | ਨੁऽ |
| ਪਪ | ਪਪ | ਗਰੇ | ਸਾਸਾ | ਗ | -ਮ | ਗਰੂ | ਸਾਸਾ | ਗ- | -ਮ | ਗਰੂ | ਸਾਸਾ |
| ਜਪਿ | ਮਨ | ਹਰਿ | ਹਰਿ | ਨਾ | ऽਮੁ | ਹਰਿ | ਹਰਿ | ਨਾ | ऽਮੁ | ਹਰਿ | ਹਰਿ |

ਤ੍ਰਿੰਨ ਤਾਲ

| | | | | | | | |
|---|---|---|---|---|---|---|---|
| ਮ | ਮ | ਮ | ਮ | ਮੰਮ | ਮੰਮ | ਗ | ਗ |
| ਨਾ | ऽ | ਮੁ | ਨਿ | ਧਾऽ | ऽऽ | ऽ | ਨ |

## ਅੰਤਰਾ ਦੂਜਾ ਚਾਰ ਤਾਲ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਮਮ | ਪ | ਪਾ | ਧੁਧੁ | ਧੁ | ਨੀ | ਨੀਸਾਂ | | ਸਾਂ | ਸਾਂ | - | ਸਾਂ |
| ਜਪਿ | ਮ | ਨ | ਪਰ | ਮੇ | ਸ | ਰੁ | ਪ | ਰ | ਧਾ | ऽ | ਨੁ |
| ਧੁ | ਧੁ | ਨੀ | ਸਾਂ | ਰੇਂਸਾ | ਨੀਸਾਂ | ਰੇਂਸਾਂ | ਧੁਪ | ਮ | ਮੰ | ਮ | ਮ |
| ਖਿ | ਨੂ | ਖੇ | ਵੈ | ਪਾऽ | ऽऽ | ਪऽ | ਕੋऽ | ਟਾ | ऽ | ऽ | ਨ |

ਤ੍ਰਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਪ | ਗ | ਪ | ਧੁ | ਸਾਂ | ਸਾਂ | ਧੁ | ਪ | ਧੁ | ਪ | ਗ | ਪ | ਗ | ਰੇ | ਸਾ | ਸਾ |
| ਮਿ | ਲੁ | ਨਾ | ऽ | ਨ | ਕ | ਕੇ | ऽ | ਹ | ਰਿ | ਭ | ਗ | ਵਾ | ऽ | ऽ | ਨ |
| ਨੀ | ਸਾ | ਗ | ਮ | ਪ | ਧੁ | ਪ | - | ਪਧੁ | ਨੀਸਾਂ | ਧੁ | ਪ | ਮੰਮ | ਮਗ | ਮ | ਗ |
| ਮਿ | ਲੁ | ਨਾ | ऽ | ਨ | ਕ | ਕੇ | ऽ | ਹऽ | ਰਿऽ | ਭ | ਗ | ਵਾऽ | ऽऽ | ऽ | ਨ |
| ਪਪ | ਗਪ | ਗਰੇ | ਸਾਸਾ | ਗ | ਮ | ਪਪ | ਗਪ | ਗਰੇ | ਸਾਸਾ | ਗ | ਮ | ਪਪ | ਗਪ | ਗਰੇ | ਸਾਸਾ |
| ਜਪਿ | ਮਨ | ਹਰਿ | ਹਰਿ | ਨਾ | ਮ | ਜਪਿ | ਮਨ | ਹਰਿ | ਹਰਿ | ਨਾ | ਮ | ਜਪਿ | ਮਨ | ਹਰਿ | ਸਰਿ |
| ਗ | ਮ | ਮ | ਮ | ਮੰਮ | ਮੰਮ | ਗ | ਗ | | | | | | | | |
| ਨਾ | ऽ | ਮੁ | ਨਿ | ਧਾऽ | ऽऽ | ऽ | ਨ | | | | | | | | |

## ਰਾਗ ਪ੍ਰਭਾਤੀ

ਪ੍ਰਭਾਤੀ, ਭਾਰਤੀ ਸੰਗੀਤ ਦੇ ਅਪ੍ਰਚਲਿਤ ਜਾਂ ਅਲਪ ਪ੍ਰਸਿੱਧ ਰਾਗਾਂ ਦੇ ਵਰਗ ਦਾ ਰਾਗ ਹੈ। ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਇਹ ਇਕ ਅਤਿਅੰਤ ਮਨੋਹਰ ਅਤੇ ਨਿਵੇਕਲਾ ਰਾਗ ਹੈ। ਇਸ ਰਾਗ ਦੇ ਸਮੁੱਚੇ ਚਲਨ ਵਿਚ ਭੈਰਵ, ਰਾਮਕਲੀ, ਲਲਿਤ, ਕਾਲਿੰਗੜਾ ਆਦਿ ਰਾਗਾਂ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ। ਪਰ ਇਹ ਆਪਣੇ ਸੁਤੰਤਰ ਨਿਯਮਾਂ ਦੇ ਆਧਾਰ 'ਤੇ ਉਨ੍ਹਾਂ ਨਾਲੋਂ ਸਹਿਜੇ ਹੀ ਨਿਖੜ ਜਾਂਦਾ ਹੈ। ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਰਹੇ ਹਨ ਇਕ ਭੈਰਵ ਅੰਗ ਦਾ ਅਤੇ ਦੂਜਾ ਕਲਿਆਣ ਅੰਗ ਦਾ। ਇਸ ਦਾ ਪਹਿਲਾ ਪ੍ਰਕਾਰ ਵਧੇਰੇ ਪ੍ਰਚਲਿਤ ਰਿਹਾ ਹੈ। ਇਸ ਦਾ ਦੂਜਾ ਪ੍ਰਕਾਰ ਵਰਤਮਾਨ ਵਿਚ ਬਹੁਤ ਘੱਟ ਕੰਨ ਗੋਚਰ ਹੁੰਦਾ ਹੈ। ਕੁਝ ਬਜ਼ੁਰਗ ਕੀਰਤਨਕਾਰਾਂ ਕੋਲ ਇਸ ਦਾ ਦੂਜਾ ਸਰੂਪ ਆਵੱਸ਼ ਸੁਰੱਖਿਅਤ ਹੈ। ਅਸੀਂ ਇਥੇ ਪ੍ਰਭਾਤੀ ਦੇ ਪਹਿਲੇ ਪ੍ਰਕਾਰ ਦੇ ਸੰਬੰਧ ਵਿਚ ਵਿਚਾਰ ਕਰ ਰਹੇ ਹਾਂ।

ਆਧੁਨਿਕ ਨਾਦ ਸ਼ਾਸਤਰ ਵਿਗਿਆਨਕਾਂ ਨੇ ਇਸ ਰਾਗ ਦਾ ਵਰਗੀਕਰਣ ਭੈਰਵ ਥਾਟ ਦੇ ਅੰਤਰਗਤ ਕੀਤਾ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ ਦੋਵੇਂ ਮੱਧਿਅਮ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ-ਅਵਰੋਹ ਵਿਚ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਸੰਪੂਰਣ-ਸੰਪੂਰਣ ਹੈ। ਇਸ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਅਰਥਾਤ ਸੂਰਜ ਚੜ੍ਹਨ ਤੋਂ ਪੂਰਵ ਹੈ। ਪ੍ਰਭਾਤੀ ਵਿਚ ਸ਼ੁੱਧ ਮੱਧਿਅਮ ਬੜਾ ਮਹੱਤਵਪੂਰਣ ਸੁਰ ਹੈ। ਵਿਦਵਾਨਾਂ ਨੇ ਸ਼ੁੱਧ ਮੱਧਿਅਮ ਨੂੰ ਇਸ ਦਾ ਗ੍ਰਹਿ ਜਾਂ ਆਰੰਭਿਕ ਸੁਰ ਮੰਨਿਆ ਹੈ। ਸ਼ੁੱਧ ਮੱਧਿਅਮ ਉਤੇ ਨਿਆਸ (ਠਹਿਰਾਉ) ਕਰਨ ਨਾਲ ਇਹ ਰਾਗ ਬੜਾ ਪ੍ਰਭਾਵਸ਼ਾਲੀ ਬਣ ਜਾਂਦਾ ਹੈ। ਇਸ ਰਾਗ ਵਿਚ ਸ਼ੁੱਧ ਮੱਧਿਅਮ ਦੀ ਵਰਤੋਂ ਸੁਤੰਤਰ ਰੂਪ ਵਿਚ ਅਤੇ ਤੀਬਰ ਮੱਧਿਅਮ ਦੀ ਵਰਤੋਂ ਲਲਿਤ ਅੰਗ ਤੋਂ ਕੀਤੀ ਜਾਂਦੀ ਹੈ ਜਿਵੇਂ : ਸਾ ਰੇ ਗ ਮ ਮੰ ਮ ਗ" ਇਸ ਰਾਗ ਦੇ ਵਿਸਤਾਰ ਦਾ ਖੇਤਰ ਬੜਾ ਵਿਸ਼ਾਲ ਹੈ। ਅਰਥਾਤ ਇਸ ਦਾ ਵਿਸਤਾਰ ਤਿੰਨਾਂ ਸਪਤਕਾਂ ਵਿਚ ਕੀਤਾ ਜਾਂਦਾ ਹੈ। ਪ੍ਰਭਾਤੀ ਸਵੇਰ ਦਾ ਸੰਧੀਪ੍ਰਕਾਸ਼ ਰਾਗ ਹੈ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਹੈ। ਇਸ ਵਿਚ ਭਗਤੀ ਭਾਵ ਦੇ ਗੀਤ ਬੜੇ ਸੁਹਾਵਣੇ ਲਗਦੇ ਹਨ। ਸੰਗੀਤਕਾਰ ਇਸ ਨੂੰ ਸੰਕੀਰਣ ਰਾਗਾਂ ਦੇ ਵਰਗ ਵਿਚ ਸ਼ਾਮਲ ਕਰਦੇ ਹਨ। ਡਾ. ਭਾਈ ਵੀਰ ਸਿੰਘ ਜੀ ਦਾ ਕਥਨ ਹੈ ਕਿ "ਪ੍ਰਭਾਤੀ : ਗੁਰਮਤ ਸੰਗੀਤ ਵਿਚ ਇਹ ਭਿੰਨ ਰਾਗਣੀ ਹੈ ਅਤੇ ਗੁਰਮਤਿ ਸੰਗੀਤ ਵਲੋਂ ਪ੍ਰਚਾਰ ਹੋਈ ਹੈ।" (ਗੁਰਮਤ ਸੰਗੀਤ, ਪੰਨਾ 30)

ਭਿੰਨ ਰਾਗਣੀ ਦੀ ਵਿਆਖਿਆ ਆਪ ਇਸ ਤਰ੍ਹਾਂ ਕਰਦੇ ਹਨ "ਭਿੰਨ ਰਾਗਣੀ ਉਸ ਨੂੰ ਕਹਿੰਦੇ ਹਨ ਜੋ ਰਾਗਾਂ ਦੀ ਬੰਸ ਵਿਚੋਂ ਨ ਹੋਵੇ।"

ਇਸ ਵਿਚ ਸੰਦੇਹ ਨਹੀਂ ਹੈ ਕਿ ਪ੍ਰਭਾਤੀ ਰਾਗ ਗੁਰਮਤਿ ਸੰਗੀਤ ਵਲੋਂ ਪ੍ਰਚਾਰ ਵਿਚ ਆਇਆ। ਇਹੋ ਹੀ ਨਹੀਂ ਸਗੋਂ ਜਿਹੜੇ ਵੀ ਰਾਗ ਨਿਰੋਲ ਗੁਰਮਤਿ ਸੰਗੀਤ ਵਲੋਂ ਪ੍ਰਚਾਰ ਵਿਚ ਆਏ ਉਨ੍ਹਾਂ ਦਾ ਮੱਧ ਕਾਲ ਦੇ ਕਿਸੇ ਵੀ ਗ੍ਰੰਥਕਾਰ ਨੇ ਉਲੇਖ ਨਹੀਂ ਕੀਤਾ ਅਤੇ ਨਾ

ਹੀ ਕਿਸੇ ਰਾਗ ਮਾਲਾ ਦੇ ਲੇਖਕ ਨੇ ਅਜਿਹੇ ਰਾਗਾਂ ਨੂੰ 6 ਪ੍ਰਮੁੱਖ ਰਾਗਾਂ ਵਿਚੋਂ ਕਿਸੇ ਦੇ ਲੜ ਲਾਇਆ ਹੈ। ਉਦਾਹਰਣ ਵਜੋਂ, ਮਾਝ, ਬੜਹੰਸ, ਤੁਖਾਰੀ, ਪ੍ਰਭਾਤੀ, ਆਦਿ। ਵਾਸਤਵਿਕਤਾ ਇਹ ਹੈ ਕਿ ਗੁਰਮਤਿ ਦੇ ਇਨ੍ਹਾਂ ਰਾਗਾਂ ਤੱਕ ਰਾਗ-ਰਾਗਣੀ ਪੱਧਤੀ ਅਨੁਸਾਰ ਵਰਗੀਕਰਣ ਕਰਨ ਵਾਲੇ ਕਿਸੇ ਮੱਤ ਦੀ ਰਸਾਈ ਹੀ ਨਹੀਂ ਹੋਈ। ਇਸ ਕਰਕੇ ਕਿਸੇ ਰਾਗ ਦੇ ਇਨ੍ਹਾਂ ਰਾਗਾਂ ਨੂੰ ਪੱਲੇ ਲਾਉਣ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ।

ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਅੰਕਿਤ ਰਾਗਮਾਲਾ ਵਿਚ ਵੀ ਪ੍ਰਭਾਤੀ ਰਾਗ ਦਾ ਹਵਾਲਾ ਨਹੀਂ ਮਿਲਦਾ। ਇਹ ਇਕ ਅਤਿਅੰਤ ਗੰਭੀਰ ਚਿੰਤਨ ਦਾ ਵਿਸ਼ਾ ਹੈ।

ਆਰੋਹ : ਸਾ, ਰੇ̱ ਗ ਮ, ਮੰ ਮ ਗ, ਮ ਪ ਧ̱ ਨੀਸਾਂ

ਅਵਰੋਹ : ਸਾਂ ਨੀ ਧ̱ਪ ਮ, ਮੰ ਮਗ, ਰੇ̱ ਰੇ̱ ਸਾ।

ਮੁਖ ਅੰਗ : ਮ, ਗ ਮ ਮੰ, ਗ ਮ ਗਰੇ̱, ਸਾ, ਨ਼ੀ ਨ਼ੀ ਸਾ।

## ਸੁਰ ਵਿਸਤਾਰ

1. ਸਾ, ਸਾਰੇ̱ ਸਾ ਸਾ ਨ਼ੀ ਨ਼ੀ ਸਾ ਨ਼ੀ ਸਾ ਧ਼̱ ਨ਼ੀਸਾ, ਧ਼̱ਧ਼̱ਪ਼, ਮ਼ ਮੰ਼ਗ ਗ਼ ਮ਼ ਪ਼ ਗ਼ ਮ਼ ਧ਼̱ ਧ਼̱ ਪ਼, ਮ਼ ਪ਼ ਗ਼ ਮ਼ ਧ਼̱ ਨੀਸਾ, ਨ਼ੀਸਾ ਰੇ̱ ਰੇ̱ਸਾ, ਨ਼ੀ ਸਾ ਗ, ਗ ਗ ਰੇ̱ ਸਾ, ਨ਼ੀਸਾ ਗ ਗ ਮ, ਨ਼ੀਸਾ ਗ ਮ ਮੰਮ ਗ, ਗ ਮ ਮ ਗਮ ਮੰ ਮੰ ਗ, ਮ ਗ ਰੇ̱ ਸਾ, ਨ਼ੀਸਾ ਗ ਗ ਮ।

2. ਸਾਰੇ̱ ਨੀਸਾ, ਗ ਮ ਰੇ̱ ਗ, ਮੰ ਮ ਗ, ਨ਼ੀਸਾ ਗ ਮ ਪ ਮ ਮੰ ਗ, ਗ ਮ ਪ ਗਮ ਧ̱ ਧ̱ ਪ, ਮ ਮੰ ਮਗ, ਗ ਮ ਪ ਗ ਮ ਧ̱ ਧ̱ ਨੀ, ਨੀ ਨੀ ਧ̱ਪ ਧ̱ਪ, ਮ ਮੰ ਗ ਗ ਮ ਪ ਗ ਮ ਧ̱ ਨੀਸਾਂ, ਨੀਸਾਂ, ਧ̱ਪ, ਨੀ ਧ̱ ਮ ਗ ਪ, ਧ̱ਪ ਧ̱ ਮ, ਮ ਮੰ ਗ, ਗ ਮ ਪ ਗ ਮ ਧ̱ ਨੀਸਾਂ, ਨੀਸਾਂ ਧ̱ਪ, ਨੀ ਧ̱ ਮ ਗ ਪ, ਧ̱ਪ ਧ̱ਮ, ਮ ਮੰ ਗ, ਮ ਗ ਰੇ̱ ਗ, ਮ ਗ, ਰੇ̱ ਸਾ, ਨ਼ੀਸਾ ਗ ਗ ਮ।

3. ਨ਼ੀਸਾ ਗ ਮ ਪ ਗ ਮ ਧ̱ ਧ̱ ਨੀ, ਨੀ ਨੀ ਧ̱ਪ ਮ ਮੰ ਗ, ਗ ਮ ਧ̱ ਧ̱ ਨੀਸਾਂ, ਸਾਂਨੀ ਧ̱ਪ ਮ ਮੰ ਮਗ, ਗ ਮ ਧ̱, ਨੀਸਾਂ, ਧ̱ ਨੀਸਾਂ ਰੇ̱ਂ ਨੀਸਾਂ ਰੇਂ ਰੇਂ ਸਾਂ, ਨੀਸਾਂ ਗਂ, ਰੇ̱ ਰੇ̱ਂ ਸਾਂ ਨੀਸਾਂ ਗਂ ਮਂ, ਮੰਂ ਮਂ ਗਂ, ਮਂ ਗਂ ਰੇ̱ਂ ਗਂ, ਮਂ ਗਂ ਰੇ̱ਂ ਸਾਂ, ਨੀਸਾਂ ਗਂ ਰੇ̱ਂ ਮੰਂ ਮਂ

ਗਂ, ਨੀਸਾਂ ਗਂ ਮਂ ਪਂ, ਮਂ ਮਂ ਗਂ, ਮਂ ਗਂ ਰੇ̱ਂ ਗਂ ਰੇ̱ਂ ਰੇ̱ਂ ਸਾਂਨੀ ਸਾਂ ਧ̱ ਧ̱ ਧ, ਨੀ ਧ̱ਪ, ਧ̱ਪ ਮ, ਮ ਮਂ ਗ, ਮਂ ਗ ਰੇ̱ ਸਾ, ਰੇ̱ਂ ਰੇ̱ਂ ਸਾਂਨੀ ਸਾਂ ਧ̱ ਧ̱ ਪ, ਨੀ ਧ̱ਪ, ਧ̱ਪ ਮ, ਮ ਮਂ ਗ, ਮ ਗ ਰੇ̱ ਸਾ, ਨ਼ੀ ਸਾ, ਗ ਗ ਮ ।

## ਪ੍ਰਭਾਤੀ
### (ਕਬੀਰ ਜੀਉ)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰ ਰਹਿਓ ਸ੍ਰਬ ਠਾਂਈ ॥ ੧ ॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥ ੨ ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨ ਡੀਠਾ ॥ ੪ ॥ ੩ ॥

(ਗੁ. ਗ੍ਰੰ. ਪੰਨਾ ੧੩੪੯-੫੦)

## ਰਾਗ ਪ੍ਰਭਾਤੀ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | ਸਥਾਈ ; | - | ਮਗ | ਰੇ | ਸਾ | ਨ਼ੀ | ਸਾ | ਗ | ਮ |
| | | | | | | | | ऽ | ਲੋ | ਗਾ | ऽ | ਭ | ਰ | ਮਿ | ਨ |
| ਮ | - | ਮ | - | ਮੰਮ | ਮਮ | ਗ | - | - | ਗਮ | ਧੁ | ਧੁ | ਪ | ਪ | ਧੁ | ਮ |
| ਭੁ | ऽ | ਲਹੁ | ऽ | ਭਾऽ | ऽऽ | ਈ | ऽ | ऽ | ਖਾऽ | ਲਿ | ਕੁ | ਖ | ਲ | ਕ | ਖ |
| ਮ | ਮੰ | ਮ | ਗ | ਮੰ | ਗ | ਰੇ | ਸਾ | - | ਨ਼ੀਸਾ | ਗਮ | | ਪ | ਧੁ | ਨੀਸਾਂ | |
| ਲ | ਕ | ਮ | ਹਿ | ਖਾ | ऽ | ਲਿ | ਕੁ | ऽ | ਪੁऽ | ਫਿ | ਰਹਿ | ਓ | ऽ | ਸੁ | ਬ |
| ਨੀਨੀ | ਧੁਨੀ | ਸਾਂਰੇਂ | ਨੀਸਾਂ | ਧੁਪ | ਧੁਪ | ਮੰਮ | ਮਗ | | | | | | | | |
| ਠਾਂऽ | ऽऽ | ऽऽ | ऽऽ | ਈऽ | ऽऽ | ऽऽ | ऽऽ | | | | | | | | |

| | | | |
|---|---|---|---|
| ਧ̱ | - | ਨੀ | ਨੀ |
| ਅ | ਸ | ਲ | ਹ |
| ਗਂ | ਰੇਂ | ਸਾਂ | ਸਾਂ |
| ਕੇ | ਸ | ਸ | ਭ |
| ਪ | ਧ | ਪ | - |
| ਸ | ਰ | ਤੇ | ਸ |
| ਪ | ਧ̱ | ਨੀਸਾਂ | |
| ਲੇ | ਸ | ਕੇਂ | ਸ |

| | | | |
|---|---|---|---|
| - | ਗ | ਮ | ਮ |
| ਸ | ਅ | ਵ | ਲਿ |
| ਨੀਸਾਂ | ਗੋ | ਰੇਂਗਂ | ਮਂ |
| ਸਸ | ਕ̱ | ਦ | ਰਤਿ |
| ਨੀ | ਧ̱ | ਮ | ਗ |
| ਏ | ਸ | ਕ | ਨੁ |
| - | ਨੀਸਾ | ਗ | ਮ |
| ਸ | ਕਉ | ਨ | ਭ |

ਅੰਤਰਾ :

| | | | |
|---|---|---|---|
| ਨੀਸਾਂ | ਰੇਂਰੇਂ | ਸਾਂ | ਸਾਂ |
| ਪਾਸ | ਸਸ | ਦਿਆ | ਸ |
| ਮ | ਮਂ | ਮ | ਗ |
| ਏ | ਸ | ਸ | ਸ |
| ਮਂ | ਗ | ਰੇ | ਸਾ |
| ਉ | ਪ | ਜਿਆ | ਸ |
| ਧਪ | ਧਪ | ਮਮਂ | ਮਮ |
| ਏਸ | ਸਸ | ਸਸ | ਸਸ |

| | | | |
|---|---|---|---|
| ਸਾਂ | - | ਮ | - |
| ਨੁ | ਸ | ਰੁ | ਉ |
| ਨੀਸਾਂ | ਰੇਂਸਾਂ | ਧ̱ | ਪ |
| ਬੰਸ | ਸਸ | ਸ | ਸ |
| ਮ | ਮਂ | ਮ | ਗ |
| ਸ | ਭ | ਜ | ਗ |
| ਨੀਨੀ | ਧ̱ਨੀ | ਸਾਂਰੇਂ | ਸਾਂਨੀ |
| ਮੰਸ | ਸਸ | ਸਸ | ਸਸ |

## ਰਾਗ ਬਿਭਾਸ

ਗੁਰੂ ਗ੍ਰੰਥ ਸਾਹਿਬ ਵਿਚ ਬਿਭਾਸ ਰਾਗ ਦੀ ਵਰਤੋਂ ਤਿੰਨ ਰੂਪ ਵਿਚ ਕੀਤੀ ਗਈ ਹੈ। (ੳ) ਬਿਭਾਸ ਪ੍ਰਭਾਤੀ, (ਅ) ਪ੍ਰਭਾਤੀ ਬਿਭਾਸ (ੲ) ਅਤੇ (ਸ) ਪ੍ਰਭਾਤੀ ਮਹਲਾ ੪ ਬਿਭਾਸ।

ਬਿਭਾਸ ਪ੍ਰਭਾਤੀ ਦੇ ਆਰੰਭ ਵਿਚ ਪਹਿਲਾਂ ਸੁਰਾਵਲੀਆਂ ਬਿਭਾਸ ਦੀਆਂ ਅਤੇ ਬਾਅਦ ਵਿਚ ਪ੍ਰਭਾਤੀ ਦਾ ਚਲਨ ਹੈ। ਇਸ ਦੇ ਵਿਪਰਿਤ ਪ੍ਰਭਾਤੀ ਬਿਭਾਸ ਦੇ ਪੂਰਵਾਂਗ ਵਿਚ ਪ੍ਰਭਾਤੀ ਅਤੇ ਉਤ੍ਰਾਂਗ ਵਿਚ ਬਿਭਾਸ ਦੀਆਂ ਸੁਰਾਵਲੀਆਂ ਵਿਚਰਦੀਆਂ ਹਨ। ਇਸੇ ਰਾਗ ਦੇ ਸੰਦਰਭ ਵਿਚ ਤੀਜਾ ਪ੍ਰਕਾਰ ਹੈ "ਪ੍ਰਭਾਤੀ ਮਹਲਾ ੪ ਬਿਭਾਸ ਪੜਤਾਲ।"

(ਗੁਰੂ ਗ੍ਰੰਥ, ਪੰਨਾ ੧੩੪੧)

ਗੁਰੂ ਗ੍ਰੰਥ ਸਾਹਿਬ ਵਿਚ ਕਈ ਸਥਾਨਾਂ ਤੇ ਅਜਿਹੇ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਇਹ ਬੋਧ ਹੁੰਦਾ ਹੈ ਕਿ ਇਥੋਂ ਭਗਤ ਬਾਣੀ ਦਾ ਆਰੰਭ ਹੋ ਰਿਹਾ ਹੈ। ਉਦਾਹਰਣ ਵਜੋਂ : ੧ਓ ਸਤਿਨਾਮ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਬਿਲਾਵਲੁ ਬਾਣੀ ਭਗਤਾ ਕੀ"

ਕਬੀਰ ਜੀਉ ਕੀ ॥" (ਗੁਰੂ ਗ੍ਰੰਥ ਪੰਨਾ 855)

ਜਾਂ

ੴ ਸਤਿਗੁਰ ਪ੍ਰਸਾਦਿ ॥

ਰਾਗੁ ਗੋਂਡ ਬਾਣੀ ਭਗਤਾ ਕੀ ॥

ਕਬੀਰ ਕੇ ॥ (ਗੁਰੂ ਗ੍ਰੰਥ, ਪੰਨਾ ੮੭੦)

ਇਨ੍ਹਾਂ ਸਿਰਲੇਖਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਥੋਂ ਭਗਤ ਬਾਣੀ ਚਾਲੂ ਹੋ ਰਹੀ ਹੈ। ਕਿਸ ਭਗਤ ਦੀ ਰਚਨਾ ਦਾ ਆਰੰਭ ਹੈ? "ਕਬੀਰ ਜੀਉ ਜੀ" ਜਾਂ "ਕਬੀਰ ਕੇ" ਸੰਕੇਤ ਦੁਆਰਾ ਸਪਸ਼ਟੀਕਰਣ ਕੀਤਾ ਗਿਆ ਹੈ।

ਇਸੇ ਤਕਨੀਕ ਅਨੁਸਾਰ ਰਾਗਾਂ ਬਾਰੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕੇਤ ਮਿਲਦੇ ਹਨ ਜਿਵੇਂ : "ਪ੍ਰਭਾਤੀ ਮਹਲਾ ੪ ਬਿਭਾਸ ਪੜਤਾਲ।" (ਗੁਰੂ ਗ੍ਰੰਥ, ਪੰਨਾ ੧੩੪੧)

ਸਾਡੇ ਅਧਿਐਨ ਅਨੁਸਾਰ ਇਸ ਦਾ ਭਾਵ ਹੈ ਕਿ ਪ੍ਰਮੁੱਖ ਪ੍ਰਭਾਤੀ ਰਾਗ ਦਾ ਪ੍ਰਵਾਹ ਜਾਰੀ ਹੈ, ਪਰ ਇਹ ਵਿਸ਼ੇਸ਼ ਸ਼ਬਦ ਬਿਭਾਸ ਰਾਗ ਵਿਚ ਹੈ।

ਬਿਭਾਸ ਇਕ ਪ੍ਰਾਚੀਨ ਰਾਗ ਹੈ। ਸੁਪ੍ਰਸਿੱਧ ਗੱਦ ਲੇਖਕ "ਸੁਬੰਧੁ" ਵਾਸਵਦੱਤਾ ਨਾਮ ਦੀ ਪੁਸਤਕ ਵਿਚ ਜਿਸਦਾ ਸਮਾਂ 6ਵੀਂ ਸ਼ਤਾਬਦੀ ਮੰਨਿਆ ਜਾਂਦਾ ਹੈ, ਵਿਚ ਇਸ ਰਾਗ ਦਾ ਉਲੇਖ ਕਰਦਾ ਹੈ। "ਵਿਭਾਸ ਰਾਗੋ ਮੁਖਰ ਕਾਰਪਟਿਕ ਜਨੇ ਪਗਜਮਾਨ ਕਾਵਯ ਕਥਾਮੁ।" (ਵਾਸਤਵਦੱਤਾ) ਜਿਸ ਤੋਂ ਸਪਸ਼ਟ ਹੈ ਕਿ ਪੁਰਾਤਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਇਹ ਰਾਗ ਭਾਰਤੀ ਸੰਗੀਤ ਦਾ ਅਨਿੱਖੜ ਅੰਗ ਬਣਿਆ ਹੋਇਆ ਹੈ।

ਜਨਕ - ਜੰਨਯ ਜਾਂ ਥਾਟ - ਰਾਗ ਪੱਧਤੀ ਅਨੁਸਾਰ ਇਸ ਰਾਗ ਦਾ ਵਰਗੀਕਰਣ ਭੈਰਵ ਥਾਟ ਵਿਚ ਕੀਤਾ ਜਾਂਦਾ ਹੈ। ਰਾਗਾਂਗ ਪੱਧਤੀ ਮੰਨਣ ਵਾਲੇ ਸੰਗੀਤਕਾਰ ਵੀ ਇਸਨੂੰ ਭੈਰਵ

ਅੰਗ ਦਾ ਰਾਗ ਮੰਨਦੇ ਹਨ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਅਤੇ ਨਿਸ਼ਾਦ ਵਰਜਿਤ ਅਤੇ ਹੋਰ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਦੋ ਸੁਰ ਵਰਜਿਤ ਹੋਣ ਕਾਰਣ ਇਸ ਦੀ ਜਾਤੀ ਔਡਵ-ਔਡਵ ਹੈ। ਇਸ ਰਾਗ ਦੀ ਰੂਪ-ਰੇਖਾ ਕੁਝ ਅੰਸ਼ ਵਿਚ ਬਿਲਾਵਲ ਥਾਟ ਦੇ ਦੇਸ਼ਕਾਰ ਰਾਗ ਨਾਲ ਸਮਾਨਤਾ ਰੱਖਦੀ ਹੈ। ਅਰਥਾਤ - ਦੇਸ਼ਕਾਰ ਵਿਚ ਰਿਸ਼ਭ ਧੈਵਤ ਸ਼ੁੱਧ ਹਨ ਉਨ੍ਹਾਂ ਨੂੰ ਕੋਮਲ ਕਰਨ ਨਾਲ ਕੁਝ ਅੰਸ਼ ਵਿਚ ਬਿਭਾਸ ਰਾਗ ਸਾਕਾਰ ਹੋ ਜਾਂਦਾ ਹੈ, ਅਜਿਹੀ ਜੁਗਤੀ ਸੰਗੀਤ ਮਰਮੱਗ ਦੱਸਦੇ ਹਨ। ਭੈਰਵ ਵਿਚ ਰਿਸ਼ਭ ਧੈਵਤ ਤੇ ਜਿਸ ਤਰ੍ਹਾਂ ਦਾ ਅੰਦੋਲਨ ਕੀਤਾ ਜਾਂਦਾ ਹੈ, ਬਿਭਾਸ ਵਿਚ ਉਹ ਵਧੇਰੇ ਸੋਭਾ ਨਹੀਂ ਦਿੰਦਾ। ਇਸ ਰਾਗ ਵਿਚ ਗੰਧਾਰ ਅਤੇ ਪੰਚਮ ਦੀ ਸੁਰ ਸੰਗਤੀ ਬੜੀ ਮਧੁਰ ਪ੍ਰਤੀਤ ਹੁੰਦੀ ਹੈ। ਜਿਵੇਂ :

"ਪ ਧੁ ਪ ਪ, ਗ ਪ, ਸਾ ਗ ਪ, ਗਪ, ਸਾਂਰੇਂ ਸਾਂ ਸਾਂ ਧੁਪ, ਗਪ, ਗਪ ਧੁਪ, ਗਰੇ ਸਾ" ਆਦਿ। ਬਿਭਾਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਤਰ੍ਹਾਂ ਇਹ ਉਤ੍ਰਾਂਗ ਵਾਦੀ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ।

ਆਰੋਹ : ਸਾ ਰੇ ਗਪ, ਧੁ, ਸਾਂ

ਅਵਰੋਹ : ਸਾਂ ਧੁ, ਪ, ਗਪ, ਗਰੇ ਸਾ।

ਮੁਖ ਅੰਗ : ਪਧੁ ਧੁਪ, ਗਪ, ਗਰੇ ਸਾ।

## ਸੁਰ ਵਿਸਤਾਰ

1. ਸਾ, ਸਾਰੇ ਸਾਸਾ, ਧੁਧੁਪ, ਗ ਪ, ਗ ਪ ਧੁ ਧੁ ਪ, ਧੁ ਗ ਪ, ਪ ਧੁ ਪ ਪ ਧੁ ਧੁ ਸਾ, ਧੁ ਰੇ ਸਾ, ਸਾਰੇ ਸਾਸਾ ਗ, ਗ ਗ ਰੇਸਾ, ਸਾਸਾ ਗ ਗ ਪ, ਪਗ, ਪਗ, ਰੇ ਸਾ, ਗ ਗ ਪ, ਸਾਰੇ ਗਪ ਧੁ ਧੁਪ ਪ ਧੁ ਪਪ ਗਪ, ਗ ਪ ਧੁ ਪ ਗ, ਪ ਗ ਰੇ ਸਾ, ਰੇ ਸਾਂ ਧੁ ਪ ਧੁ ਧੁ ਸਾ, ਧੁ ਰੇ ਸਾ।

2. ਗ ਗ ਰੇ ਸਾ ਸਾਰੇ ਗਪ ਧੁ, ਧੁ, ਧੁ ਧੁਪ, ਧੁ ਗ ਪ, ਗਪ ਧੁ, ਪ ਧੁ, ਸਾ ਧੁਪ, ਧੁ ਗ ਪ, ਗ ਪ ਧੁ ਧੁ ਪ ਧੁਸਾਂ, ਧੁਪ ਗ ਪ ਧੁ ਧੁ ਸਾਂ, ਪ ਧੁ ਸਾਂ ਸਾਂ ਰੇਂ ਰੇਂਸਾਂ, ਰੇਂ ਸਾਂ ਧੁਪ, ਪ ਧੁ ਸਾਂ ਧੁਪ, ਧੁਪ ਗਪ ਧੁਪ ਗਪ, ਪ ਧੁ ਪ ਪ ਗਪ, ਗ, ਰੇ ਸਾ, ਪ ਗ ਪ, ਗ ਰੇ ਸਾ, ਰੇ ਸਾ, ਧੁ ਧੁ ਰੇ ਸਾ।

3. ਪ ਪ ਗ ਪ ਧੁ ਧੁਧਾਂ, ਸਾਂਰੇਂ ਸਾਂ ਸਾਂ ਧੁ ਪ ਗ ਪ ਧੁ ਧੁ ਸਾਂ ਪ ਧੁ ਸਾਂ ਸਾਂ ਰੇਂ ਰੇਂ ਸਾਂ, ਪਧੁ ਪ ਪ, ਧ ਸਾਂ ਧੁ ਧੁ, ਪਧੁ ਰੇਂ ਰੇਂਸਾਂ, ਸਾਂਰੇਂ ਗਂ, ਗ ਰੇਂ ਸਾਂ, ਸਾਂਰੇਂ

ਗਂ ਪਂ, ਪਂ ਗਂ ਪਂ ਪ, ਗਂ ਪਂ, ਗਂ ਰੇ̱' ਸਾਂ, ਗਂ ਰੇ̱' ਸਾਂ, ਰੁ' ਸਾਂ, ਸਾਂਰੇ̱' ਸਾਂ ਸਾਂ, ਪਧ̱ ਪ ਪ, ਗਪ ਧ̱ ਸਾਂ ਰੇ̱' ਸਾਂ ਧ̱ ਧ̱ ਪ, ਸਾਂ ਧ̱ਪ, ਧ̱ਪ ਗਪ, ਗਪ ਧ̱ਪ ਗਪ, ਗ ਰੇ̱ ਸਾ, ਪਗ, ਪ ਗ ਰੇ̱ ਸਾ, ਧ̱ ਧ̱ ਰੇ̱ ਸਾ ।

## ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ

ੴ ਸਤਿਗੁਰ ਪ੍ਰਸਾਦਿ ॥

ਅਵਰੁ ਨ ਦੂਜਾ ਠਾਉ ॥ ਨਾਹੀ ਬਿਨੁ ਹਰਿ ਨਾਉ ॥
ਸਰਬ ਸਿਧਿ ਕਲਿਆਨ ॥ ਪੂਰਨ ਹੋਹਿ ਸਗਲ ਕਾਮ ॥ ੧ ॥
ਹਰਿ ਕੋ ਨਾਮੁ ਜਪੀਐ ਨੀਤ ॥
ਕਾਮ ਕ੍ਰੋਧ ਅਹੰਕਾਰ ਬਿਨਸੈ ਲਗੈ ਏਕੈ ਪ੍ਰੀਤਿ ॥ ੧ ॥ ਰਹਾਉ ॥
ਨਾਮਿ ਲਾਗੈ ਦੂਖੁ ਭਾਗੈ ਸਰਨਿ ਪਾਲਨ ਜੋਗੁ ॥
ਸਤਿਗੁਰ ਭੇਟੈ ਜਮ ਨ ਤੇਟੈ ਜਿਸੁ ਧੁਰਿ ਹੋਵੈ ਸੰਜੋਗੁ ॥ ੨ ॥
ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥
ਸਾਧ ਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ ॥ ੩ ॥
ਜਨਮ ਜਨਮ ਬਿਖਾਦ ਬਿਨਸੇ ਰਾਖਿ ਲੀਨੇ ਆਪਿ ॥
ਮਾਤ ਪਿਤਾ ਮੀਤ ਭਾਈ ਜਨ ਨਾਨਕ ਹਰਿ ਹਰਿ ਜਾਪਿ ॥ ੪ ॥ ੧ ॥ ੧੩ ॥

(ਸ੍ਰੀ. ਗ੍ਰੰ. ਪੰਨਾ ੧੩੪੧)

## ਰਾਗ ਬਿਭਾਸ ਤਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | ਸਥਾਈ : | - | ਪ | ਧ | ਗ |
| | | | | | | | | | | | | s | ਹ | ਰਿ | ਕੇ |
| ਪ | - | - | ਪ | ਗ | ਪ | ਗਪ | ਧਪ | ਗ | ਰੇਸ | ਸਾ | ਸਾ | ਸਾਰੇ | ਗ | ਰੇਸਾ | ਧ |
| ਨਾ | s | s | ਮੁ | ਜ | ਪੀ | ਅੌs | ss | ਨੀ | s | s | ਤ | ਕਾ | s | ਮs | ਕੇ |
| - | ਰੇ | ਸਾ | ਸਾ | ਸਾਗ | ਰੇਪ | ਗ | ਧੁ | ਪ | ਪ | ਪ | - | - | ਲ | ਗ | ਪ |
| s | ਧ | ਅ | s | ਕਾs | ss | s | ਰ | ਬਿ | ਨ | ਸੈ | s | s | ਲ | ਗੀ | s |
| ਧੁ | ਰੇਸਾ | s | - | ਸਾਰੇ | ਸਾਧੁ | ਸਾਧੁ | ਪਧ | ਪਗ | ਪਗ | ਰੇਗ | ਰੇਸਾ | - | | | |
| ਏ | s | ਕੇ | s | ਪ੍ਰੀs | ss | ss | ss | ss | ss | ss | ਤਿs | s | | | |

| | | | | | | | | | |
|---|---|---|---|---|---|---|---|---|---|
| ਗ | ਨ | ਰੀ | s | ਧੁ | ਜਿ | ਪ | ਹੰ | | |
| ਧੁ | ਰੁ | ਸਾਂਰੇਂ | ਹੀਂs | ਸਾਂ | ਬ | ਰੇਂ | ਨ | | |
| ਪਪ | ਅਵ | ਰੇਂ | s | ਰੇਂ | ਰ | ਗ | ਰ | | |
| - | s | ਸਾਂ | ਨਾ | ਸਾਂ | ਸ | ਸਾ | ਪੂ | — | s |

ਅੰਤਰਾ :

| | | | | | | | |
|---|---|---|---|---|---|---|---|
| - | s | - | s | - | s | ਰੇਂਸਾ | MS |
| - | s | ਪ | s | ਸਾ | ਨ | ਪਗ | ss |
| - | s | ਧੁ | s | ਰੇਂ | s | ਪਧ | ss |
| ਸਾਂ | ਉ | ਧੁ | ਉ | ਗ | ਕਾs | ਪਧੁ | ss |

| | | | | | | | |
|---|---|---|---|---|---|---|---|
| ਰੇਂ | s | ਸਾਂ | ss | ਪ | s | ਸਾਂਧੁ | ss |
| ਧੁ | s | ਰੇਂ | ss | ਧੁ | s | ਰੇਂਰੇਂ | ss |
| - | s | ਧੁਸਾਂ | ss | ਗ | s | ਧੁਸਾ | ss |
| ਸਾਂ | ਠਾ | ਰੇਂਸਾਂ | ਨਾs | ਰੇਂ | ਆ | ਗਪ | ਕਾs |

| | | | | | | | |
|---|---|---|---|---|---|---|---|
| ਧੁ | ss | ਸਾਂ | ਰਿ | ਪ | ਲਿ | ਪ | ਬ |
| ਧੁਪ | ਜਾ | ਸਾਂ | ਹ | ਧੁ | ਕ | ਪ | ਰ |
| - | s | ਰੇਂ | ਨੁ | ਸਾਂ | ਧਿ | ਧੁ | ਸ |
| ਪ | ਦੂ | ਰੇਂ | ਬਿ | - | s | ਗ | ਹਿ |

## ਰਾਗ ਪ੍ਰਭਾਤੀ ਦਖਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਪ੍ਰਭਾਤੀ ਰਾਗ ਦੇ ਅਧੀਨ 'ਪ੍ਰਭਾਤੀ ਦਖਣੀ' ਵੀ ਉਪਲੱਬਧ ਹੁੰਦਾ ਹੈ। ਜਿਸ ਦਾ ਸਿਰਲੇਖ ਹੈ "ਪ੍ਰਭਾਤੀ ਮਹਲਾ ੧ ਦਖਣੀ ॥" ਇਸ ਰਾਗ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੪੩-੪੪ ਉਤੇ ਅੰਕਿਤ ਹੈ। ਗੁਰੂ ਨਾਨਕ ਸਾਹਿਬ ਨੇ ਦੱਖਣੀ ਪੱਧਤੀ ਦੇ 6 ਰਾਗਾਂ ਨੂੰ ਨਿਵਾਜਿਆ ਜਿਨ੍ਹਾਂ ਵਿਚੋਂ ਇਕ ਪ੍ਰਕਾਰ ਪ੍ਰਭਾਤੀ ਦਖਣੀ ਵੀ ਹੈ। ਸੰਗੀਤ ਖੇਤਰ ਵਿਚ ਗੁਰੂ ਦੇਵ ਦਾ ਇਹ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਕ੍ਰਿਸ਼ਮਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਦੋਹਾਂ ਪੱਧਤੀਆਂ (ਉਤਰੀ ਅਤੇ ਦਖਣੀ) ਵਿਚ ਪਾਏ ਪਾੜੇ ਨੂੰ ਮੇਟਣ ਲਈ ਕਿਰਿਆਤਮਕ ਰੂਪ ਵਿਚ ਮਹਾਨ ਯੋਗਦਾਨ ਦਿੱਤਾ ਹੈ।

ਪ੍ਰਭਾਤੀ ਦਖਣੀ ਰਾਗ ਦੀ ਰਚਨਾ ਉੱਤਰੀ ਸੰਗੀਤ ਪੱਧਤੀ ਅਨੁਸਾਰ ਆਸਾਵਰੀ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ-ਅਵਰੋਹ ਵਿਚ ਵਕਰ ਢੰਗ ਨਾਲ ,ਢੰਗ ਨਾਲ ਸੱਤ ਹੀ ਸੁਰ ਵਰਤੇ ਹਨ ਇਸ ਲਈ ਜਾਤੀ ਵਕਰ ਸੰਪੂਰਣ ਹੈ। ਇਸ ਰਾਗ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਗੰਧਾਰ ਹੈ। ਇਸ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ।

ਆਰੋਹ : ਸਾ, ਮ ਰੇ, ਗੁ ਮ ਪ, ਨੀ ਧੁ ਪ, ਸਾਂ

ਅਵਰੋਹ : ਸਾਂ ਨੀ ਧੁ, ਪ ਮ ਗੁ, ਰੇ ਸਾ।

ਮੁਖ ਅੰਗ : ਸਾ, ਮ ਰੇ, ਗੁ ਮ ਪ, ਨੀ ਧੁ ਪ।

### ਸੁਰ ਵਿਸਤਾਰ

1. ਸਾ, ਸਾ ਸਾ ਮ ਰੇ, ਗੁ ਮ ਪ, ਮ ਪ, ਗੁ ਰੇ ਸਾ, ਰੇ ਰੇ ਸਾ ਨ਼ੀ ਸਾ, ਨ਼ੀ ਧ਼ੁ ਪ਼, ਮ਼ ਪ਼ ਸਾ, ਸਾਮ ਰੇ ਗੁ ਮ ਪ, ਮ ਪ ਧੁ ਧੁ ਪ, ਮ ਪ ਨੀ ਧੁ ਪ, ਧੁ ਧੁ ਪ ਮ ਪ, ਮ ਪ ਗੁ, ਰੇ, ਸਾ, ਮ ਰੇ ਰੇ ਗੁ ਗੁ ਮ ਪ, ਨੀ ਧੁ ਪ, ਧੁ ਪ ਮਪ ਨੀ ਧੁ ਪ, ਧੁ, ਮ ਪ ਗੁ, ਰੇ ਸਾ।

2. ਸਾ ਸਾ ਮ ਰੇ, ਰੇਗੁ ਮ ਪ, ਮ ਪ ਨੀ ਧੁਪ, ਨੀ ਨੀ ਧੁ ਪ ਮ ਪ ਧੁ ਪ ਸਾਂ, ਨੀ ਧੁ ਧੁ ਪ, ਮ ਪ ਨੀ ਧੁ ਪ, ਧੁ ਪ ਮ ਪ ਮ, ਰੇ ਗੁ ਮ ਪ ਸਾਂ ਧੁ ਪ, ਧੁ ਮ ਪ ਗੁ, ਰੇ ਸਾ, ਨ਼ੀ ਧ਼ੁ ਪ਼, ਮ਼ ਪ਼ ਸਾ, ਮ ਮ ਰੇ ਗੁ ਮ ਪ, ਗੁ, ਰੇ ਸਾ।

3. ਮ ਮ ਰੇਗੁ, ਮ ਪ ਧੁ ਧੁ ਪ, ਮ ਰੇ ਗੁ ਮ ਨੀ ਧੁਪ, ਮ ਮ ਰੇ ਗੁ, ਗੁ ਮ ਪ ਮ ਪ ਸਾਂ ਧੁ ਪ, ਨੀ ਨੀ ਧੁਪ ਧੁਪ ਮਪ ਸਾਂ, ਰੇਂ ਨੀ ਧੁ ਪ, ਮ ਪ ਧੁਪ, ਮ ਪ ਸਾਂ, ਸਾਂ ਮਂ

ਰੇਂ ਗੁਂ ਰੇਂ ਸਾਂ, ਸਾਂ ਮਂ ਰੇਂ ਗੁ ਮਂ ਪਂ ਗੁਂ ਰੇਂ ਸਾਂ ਨ਼ੀ ਸਾਂ ਰੇਂ ਗੁਂ ਰੇਂ ਸਾਂ, ਰੇਂ ਰੇਂ ਸਾਂ

ਨ਼ੀਸਾਂ, ਨ਼ੀ ਸਾਂ ਰੇਂ ਨ਼ੀ ਧੁਪ, ਮ ਪ ਸਾਂ ਧੁ ਪ, ਮ ਪ ਨ਼ੀ ਧੁਪ ਮ ਮ ਰੇਗੁ ਮ ਪ ਨ਼ੀ ਧੁਪ,
ਮ ਮ ਰੇਗੁ ਮਪ ਗੁ, ਰੇ ਸਾ ।

## ਪ੍ਰਭਾਤੀ ਮਹਲਾ ੧ ਦਖਣੀ

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥ ੧ ॥
ਕੋਈ ਜਾਣਿ ਨ ਭੂਲੈ ਭਾਈ ॥
ਸੋ ਭੂਲੈ ਜਿਸ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥ ੧ ॥ ਰਹਾਉ ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥
ਅਉਗਣੁ ਜਾਣੈ ਤ ਪੁੰਨ ਕਰੈ ਕਿਉ ਕਿਉ ਨੇਖਾਸਿ ਬਿਕਾਈ ॥ ੨ ॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੇ ॥
ਕਿਉ ਪਇਆਲ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੇ ॥ ੩ ॥
ਰਾਜਾ ਜਨਮੇਜਾ ਦੇ ਮਤੀ ਬਰਜਿ ਤਿਆਸੀ ਪੜ੍ਹਾਇਆ ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥ ੪ ॥
ਗਣਤ ਨ ਗਣੀਂ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ ॥ ੫ ॥
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥
ਮਨਮੁਖ ਮੁਗਧੁ ਆਗੈ ਚੇਤੇ ਨਾਹੀ ਦੁਖਿ ਲਾਗੈ ਪਛੁਤਾਈ ॥ ੬ ॥
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥
ਹਰਿ ਅਭਿਮਾਨੁ ਨ ਜਾਈ ਜੀਅਹੁ ਅਗਿਆਨੇ ਪੈ ਪਚੀਐ ॥ ੭ ॥
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪ੍ਰਸਾਦਿ ਅਘੁਲੈ ॥ ੮ ॥ ੪ ॥

(ਗੁ. ਗ੍ਰੰ. ਪੰਨਾ ੧੩੪੩)

## ਰਾਗ ਪ੍ਰਭਾਤੀ ਦਖਣੀ ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 2 | | | ਸਥਾਈ : | 0 | | | | 3 | | | |
| | | | | | | | | ਸਾਮ | ਰੇਗ | - | ਮ | - | ਪਾ | - | ਸਾਂ |
| | | | | | | | | ਕੋਂS | ਈS | S | ਜਾ | S | ਣਿ | S | ਨ |
| ਧ | - | ਮ | ਪ | ਗ | - | ਰੇ | ਸਾ | ਮ | ਗ | ਰੇ | ਸਾ | ਰੇ | - | ਸਾ | ਸਾਂ |
| ਬੂ | S | ਲੇਂ | S | ਭਾ | S | ਈ | S | ਸੰ | S | ਭੂ | S | ਲੈ | S | ਜਿ | ਸੁ |
| ਮ | - | ਰੇ | ਗ | ਮ | ਧ | ਪ | - | ਗ | ਮ | ਪ | ਸਾਂ | ਸਾਂਰੇਂ | ਗਂ | ਰੇਂ | ਸਾਂ |
| ਆ | S | ਪਿ | ਭੁ | ਲਾ | S | ਏ | S | ਬੂ | S | ਝੈ | S | ਜਿਸ | ਸੰ | S | ਬੁ |
| ਰੇਂਸਾਂ | ਨੀਸਾਂ | ਰੇਂਗੇਂ | ਸਾਂਨੀ | ਧਪ | ਮਪ | ਮਗ | ਰੇਸਾ | | | | | | | | |
| ਭਾS | SS | SS | SS | ਈS | SS | SS | SS | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅੰਤਰਾ : | ਮ | - | ਰੇ | ਗੁ | ਮ | ਪਾ | - | ਪਾ |
| | | | | | | | | ਗੋਂ | ऽ | ਤ | ਮੁ | ਭ | ਪਾ | ऽ | ਅ |
| ਧੁ | ਪ | ਮ | ਪ | ਸਾਂ | -ਸਾਂ | ਸਾਂ | ਸਾਂਸਾਂ | ਸਾਂ | ਮਂ | ਰੇਂ | ਗੁਂ | ਰੇਂ | - | ਸਾਂ | ਸਾਂ |
| ਹਿ | ऽ | ਲਿਆ | ऽ | ਇऽ | ਸ | ਤ੍ਰੀ | ਤਿਸੁ | ਦੇ | ऽ | ऽ | ਖਿ | ਇੰ | ऽ | ਦ੍ਰ | ਲੁ |
| ਰੇਂਸਾਂ | ਨੀਸਾਂ | ਰੇਂ | - | ਨੀਧੁ | ਨੀਧੁ | ਮ | - | ਰੇ | ਗੁ | ਮਨੀ | ਨੀ | ਧੁ | - | ਪ | ਧੁ |
| ਭਾऽ | ऽऽ | ऽ | ऽ | ਇਆ | ऽऽ | ऽ | ऽ | ਸ | ਹ | ਸ | ਸ | ਗੋ | ऽ | ਰ | ਚਿ |
| ਧੁ | ਮ | ਪਧੁ | ਮਪ | ਗੁ | - | ਰੇ | ਸਾ | ਗੁ | ਮ | ਪ | ਸਾਂ | ਨੀਸਾਂ | ਰੇਂਗੁਂ | ਰੇਂ | ਸਾਂ |
| ਹ | ਨ | ਭऽ | ਗਾऽ | ਹੁ | ऽ | ਏ | ऽ | ਤਾ | ऽ | ਮ | ਨਿ | ਪਾ | ऽऽ | ਛੋ | ऽ |
| ਰੇਂਸਾਂ | ਨੀਸਾਂ | ਰੇਂਰੇਂ | ਸਾਂਨੀ | ਧੁਪ | ਮਪ | ਮਗੁ | ਰੇਸਾ | | | | | | | | |
| ਤ੍ਰਾऽ | ऽऽ | ऽऽ | ऽऽ | ਇਆ | ऽऽ | ऽऽ | ऽऽ | | | | | | | | |

## ਰਾਗ ਬਿਭਾਸ ਪ੍ਰਭਾਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਭਾਸ ਪ੍ਰਭਾਤੀ ਰਾਗ ਦੋ ਸਥਾਨਾਂ 'ਤੇ ਉਪਲੱਬਧ ਹੁੰਦਾ ਹੈ। ਪਹਿਲਾ ਸ਼ਬਦ ਹੈ 'ਬਿਭਾਸ ਪ੍ਰਭਾਤੀ ਮਹਲਾ ੫ ॥ ਅਤੇ ਦੂਜਾ ਸ਼ਬਦ "ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ ॥'

ਦੀਰਘ ਦ੍ਰਿਸ਼ਟੀ ਅਤੇ ਘੋਖਵੇਂ ਅਧਿਐਨ ਦੁਆਰਾ ਇਹ ਸਪਸ਼ਟ ਹੋ ਜਾਂਦਾ ਹੈ ਕਿ 'ਪ੍ਰਭਾਤੀ ਬਿਭਾਸ' ਅਤੇ 'ਬਿਭਾਸ ਪ੍ਰਭਾਤੀ' ਦੇ ਸਿਰਲੇਖ ਵਿਚ ਹੀ ਕਿਤਨਾ ਵਿਸ਼ਾਲ ਅੰਤਰ ਹੈ। ਇਹ ਸੰਕੇਤ ਕੋਈ ਭੁਲ ਜਾਂ ਅਣਗਹਿਲੀ ਦੇ ਸੂਚਕ ਨਹੀਂ, ਜਿਵੇਂ ਕਿ ਅਸੀਂ ਆਮ ਤੌਰ 'ਤੇ ਅਗਿਆਨਤਾ ਦੀ ਅਵਸਥਾ ਵਿਚ ਕਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਿਰਲੇਖ ਇਕ ਵਿਸ਼ੇਸ਼ ਰਾਗ-ਪ੍ਰਬੰਧ ਅਧੀਨ, ਇਕ ਵਿਸ਼ੇਸ਼ ਰਾਗ ਮਿਸ਼ਰਣ ਵਿਧੀ ਅਨੁਸਾਰ, ਰਾਗਾਂ ਦੇ ਸੂਖਮ ਤੱਤਾਂ ਨੂੰ ਪੂਰਨ ਤੌਰ 'ਤੇ ਧਿਆਨ ਵਿਚ ਰੱਖਕੇ ਦਿੱਤੇ ਗਏ ਹਨ। ਬਿਭਾਸ ਪ੍ਰਭਾਤੀ ਰਾਗ ਦੀ ਸਾਧਾਰਣ ਰੂਪ ਰੇਖਾ ਪ੍ਰਭਾਤੀ ਬਿਭਾਸ ਦੇ ਹੀ ਸਦ੍ਰਿਸ਼ ਹੈ। ਪਰ ਅੰਤਰ ਇਹ ਹੈ ਕਿ ਇਸ ਦੇ ਪੂਰਵਾਅਰਧ ਵਿਚ ਬਿਭਾਸ ਅਤੇ ਉਤਰਾਅਰਧ ਵਿਚ ਪ੍ਰਭਾਤੀ ਰਾਗ ਦੀਆਂ ਸੁਰਾਵਲੀਆਂ ਵਿਚਰਦੀਆਂ ਹਨ ਜਿਸ ਕਾਰਣ ਇਹ ਪ੍ਰਭਾਤੀ ਬਿਭਾਸ ਨਾਲੋਂ ਵੱਖਰਾ ਅਤੇ ਸੁਤੰਤਰ ਰੂਪ ਧਾਰਣ ਕਰ ਲੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਪ੍ਰਭਾਤੀ ਰਾਗ ਦੇ ਅਧੀਨ ਅੰਕਿਤ ਕੀਤਾ ਗਿਆ ਹੈ। ਇਸ ਦਾ ਭਾਵ ਹੈ ਕਿ ਇਸ ਰਾਗ ਵਿਚ ਬਿਭਾਸ ਅਤੇ ਪ੍ਰਭਾਤੀ ਦਾ ਮਿਸ਼ਰਣ ਹੈ। ਇਹ ਰਾਗ ਛਾਇਆ ਲਗ ਰਾਗਾਂ ਦੇ ਵਰਗ ਵਿਚ ਆਉਂਦਾ ਹੈ।

ਸੰਗੀਤ ਸ਼ਾਸਤਰੀ ਇਸ ਰਾਗ ਦਾ ਵਰਗੀਕਰਣ ਭੈਰਵ ਥਾਟ ਦੇ ਅੰਤਰਗਤ ਕਰਦੇ ਹਨ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ ਦੋ ਮੱਧਿਅਮ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ। ਇਸ ਦੇ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਇਸ ਦੇ ਆਰੋਹ-ਅਵਰੋਹ ਵਿਚ ਵਕਰ ਰੀਤ ਨਾਲ ਸੱਤ ਸੁਰ ਵਰਤੇ ਜਾਂਦੇ ਹਨ ਇਸ ਲਈ ਜਾਤੀ ਵਕਰ-ਸੰਪੂਰਣ ਹੈ।

ਆਰੋਹ : ਸਾ ਰੇ ਗ ਪ, ਧੁ ਧੁ ਪ ਗ ਮ ਪ ਧੁ ਨੀਸਾਂ

ਅਵਰੋਹ : ਸਾਂ ਨੀ ਧੁਪ, ਮ ਮੰ ਮ ਗ, ਪ ਗ, ਰੇ ਸਾ।

ਮੁਖ ਅੰਗ : ਗ ਪ ਧੁ ਧੁਪ, ਮ ਮੰ ਮ ਗ, ਧ ਗ, ਰੇ ਸਾ।

## ਸੁਰ ਵਿਸਤਾਰ

1. ਸਾ, ਸਾ ਰੇ ਸਾਸਾ, ਗ ਗ ਪ, ਮ ਮੰ ਮ ਗ, ਪ ਗ, ਰੇ ਸਾ, ਨੀਸਾ ਰੇ ਸਾ ਨੀ ਸਾ ਧ ਧ ਪ, ਪ ਪ ਧ ਧ ਸਾ, ਧ ਰੇ ਸਾ, ਨੀ ਸਾ ਗ ਗ ਮ, ਰੇ ਗ ਮ, ਗ ਮ, ਮੰ ਮੰ ਗ, ਪ ਗ, ਰੇ ਸਾ, ਧ ਧ ਪ, ਮ ਮੰ ਮ ਗ, ਗ ਮ ਧ ਧ ਪ, ਗ ਪ ਧ ਧ ਸਾ, ਨੀ ਸਾ ਗ ਰੇ ਸਾ, ਪ ਗ, ਧ ਗ ਰੇ ਸਾ, ਧ ਧ ਰੇ ਸਾ।

2. ਸਾਰੇ ਗਪ ਧ ਧ ਪ, ਧ ਗਪ, ਮ ਮੰ ਮਗ, ਗਮ ਧ ਧਪ, ਪ ਧ ਪ ਮ ਪ ਮ ਗ ਮ ਮ ਮੰ ਮਗ, ਗਮ ਮੰ ਮਗ, ਪਗ, ਰੇ ਸਾ, ਗ ਪ ਧ ਧ ਪ, ਗ ਪ ਧ ਧ ਸਾਂ, ਧ ਪ ਗ ਪ ਧ ਧਪ, ਧ ਗ ਪ, ਮ ਮ ਮਗ, ਪ ਗ ਰੇ ਧ, ਪ ਗ, ਰੇ ਸਾ, ਧ ਧ ਰੇ ਸਾ।

3. ਸਾਰੇ ਗ ਪ ਧ ਧ ਪ, ਧ ਗ ਪ, ਗ ਮ ਧ ਨੀਸਾਂ, ਸਾਂਨੀ ਧਪ ਮ ਮੰ ਮਗ, ਗ ਮ ਪ, ਗ ਮਧ ਨੀਸਾਂ, ਸਾਂ ਸਾਂ ਨੀਸਾਂ ਧ ਨੀਸਾਂ ਰੇ ਨੀਸਾਂ ਗਾਂ ਰੇਂ ਸਾਂ, ਨੀ ਸਾਂ ਗਾਂ ਮੰ ਮੰ ਮੰ ਗਾਂ, ਸਾਂ ਸਾਂ ਗਾਂ ਗਾਂ ਪਂ, ਮੰ ਮੰ ਮੰ ਗਾਂ, ਪਂ ਗਾਂ, ਰੇਂ ਸਾਂ, ਗਾਂ ਗਾਂ ਰੇਂ ਸਾਂ ਨੀ ਸਾਂ ਰੇਂ ਸਾਂ ਨੀਸਾਂ ਧ ਧ ਪ, ਸਾਂ ਧ ਪ, ਧ ਗ ਪ, ਗ ਮ ਧ ਪ ਨੀ ਨੀ ਧਪ, ਧ ਗ ਪ, ਮ ਮੰ ਮ ਗ, ਪ ਗ, ਰੇ ਸਾ, ਧ ਧ ਰੇ ਸਾ।

## ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥ ੧ ॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥
੧ ॥ ਰਹਾਉ ॥
ਜਹ ਅਨੰਦ ਦੁਖੁ ਦੂਰਿ ਪਇਆਨਾ ॥ ਮਨੁ ਮਾਨਕੁ ਲਿਵ ਤਤੁ ਲੁਕਾਨਾ ॥ ੨ ॥
ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ ਬੂਝੈ ਸੁ ਸਹਜਿ ਸਮਾਣਾ ॥ ੩ ॥
ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥ ਮਨੁ ਭਇਆ ਜਗਜੀਵਨ ਲੀਣਾ ॥ ੪ ॥ ੧ ॥

(ਗੁ. ਗ੍ਰੰ. ਪੰਨਾ ੧੩੪੯)

## ਰਾਗ ਬਿਭਾਸ ਪ੍ਰਭਾਤੀ ਤ੍ਰਿੰਨ ਤਾਲ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | ਸਥਾਈ : | | - | ਸਾ | ਗ | ਪ |
| | | | | | | | | | | | | ऽ | ਪ੍ਰ | ਗ | ਟੀ |
| ਧ॒ | ਧ॒ | ਪ | ਪ | ਮ | ,ਮੰ | ਮ | ਗ | ਪ | ਗ | ਰੇ॒ | ਸਾ | - | ਗ | ਮ | ਮ |
| ਜੋ | ਤਿ | ਮਿ | ਟਿ | ਆ | ऽ | ਐ | ਧਿ | ਆ | ऽ | ਰਾ | ऽ | ऽ | ਮ | ऽ | ਰ |
| ਪਧ॒ | ਨੀਸਾ | ਨੀ | ਸਾਂ | ਧ॒ਪ | ਗਪ | ਧ॒ | ਪ | ਪ | ਗ | ਰੇ॒ | ਸਾ | ਨ਼ੀਸਾ | | | |
| ਤऽ | ਨੁऽ | ਪਾ | ਇਆ | ਕऽ | ਰऽ | ਤ | ਬੀ | ਚਾ | ऽ | ਰਾ | ऽ | ऽऽ | | | |

ਅੰਤਰਾ :

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧ̣ | ਧ̣ | ਨੀ | - | ਸਾਂ | - | ਸਾਂ | - | ਨੀਸਾਂ | ਰੇਂਰੇਂ | ਸਾਂ | - | - | ਗਗ | ਮ | ਮ |
| ਵ | ਨ | ਕੀ | ऽ | ਸੰ | ऽ | ਕਾ | ऽ | ਨਾऽ | ऽऽ | ਸੀ | ऽ | ऽ | ਮਰ | ਨ | ਜੀ |
| ਗਂ | ਰੇਂ | ਸਾਂ | ਸਾਂ | ਨੀ | ਸਾਂ | ਧ̣ | ਪ | ਮਮਂ | ਮਗ | ਪਗ | ਰੇਸਾ | ਨ̣ੀਸਾ | | | |
| ਰੰ | ऽ | ਗਿ | ਸ | ਹ | ਜ | ਪ | ਰ | ਗਾऽ | ऽऽ | ਸੋऽ | ऽऽ | ऽऽ | | | |

# ਰਾਗ ਜੈਜਾਵੰਤੀ

ਜੈਜਾਵੰਤੀ, ਪੁਰਾਤਨ ਅਤੇ ਪ੍ਰਸਿੱਧ ਰਾਗ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਇਸ ਰਾਗ ਅਧੀਨ ਗੁਰੂ ਤੇਗ ਬਹਾਦਰ ਜੀ ਦੇ ਕੇਵਲ ਚਾਰ ਸ਼ਬਦ ਅੰਕਿਤ ਹਨ।

ਉੱਤਰ ਭਾਰਤੀ ਸੰਗੀਤ ਵਿਚ ਇਹ ਰਾਗ ਦੋ ਅੰਗ ਤੋਂ ਗਾਇਆ ਜਾਂਦਾ ਹੈ। ਇਕ ਅੰਗ ਵਿਚ ਦੇਸ਼ ਰਾਗ ਦੀ ਪ੍ਰਧਾਨਤਾ ਹੈ ਅਤੇ ਦੂਜੇ ਵਿਚ ਬਾਗੇਸ਼ਰੀ ਅੰਗ ਦੀ।

ਆਧੁਨਿਕ ਸੰਗੀਤ ਵਿਦਵਾਨਾਂ ਨੇ ਇਸ ਰਾਗ ਦਾ ਵਰਗੀਕਰਣ ਖਮਾਜ ਥਾਟ ਵਿਚ ਕੀਤਾ ਹੈ। ਪੰਡਿਤ ਕ੍ਰਿਸ਼ਣ ਰਾਵ ਇਸ ਦਾ ਥਾਟ ਕਾਫੀ ਮੰਨਦੇ ਹਨ ਪਰੰਤੂ ਬਹੁ ਸੰਖਿਆ ਵਿਚ ਸੰਗੀਤਕਾਰ ਇਸ ਰਾਗ ਨੂੰ ਖਮਾਜ ਮੇਲ ਦਾ ਹੀ ਸਵੀਕਾਰਦੇ ਹਨ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਦੋ ਗੰਧਾਰ, ਦੋ ਨਿਸ਼ਾਦ ਅਤੇ ਹੋਰ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਅਤੇ ਅਵਰੋਹ ਵਿਚ ਗੰਧਾਰ ਸ਼ੁੱਧ ਹੀ ਪ੍ਰਯੋਗ ਹੁੰਦਾ ਹੈ। ਜੈਜਾਵੰਤੀ ਵਿਚ ਕੋਮਲ ਗੰਧਾਰ ਦੀ ਵਰਤੋਂ ਇਕ ਵਿਸ਼ੇਸ਼ ਢੰਗ ਨਾਲ, ਉਸਦੇ ਦੋਵੇਂ ਪਾਸੇ ਰਿਸ਼ਭ ਸੁਰ ਰਖਕੇ ਕੀਤੀ ਜਾਂਦੀ ਹੈ। ਆਰੰਭ ਵਿਚ ਕੋਮਲ ਗੰਧਾਰ ਇਸ ਰਾਗ ਦਾ ਅਨੁਵਾਦੀ ਸੁਰ ਨਹੀਂ ਸੀ, ਕੇਵਲ ਵਿਵਾਦੀ ਸੁਰ ਦੇ ਨਾਤੇ ਪ੍ਰਯੋਗ ਕੀਤਾ ਜਾਂਦਾ ਸੀ ਪਰੰਤੂ ਵਰਤਮਾਨ ਸਮੇਂ ਕੋਮਲ ਗੰਧਾਰ ਇਸ ਦਾ ਇਕ ਅਨਿੱਖੜ ਅੰਗ ਬਣ ਚੁਕਿਆ ਹੈ। ਕੋਮਲ ਗੰਧਾਰ ਇਸ ਰਾਗ ਵਿਚ ਸਦਾ ਹੀ ਰਿਸ਼ਭ ਦੇ ਸੰਜੋਗ ਨਾਲ ਲਿਆ ਜਾਂਦਾ ਹੈ, ਜਿਵੇਂ : "ਰੇ ਗ ਮ ਗ ਰੇ ਗੁ ਰੇ" ਦੋਹਾਂ ਨਿਸ਼ਾਦਾਂ ਦੀ ਵਰਤੋਂ ਦਾ ਢੰਗ ਇਹ ਹੈ ਕਿ ਜਿਸ ਵੇਲੇ ਆਰੋਹ ਦੇਸ਼ ਜਾਂ ਸੋਰਠ ਅੰਗ ਤੋਂ ਕੀਤਾ ਜਾਂਦਾ ਹੈ ਤਾਂ ਧੈਵਤ ਵਰਜਿਤ ਕਰਦੇ ਹਨ ਅਤੇ ਤੀਬਰ ਨਿਸ਼ਾਦ ਲੈ ਕੇ ਤਾਰ ਸ਼ਡਜ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ ਜਿਵੇਂ : "ਮ ਪ ਨੀ ਨੀ ਸਾਂ, ਨੀ ਸਾਂ" ਪਰੰਤੂ ਜਿਸ ਵੇਲੇ ਸ਼ਡਜ ਤੋਂ ਅੱਗੇ ਵਧਣਾ ਹੁੰਦਾ ਹੈ ਤਾ ਸ਼ਡਜ ਵਰਜਿਤ ਕਰਕੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਵੇਂ "ਰੇ ਗ ਮ ਪ ਧ ਨੁੀ ਰੇਂ, ਜਾਂ ਨੀ ਸਾਂ ਧ ਨੁੀ ਰੇਂ" ਆਦਿ। ਬਾਗੇਸ਼ਰੀ ਅੰਗ ਤੋਂ ਅੰਤਰੇ ਦਾ ਉਠਾਵ ਕਰਨ ਸਮੇਂ ਪੰਚਮ ਸੁਰ ਵਰਜਿਤ ਕਰਨ ਦੀ ਪ੍ਰਥਾ ਹੈ ਜਿਵੇਂ "ਗ ਮ ਧ ਨੀ ਸਾਂ, ਨੀ ਸਾਂ।" ਬਾਗੇਸ਼ਰੀ ਵਿਚ ਕੇਵਲ ਨਿਸ਼ਾਦ ਕੋਮਲ ਹੀ ਵਰਤਿਆ ਜਾਂਦਾ ਹੈ ਪਰੰਤੂ ਜੈਜਾਵੰਤੀ ਵਿਚ ਭਾਵੇਂ ਇਹ ਬਾਗੇਸ਼ਰੀ ਅੰਗ ਤੋਂ ਵੀ ਕਿਉਂ ਨਾ ਗਾਇਆ ਜਾ ਰਿਹਾ ਹੋਵੇ, ਆਰੋਹ ਵਿਚ ਨਿਸ਼ਾਦ ਸ਼ੁੱਧ ਹੀ ਵਰਤਿਆ ਜਾਂਦਾ ਹੈ, ਇਸ ਕਾਰਣ ਇਹ ਦੋਵੇਂ ਰਾਗ ਇਕ ਦੂਜੇ ਨਾਲੋਂ ਸੁਤੰਤਰ ਹੋ ਜਾਂਦੇ ਹਨ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਰਿਸ਼ਭ ਵਾਦੀ ਹੋਣ ਦੇ ਕਾਰਣ ਸੰਗੀਤਕਾਰਾਂ ਨੇ ਇਸਨੂੰ ਪੂਰਵਾਂਗ ਵਾਦੀ ਵਰਗ ਦੇ ਰਾਗਾਂ ਵਿਚ ਸੰਮਿਲਤ ਕੀਤਾ ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਮੱਧ

ਰਾਤ ਮੰਨਿਆ ਹੈ, ਇਸ ਰਾਗ ਦੀ ਜਾਤੀ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਕਾਫੀ ਵਿਤਕਰਾ ਹੈ। ਕਈ ਕਲਾਕਾਰ ਇਸਦੇ ਆਰੋਹ ਵਿਚ ਪੰਚਮ ਵਰਜਿਤ ਕਰਕੇ ਜਾਤੀ ਸ਼ਾਡਵ-ਸੰਪੂਰਣ ਮੰਨਦੇ ਹਨ ਅਤੇ ਕਈ ਆਰੋਹ-ਅਵਰੋਹ ਵਿਚ ਸੱਤ ਸੁਰ ਪ੍ਰਯੋਗ ਕਰਕੇ ਜਾਤੀ ਸੰਪੂਰਣ-ਸੰਪੂਰਣ ਮੰਨਦੇ ਹਨ। ਕੁੱਝ ਵਿਸ਼ੇਸ਼ਗ ਦਾ ਮੱਤ ਹੈ ਕਿ ਜੈਜਾਵੰਤੀ ਰਾਗ ਦੀ ਜਾਤੀ, ਵਕਰ ਸੰਪੂਰਣ ਮੰਨਣਾ ਵਧੇਰੇ ਉਚਿੱਤ ਹੈ।

ਜੈਜਾਵੰਤੀ ਰਾਗ, ਮੱਧ ਕਾਲ ਦੇ ਸ਼ੁੱਧ ਛਾਇਆ ਲਗ ਅਤੇ ਸੰਕੀਰਣ ਵਰਗੀਕਰਣ ਅਨੁਸਾਰ, ਸੰਕੀਰਣ ਵਰਗ ਦਾ ਰਾਗ ਹੈ। ਇਸ ਰਾਗ ਵਿਚ ਕਈ ਰਾਗਾਂ ਦੀ ਰੰਗਤ ਦ੍ਰਿਸ਼ਟੀ ਗੋਚਰ ਹੁੰਦੀ ਹੈ। ਇਕ ਵਿਦਵਾਨ ਦਾ ਕਥਨ ਹੈ ਕਿ "ਇਸ ਰਾਗ ਵਿਚ ਗੌੜ, ਬਿਲਾਵਲ ਅਤੇ ਸੋਰਠ ਦਾ ਮਿਸ਼ਰਣ ਹੈ। ਇਸ ਵਿਚ ਗੌੜ ਦਾ ਅੰਗ "ਰੇ ਗ ਮ ਰੇ ਮ ਗ, ਗ ਮ ਰੇ ਸਾ।" ਬਿਲਾਵਲ ਦਾ ਅੰਗ "ਗ ਰੇ ਗ ਪ ਮ ਗ ਰੇ, ਅਤੇ ਸੋਰਠ ਜਾਂ ਦੇਸ ਦਾ "ਸਾਂ ਨੀ ਧ ਪ ਮ ਗ ਰੇ, ਸੁਰ ਸਮੂਹ ਲੈਣ ਉਪਰੰਤ "ਰੇ ਗ਼ ਰੇ ਸਾ" ਸੁਰਾਵਲੀ ਦੇ ਸੰਜੋਗ ਤੋਂ ਜੈਜਾਵੰਤੀ ਰਾਗ ਦੀ ਸਿਰਜਣਾ ਕੀਤੀ ਗਈ ਹੈ।"

ਕਈ ਲੇਖਕਾਂ ਨੇ ਰਾਗ ਜੈਜਾਵੰਤੀ ਦੀ ਮਧੁਰਤਾ, ਤਰਲਤਾ ਅਤੇ ਇਸ ਦੇ ਨਾਮ ਨੂੰ ਧਿਆਨ ਵਿਚ ਰਖਕੇ ਇਸ ਨੂੰ ਰਾਗਣੀ ਸਿੱਧ ਕਰਨ ਦਾ ਯਤਨ ਕੀਤਾ ਹੈ।

ਡਾ. ਭਾਈ ਵੀਰ ਸਿੰਘ ਜੀ ਦੀ ਆਖਰੀ ਖੋਜ, ਜੋ ਕਿ ਉਨ੍ਹਾਂ ਨੇ ਪੁਰਾਤਨ ਅਤੇ ਉਸ ਸਮੇਂ ਦੇ ਪ੍ਰਸਿੱਧ ਰਾਗੀਆਂ, ਰਬਾਬੀਆਂ ਅਤੇ ਸੰਗੀਤ ਦੇ ਉਸਤਾਦਾਂ ਨਾਲ ਵਿਚਾਰ ਵਟਾਂਦਰਾ ਕਰਕੇ ਸਿਰੇ ਚਾੜ੍ਹੀ, ਜੈਜਾਵੰਤੀ ਦੇ ਸੰਬੰਧ ਵਿਚ ਆਪਣੇ ਮੱਤ ਦੁਆਰਾ ਸਾਡਾ ਇਸ ਤਰ੍ਹਾਂ ਪੱਥ ਪ੍ਰਦਰਸ਼ਨ ਕਰਦੇ ਹਨ। "ਜੈਜਾਵੰਤੀ - ਗੁਰਮਤਿ ਸੰਗੀਤ ਵਿਚ ਇਹ ਭਿੰਨ ਰਾਗਣੀ ਹੈ। ਕਾਨ੍ਹੜਾ, ਸੋਰਠੀ ਦੇ ਮੇਲ ਤੋਂ ਜੈਜਾਵੰਤੀ ਬਣਦੀ ਹੈ, ਪਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕਿ ਹਨਵੰਤ ਮੱਤ ਵਿਚ ਦੀਪਕ ਦੀ ਨੂੰਹ ਲਿਖੀ ਹੈ। ਇਥੇ ਧੌਲਸਿਰੀ, ਸੋਰਠ ਬਿਲਾਵਲ ਦਾ ਮੇਲ ਦੀਪਕ ਦੀ ਛਾਇਆ ਸਮੇਤ ਜੈਜਾਵੰਤੀ ਬਣਦੀ ਹੈ।" (ਗੁਰਮਤ ਸੰਗੀਤ, ਪੰਨਾ ੩੦)

ਭਾਈ ਸਾਹਿਬ ਦੇ ਕਥਨ ਤੋਂ ਇਹ ਸਪਸ਼ਟ ਹੈ ਕਿ ਆਪ ਜੈਜਾਵੰਤੀ ਨੂੰ ਇਕ ਭਿੰਨ ਰਾਗਣੀ ਮੰਨਦੇ ਹਨ। ਭਿੰਨ ਰਾਗਣੀ ਦਾ ਸਪਸ਼ਟੀਕਰਣ ਆਪ ਇਹ ਕਰਦੇ ਹਨ "ਭਿੰਨ ਰਾਗਣੀ ਉਸਨੂੰ ਕਹਿੰਦੇ ਹਨ ਜੋ ਰਾਗਾਂ ਦੇ ਬੰਸ ਵਿਚੋਂ ਨ ਹੋਵੇ।"

(ਗੁਰਮਤ ਸੰਗੀਤ, ਪੰਨਾ ੩੦)

ਇਸੇ ਤਰ੍ਹਾਂ ਹੀ ਡਾ. ਚਰਨ ਸਿੰਘ ਜੀ, ਜਿਨ੍ਹਾਂ ਨੂੰ ਗੁਰਮਤਿ ਸੰਗੀਤ ਬਾਰੇ ਪ੍ਰਾਅਧਿਕਾਰੀ ਜਾਂ ਮਹਾਨ ਖੋਜਕਾਰ ਮੰਨਿਆ ਜਾਂਦਾ ਹੈ, ਜੈਜਾਵੰਤੀ ਸੰਬੰਧੀ ਆਪਣੀ ਵਿਦਵਤਾ ਭਰਪੂਰ ਜਾਣਕਾਰੀ ਦਾ ਇਸ ਤਰ੍ਹਾਂ ਪਰਿਚਯ ਦਿੰਦੇ ਹਨ, "ਜੈਜਾਵੰਤੀ - ਇਸ ਰਾਗ ਨੂੰ ਵੀ ਰਾਗ ਮਾਲਾ ਵਿਚ ਜਗ੍ਹਾ ਨਹੀਂ ਮਿਲੀ ਅਤੇ ਹੋਰ ਕਿਸੇ ਵੀ ਸੰਗੀਤ ਗ੍ਰੰਥ ਨੇ ਇਸ ਨੂੰ ਕਿਸੇ ਰਾਗ ਦੀ ਬੰਸਾਵਲੀ ਵਿਚ ਨਹੀਂ ਲਿਖਿਆ ਪਰੰਤੂ ਸੁਰ ਤਾਲ ਸਮੂਹ ਵਿਚ ਦੀਪਕ ਦੀ ਨੂੰਹ ਕਰਕੇ ਲਿਖੀ ਹੈ।"

ਇਸ ਤੋਂ ਅੱਗੇ ਆਪ ਇਸ ਦੇ ਨਾਦਾਤਮਕ ਸਰੂਪ ਦਾ ਬਿਉਰਾ ਇਸ ਤਰ੍ਹਾਂ ਦਿੰਦੇ ਹਨ, "ਇਸ ਵਿਚ ਸੁਰ ਗੁਰੂ ਰਿਖਭ ਹੈ। ਬਾਦੀ ਰਿਖਭ। ਸੰਮਬਾਦੀ ਧੈਵਤ। ਅਮਬਾਦੀ ਮੱਧਮ। ਔੜਵ ਹੈ। ਰੇ, ਧ, ਪ, ਮ, ਗ, ਸੁਰ ਇਹ ਲਗਦੇ ਹਨ। ਸੁੱਧ ਸੰਕੀਰਨ ਹੈ। ਖੁਸ਼ੀ ਪੈਦਾ ਕਰਦੀ ਹੈ।" (ਗੁਰਮਤ ਸੰਗੀਤ, ਪੰਨਾ ੬੦)

ਪਹਿਲੀ ਗੱਲ ਇਹ ਕਿ ਭਾਈ ਵੀਰ ਸਿੰਘ ਜੀ ਜੈਜਾਵੰਤੀ ਨੂੰ ਰਾਗਣੀ ਮੰਨਦੇ ਹਨ ਅਤੇ ਡਾ. ਚਰਨ ਸਿੰਘ ਜੀ ਰਾਗ। ਦੂਜੀ ਇਹ ਕਿ ਡਾ. ਚਰਨ ਸਿੰਘ ਜੀ "ਸੁਰਤਾਲ" ਦੇ ਹਵਾਲੇ ਨਾਲ ਇਸ ਨੂੰ ਦੀਪਕ ਰਾਗ ਦੀ ਨੂੰਹ ਮੰਨਦੇ ਹਨ। ਰਾਗ ਰਾਗਣੀ ਮੰਨਣ ਵਾਲੇ ਮੱਤਾਂ ਨੇ ਹਰੇਕ ਰਾਗ ਦੇ ਅੱਠ ਅੱਠ ਪੁੱਤਰ ਮੰਨੇ ਹਨ। ਦੀਪਕ ਦੇ ਕਿਸ ਪੁੱਤਰ ਰਾਗ ਦੇ ਜੈਜਾਵੰਤੀ ਨੂੰ ਲੜ ਲਾਇਆ ਹੈ, ਇਸ ਬਾਰੇ ਉਕਤ ਹਵਾਲਾ ਸਾਡੇ ਵਿਚਾਰਾਂ ਦੀ ਤ੍ਰਿਪਤੀ ਨਹੀਂ ਕਰਦਾ। ਡਾ. ਸਾਹਿਬ ਦਾ ਇਹ ਕਥਨ ਕਿ ਜੈਜਾਵੰਤੀ ਨੂੰ ਰਾਗ ਮਾਲਾ ਵਿਚ ਸਥਾਨ ਨਹੀਂ ਮਿਲਿਆ, ਸੰਗੀਤ ਦੇ ਵਿਸ਼ੇਸ਼ਗਾਂ ਅਤੇ ਨਵੀਨ ਖੋਜਕਾਰਾਂ ਲਈ ਇਕ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ।

ਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਰਾਗ ਮਾਲਾ ਵਿਚ ਹੀ ਸਗੋਂ ਰਾਗ-ਰਾਗਣੀ ਨੂੰ ਮਾਨਤਾ ਦੇਣ ਵਾਲੇ ਕਿਸੇ ਮੱਤ ਨੇ ਵੀ ਜੈਜਾਵੰਤੀ ਨੂੰ 6 ਰਾਗਾਂ ਵਿਚੋਂ ਕਿਸੇ ਰਾਗ ਦੇ ਪਰਿਵਾਰ ਵਿਚ ਸ਼ਾਮਲ ਨਹੀਂ ਕੀਤਾ।

ਇਸ ਤੋਂ ਵੀ ਵਧੇਰੇ ਹੈਰਾਨੀ ਦੀ ਗੱਲ ਇਹ ਹੈ ਕਿ ਜੋ ਰਾਗ ਕੇਵਲ ਗੁਰਮਤਿ ਸੰਗੀਤ ਵਲੋਂ, ਜਾਂ ਗੁਰੂ ਸਾਹਿਬਾਨ ਵਲੋਂ ਪ੍ਰਚਾਰ ਵਿਚ ਆਏ ਉਨ੍ਹਾਂ ਦਾ ਕਿਸੇ ਵੀ ਮੱਤ ਦੀ ਰਾਗ-ਮਾਲਾ ਵਿਚ ਹਵਾਲਾ ਨਹੀਂ ਮਿਲਦਾ। ਜਿਵੇਂ : ਮਾਝ, ਬਡਹੰਸ, ਤੁਖਾਰੀ, ਪ੍ਰਭਾਤੀ, ਜੈਜਾਵੰਤੀ ਆਦਿ। ਗੁਰੂ ਗ੍ਰੰਥ ਵਿਚ ਆਏ ਅਨੇਕ ਰਾਗ ਅਜਿਹੇ ਹਨ ਜਿਨ੍ਹਾਂ ਦਾ ਉਲੇਖ ਗੁਰੂ ਗ੍ਰੰਥ ਦੇ ਅੰਤ ਵਿਚ ਦਰਜ ਰਾਗਮਾਲਾ ਵਿਚ ਨਹੀਂ ਕੀਤਾ ਗਿਆ ਜਿਵੇਂ ਰਾਗ ਨਟਨਰਾਇਣ, ਮਾਲੀ-ਗਉੜਾ ਆਦਿ।

ਇਥੇ, ਇਸ ਉਲੇਖਨੀਯ ਤੱਥ ਵੱਲ ਸੰਕੇਤ ਕਰਨ ਦਾ ਭਾਵ ਇਹੋ ਹੀ ਹੈ ਕਿ ਵਰਤਮਾਨ ਸੰਗੀਤਾਚਾਰੀਆ ਇਸ ਬੰਨੇ ਨਿੱਗਰ ਸਿਧਾਂਤਾਂ ਦੇ ਆਧਾਰ 'ਤੇ ਖੋਜ ਕਰਨ ਤਾਂ ਜੋ ਗੁਰਮਤਿ ਸੰਗੀਤ ਪ੍ਰਣਾਲੀ ਨੂੰ ਵਿਸ਼ਵ ਵਿਆਪੀ ਸੰਭਾਵਨਾਵਾਂ ਦੇ ਯੋਗ ਬਣਾਇਆ ਜਾ ਸਕੇ।

ਸੋ, ਗੁਰਮਤਿ ਸੰਗੀਤ ਅਨੁਸਾਰ, ਜੈਜਾਵੰਤੀ ਰਾਗ ਹੈ, ਕਿਸੇ ਦੀ ਰਾਗਣੀ ਜਾਂ ਨੂੰਹ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੫੨ ਤੇ 'ਰਾਗੁ ਜੈਜਾਵੰਤੀ ਮਹਲਾ ੯' ਸਿਰਲੇਖ ਦੇ ਰੂਪ ਵਿਚ ਅੰਕਿਤ, ਇਸ ਤੱਥ ਦੀ ਭਲੀ ਭਾਂਤ ਪੁਸ਼ਟੀ ਕਰਦਾ ਹੈ।

ਆਰੋਹ : ਸਾ ਰੇ ਰੇ, ਰੇ ਗੁ ਰੇ ਸਾ, ਨ਼ੀ ਧ਼ ਪ਼, ਰੇ, ਗ ਮ ਧ ਨੀ ਸਾਂ

ਅਵਰੋਹ : ਸਾਂ ਨ਼ੀ ਧ ਪ, ਧਮ, ਰੇ ਗੁ ਰੇ ਸ।

ਗ
ਮੁੱਖ ਅੰਗ : ਰੇ ਗੁ ਰੇ ਸਾ, ਨੀ ਧ ਪ, ਰੇ ।

ਕੁਝ ਵਿਦਵਾਨ ਇਸ ਰਾਗ ਦੇ ਆਰੋਹ - ਅਵਰੋਹ ਦੀ ਰੂਪ ਰੇਖਾ ਇਸ ਤਰ੍ਹਾਂ ਵੀ ਮੰਨਦੇ ਹਨ ।

ਆਰੋਹ : ਨੀ ਸਾ, ਰੇ ਗ ਮ ਗ, ਰੇ ਗੁ ਰੇ ਸਾ, ਗ ਮ ਧ ਨੀ ਸਾ

ਅਵਰੋਹ : ਸਾ ਨੀ ਧ ਪ, ਮ ਗ ਰੇ ਗੁ ਰੇ ਸਾ, ਨੀ ਸਾ ਧ ਨੀ ਰੇ ।

ਗ
ਮੁੱਖ ਅੰਗ : ਨੀ ਸਾ ਧ ਨੀ ਰੇ, ਰੇ ਗ ਰੇ ਸਾ ।

## ਸੁਰ ਵਿਸਤਾਰ

ਗ
1. ਸਾ, ਸਾ ਰੇ ਸਾ ਸਾ, ਨੀ ਸਾ ਧ ਨੀ ਰੇ, ਰੇ ਗੁ, ਰੇ ਸਾ, ਨੀ ਸਾ ਰੇ ਨੀ ਸਾ ਰੇ ਨੀ ਧ ਪ, ਨੀ ਨੀ ਧ ਧ ਪ, ਪ ਧ ਮ ਪ ਧ ਮਗ, ਰੇ ਗੁ ਰੇ, ਰੇ ਗ ਗ ਪ ਮ ਗ ਮ ਰੇ ਗੁ ਰੇ, ਰੇ ਗ ਗ ਮ ਮ ਧ ਪ ਪ ਰੇ ਗ ਮ ਨੀ ਧ ਧ ਪ, ਮ ਪ ਨੀ ਸਾ,

ਗ
ਧ ਨੀ ਰੇ, ਰੇ ਗੁ ਰੇ ਸਾ, ਰੇ ਰੇ ਸਾ ਨੀ ਸਾ ਰੇ ਨੀ ਸਾ ਰੇ ਨੀ ਧ ਪ, ਪ ਰੇ, ਸਾ ਰੇ ਨੀ

ਗ
ਸਾ ਧ ਨੀ ਧ, ਪ ਧ ਧ ਨੀ ਰੇ, ਗ ਗ ਰੇ ਗ ਮ ਗ ਮ ਰੇ ਗੁ ਰੇ, ਰੇ ਗੁ ਗੁ ਰੇ ਸਾ,

ਗ
ਨੀ ਸਾ ਧ ਨੀ ਰੇ ।

2. ਸਾ ਰੇ ਸਾ ਸਾ ਧ ਨੀ ਰੇ ਗੁ ਰੇ, ਪ ਧ, ਧ ਨੀ ਰੇ ਗੁ ਰੇ, ਸਾ ਰੇ ਨੀ ਸਾ ਧ ਨੀ ਰੇ, ਰੇ ਗ, ਗ ਮ ਗ ਗ ਮ, ਰੇ ਗੁ ਰੇ, ਰੇ ਗ ਗ ਮ ਮ ਪ ਮ ਗ ਮ ਰੇ ਗੁ ਰੇ, ਪ ਮ ਗ ਮ ਰੇ ਗੁ ਰੇ, ਨੀ ਸਾ ਰੇ ਗੁ ਰੇ ਸਾ, ਰੇ ਗ ਮ ਪ ਮ ਗ, ਰੇ ਗ ਗ ਮ ਰੇ ਗ ਗ ਮ ਪ ਮ ਗ ਮ ਰੇ ਗੁ ਰੇ, ਰੇ ਗੁ ਰੇ ਰੇ, ਗ ਮ ਗ ਗ, ਮ ਪ ਮਮ, ਮ ਧ ਪ ਪ ਮ ਪ ਗ ਮ ਰੇ ਗੁ ਰੇ, ਰੇ ਗ ਮ ਪ ਧ ਗ, ਮ ਗ ਮ ਰੇ ਗੁ ਰੇ, ਰੇ ਗ ਮ ਪ ਨੀ ਨੀ ਧ ਧ ਪ ਧ ਮ ਪ ਧ ਮ ਗ ਰੇ, ਧ ਧ ਪ ਧ ਮ ਪ ਧ ਮ ਗ ਰੇ, ਧ ਨੀ ਰੇ ਗ ਮ ਪ ਧ ਨੀ ਧ, ਪ ਧ ਪ ਮ ਪ ਮ ਗ ਮ ਧ ਮ ਗ ਰੇ, ਰੇ ਨੀ ਧ ਪ ਧ ਮ ਗ ਰੇ, ਰੇ ਗ ਮ ਪ ਰੇ ਪ ਮ ਗ ਮ ਰੇ ਗੁ ਰੇ, ਸਾ ਰੇ ਨੀ ਸਾ ਧ ਨੀ

ਗ
ਰੇ, ਸਾ ।

3. ਨ਼ੀ ਸਾ ਰੇ ਗ ਮ ਪ ਧ ਨੀ ਧ, ਧ ਨੀ ਧ ਨੀ ਪ ਧ ਪ ਧ ਮ ਪ ਮ ਪ ਗ ਮ ਰੇ ਗ
ਰੇ, ਰੇ ਗ ਗ ਮ ਮ ਨੀ ਧ ਪ, ਮ ਪ ਨੀ ਨੀ ਸਾਂ, ਰੇਂ ਧੀ ਧ ਪ, ਧ ਮ ਗ ਰੇ, ਰੇ ਗ ਮ
ਪ ਸਾਂ, ਨੀ ਸਾਂ ਰੇਂ ਨੀ ਧ ਪ, ਧ ਧ ਪ ਧਮ ਪ ਧ ਮ ਗ ਰੇ, ਰੇ ਗ ਮ ਪ, ਸਾਂ, ਗ ਮ ਧ
ਨੀ ਸਾਂ, ਸਾਂ ਨੀ ਧ ਪ ਮ ਪ ਗ ਮ ਪ ਨੀ ਸਾਂ, ਸਾਂ ਰੇਂ ਸਾਂ ਸਾਂ, ਧ ਨੀ ਰੇਂ ਗਂ ਰੇਂ, ਰੇਂ,
ਰੇਂ, ਸਾਂ ਰੇਂ ਨੀ ਸਾਂ ਧ ਨੀ ਰੇਂ ਗਂ ਰੇਂ; ਸਾਂ ਰੇਂ ਸਾਂ ਸਾਂ, ਧ ਨੀ ਧ ਧ, ਧ ਨੀ ਨੀ ਗਂ ਰੇਂ,
ਰੇਂ ਗਂ ਰੇਂ ਸਾਂ ਨੀ ਸਾਂ ਧ ਨੀ ਰੇਂ ਰੇਂ ਗਂ, ਗਂ ਰੇਂ ਗਂ ਰੇਂ, ਸਾਂ ਰੇਂ ਸਾਂ ਸਾਂ, ਰੇਂ ਗਂ ਰੇਂ
ਰੇਂ, ਗ ਗਂ ਮਂ ਗਂ ਮਂ ਰੇਂ ਗਂ ਰੇਂ, ਰੇਂ ਗਂ ਮਂ ਪਂ ਮਂ ਗ ਮਂ ਗਂ ਰੇਂ ਗਂ ਰੇਂ, ਰੇਂ ਗਂ ਮਂ ਪਂ
ਰੇਂ ਪਂ ਮਂ ਗਂ ਮਂ ਰੇਂ ਗਂ ਰੇਂ, ਸਾਂ ਰੇਂ ਨੀ ਸਾਂ, ਰੇਂ ਨੀ ਧ ਪ, ਧ ਮ ਗ ਰੇ, ਰੇ ਗ ਮ ਪ
ਸਾਂ ਨੀ ਧ ਪ, ਧ ਮ ਗ ਰੇ, ਰੇ ਗ ਮ ਪ ਧ ਨੀ ਧ ਪ ਧ ਮ ਗ ਰੇ, ਰੇ ਗ ਮ ਪ ਧ ਗ ਮ
ਗ ਮ ਰੇ ਗ ਰੇ, ਗ ਗ ਰੇ ਗ ਮ ਪ ਧ ਨੀ ਧ ਪ ਮ ਗ ਰੇ ਗ ਰੇ, ਰੇ ਨੀ ਧ ਪ, ਧ ਗ
ਮ ਗ ਮ ਰੇ ਗ ਰੇ, ਰੇ ਗ ਮ ਪ ਗ ਮ ਪ ਗ ਮ ਰੇ ਗ ਰੇ, ਨੀ ਨੀ ਧ ਨੀ ਧ ਪ ਧ
ਪ ਮ ਪ ਮ ਗ ਮ ਗ ਰੇ ਗ ਰੇ, ਰੇ ਗ ਗ ਮ ਮ ਧ ਪ ਪ ਧ ਮ ਗ ਮ ਰੇ ਗ ਰੇ, ਰੇ ਗ ਰੇ ਸਾ,
ਨ਼ੀ ਸਾ ਧ਼ ਨ਼ੀ ਰੇ, ਰੇ ਸਾ ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਰਾਗ ਜੈਜਾਵੰਤੀ ਮਹਲਾ ੯ ॥

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ ੧ ॥ ਰਹਾਉ ॥
ਸੁਪਨੇ ਜਿਉ ਧਨੁ ਪਛਾਨੁ ॥ ਕਾਹੇ ਪਰਿ ਕਰਤ ਮਾਨੁ ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥ ੧ ॥
ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥ ੨ ॥

(ਗੁ. ਗ੍ਰੰ. ਪੰਨਾ ੧੩੫੨)

## ਰਾਗ ਜੈਜਾਵੰਤੀ ਇਕ ਤਾਲ

ਸਥਾਈ :

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਰੇਗ | ਮਪ | ਰੇਗ | ਰੇਪ | ਮ | ਗ | ਰੇ | ਗੁ | ਰੇ | ਸਾ | ਨ਼ੀ | ਸਾ |
| ਰਾS | SS | ਮੁS | ਜਿS | ਮ | ਰਿ | ਰਾ | S | ਮ੍ਹ | ਸਿ | ਮ | ਰਿ |
| ਨ਼ੀਸਾ | ਰੇਗੁ | ਰੇ | ਗੁਰੇ | ਸਾ | ਸਾ | ਨ਼ੀ | ਸਾ | ਨ਼ੀਸਾ | ਰੇਸਾ | ਨ਼ੀ | ਧ਼ |
| ਇS | ਹੈS | S | ਛੋS | S | ਰੈ | ਕਾ | S | SS | ਜਿS | ਹੈ | S |
| ਪ਼ਾ | S | ਗਰੇ | • | ਗ | • | ਰੇਗ | ਮਪ | ਮ | ਗ | ਰੇ | ਰੇ |
| ਮਾ | S | ਇਆ | S | ਛੋ. | S | ਸੰS | SS | ਗੁ | ਤਿਆ | S | ਗੁ |

| | | | | | | | | | | | |
|---|---|---|---|---|---|---|---|---|---|---|---|
| ਰੇ | ਗ | ਮ | ਨੀ | ਧ | ਨੀਧ | ਪ | ਧਪ | ਮ | ਪਮ | ਗ | ਰੇ |
| ਪ੍ਰ | ਭੁ | ਜੂ | ऽ | ਕੀ | ऽऽ | ਸ | ਰऽ | ਨਿ | ਲਾऽ | ऽ | ਗੁ |
| ਰੇ | ਗ | ਗਮ | ਰੇਗ | ਮਪ | ਪ | ਮਪ | ਨੀਸਾਂ | ਨੀ | ਸਾਂ | ਸਾਂ | ਸਾਂ |
| ਜ | ਗ | ਤऽ | ਸੁऽ | ऽऽ | ਖ | ਮਾऽ | ऽऽ | ਨੁ | ਮਿ | ਬਿਆ | ऽ |
| ਧ | ਨੀ | ਰੇਂ | ਗੁਂ | ਰੇਂ | ਸਾਂ | ਰੇਂਸਾਂ | ਨੀਸਾਂ | ਰੇਂਰੇਂ | ਨੀਧ | ਪਮ | ਗੁਮ |
| ਝੂ | ऽ | ਠੋ | ऽ | ਸ | ਭ | ਸਾऽ | ऽऽ | ऽऽ | ਜੁऽ | ਹੈऽ | ऽऽ |

| | | | | | | | |
|---|---|---|---|---|---|---|---|
| ਸਾਂ | ਨੁ | ਸਾਂ | ਨੁ | ਰੇਂ | ਸੇ | (ਗਮ) | (SS) |
| (ਨੀਸਾਂ) | SS | ਰੇਂ | S | ਗ | S | (ਪਮ) | (ਧੈS) |
| (ਸਾਂਰੇਂ) | (ਛਾਂS) | ਗੁਂ | ਮਾ | ਮ | ਜੈ | (ਨੁੀਧ) | (ਜੁS) |
| ਨੀ | ਪ | ਰੇਂ | ਤ | (ਧਪ) | (ਤਿS) | ਸਾਂ | S |
| ਸਾਂ | ਨੁ | ਮਂ | ਰ | (ਮਪ) | SS | (ਮਪ) | (SS) |
| ਸਾਂ | ਧ | ਗਂ | ਕ | (ਧਪ) | ਭੀS | (ਧਪ) | (ਹਾS) |
| ਅੰਤਰਾ : | | | | | | | |
| - | S | (ਮਂਪਂ) | (ਰਿS) | ਪ | S | ਪ | S |
| ਨੀ | ਜਿਉ | (ਰੇਂਗਂ) | (ਪS) | ਨੀਧ | ਕੀ | ਧ | ਕੇ |
| ਧ | S | - | S | ਸਾਂਨੀ | S | ਨੀ | S |
| ਨੀ | ਨੇ | ਗਂਰੇਂ | ਹੇ | ਨੀ | ਰੂ | ਮ | ਧਾ |
| ਮ | ਪ | ਨੀ | S | ਰੇਂ | S | ਗ | ਸੁ |
| ਗ | ਸੁ | ਧ | ਕਾ | ਸਾਂ | ਬਾ | ਰੇ | ਬ |